ਐਤਵਾਰ, 31 ਮਈ, 2026
17 ਜੇਠ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 74
ਅੰਕ/NO. : 360

# ਰੋਜ਼ਾਨਾ ਨਵਾਂ ਜ਼ਮਾਨਾ

DAILY NAWAN ZAMANA • SUNDAY, 31 MAY, 2026
75 ਜਲੰਧਰ | 1952
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 8+6=14


# 65 ਹਜ਼ਾਰ ਆਊਟਸੋਰਸ ਕਾਮੇ ਹੁਣ ਹੋਣਗੇ ਸਰਕਾਰੀ ਮੁਲਾਜ਼ਮ

## ਪੰਜਾਬ ਸਰਕਾਰ ਦਾ ਅਹਿਮ ਫੈਸਲਾ



**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ, ਕ੍ਰਿਸ਼ਨ ਗਰਗ)** ਭਗਵੰਤ ਮਾਨ ਸਰਕਾਰ ਨੇ ਸੂਬੇ ਦੇ ਹਜ਼ਾਰਾਂ ਕੱਚੇ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਵੱਡੀ ਰਾਹਤ ਦਿੰਦਿਆਂ ਇੱਕ ਇਤਿਹਾਸਕ ਲੋਕ-ਪੱਖੀ ਫ਼ੈਸਲਾ ਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਨੇ ਐਲਾਨ ਕੀਤਾ ਹੈ ਕਿ ਸੂਬੇ ਦੇ 65 ਹਜ਼ਾਰ ਤੋਂ ਵਧੇਰੇ ਆਊਟਸੋਰਸ ਮੁਲਾਜ਼ਮਾਂ ਨੂੰ ਠੇਕੇਦਾਰੀ ਸਿਸਟਮ ਵਿੱਚੋਂ ਮੁਕਤ ਕਰਕੇ ਸਿੱਧਾ ਸਰਕਾਰੀ ਕੰਟਰੈਕਟ (ਠੇਕੇ) ਦੇ ਅਧੀਨ ਲਿਆਂਦਾ ਜਾਵੇਗਾ। ਸਰਕਾਰ ਦੇ ਇਸ ਕਦਮ ਨੂੰ ਸੂਬੇ ਵਿੱਚ ਰੁਜ਼ਗਾਰ ਤੇ ਮੁਲਾਜ਼ਮ ਭਲਾਈ ਦੇ ਖੇਤਰ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਸੁਧਾਰ ਮੰਨਿਆ ਜਾ ਰਿਹਾ ਹੈ। ਸਰਕਾਰ ਵੱਲੋਂ ਤੈਅ ਕੀਤੇ ਗਏ ਨਵੇਂ ਨਿਯਮਾਂ ਮੁਤਾਬਕ, ਜਿਨ੍ਹਾਂ ਆਊਟਸੋਰਸ ਕਰਮਚਾਰੀਆਂ ਨੇ ਆਪਣੀ ਸੇਵਾ ਦੇ 5 ਸਾਲ ਪੂਰੇ ਕਰ ਲਏ ਹਨ, ਉਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਦੇ ਸਿੱਧੇ ਸਰਕਾਰੀ ਕੰਟਰੈਕਟ 'ਤੇ ਲੈ ਲਿਆ ਜਾਵੇਗਾ। ਇਸ ਫ਼ੈਸਲੇ ਨਾਲ ਸੂਬੇ ਦੇ ਲਗਭਗ 26,400 ਮੁਲਾਜ਼ਮਾਂ ਨੂੰ ਤੁਰੰਤ ਸਿੱਧਾ ਲਾਭ ਪਹੁੰਚੇਗਾ ਅਤੇ ਉਹ ਤੁਰੰਤ ਸਿੱਧੇ ਪੰਜਾਬ ਸਰਕਾਰ ਦੇ ਅਧੀਨ ਆ ਜਾਣਗੇ।

ਸੂਬਾ ਸਰਕਾਰ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਖ਼ਤਰਨਾਕ ਅਤੇ ਜੋਖਮ ਭਰਪੂਰ ਡਿਊਟੀਆਂ ਨਿਭਾਉਣ ਵਾਲੇ ਕਰਮਚਾਰੀਆਂ ਦਾ ਵਿਸ਼ੇਸ਼ ਧਿਆਨ ਰੱਖਿਆ ਹੈ। ਅਜਿਹੇ ਸਾਰੇ ਮੁਲਾਜ਼ਮਾਂ ਲਈ ਸੇਵਾ ਦੀ ਮਿਆਦ 5 ਸਾਲ ਤੋਂ ਘਟਾ ਕੇ ਮਹਿਜ਼ 3 ਸਾਲ ਰੱਖੀ ਗਈ ਹੈ, ਯਾਨੀ ਕਿ 3 ਸਾਲ ਦੀ ਸੇਵਾ ਪੂਰੀ ਕਰ ਚੁੱਕੇ ਜੋਖ਼ਮ ਭਰੇ ਕੰਮਾਂ ਵਾਲੇ ਮੁਲਾਜ਼ਮ ਵੀ ਸਿੱਧੇ ਸਰਕਾਰੀ ਕੰਟਰੈਕਟ ਦੇ ਹੱਕਦਾਰ ਬਣ ਜਾਣਗੇ। ਇਸ ਨਵੀਂ ਪ੍ਰਣਾਲੀ ਨਾਲ ਠੇਕੇਦਾਰੀ ਸਿਸਟਮ ਖ਼ਤਮ ਹੋਣ ਨਾਲ ਹੁਣ ਮੁਲਾਜ਼ਮਾਂ ਦੀ ਤਨਖ਼ਾਹ ਬਿਨਾਂ ਕਿਸੇ ਕਟੌਤੀ ਦੇ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਹੋਵੇਗੀ। ਸਾਰੇ • ਬਾਕੀ ਸਫਾ 2 'ਤੇ

## ਪੰਜਾਬ ਚੈਂਪੀਅਨਜ਼ ਟਰਾਫ਼ੀ ਦੀ ਮੇਜ਼ਬਾਨੀ ਲਈ ਤਿਆਰ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਕਿਹਾ ਕਿ ਪੰਜਾਬ ਇਸ ਸਾਲ ਦੇ ਅੰਤ ਵਿੱਚ ਵੱਕਾਰੀ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਲਈ ਪੂਰੀ ਤਰ੍ਹਾਂ ਤਿਆਰ ਹੈ। ਮੁੱਖ ਮੰਤਰੀ ਨੇ ਮੈਗਾ ਅੰਤਰਰਾਸ਼ਟਰੀ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਤੋਂ ਪਹਿਲਾਂ ਇਸ ਸਬੰਧੀ ਸੁਚਾਰੂ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸਤੰਬਰ ਤੋਂ ਪਹਿਲਾਂ ਬੁਨਿਆਦੀ ਢਾਂਚੇ ਦੇ ਸਮੁੱਚੇ ਕਾਰਜਾਂ ਸਮੇਤ ਹੋਰ ਸਾਰੇ ਕੰਮ ਪੂਰੇ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਟੂਰਨਾਮੈਂਟ • ਬਾਕੀ ਸਫਾ 2 'ਤੇ

# ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਮੋਢੀਆਂ ਵੱਲੋਂ ਸੰਜੋਏ ਸੁਪਨਿਆਂ ਨੂੰ ਸਾਕਾਰ ਕਰਾਂਗੇ : ਗੋਰੀਆ

## ਸਾਡੀ ਲੜਾਈ ਫਾਸ਼ੀਵਾਦੀ ਵਿਚਾਰਧਾਰਾ ਵਿਰੁੱਧ : ਐਨੀ ਰਾਜਾ






**ਅੰਗੋਲ (ਗਿਆਨ ਸੈਦਪੁਰੀ)** 'ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਇੱਥੇ ਚੱਲ ਰਹੀ ਕੌਮੀ ਕੌਂਸਲ ਦੀ ਮੀਟਿੰਗ ਵਿੱਚ ਜਿਸ ਤਰ੍ਹਾਂ ਦਾ ਉਸਾਰੂ ਤੇ ਸੰਜੀਦਾ ਸੰਵਾਦ ਹੋਇਆ, ਇਹ ਦੇਖ-ਸੁਣ ਕੇ ਮੇਰਾ ਇਹ ਵਿਸ਼ਵਾਸ ਹੋਰ ਪੱਕਾ ਹੋਇਆ ਹੈ ਕਿ ਅਸੀਂ ਫਾਸ਼ਿਸਟਾਂ ਨੂੰ ਹਰਾ ਕੇ ਰਹਾਂਗੇ।ਸਾਡੀ ਲੜਾਈ ਫਾਸ਼ੀਵਾਦੀ ਵਿਚਾਰਧਾਰਾ ਵਿਰੁੱਧ ਹੈ।ਇਹ ਲੜਾਈ ਜਿੱਤਣ ਲਈ ਵਧੇਰੇ ਸੰਜੀਦਗੀ ਦੀ ਲੋੜ ਹੈ, ਜੋ ਇੱਥੇ ਦੇਖਣ ਨੂੰ ਮਿਲੀ ਹੈ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਸਕੱਤਰ ਐਨੀ ਰਾਜਾ ਨੇ ਕੀਤਾ।ਉਹ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਤੋਂ ਬਾਅਦ ਹੋਈ ਬਹਿਸ ਉਪਰੰਤ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ।ਉਹਨਾ ਕਿਹਾ ਕਿ ਮੌਜੂਦਾ ਦੌਰ ਵਿੱਚ ਲੋਕਾਂ ਨੂੰ ਧਰਮਾਂ ਤੇ ਜਾਤਾਂ ਦੇ ਆਧਾਰ 'ਤੇ ਵੰਡ ਕੇ, ਉਕਸਾ ਕੇ ਨਫ਼ਰਤੀ ਜ਼ਹਿਰ ਫੈਲਾਈ ਗਈ ਹੈ, ਇਸ ਦਾ ਬਦਲ ਸਿਰਫ਼ ਸਮਾਜਵਾਦ ਹੈ।ਮੋਦੀ ਸਰਕਾਰ ਵੱਲੋਂ ਵਿਕਾਸ ਦੇ ਢੰਡੋਰੇ ਦੇ ਸੰਦਰਭ ਵਿੱਚ ਗੱਲ ਕਰਦਿਆਂ ਐਨੀ ਰਾਜਾ ਨੇ ਕਿਹਾ ਕਿ ਇਹਨਾਂ ਵਕਤਾਂ 'ਚ ਕਾਰਪੋਰੇਟੀ ਵਿਕਾਸ ਹੋ ਰਿਹਾ ਹੈ।ਅਜਿਹੇ 'ਵਿਕਾਸ' ਵਿੱਚ ਪੇਂਡੂ ਗਰੀਬ ਆਬਾਦੀ ਦੇ ਢਿੱਡ ਦੀ ਰੋਟੀ ਲਈ ਵੀ ਤਰਸ ਜਾਂਦੀ ਹੈ।ਵੱਡੇ ਪੁਲ, ਹਾਈਵੇ ਤੇ ਤਕਨੀਕ ਹੀ ਵਿਕਾਸ ਨਹੀਂ ਹੁੰਦਾ।ਉਹਨਾ ਕਿਹਾ ਕਿ ਭਾਰਤ ਵਿੱਚ ਵੱਡੀ ਗਿਣਤੀ ਵਿੱਚ ਪ੍ਰਾਇਮਰੀ ਸਕੂਲ ਬੰਦ ਹੋ ਗਏ ਹਨ। ਗਰੀਬ ਵਰਗ ਦੇ ਬੱਚੇ ਤੇ ਖਾਸ ਕਰਕੇ ਲੜਕੀਆਂ ਨੂੰ ਇਹਨਾਂ ਸਕੂਲਾਂ ਵਿੱਚ ਮੁਢਲੀ ਪੜ੍ਹਾਈ ਲਈ ਜਾਣਾ ਹੁੰਦਾ ਹੈ।ਸਰਕਾਰੀ ਪ੍ਰਾਇਮਰੀ ਸਕੂਲਾਂ ਦਾ ਬੰਦ ਹੋਣਾ ਵੱਡੀ ਚਿੰਤਾ ਦਾ ਵਿਸ਼ਾ ਹੈ।ਉਹਨਾ ਨਿਸ਼ਾਨਾਂ ਦੀ ਪੈ ਰਹੀ ਮਾਰ 'ਤੇ ਵੀ ਚਿੰਤਾ ਜ਼ਾਹਿਰ ਕੀਤੀ। ਆਪਣੀ ਤਕਰੀਰ ਦੇ ਅਖੀਰ ਵਿੱਚ ਉਹਨਾ ਦੱਸਿਆ ਕਿ 6 ਅਗਸਤ ਤੋਂ 15 ਅਗਸਤ ਤੱਕ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਦੇਸ਼ ਵਿੱਚ ਪੈਦਲ ਯਾਤਰਾ ਹੋਵੇਗੀ। ਉਨ੍ਹਾ ਪਾਰਟੀ ਅਤੇ ਇਸ ਦੀਆਂ ਅਵਾਮੀ ਜਥੇਬੰਦੀਆਂ ਨੂੰ ਸੱਦਾ ਦਿੱਤਾ ਕਿ ਇਸ ਯਾਤਰਾ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ ਜਾਵੇ।ਇਸ ਤੋਂ ਪਹਿਲਾਂ ਬਹਿਸ ਵਿੱਚ ਹਿੱਸਾ ਲੈਂਦਿਆਂ ਮੈਂਬਰਾਂ ਨੇ ਖੁਦ ਅਤੇ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਸ਼ਾਨਦਾਰ ਸੰਵਾਦ ਰਚਾਇਆ। ਇਸ ਸ਼ੇਅਰ 'ਤੇ ਖੂਬ ਤਾੜੀਆਂ ਵੱਜੀਆਂ, 'ਜ਼ਿੰਦਗੀ ਅਪਨੇ ਕੰਧੋਂ ਪੇ ਜੀਅ ਜਾਤੀ ਹੈ, ਦੂਸਰੋਂ ਕੇ ਕੰਧੋਂ ਪੇ ਤੋ ਜਨਾਜ਼ਾ ਜਾਤਾ ਹੈ....।' ਬਹਿਸ ਵਿੱਚ 20 ਮੈਂਬਰਾਂ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ।ਇਹਨਾਂ ਵਿੱਚ ਬਿਹਾਰ ਦੇ ਸਾਬਕਾ ਵਿਧਾਇਕ ਸੂਰਿਆ ਕਾਂਤ, ਹਰਿਆਣਾ ਤੋਂ ਜ਼ਿਲ੍ਹੇ ਸਿੰਘ ਪਾਲ, ਪੱਛਮੀ ਬੰਗਾਲ ਤੋਂ ਤਪਨ ਗਾਂਗੁਲੀ, ਉੜੀਸਾ ਤੋਂ ਸੂਰਜ ਜੈਨਾ, ਰਾਜਸਥਾਨ ਤੋਂ ਅਵਤਾਰ ਸਿੰਘ ਰਾਮਗੜ੍ਹੀਆ, ਪੰਜਾਬ ਤੋਂ ਦੇਵੀ ਕੁਮਾਰੀ ਸਰਹਾਲੀ ਕਲਾਂ, ਮਹਾਰਾਸ਼ਟਰ ਤੋਂ ਰਾਮ ਬਹਿਤੀ, ਆਂਧਰਾ ਪ੍ਰਦੇਸ਼ ਤੋਂ ਏ. ਸ਼ੇਖਰ, ਤਾਮਿਲਨਾਡੂ ਤੋਂ ਗਣੇਸ਼ਨ, ਮੱਧ ਪ੍ਰਦੇਸ਼ ਤੋਂ ਸੰਜੀਵ ਰਾਜਪੂਤ, ਤਿਲੰਗਾਨਾ ਤੋਂ ਵੈਂਕਟਰਮਨ, ਦਿੱਲੀ ਤੋਂ ਵਿਜੇਂਦਰ ਸਿੰਘ ਨਿਰਮਲ, ਉੱਤਰ ਪ੍ਰਦੇਸ਼ ਤੋਂ ਫੂਲ ਚੰਦ ਯਾਦਵ, ਹਰਿਆਣਾ ਤੋਂ ਦਰਿਆਓ ਸਿੰਘ ਕਸ਼ਯਪ ਆਦਿ ਸ਼ਾਮਲ ਹਨ।

ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਕੌਮੀ ਕੌਂਸਲ ਦੀ ਮੀਟਿੰਗ ਦੀ ਸਿਖਰ ਉਸ ਵੇਲੇ ਹੋਈ, ਜਦੋਂ ਰਿਪੋਰਟ ਦੀ ਬਹਿਸ ਦੌਰਾਨ ਉਠਾਏ ਗਏ ਸਵਾਲਾਂ ਦੇ ਜਵਾਬ ਕਾਮਰੇਡ ਗੋਰੀਆ ਨੇ ਵਿਸਥਾਰ ਨਾਲ ਦਿੱਤੇ। ਵੱਖ-ਵੱਖ ਬੁਲਾਰਿਆਂ ਵੱਲੋਂ ਆਏ ਸੁਝਾਵਾਂ ਦਾ ਸਵਾਗਤ ਕਰਦਿਆਂ ਗੋਰੀਆ ਨੇ ਯੂਨੀਅਨ ਦੀ ਮਜ਼ਬੂਤੀ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਨ ਲਈ ਧੰਨਵਾਦ ਕੀਤਾ।ਉਨ੍ਹਾ ਸੰਘਰਸ਼ ਕਰਦਿਆਂ ਯੂਨੀਅਨ ਦੀਆਂ ਪ੍ਰਾਪਤੀਆਂ ਦਾ ਵੀ ਵਰਨਣ ਕੀਤਾ। ਸੰਘਰਸ਼ਾਂ ਦੌਰਾਨ ਸ਼ਹੀਦ ਹੋਏ ਮਜ਼ਦੂਰਾਂ ਨੂੰ ਨਮਨ ਹੁੰਦਿਆਂ ਕਾਮਰੇਡ ਗੋਰੀਆ ਨੇ ਤਾਮਿਲਨਾਡੂ, ਬਿਹਾਰ ਅਤੇ ਪੰਜਾਬ ਦੇ ਸ਼ਹੀਦਾਂ ਦਾ ਉਚੇਚਨ ਨਾਲ ਜ਼ਿਕਰ ਕੀਤਾ। ਉਹਨਾ ਕਿਹਾ ਕਿ ਭਾਰਤੀ ਖੇਤ ਮਜ਼ਦੂਰ ਯੂਨੀਅਨ ਸਿਰਲੱਥ ਯੋਧਿਆਂ ਦੀ ਜਥੇਬੰਦੀ ਹੈ।ਉਹਨਾ ਕਿਹਾ ਕਿ ਇਸ ਜਥੇਬੰਦੀ ਦੀ ਨੀਂਹ ਪੰਜਾਬ ਦੇ ਮੋਗਾ ਜ਼ਿਲ੍ਹੇ ਵਿੱਚ 1968 ਵਿੱਚ ਰੱਖੀ ਗਈ ਸੀ। ਹੁਣ ਇਹ ਸ਼ਾਨਦਾਰ ਵਿਰਾਸਤ ਦਾ ਰੂਪ ਧਾਰਨ ਕਰ ਗਈ ਹੈ। ਇਸ ਦੇ ਮੋਢੀਆਂ ਵੱਲੋਂ ਮਜ਼ਦੂਰ ਵਰਗ ਦੀ ਬਿਹਤਰੀ ਲਈ ਸੰਜੋਏ ਗਏ ਸੁਪਨੇ ਨੂੰ ਸਾਕਾਰ ਕਰਨ ਲਈ ਯੂਨੀਅਨ ਕੋਈ ਕਸਰ ਨਹੀਂ ਛੱਡੇਗੀ।

ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਅਤੇ ਸਾਬਕਾ ਵਿਧਾਇਕ ਐੱਨ • ਬਾਕੀ ਸਫਾ 2 'ਤੇ

# ਦੇਸ਼ ਨੂੰ ਇੱਕ ਪੜ੍ਹੇ-ਲਿਖੇ ਪ੍ਰਧਾਨ ਮੰਤਰੀ ਦੀ ਲੋੜ : ਕੇਜਰੀਵਾਲ

**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੇਪਰ ਲੀਕ ਅਤੇ ਇਸ ਨੂੰ ਰੋਕਣ ਲਈ ਚੁੱਕੇ ਜਾ ਰਹੇ ਬੇਅਸਰ ਕਦਮਾਂ ਲਈ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਯਕੀਨੀ ਤੌਰ 'ਤੇ ਹੁਣ ਦੇਸ਼ ਨੂੰ ਇੱਕ ਪੜ੍ਹੇ-ਲਿਖੇ ਪ੍ਰਧਾਨ ਮੰਤਰੀ ਦੀ ਲੋੜ ਹੈ। ਮੌਜੂਦਾ ਕੇਂਦਰ ਸਰਕਾਰ ਨੀਟ ਪੇਪਰ ਲੀਕ ਦੀ ਜੜ੍ਹ ਤੱਕ ਪਹੁੰਚਣ ਦੀ ਬਜਾਏ ਅਨਪੜ੍ਹਾਂ ਵਰਗੀਆਂ ਗੱਲਾਂ ਕਰ ਰਹੀ ਹੈ। ਸਰਕਾਰ ਕਹਿ ਰਹੀ ਹੈ ਕਿ ਨੀਟ ਵਿੱਚ ਪੇਪਰ ਲੀਕ ਰੋਕਣ ਲਈ ਵਾਯੂ ਸੈਨਾ ਦੇ ਜਹਾਜ਼ ਵਰਤੇ ਜਾਣਗੇ।ਕੀ ਇਸ ਨਾਲ ਪੇਪਰ ਲੀਕ ਰੁਕੇਗਾ ? ਉਨ੍ਹਾ ਕਿਹਾ ਕਿ ਹਕੀਕਤ ਤਾਂ ਇਹ ਹੈ ਕਿ ਪੇਪਰ ਲੀਕ ਰੋਕਣ ਦੀ ਸਰਕਾਰ ਦੀ ਨੀਅਤ ਹੀ ਨਹੀਂ।ਸ਼ਨੀਵਾਰ ਇੱਕ ਵੀਡੀਓ ਸੰਦੇਸ਼ ਜਾਰੀ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੈਂ ਖੁਦ ਆਈ ਆਈ ਟੀ ਤੋਂ ਇੰਜੀਨੀਅਰ ਹਾਂ, ਪੜ੍ਹਿਆ-ਲਿਖਿਆ ਹਾਂ।ਇਸ ਲਈ ਸਿੱਖਿਆ ਦੇ ਮਹੱਤਵ ਨੂੰ ਸਮਝਦਾ ਹਾਂ।ਮੈਂ ਮੰਨਦਾ ਹਾਂ ਕਿ ਜਦੋਂ ਤੱਕ ਹਰ ਬੱਚੇ ਨੂੰ ਚੰਗੀ ਸਿੱਖਿਆ ਨਹੀਂ ਮਿਲੇਗੀ, ਉਦੋਂ ਤੱਕ ਦੇਸ਼ ਤਰੱਕੀ ਨਹੀਂ ਕਰ ਸਕਦਾ। ਕੇਜਰੀਵਾਲ ਨੇ ਕਿਹਾ ਕਿ ਵਿਦਿਆਰਥੀ ਵੇਦਾਂਤ ਦਾ ਨਾਂਅ ਅੱਜਕੱਲ੍ਹ ਸੋਸ਼ਲ ਮੀਡੀਆ 'ਤੇ ਕਾਫੀ ਚੱਲ ਰਿਹਾ ਹੈ। ਵੇਦਾਂਤ 12ਵੀਂ ਜਮਾਤ ਦਾ ਲੜਕਾ ਹੈ, ਉਸ ਨੇ ਪੇਪਰ ਦਿੱਤੇ ਅਤੇ ਉਸ ਦੇ ਨੰਬਰ ਘੱਟ ਆਏ।ਉਸ ਨੇ ਆਪਣੇ ਪੇਪਰ ਨਿਕਲਵਾਏ, ਤਾਂ ਪਤਾ ਲੱਗਾ ਕਿ ਫਿਜ਼ਿਕਸ ਦੇ ਅੰਦਰ ਉਸ ਦਾ ਪੇਪਰ ਕਿਸੇ ਹੋਰ ਨਾਲ ਬਦਲ ਦਿੱਤਾ ਗਿਆ ਅਤੇ ਉਸ ਦੇ ਨੰਬਰ ਬਹੁਤ ਘੱਟ ਲਗਾਏ ਗਏ ਹਨ।ਕੇਜਰੀਵਾਲ ਨੇ ਕਿਹਾ ਕਿ ਉਸ ਵਿਚਾਰੇ ਬੱਚੇ ਨੇ ਐੱਕਸ 'ਤੇ ਇਹ ਗੱਲ ਪਾ ਦਿੱਤੀ ਕਿ ਮੇਰਾ ਪੇਪਰ ਬਦਲ ਗਿਆ, ਤਾਂ ਇਨ੍ਹਾਂ ਲੋਕਾਂ ਦੀ ਸਾਰੀ ਟ੍ਰੋਲ ਆਰਮੀ ਉਸ ਵਿਚਾਰੇ 'ਤੇ ਟੁੱਟ ਪਈ। ਕੋਈ ਕਹਿੰਦਾ ਹੈ ਕਿ ਉਹ ਪਾਕਿਸਤਾਨੀ ਹੈ, ਕੋਈ ਕਹਿੰਦਾ ਹੈ ਕਿ ਐਂਟੀ-ਨੈਸ਼ਨਲ ਹੈ।ਇੱਕ ਛੋਟੇ ਜਿਹੇ ਬੱਚੇ ਦੇ ਦਿਲ 'ਤੇ ਕੀ ਗੁਜ਼ਰ ਰਹੀ ਹੋਵੇਗੀ। ਉਹਨਾ ਕਿਹਾ ਕਿ ਇਸ ਦੇ ਖਿਲਾਫ ਸਾਰਿਆਂ ਨੂੰ ਮਿਲ ਕੇ ਆਵਾਜ਼ ਉਠਾਉਣੀ ਪਵੇਗੀ। ਜਦੋਂ ਸਾਰੇ ਮਿਲ ਕੇ ਆਵਾਜ਼ ਉਠਾਉਣਗੇ, ਉਦੋਂ ਹੀ ਸਰਕਾਰ ਨੂੰ ਕੁਝ ਕਰਨਾ ਪਵੇਗਾ, ਇਹ ਬੱਚਿਆਂ ਦੇ ਭਵਿੱਖ ਦਾ ਸਵਾਲ ਹੈ, ਤੁਹਾਡੇ ਭਵਿੱਖ ਦਾ ਸਵਾਲ ਹੈ।

# ਆਰ ਟੀ ਆਈ ਕਾਰਕੁਨ ਵਕੀਲ ਦਾ ਕਤਲ



**ਜਲੰਧਰ/ਫਗਵਾੜਾ (ਰਾਜੇਸ਼ ਥਾਪਾ, ਸੁਰਿੰਦਰ ਕੁਮਾਰ)**- ਫਗਵਾੜਾ ਨੇੜੇ ਚਹੇੜੂ ਪਿੰਡ ਵਿਖੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਲਾਅ ਗੇਟ ਦੇ ਬਾਹਰਵਾਰ ਸ਼ਨੀਵਾਰ ਦਿਨ-ਦਿਹਾੜੇ ਉਸ ਸਮੇਂ ਸਨਸਨੀ ਅਤੇ ਦਹਿਸ਼ਤ ਫੈਲ ਗਈ, ਜਦੋਂ ਕੁਝ ਅਣਪਛਾਤੇ ਹਮਲਾਵਰਾਂ ਵੱਲੋਂ ਇੱਕ ਨੌਜਵਾਨ ਵਕੀਲ 'ਤੇ ਗੋਲੀਆਂ ਚਲਾ ਕੇ ਉਸ ਦਾ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਆਰ ਟੀ ਆਈ ਕਾਰਕੁੰਨ ਤੇ ਵਕੀਲ ਸਿਮਰਨਜੀਤ ਸਿੰਘ ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਐਡਵੋਕੇਟ ਸਿਮਰਨਜੀਤ ਸਿੰਘ ਮਹੇੜੂ ਦੇ ਲਾਅ ਗੇਟ ਨੇੜੇ ਮੌਜੂਦ ਸਨ ਕਿ ਇਸੇ ਦੌਰਾਨ ਅਚਾਨਕ ਕੁਝ ਅਣਪਛਾਤੇ ਨੌਜਵਾਨ ਉੱਥੇ ਪਹੁੰਚੇ। ਹਮਲਾਵਰਾਂ ਨੇ ਉਨ੍ਹਾ ਨੂੰ ਨਿਸ਼ਾਨਾ ਬਣਾਉਂਦੇ ਹੋਏ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਲੱਗਣ ਕਾਰਨ ਸਿਮਰਨਜੀਤ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਕੇ ਉੱਥੇ ਹੀ ਡਿੱਗ ਪਏ। ਵਾਰਦਾਤ ਤੋਂ ਤੁਰੰਤ ਬਾਅਦ ਆਸ-ਪਾਸ ਦੇ ਲੋਕਾਂ ਵੱਲੋਂ ਉਨ੍ਹਾਂ ਨੂੰ ਗੰਭੀਰ ਹਾਲਤ ਵਿੱਚ ਇਲਾਜ ਲਈ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾ ਨੂੰ ਮ੍ਰਿਤਕ ਐਲਾਨ ਦਿੱਤਾ।

## ਗਰਮੀ ਦੀਆਂ ਛੁੱਟੀਆਂ ਦਾ ਐਲਾਨ

**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਸਕੂਲਾਂ ਵਿੱਚ 1 ਜੂਨ ਤੋਂ 30 ਜੂਨ ਤੱਕ ਗਰਮੀ ਦੀਆਂ ਛੁੱਟੀਆਂ ਕਰਨ ਦਾ ਰਸਮੀ ਐਲਾਨ ਕਰ ਦਿੱਤਾ ਹੈ। ਇਸ ਸੰਬੰਧੀ ਸਿੱਖਿਆ ਵਿਭਾਗ ਵੱਲੋਂ ਪੱਤਰ ਜਾਰੀ ਕਰ ਦਿੱਤਾ ਗਿਆ ਹੈ। ਸਿੱਖਿਆ ਸਕੱਤਰ ਵੱਲੋਂ ਜਾਰੀ ਹੁਕਮਾਂ ਅਨੁਸਾਰ ਇਹ ਫੈਸਲਾ ਸੂਬੇ ਦੇ ਸਾਰੇ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ 'ਤੇ ਲਾਗੂ ਹੋਵੇਗਾ। 1 ਜੂਨ ਤੋਂ ਸ਼ੁਰੂ ਹੋ ਕੇ ਇਹ ਛੁੱਟੀਆਂ 30 ਜੂਨ ਤੱਕ ਜਾਰੀ ਰਹਿਣਗੀਆਂ। ਇਸ ਤੋਂ ਬਾਅਦ 1 ਜੁਲਾਈ ਨੂੰ ਸਾਰੇ ਸਕੂਲ ਆਪਣੇ ਪੂਰਵ ਨਿਰਧਾਰਤ ਸਮੇਂ ਅਨੁਸਾਰ ਖੁੱਲ੍ਹਣਗੇ।

## 4 ਨਗਰ ਕੌਂਸਲਾਂ ਦੀਆਂ ਚੋਣਾਂ 13 ਨੂੰ

**ਚੰਡੀਗੜ੍ਹ** : ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਦੀਆਂ ਗੁਰਦਾਸਪੁਰ, ਦੀਨਾਨਗਰ, ਕਾਦੀਆਂ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਸ਼ਾਮਚੁਰਾਸੀ ਨਗਰ ਕੌਂਸਲ ਲਈ ਚੋਣ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਨੋਟੀਫਿਕੇਸ਼ਨ ਦੇ ਜਾਰੀ ਹੁੰਦੇ ਹੀ ਸੰਬੰਧਤ ਨਗਰ ਕੌਂਸਲਾਂ ਦੇ ਅਧਿਕਾਰ ਖੇਤਰ ਵਿੱਚ ਤੁਰੰਤ ਪ੍ਰਭਾਵ ਨਾਲ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਚੋਣ ਪ੍ਰੋਗਰਾਮ ਦੇ ਅਨੁਸਾਰ ਨਾਮਜ਼ਦਗੀ ਪੱਤਰ ਭਰਨ ਦੀ ਪ੍ਰਕਿਰਿਆ 30 ਮਈ ਤੋਂ ਸ਼ੁਰੂ ਹੋ ਕੇ 3 ਜੂਨ ਤੱਕ ਚੱਲੇਗੀ। ਨਾਮਜ਼ਦਗੀਆਂ ਦੀ ਪੜਤਾਲ 4 ਜੂਨ ਨੂੰ ਹੋਵੇਗੀ ਅਤੇ ਉਮੀਦਵਾਰ 5 ਜੂਨ ਨੂੰ ਆਪਣੇ ਨਾਂਅ ਵਾਪਸ ਲੈ ਸਕਣਗੇ। 13 ਜੂਨ ਨੂੰ ਸਵੇਰੇ 8:00 ਵਜੇ ਤੋਂ ਸ਼ਾਮ 4:00 ਵਜੇ ਤੱਕ ਵੋਟਾਂ ਪੈਣਗੀਆਂ।

## ਅਮਰੀਕਾ 'ਚ ਬੱਸ ਤੇ ਕਾਰਾਂ ਵਿਚਾਲੇ ਭਿਆਨਕ ਟੱਕਰ, 5 ਮੌਤਾਂ, 44 ਜ਼ਖਮੀ

**ਸੈਕਰਾਮੈਂਟੋ (ਨਵਾਂ ਜ਼ਮਾਨਾ ਸਰਵਿਸ)**-ਵਰਜੀਨੀਆ ਵਿਚ ਇਕ ਰਾਸ਼ਟਰੀ ਮਾਰਗ 'ਤੇ ਇਕ ਬੱਸ ਕਈ ਹੋਰ ਕਾਰਾਂ ਨਾਲ ਟਕਰਾ ਗਈ, ਜਿਸ ਕਾਰਨ 5 ਲੋਕ ਮਾਰੇ ਗਏ ਅਤੇ 44 ਤੋਂ ਵੱਧ ਜ਼ਖ਼ਮੀ ਹੋ ਗਏ। ਅਧਿਕਾਰੀਆਂ ਅਨੁਸਾਰ ਇਹ ਹਾਦਸਾ ਸਟੈਫੋਰਡ ਕਾਊਂਟੀ ਵਿਚ ਇੰਟਰ ਸਟੇਟ-95 ਉਪਰ ਹੋਇਆ। ਇਹ ਜਾਣਕਾਰੀ ਵਰਜੀਨੀਆ ਸਟੇਟ ਪੁਲਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਸੜਕ 'ਤੇ ਕੰਮ ਹੋ ਰਿਹਾ ਸੀ ਤੇ ਆਵਾਜਾਈ ਹੌਲੀ ਚੱਲ ਰਹੀ ਸੀ, ਪਰੰਤੂ ਬੱਸ ਦਾ ਡਰਾਈਵਰ ਬੱਸ ਦੀ ਰਫਤਾਰ ਘਟਾਉਣ ਵਿਚ ਅਸਫਲ ਰਿਹਾ ਤੇ ਬੱਸ ਨੇ ਛੇ ਹੋਰ ਕਾਰਾਂ ਨੂੰ ਟੱਕਰ ਮਾਰ ਦਿੱਤੀ। ਮਾਰੇ ਗਏ ਪੰਜ ਲੋਕ ਬੱਸ ਨਾਲ ਟਕਰਾਈਆਂ ਕਾਰਾਂ ਵਿਚ ਸਵਾਰ ਸਨ। ਪੁਲਸ ਨੇ ਕਿਹਾ ਕਿ 44 ਜ਼ਖ਼ਮੀਆਂ ਨੂੰ ਖੇਤਰ ਦੇ ਹਸਪਤਾਲਾਂ ਵਿਚ ਲਿਜਾਇਆ ਗਿਆ, ਜਿਨ੍ਹਾਂ ਵਿਚੋਂ ਤਿੰਨ ਗੰਭੀਰ ਜ਼ਖ਼ਮੀ ਹਨ।

# ਸੈਂਕੜੇ ਉਮੀਦਵਾਰ 1-2 ਵੋਟਾਂ ਦੇ ਫਰਕ ਨਾਲ ਜਿੱਤੇ

**ਚੰਡੀਗੜ੍ਹ** : ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ 'ਚ ਸੈਂਕੜੇ ਉਮੀਦਵਾਰ ਹਾਰਦੇ-ਹਾਰਦੇ ਹੀ ਅਖੀਰ 'ਚ ਜਿੱਤ ਗਏ। ਅਜਿਹੇ ਉਮੀਦਵਾਰਾਂ ਦੀ ਜਿੱਤ ਦਾ ਫ਼ਰਕ ਮਹਿਜ਼ ਪੰਜ ਵੋਟਾਂ ਤੋਂ ਵੀ ਘੱਟ ਦਾ ਹੈ। ਬਹੁਤੇ ਤਾਂ ਸਿਰਫ਼ ਇੱਕ ਵੋਟ ਦੇ ਫ਼ਰਕ ਨਾਲ ਹੀ ਚੋਣ ਜਿੱਤੇ ਹਨ। ਅਰਨੀਵਾਲਾ ਦੇ ਵਾਰਡ ਨੰਬਰ ਪੰਜ 'ਚੋਂ ਸ਼ਰੋਮਣੀ ਅਕਾਲੀ ਦਲ ਦੀ ਉਮੀਦਵਾਰ ਵੀਰਪਾਲ ਕੌਰ ਸਿਰਫ਼ ਇੱਕ ਵੋਟ ਨਾਲ ਜੇਤੂ ਰਹੀ। ਇਸੇ ਤਰ੍ਹਾਂ ਮੁਕੇਰੀਆਂ ਕੌਂਸਲ ਦੇ ਵਾਰਡ ਨੰਬਰ ਅੱਠ ਦਾ ਭਾਜਪਾ ਉਮੀਦਵਾਰ ਸੁਭਾਸ਼ ਚੰਦਰ ਵੀ ਇੱਕ ਵੋਟ ਨਾਲ ਜਿੱਤਿਆ। ਪੰਜਾਬ 'ਚ ਕਰੀਬ 225 ਅਜਿਹੇ ਉਮੀਦਵਾਰ ਹਨ, ਜਿਨ੍ਹਾਂ ਦੀ ਜਿੱਤ ਦਾ ਫ਼ਰਕ 30 ਵੋਟਾਂ ਤੋਂ ਵੀ ਘੱਟ ਹੈ। ਬੁਢਲਾਡਾ ਕੌਂਸਲ ਦੇ ਵਾਰਡ ਨੰਬਰ ਇੱਕ ਦਾ ਅਜ਼ਾਦ ਉਮੀਦਵਾਰ ਜਗਸੀਰ ਸਿੰਘ ਕੇਵਲ ਤਿੰਨ ਵੋਟ ਦੇ ਫ਼ਰਕ ਨਾਲ ਹੀ ਜੇਤੂ ਰਿਹਾ, ਜਦੋਂ ਕਿ ਬੱਸੀ ਪਠਾਣਾਂ ਦੇ ਵਾਰਡ ਨੰਬਰ 10 ਤੋਂ 'ਆਪ' ਉਮੀਦਵਾਰ ਰਾਜ ਕੁਮਾਰ ਸਿਰਫ਼ ਦੋ ਵੋਟਾਂ ਦੇ ਫ਼ਰਕ ਨਾਲ ਹੀ ਜਿੱਤ ਦਾ ਸਿਹਰਾ ਸਜਾ ਸਕਿਆ।

ਨਥਾਣਾ ਦੇ ਵਾਰਡ ਨੰਬਰ ਛੇ ਤੋਂ ਅਕਾਲੀ ਉਮੀਦਵਾਰ ਕੁਲਦੀਪ ਰਾਏ ਸਿਰਫ਼ ਦੋ ਵੋਟਾਂ ਨਾਲ ਹੀ ਜਿੱਤ ਸਕਿਆ। ਥੋੜ੍ਹੇ ਫ਼ਰਕ ਨਾਲ ਹਾਰੇ ਉਮੀਦਵਾਰ ਹੁਣ ਆਪਣੀ ਕਿਸਮਤ ਨੂੰ ਕੋਸ ਰਹੇ ਹਨ, ਜੋ ਜਿੱਤਦੇ-ਜਿੱਤਦੇ ਆਖ਼ਰ ਹਾਰ ਗਏ। ਪੰਜਾਬ 'ਚ ਕਰੀਬ 64 ਉਮੀਦਵਾਰਾਂ ਦੀ ਜਿੱਤ ਦਾ ਫ਼ਰਕ 10 ਵੋਟਾਂ ਤੋਂ ਵੀ ਘੱਟ ਦਾ ਹੈ। ਪਤਾ ਲੱਗਿਆ ਹੈ ਕਿ ਜਿੱਥੇ ਇੱਕ ਵੋਟ ਦੇ ਫ਼ਰਕ ਨਾਲ ਉਮੀਦਵਾਰ ਜਿੱਤੇ ਹਨ, ਉੱਥੇ ਹਾਰੇ ਹੋਏ ਉਮੀਦਵਾਰਾਂ ਨੇ ਦੁਬਾਰਾ ਗਿਣਤੀ ਵੀ ਕਈ ਥਾਵਾਂ 'ਤੇ ਕਰਾਈ। ਧਨੌਲਾ ਕੌਂਸਲ ਦੇ ਵਾਰਡ ਨੰਬਰ ਦੋ ਤੋਂ ਅਜ਼ਾਦ ਉਮੀਦਵਾਰ ਬਿਕਰਮਜੀਤ ਸਿੰਘ ਵੀ ਦੋ ਵੋਟਾਂ ਦੇ ਫ਼ਰਕ ਨਾਲ ਹੀ ਜਿੱਤ ਸਕਿਆ। ਨੰਗਲ ਕੌਂਸਲ ਦੇ ਵਾਰਡ ਨੰਬਰ ਤਿੰਨ ਤੋਂ 'ਆਪ' ਉਮੀਦਵਾਰ ਮਨਜੋਤ ਸਿੰਘ ਦੋ ਵੋਟਾਂ ਦੇ ਫ਼ਰਕ ਨਾਲ ਹੀ ਜਿੱਤਿਆ, ਜਦੋਂ ਕਿ ਕੋਟ ਈਸੇ ਖ਼ਾਂ ਦੇ ਵਾਰਡ ਨੰਬਰ 12 ਤੋਂ 'ਆਪ' ਦਾ ਮੁਕੇਸ਼ ਕੁਮਾਰ ਵੀ ਸਿਰਫ਼ ਤਿੰਨ ਵੋਟਾਂ ਦੇ ਫ਼ਰਕ ਨਾਲ ਜੇਤੂ ਰਿਹਾ। ਨਗਰ ਪੰਚਾਇਤ ਜੋਗਾ ਦੇ ਵਾਰਡ ਨੰਬਰ ਅੱਠ ਤੋਂ ਆਜ਼ਾਦ ਉਮੀਦਵਾਰ ਰਜਿੰਦਰ ਸਿੰਘ ਵੀ ਤਿੰਨ ਵੋਟਾਂ ਦੇ ਫ਼ਰਕ ਨਾਲ ਜੇਤੂ ਰਿਹਾ। ਕੁਰਾਲੀ ਦੇ ਵਾਰਡ ਨੰਬਰ 15 ਤੋਂ ਭਾਜਪਾ ਦੀ ਕਰਮਜੀਤ ਕੌਰ ਵੀ ਚਾਰ ਵੋਟਾਂ ਨਾਲ ਜਿੱਤ ਸਕੀ। ਘੱਟ ਫ਼ਰਕ ਨਾਲ ਹਾਰਨ ਵਾਲੇ ਉਮੀਦਵਾਰਾਂ ਨੇ ਚੋਣ ਨਤੀਜੇ ਆਉਣ ਮਗਰੋਂ ਸੱਤਾਧਾਰੀ ਧਿਰ 'ਤੇ ਇਲਜ਼ਾਮ ਲਾਉਣੇ ਸ਼ੁਰੂ ਕਰ ਦਿੱਤੇ ਹਨ। ਹਾਲਾਂ ਕਿ ਬਹੁਤੇ ਆਜ਼ਾਦ ਉਮੀਦਵਾਰ ਵੀ ਥੋੜ੍ਹੇ ਫ਼ਰਕ ਨਾਲ ਜਿੱਤ ਸਕੇ ਹਨ। ਗੋਬਿੰਦਗੜ੍ਹ ਕੌਂਸਲ ਦੇ ਵਾਰਡ ਨੰਬਰ ਚਾਰ ਤੋਂ ਕਾਂਗਰਸ ਦੀ ਸਾਧੂ ਰਾਣੀ ਵੀ ਤਿੰਨ ਵੋਟਾਂ ਦੇ ਫ਼ਰਕ ਨਾਲ ਹੀ ਚੋਣ ਜਿੱਤ ਸਕੀ।

# ਡਾ. ਸ਼ਿਵਕੁਮਾਰ ਹੋਣਗੇ ਕਰਨਾਟਕ ਦੇ ਅਗਲੇ ਮੁੱਖ ਮੰਤਰੀ



**ਬੈਂਗਲੁਰੂ** : ਕਰਨਾਟਕ ਰਾਜ ਕਾਂਗਰਸ ਪ੍ਰਧਾਨ ਡੀ ਕੇ ਸ਼ਿਵਕੁਮਾਰ ਨੂੰ ਸ਼ਨੀਵਾਰ ਕਾਂਗਰਸ ਵਿਧਾਇਕ ਦਲ ਦਾ ਨੇਤਾ ਚੁਣਿਆ ਗਿਆ, ਜਿਸ ਨਾਲ ਉਨ੍ਹਾ ਲਈ ਰਾਜ ਦੇ ਅਗਲੇ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਣ ਦਾ ਰਾਹ ਪੱਧਰਾ ਹੋ ਗਿਆ ਹੈ। ਸੀਨੀਅਰ ਨੇਤਾ ਸਿੱਧਰਮਈਆ, ਜੋ ਕਿ ਮੌਜੂਦਾ ਮੁੱਖ ਮੰਤਰੀ ਹਨ, ਨੇ ਵਿਧਾਨ ਸਭਾ ਵਿਖੇ ਹੋਈ ਮੀਟਿੰਗ ਵਿੱਚ ਵਿਧਾਇਕ ਦਲ ਦੇ ਨਵੇਂ ਨੇਤਾ ਵਜੋਂ ਸ਼ਿਵਕੁਮਾਰ ਦਾ ਨਾਂਅ ਤਜਵੀਜ਼ ਕੀਤਾ।

ਮੀਟਿੰਗ ਦੀ ਨਿਗਰਾਨੀ ਏ ਆਈ ਸੀ ਸੀ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਅਤੇ ਰਣਦੀਪ ਸਿੰਘ ਸੂਰਜੇਵਾਲਾ ਨੇ ਕੀਤੀ। ਸ਼ਿਵਕੁਮਾਰ ਦਾ ਨਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਸਮਾਗਮ 3 ਜੂਨ ਨੂੰ ਲੋਕ ਭਵਨ ਦੇ ਗਲਾਸ ਹਾਊਸ ਵਿੱਚ ਹੋਵੇਗਾ।

ਸ਼ਿਵਕੁਮਾਰ ਨੇ ਸਿੱਧਾਰਮਈਆ ਸਰਕਾਰ ਵਿੱਚ ਉਪ-ਮੁੱਖ ਮੰਤਰੀ ਵਜੋਂ ਸੇਵਾ ਨਿਭਾਈ ਸੀ। ਸਿੱਧਾਰਮਈਆ ਨੇ ਵੀਰਵਾਰ ਨੂੰ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਰਾਜਪਾਲ ਥਾਵਰਚੰਦ ਗਹਿਲੋਤ ਨੇ ਅਗਲੇ ਦਿਨ ਉਨ੍ਹਾਂ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਤੇ ਮੰਤਰੀ ਪ੍ਰੀਸ਼ਦ ਨੂੰ ਭੰਗ ਕਰ ਦਿੱਤਾ ਸੀ।

## ਮੈਨਹੋਲ ਕਾਰਨ ਮੋਟਰਸਾਈਕਲ ਬੇਕਾਬੂ, ਬੱਚੇ ਦੀ ਮੌਤ, ਮਾਂ ਗੰਭੀਰ

**ਮੋਗਾ** : ਸਥਾਨਕ ਕੋਟਕਪੂਰਾ ਬਾਈਪਾਸ 'ਤੇ ਸ਼ਨੀਵਾਰ ਸੜਕ ਵਿਚਕਾਰ ਬਣੇ ਇੱਕ ਗ਼ੈਰ-ਪੱਧਰੇ ਅਤੇ ਖ਼ਰਾਬ ਸੀਵਰੇਜ ਮੈਨਹੋਲ ਦੇ ਢੱਕਣ ਕਾਰਨ ਇੱਕ ਮੋਟਰਸਾਈਕਲ ਅਚਾਨਕ ਬੇਕਾਬੂ ਹੋ ਗਿਆ। ਇੱਕ ਵਿਅਕਤੀ ਆਪਣੀ ਪਤਨੀ ਅਤੇ 6 ਮਹੀਨਿਆਂ ਦੇ ਮਾਸੂਮ ਪੁੱਤਰ ਮਨਵੀਰ ਸਿੰਘ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਾ ਰਿਹਾ ਸੀ। ਜਿਵੇਂ ਹੀ ਉਹ ਕੋਟਕਪੂਰਾ ਬਾਈਪਾਸ ਨੇੜੇ ਪਹੁੰਚੇ, ਤਾਂ ਸੜਕ ਦੇ ਵਿਚਕਾਰ ਉਭਰੇ ਹੋਏ ਇੱਕ ਮੈਨਹੋਲ ਦੇ ਢੱਕਣ ਨਾਲ ਵੱਜਣ ਕਰਕੇ ਮੋਟਰਸਾਈਕਲ ਨੂੰ ਜ਼ੋਰਦਾਰ ਝਟਕਾ ਲੱਗਿਆ ਅਤੇ ਉਹ ਸੰਤੁਲਨ ਖੋਹ ਬੈਠਾ। ਮੋਟਰਸਾਈਕਲ ਦੇ ਪਿੱਛੇ ਬੈਠੀ ਮਾਂ ਅਤੇ ਉਸ ਦੀ ਗੋਦ ਵਿੱਚ ਮੌਜੂਦ ਬੱਚਾ ਉਛਲ ਕੇ ਸੜਕ 'ਤੇ ਜਾ ਡਿੱਗੇ। ਲੋਕਾਂ ਦੀ ਮਦਦ ਨਾਲ ਗੰਭੀਰ ਰੂਪ ਵਿੱਚ ਜ਼ਖ਼ਮੀ ਮਾਂ ਅਤੇ ਬੱਚੇ ਨੂੰ ਤੁਰੰਤ ਮੋਗਾ ਦੇ ਸਿਵਲ ਹਸਪਤਾਲ ਪਹੁੰਚਾਇਆ ਗਿਆ। ਜਿਥੇ ਮਨਵੀਰ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ। ਮਾਂ ਦੇ ਸਿਰ ਅਤੇ ਸਰੀਰ 'ਤੇ ਡੂੰਘੀਆਂ ਸੱਟਾਂ ਲੱਗਣ ਕਾਰਨ ਉਸ ਦੀ ਹਾਲਤ ਬੇਹੱਦ ਨਾਜ਼ੁਕ ਬਣੀ ਹੋਈ ਹੈ।

# ਭਖਦੇ ਮੁੱਦਿਆਂ ਨੂੰ ਲੈ ਕੇ ਸੀ ਪੀ ਆਈ ਵੱਲੋਂ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਅੱਜ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਦੇ ਪਾਣੀਆਂ ਦੀ ਰਾਖੀ ਕਰਨ, ਦੇਸ਼ ਵਿੱਚ ਦਿਨੋ-ਦਿਨ ਵਧ ਰਹੀ ਮਹਿੰਗਾਈ ਤੇ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਅਤੇ ਹੋਰਨਾਂ ਸਿਆਸੀ, ਆਰਥਿਕ ਤੇ ਸਮਾਜਿਕ ਮੁੱਦਿਆਂ ਨੂੰ ਲੈ ਕੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਤਹਿਤ 31 ਮਈ ਐਤਵਾਰ ਸਵੇਰੇ ਠੀਕ 10:30 ਵਜੇ ਸ਼ਹੀਦ ਕਾਮਰੇਡ ਅਮੋਲਕ ਸਿੰਘ ਔਲਖ ਭਵਨ, ਫਰੀਦਕੋਟ ਵਿਖੇ ਇੱਕ ਅਹਿਮ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਕੀਤੀ ਜਾ ਰਹੀ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪਾਰਟੀ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਪ੍ਰੇਮ ਚਾਵਲਾ, ਗੁਰਚਰਨ ਸਿੰਘ ਮਾਨ, ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਸੁਖਜਿੰਦਰ ਸਿੰਘ ਤੂੰਬੜਭੰਨ, ਵੀਰ ਸਿੰਘ ਕੰਮੇਆਣਾ, ਗੋਰਾ ਪਿਪਲੀ, ਬੋਹੜ ਸਿੰਘ ਔਲਖ, ਜਗਤਾਰ ਸਿੰਘ ਭਾਣਾ (ਸਾਬਕਾ ਸਰਪੰਚ), ਸੁਖਦਰਸ਼ਨ ਰਾਮ ਸ਼ਰਮਾ, ਗੁਰਦੀਪ ਸਿੰਘ ਦੀਪ ਸਿੰਘ ਵਾਲਾ, ਹਰਪਾਲ ਸਿੰਘ ਮਚਾਕੀ, ਇੰਦਰਜੀਤ ਸਿੰਘ ਗਿੱਲ, ਬਲਕਾਰ ਸਿੰਘ ਸਹੋਤਾ, ਚਰਨਜੀਤ ਸਿੰਘ ਚਮੇਲੀ, ਰੇਸ਼ਮ ਸਿੰਘ ਮੱਤਾ ਅਤੇ ਜਸਵੰਤ ਸਿੰਘ ਨਿੱਕਾ ਔਲਖ ਨੇ ਦੱਸਿਆ ਕਿ ਕਨਵੈਨਸ਼ਨ ਨੂੰ ਸੰਬੋਧਨ ਕਰਨ ਲਈ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਸੂਬਾ ਸਕੱਤਰ ਬੰਤ ਸਿੰਘ ਬਰਾੜ ਅਤੇ ਹਰਦੇਵ ਅਰਸ਼ੀ (ਸਾਬਕਾ ਵਿਧਾਇਕ) ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।ਪਾਰਟੀ ਆਗੂਆਂ ਨੇ ਦੱਸਿਆ ਕਿ ਕਨਵੈਨਸ਼ਨ ਦੀ ਸਮਾਪਤੀ ਤੋਂ ਬਾਅਦ ਫਰੀਦਕੋਟ ਸ਼ਹਿਰ ਦੇ ਬਜ਼ਾਰਾਂ ਵਿੱਚ ਕੇਂਦਰ ਤੇ ਸੂਬਾ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਖ਼ਿਲਾਫ਼ ਇੱਕ ਵਿਸ਼ਾਲ ਰੋਸ ਮਾਰਚ ਵੀ ਕੱਢਿਆ ਜਾਵੇਗਾ। ਇਸ ਤੋਂ ਇਲਾਵਾ ਪਾਰਟੀ ਦੇ ਪੁਰਾਣੇ ਸਿਰੜੀ ਆਗੂ ਮਰਹੂਮ ਕਾਮਰੇਡ ਸੁਮਿੱਤਰ ਸਿੰਘ ਬਰਾੜ (ਵਾਸੀ ਪਿੰਡ ਲੰਡੇ) ਦੇ ਪਰਵਾਰ ਨੂੰ ਜਥੇਬੰਦੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

# ਕੇਵਲ ਸਿੰਘ ਢਿੱਲੋਂ ਵੱਲੋਂ ਡੇਰਾ ਮੁਖੀ ਨਾਲ ਮੁਲਾਕਾਤ



**ਬਿਆਸ (ਪਰਮਜੀਤ ਸਿੰਘ ਰੱਖੜਾ)**-ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਸ਼ਨੀਵਾਰ ਪੰਜਾਬ ਭਰ 'ਚ ਵੱਖ-ਵੱਖ ਥਾਵਾਂ 'ਤੇ ਭਾਜਪਾ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ। ਉਪਰੰਤ ਉਹਨਾ ਡੇਰਾ ਰਾਧਾ ਸਵਾਮੀ ਸਤਿਸੰਗ ਬਿਆਸ ਵਿਖੇ ਡੇਰਾ ਪ੍ਰਮੁੱਖ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕੀਤੀ। ਜ਼ਿਕਰਯੋਗ ਹੈ ਕਿ ਅਕਸਰ ਡੇਰਾ ਰਾਧਾ ਸਵਾਮੀ ਸਤਿਸੰਗ ਬਿਆਸ ਵਿਖੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਤੋਂ ਇਲਾਵਾ ਸਿਆਸੀ ਸ਼ਖਸੀਅਤਾਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਹੈ। ਢਿੱਲੋਂ ਵੱਲੋਂ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਤਸਵੀਰ ਸਾਂਝੀ ਕਰਦੇ ਹੋਏ ਲਿਖਿਆ ਗਿਆ—'ਅੱਜ ਰਾਧਾ ਸਵਾਮੀ ਸਤਿਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਇੱਕ ਸ਼ਿਸ਼ਟਾਚਾਰ ਮੁਲਾਕਾਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ।'

## ਅੱਜ-ਨਾਮਾ

ਜਿਹੜੇ ਕੱਲ੍ਹ ਸਰਗਰਮ ਸਨ ਚੋਣ ਅੰਦਰ,
ਮੁੱਕਿਆ ਕੰਮ ਤੇ ਹੁੰਦਾ ਨਾ ਬਹਿਣ ਬੇਲੀ।
ਜਿੱਤਣ ਵਾਲੇ ਮਨਾਉਂਦੇ ਈ ਜਸ਼ਨ ਹਾਲੇ,
ਜਿਹੜੇ ਹਾਰ ਗਏ ਹੋਵੇ ਨਾ ਸਹਿਣ ਬੇਲੀ।
ਮਹੀਨਾ ਤੀਕ ਜੋ ਰਹੇ ਕਈ ਨਾਲ ਫਿਰਦੇ,
ਆਣ ਕੇ ਖਾਣ ਤੇ ਪੀਣ ਨੂੰ ਕਹਿਣ ਬੇਲੀ।
ਬਥੇਰਾ ਆਖਿਆ, ਦਿਨ ਉਹ ਰਹੇ ਨਾਹੀਂ,
ਜੋਕਾਂ ਗਲ਼ੋਂ ਨਾ ਅਜੇ ਕਈ ਲਹਿਣ ਬੇਲੀ।
ਪੁੱਠੇ ਕੰਮ ਕਰਵਾਏ ਸਨ ਜਿਹੜਿਆਂ ਤੋਂ,
ਤਿੱਖੀ ਫਿਰ ਚੀਕਦੇ ਹਨ ਆਵਾਜ਼ ਬੇਲੀ।
ਆਇਆ ਗਿਆ ਵੀ ਮੂਲ ਨਾ ਵੇਖਦੇ ਈ,
ਨਹੀਂਉਂ ਸ਼ਰਮ ਜਾਂ ਲਾਗ ਲਿਹਾਜ ਬੇਲੀ।

-ਤੀਸ ਮਾਰ ਖਾਂ

# ਕਿਸਾਨ ਵਿਰੋਧੀ ਗੰਨਾ (ਨਿਯੰਤਰਣ) ਆਰਡਰ 2026 ਦੀ ਵਾਪਸੀ ਵੱਡੀ ਜਿੱਤ-ਕੁਲ ਹਿੰਦ ਕਿਸਾਨ ਸਭਾ

**ਲੁਧਿਆਣਾ (ਐੱਮ ਐੱਸ ਭਾਟੀਆ)**

ਕੇਂਦਰ ਸਰਕਾਰ ਵੱਲੋਂ ਗੰਨਾ (ਨਿਯੰਤਰਣ) ਆਰਡਰ 2026 ਦੇ ਖਰੜੇ ਨੂੰ ਵਾਪਸ ਲੈਣ ਦੇ ਫ਼ੈਸਲੇ ਨੂੰ ਆਲ ਇੰਡੀਆ ਕਿਸਾਨ ਸਭਾ (ਏ ਆਈ ਕੇ ਐੱਸ) ਨੇ ਦੇਸ਼ ਦੇ ਗੰਨਾ ਉਤਪਾਦਕ ਕਿਸਾਨਾਂ ਦੇ ਸੰਘਰਸ਼ ਦੀ ਇਤਿਹਾਸਕ ਜਿੱਤ ਕਰਾਰ ਦਿੱਤਾ ਹੈ। ਏ ਆਈ ਕੇ ਐੱਸ ਦੇ ਪ੍ਰਧਾਨ ਰਾਜਨ ਕਸ਼ੀਰਸਾਗਰ ਅਤੇ ਜਨਰਲ ਸਕੱਤਰ ਰਾਵੁਲਾ ਵੈਂਕਈਆ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਇਹ ਵਾਪਸੀ ਸਰਕਾਰ ਦੀ ਕੋਈ ਖੁਦ-ਪ੍ਰੇਰਿਤ ਕਾਰਵਾਈ ਨਹੀਂ, ਸਗੋਂ ਕਿਸਾਨਾਂ ਦੇ ਲਗਾਤਾਰ ਸੰਘਰਸ਼ ਅਤੇ ਦੇਸ਼-ਵਿਆਪੀ ਵਿਰੋਧ ਮੁਹਿੰਮ ਦਾ ਨਤੀਜਾ ਹੈ।ਉਪਭੋਗਤਾ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰਾਲੇ ਵੱਲੋਂ ਜਾਰੀ ਦਫ਼ਤਰੀ ਮੈਮੋਰੈਂਡਮ ਰਾਹੀਂ ਇਸ ਖਰੜੇ ਨੂੰ ਵਾਪਸ ਲੈ ਲਿਆ ਗਿਆ। ਸਰਕਾਰ ਨੇ ਇਸ ਦਾ ਕਾਰਨ ਰਾਜ ਸਰਕਾਰਾਂ ਅਤੇ ਹੋਰ ਹਿੱਸੇਦਾਰਾਂ ਤੋਂ ਮਿਲੇ ਸੁਝਾਵਾਂ ਦੇ ਆਧਾਰ 'ਤੇ ਮੁੜ ਵਿਚਾਰ ਕਰਨ ਦੀ ਲੋੜ ਦੱਸਿਆ ਹੈ।

ਏ ਆਈ ਕੇ ਐੱਸ ਅਨੁਸਾਰ ਇਹ ਖਰੜਾ ਗੰਨਾ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਨ ਦੀ ਬਜਾਏ ਖੰਡ ਮਿੱਲ ਮਾਲਕਾਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਫ਼ਾਇਦਾ ਪਹੁੰਚਾਉਣ ਲਈ ਤਿਆਰ ਕੀਤਾ ਗਿਆ ਸੀ। ਇਸ ਲਈ ਜਿਵੇਂ ਹੀ ਇਹ 20 ਅਪ੍ਰੈਲ 2026 ਨੂੰ ਜਨਤਕ ਚਰਚਾ ਲਈ ਜਾਰੀ ਹੋਇਆ, ਏ ਆਈ ਕੇ ਐੱਸ ਨੇ ਇਸ ਦੇ ਵਿਰੁੱਧ ਦੇਸ਼-ਵਿਆਪੀ ਮੁਹਿੰਮ ਸ਼ੁਰੂ ਕਰ ਦਿੱਤੀ। ਪਿਛਲੇ ਪੰਜ ਹਫ਼ਤਿਆਂ ਦੌਰਾਨ ਉਤਰ ਪ੍ਰਦੇਸ਼, ਤਾਮਿਲਨਾਡੂ, ਬਿਹਾਰ, ਹਰਿਆਣਾ, ਆਂਧਰਾ ਪ੍ਰਦੇਸ਼ ਅਤੇ ਮਹਾਰਾਸ਼ਟਰ ਸਮੇਤ ਕਈ ਰਾਜਾਂ ਵਿੱਚ ਸੰਮੇਲਨ, ਧਰਨੇ, ਰੋਸ ਪ੍ਰਦਰਸ਼ਨ ਅਤੇ ਕਿਸਾਨ ਸਭਾਵਾਂ ਆਯੋਜਿਤ ਕੀਤੀਆਂ ਗਈਆਂ।ਹਜ਼ਾਰਾਂ ਕਿਸਾਨਾਂ ਨੇ ਇਸ ਮੁਹਿੰਮ ਵਿੱਚ ਹਿੱਸਾ ਲੈਂਦਿਆਂ ਮੰਤਰਾਲੇ ਨੂੰ ਆਪਣੇ ਇਤਰਾਜ਼ ਭੇਜੇ। ਸਭ ਤੋਂ ਪਹਿਲਾ ਮੁੱਦਾ ਗੰਨੇ ਦੀ ਨਿਰਪੱਖ ਅਤੇ ਲਾਭਕਾਰੀ ਕੀਮਤ (ਐੱਫ ਆਰ ਪੀ) ਦਾ ਸੀ। ਖਰੜੇ ਵਿੱਚ ਲਾਗਤ ਦੇ ਆਧਾਰ 'ਤੇ ਕੀਮਤ ਤੈਅ ਕਰਨ ਦੀ ਵਿਵਸਥਾ ਜਾਰੀ ਰੱਖੀ ਗਈ ਸੀ, ਜਦ ਕਿ ਕਿਸਾਨ ਜਥੇਬੰਦੀ ਸਵਾਮੀਨਾਥਨ ਕਮਿਸ਼ਨ ਦੀ ਸਿਫ਼ਾਰਸ਼ ਮੁਤਾਬਕ ਲਾਗਤ ਉੱਤੇ 50 ਫ਼ੀਸਦੀ ਮੁਨਾਫ਼ਾ ਜੋੜ ਕੇ ਭਾਅ ਤੈਅ ਕਰਨ ਦੀ ਮੰਗ ਕਰ ਰਹੀ ਸੀ।ਏ ਆਈ ਕੇ ਐੱਸ ਦਾ ਦਾਅਵਾ ਹੈ ਕਿ ਇਸ ਅਧਾਰ 'ਤੇ ਗੰਨੇ ਦੀ ਕੀਮਤ ਘੱਟੋ-ਘੱਟ 411 ਰੁਪਏ ਪ੍ਰਤੀ ਕੁਇੰਟਲ ਬਣਦੀ ਹੈ ਅਤੇ ਖਰੜਾ ਲਾਗੂ ਹੋਣ ਨਾਲ ਕਿਸਾਨਾਂ ਨੂੰ ਪ੍ਰਤੀ ਹੈਕਟੇਅਰ 56 ਹਜ਼ਾਰ ਰੁਪਏ ਤੋਂ ਵੱਧ ਦਾ ਨੁਕਸਾਨ ਹੋ ਸਕਦਾ ਸੀ।ਦੂਜਾ ਵੱਡਾ ਇਤਰਾਜ਼ ਇਹ ਸੀ ਕਿ ਖਰੜੇ ਵਿੱਚ ਈਥਾਨੋਲ, ਬਿਜਲੀ ਉਤਪਾਦਨ, ਜੈਵਿਕ ਖਾਦਾਂ ਅਤੇ ਹੋਰ ਸਹਿ-ਉਤਪਾਦਾਂ ਤੋਂ ਹੋਣ ਵਾਲੀ ਆਮਦਨ ਨੂੰ ਐੱਫ ਆਰ ਪੀ ਨਿਰਧਾਰਨ ਤੋਂ ਬਾਹਰ ਰੱਖਿਆ ਗਿਆ ਸੀ।ਇਸ ਤਰ੍ਹਾਂ 2012 ਦੀ ਰੰਗਰਾਜਨ ਕਮੇਟੀ ਦੀ ਆਮਦਨ ਸਾਂਝੇਦਾਰੀ ਵਾਲੀ ਸਿਫ਼ਾਰਸ਼ ਨੂੰ ਅਣਡਿੱਠਾ ਕਰ ਦਿੱਤਾ ਗਿਆ ਸੀ। ਏ ਆਈ ਕੇ ਐੱਸ ਦਾ ਮੰਨਣਾ ਹੈ ਕਿ ਜਦੋਂ ਮਿੱਲਾਂ ਗੰਨੇ ਤੋਂ ਕਈ ਕਿਸਮ ਦੀ ਆਮਦਨ ਕਮਾ ਰਹੀਆਂ ਹਨ ਤਾਂ ਉਸ ਵਿੱਚ ਕਿਸਾਨਾਂ ਦਾ ਵੀ ਹੱਕ ਬਣਦਾ ਹੈ।ਖਰੜੇ ਦਾ ਇੱਕ ਹੋਰ ਵਿਵਾਦਤ ਪੱਖ ਖੰਡ ਮਿੱਲਾਂ ਵਿਚਕਾਰ ਲਾਜ਼ਮੀ ਦੂਰੀ ਨੂੰ 15 ਕਿਲੋਮੀਟਰ ਤੋਂ ਵਧਾ ਕੇ 25 ਕਿਲੋਮੀਟਰ ਕਰਨਾ ਸੀ। ਕਿਸਾਨ ਜਥੇਬੰਦੀ ਅਨੁਸਾਰ ਇਸ ਨਾਲ ਕਾਰਪੋਰੇਟ ਮਿੱਲਾਂ ਦੀ ਏਕਾਧਿਕਾਰ ਸਥਿਤੀ ਹੋਰ ਮਜ਼ਬੂਤ ਹੁੰਦੀ ਅਤੇ ਕਿਸਾਨਾਂ ਦੀ ਮੁੱਲ-ਭਾਅ ਕਰਨ ਦੀ ਸਮਰੱਥਾ ਘਟ ਜਾਂਦੀ ਹੈ।ਇਸ ਤੋਂ ਇਲਾਵਾ ਭਾਵੇਂ ਖਰੜੇ ਵਿੱਚ 14 ਦਿਨਾਂ ਅੰਦਰ ਕਿਸਾਨਾਂ ਨੂੰ ਭੁਗਤਾਨ ਕਰਨ ਦੀ ਸ਼ਰਤ ਰੱਖੀ ਗਈ ਸੀ, ਪਰ ਭੁਗਤਾਨ ਨਾ ਕਰਨ ਵਾਲੀਆਂ ਮਿੱਲਾਂ ਖ਼ਿਲਾਫ਼ ਕੋਈ ਪ੍ਰਭਾਵਸ਼ਾਲੀ ਕਾਰਵਾਈ ਦਾ ਪ੍ਰਬੰਧ ਨਹੀਂ ਸੀ। ਫਰਵਰੀ 2026 ਤੱਕ ਕਿਸਾਨਾਂ ਦੇ 16,087 ਕਰੋੜ ਰੁਪਏ ਬਕਾਇਆ ਹੋਣ ਦੇ ਬਾਵਜੂਦ ਖਰੜੇ ਵਿੱਚ ਨਾ ਤਾਂ ਸੰਪਤੀ ਜ਼ਬਤ ਕਰਨ ਦੀ ਵਿਵਸਥਾ ਸੀ ਅਤੇ ਨਾ ਹੀ ਫੌਜਦਾਰੀ ਜ਼ਿੰਮੇਵਾਰੀ ਤੈਅ ਕੀਤੀ ਗਈ ਸੀ।ਏ ਆਈ ਕੇ ਐੱਸ ਨੇ ਇਹ ਵੀ ਇਤਰਾਜ਼ ਜਤਾਇਆ ਕਿ ਖਰੜਾ ਮਿੱਲਾਂ ਨੂੰ ਬਾਸੀ, ਸੜੇ ਜਾਂ ਸੁੱਕੇ ਗੰਨੇ ਦੇ ਨਾਂਅ 'ਤੇ ਮਨਮਰਜ਼ੀ ਨਾਲ ਕਟੌਤੀਆਂ ਕਰਨ ਦੀ ਖੁੱਲ੍ਹ ਦੇ ਰਿਹਾ ਸੀ, ਜਦ ਕਿ ਕਿਸਾਨਾਂ ਲਈ ਕੋਈ ਅਪੀਲ ਜਾਂ ਸੁਤੰਤਰ ਜਾਂਚ ਪ੍ਰਣਾਲੀ ਨਹੀਂ ਸੀ।ਇਸੇ ਤਰ੍ਹਾਂ ਅਲੱਗ ਈਥਾਨੋਲ ਇਕਾਈਆਂ ਨੂੰ ਕਾਰਗੁਜ਼ਾਰੀ ਬੈਂਕ ਗਾਰੰਟੀ ਤੋਂ ਛੋਟ ਦੇਣ ਦੀ ਵਿਵਸਥਾ ਵੀ ਕਾਰਪੋਰੇਟ ਹਿੱਤਾਂ ਨੂੰ ਤਰਜੀਹ ਦੇਣ ਵਾਲੀ ਮੰਨੀ ਗਈ।ਏ ਆਈ ਕੇ ਐੱਸ ਦਾ ਦੋਸ਼ ਹੈ ਕਿ ਖਰੜੇ ਨੇ 2012 ਦੀ ਰੰਗਰਾਜਨ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਵੀ ਲਗਭਗ ਰੱਦ ਕਰ ਦਿੱਤਾ ਸੀ।ਆਮਦਨ ਸਾਂਝੇਦਾਰੀ, ਮਿੱਲਾਂ ਵਿਚਕਾਰ ਦੂਰੀ ਅਤੇ ਹੋਰ ਕਈ ਮੁੱਦਿਆਂ 'ਤੇ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਨਜ਼ਰਅੰਦਾਜ਼ ਕਰਨਾ ਇਸ ਗੱਲ ਦਾ ਸੰਕੇਤ ਸੀ ਕਿ ਸਰਕਾਰ ਕਿਸਾਨਾਂ ਦੀ ਬਜਾਏ ਕਾਰਪੋਰੇਟ ਖੇਤਰ ਦੇ ਦਬਾਅ ਹੇਠ ਕੰਮ ਕਰ ਰਹੀ ਹੈ।ਭਾਵੇਂ ਖਰੜਾ ਵਾਪਸ ਲੈ ਲਿਆ ਗਿਆ ਹੈ, ਪਰ ਏ ਆਈ ਕੇ ਐੱਸ ਨੇ ਸਪੱਸ਼ਟ ਕੀਤਾ ਹੈ ਕਿ ਸੰਘਰਸ਼ ਅਜੇ ਖਤਮ ਨਹੀਂ ਹੋਇਆ।ਜਥੇਬੰਦੀ ਨੇ ਮੰਗ ਕੀਤੀ ਹੈ ਕਿ ਭਵਿੱਖ ਵਿੱਚ ਕਿਸੇ ਵੀ ਨਵੇਂ ਆਰਡਰ ਵਿੱਚ ਸਵਾਮੀਨਾਥਨ ਫਾਰਮੂਲੇ ਅਨੁਸਾਰ ਲਾਗਤ ਉੱਤੇ 50 ਫ਼ੀਸਦੀ ਮੁਨਾਫ਼ਾ ਜੋੜ ਕੇ ਐੱਫ ਆਰ ਪੀ ਤੈਅ ਕੀਤੀ ਜਾਵੇ, ਖੰਡ ਅਤੇ ਗੰਨੇ ਤੋਂ ਬਣਦੇ ਸਾਰੇ ਸਹਿ-ਉਤਪਾਦਾਂ ਦੀ ਆਮਦਨ ਦਾ ਘੱਟੋ-ਘੱਟ 75 ਫ਼ੀਸਦੀ ਹਿੱਸਾ ਕਿਸਾਨਾਂ ਨੂੰ ਦਿੱਤਾ ਜਾਵੇ, ਮਿੱਲਾਂ ਵਿਚਕਾਰ ਦੂਰੀ ਮੁੜ 15 ਕਿਲੋਮੀਟਰ ਕੀਤੀ ਜਾਵੇ, ਭੁਗਤਾਨ ਵਿੱਚ ਦੇਰੀ ਕਰਨ ਵਾਲੀਆਂ ਮਿੱਲਾਂ ਖ਼ਿਲਾਫ਼ ਫੌਜਦਾਰੀ ਕਾਰਵਾਈ ਕੀਤੀ ਜਾਵੇ ਅਤੇ ਗੰਨੇ ਦੀ ਗੁਣਵੱਤਾ ਅਤੇ ਰਿਕਵਰੀ ਦੀ ਜਾਂਚ ਸੁਤੰਤਰ ਏਜੰਸੀਆਂ ਰਾਹੀਂ ਕਰਵਾਈ ਜਾਵੇ। ਏ • ਬਾਕੀ ਸਫਾ 2 'ਤੇ

## ਜ਼ਿਲ੍ਹਾ ਪੱਧਰੀ ਸ਼ਤਰੰਜ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸੰਪੰਨ



**ਭਵਾਨੀਗੜ੍ਹ (ਰਾਜ ਖੁਰਮੀ)**-ਸਥਾਨਕ ਕਾਕੜਾ ਰੋਡ ਸਥਿਤ ਪ੍ਰਸਿੱਧ ਵਿੱਦਿਅਕ ਸੰਸਥਾ ਅਲਪਾਈਨ ਪਬਲਿਕ ਸਕੂਲ ਭਵਾਨੀਗੜ੍ਹ ਵਿਖੇ 28 ਮਈ 2026 ਨੂੰ ਜ਼ਿਲ੍ਹਾ ਸੀਨੀਅਰ ਓਪਨ ਤੇ ਵੂਮੈਨ ਅਤੇ ਅੰਡਰ-17 ਓਪਨ ਤੇ ਵੂਮੈਨ ਸ਼ਤਰੰਜ ਟੂਰਨਾਮੈਂਟ ਬੜੇ ਉਤਸ਼ਾਹ ਤੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ।ਇਸ ਵੱਕਾਰੀ ਟੂਰਨਾਮੈਂਟ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ, ਅਕੈਡਮੀਆਂ ਤੇ ਕਲੱਬਾਂ ਦੇ ਖਿਡਾਰੀਆਂ ਨੇ ਭਾਗ ਲੈ ਕੇ ਆਪਣੀ ਬੁੱਧੀਮਾਨੀ ਤੇ ਖੇਡ ਕੌਸ਼ਲ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਮੁਕਾਬਲਿਆਂ ਦੌਰਾਨ ਖਿਡਾਰੀਆਂ ਨੇ ਸ਼ਤਰੰਜ ਬੋਰਡ 'ਤੇ ਦਿਲਚਸਪ ਤੇ ਰੋਮਾਂਚਕ ਚਾਲਾਂ ਚੱਲਦਿਆਂ ਦਰਸ਼ਕਾਂ ਦਾ ਮਨ ਮੋਹ ਲਿਆ।ਟੂਰਨਾਮੈਂਟ ਦਾ ਮਾਹੌਲ ਪੂਰੀ ਤਰ੍ਹਾਂ ਖੇਡ ਭਾਵਨਾ ਤੇ ਉਤਸ਼ਾਹ ਨਾਲ ਭਰਪੂਰ ਰਿਹਾ।ਟੂਰਨਾਮੈਂਟ ਦੇ ਸਮਾਪਤੀ ਸਮਾਰੋਹ ਮੌਕੇ ਮੁੱਖ ਮਹਿਮਾਨ ਵਜੋਂ ਸ਼੍ਰੀਮਤੀ ਰਵਿੰਦਰ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚੇ।ਉਨ੍ਹਾਂ ਵੱਲੋਂ ਵੱਖ-ਵੱਖ ਕੈਟਾਗਰੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਜੇਤੂ ਖਿਡਾਰੀਆਂ ਤੇ ਖਿਡਾਰਨਾਂ ਨੂੰ ਟਰਾਫੀਆਂ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਸ਼ਤਰੰਜ ਵਰਗੀ ਬੌਧਿਕ ਖੇਡ ਬੱਚਿਆਂ ਦੀ ਸੋਚਣ ਸਮਰੱਥਾ, ਇਕਾਗਰਤਾ ਤੇ ਫੈਸਲਾ ਕਰਨ ਦੀ ਯੋਗਤਾ ਨੂੰ ਵਿਕਸਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।ਸਮਾਗਮ ਦੇ ਅੰਤ ਵਿੱਚ ਨਵੀਨ ਕੁਮਾਰ ਵੱਲੋਂ ਅਲਪਾਈਨ ਪਬਲਿਕ ਸਕੂਲ ਦੇ ਪ੍ਰਬੰਧਕਾਂ, ਸਟਾਫ਼ ਮੈਂਬਰਾਂ ਤੇ ਟੂਰਨਾਮੈਂਟ ਨੂੰ ਸਫਲ ਬਣਾਉਣ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।ਇਸ ਮੌਕੇ ਸਕੂਲ ਦਾ ਸਮੂਹ ਸਟਾਫ਼, ਵੱਖ-ਵੱਖ ਟੀਮਾਂ ਦੇ ਕੋਚ, ਖੇਡ ਪ੍ਰੇਮੀ, ਮਾਪੇ ਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

## ਮਾਨਸਾ ਨਗਰ ਕੌਂਸਲ ਚੋਣਾਂ 'ਚ 'ਆਪ' ਵੱਡੀ ਪਾਰਟੀ ਵਜੋਂ ਉੱਭਰੀ

**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਨਗਰ ਕੌਂਸਲ ਚੋਣਾਂ ਦੇ 29 ਮਈ ਨੂੰ ਐਲਾਨੇ ਨਤੀਜਿਆਂ ਅਨੁਸਾਰ ਵਾਰਡ ਨੰ. 1 ਤੋਂ ਕਰਮਜੀਤ ਕੌਰ ਆਪ, ਵਾਰਡ ਨੰ: 2 ਤੋਂ ਹਰਬੰਸ ਸਿੰਘ ਪੰਮੀ ਸ਼੍ਰੋਮਣੀ ਅਕਾਲੀ ਦਲ, ਵਾਰਡ ਨੰ: 3 ਤੋਂ ਗੁਰਜੀਤ ਕੌਰ ਅਕਾਲੀ ਦਲ, ਵਾਰਡ ਨੰ: 4 ਤੋਂ ਜਸਪ੍ਰੀਤ ਸਿੰਘ ਜੱਸੀ ਅਕਾਲੀ ਦਲ, ਵਾਰਡ ਨੰ: 5 ਤੋਂ ਕੁਲਵਿੰਦਰ ਕੌਰ ਮਹਿਤਾ ਕਾਂਗਰਸ, ਵਾਰਡ ਨੰ: 6 ਤੋਂ ਸੁਖਦੀਪ ਸਿੰਘ ਆਪ, ਵਾਰਡ ਨੰ: 7 ਤੋਂ ਰੁਪਿੰਦਰ ਕੌਰ ਅਕਾਲੀ ਦਲ, ਵਾਰਡ ਨੰ: 8 ਤੋਂ ਹਰਪਾਲ ਪਾਲੀ ਆਪ, ਵਾਰਡ ਨੰ: 9 ਤੋਂ ਕ੍ਰਿਸ਼ਨਾ ਦੇਵੀ ਕਾਂਗਰਸ, ਵਾਰਡ ਨੰ: 10 ਤੋਂ ਭੂਸ਼ਨ ਮੱਤੀ ਅਜ਼ਾਦ, ਵਾਰਡ ਨੰ: 11 ਤੋਂ ਸ਼ਿੰਦਰਪਾਲ ਕੌਰ ਅਕਾਲੀ ਦਲ, ਵਾਰਡ ਨੰ: 12 ਤੋਂ ਪ੍ਰੇਮ ਸਾਗਰ ਭੋਲਾ ਭਾਜਪਾ, ਵਾਰਡ ਨੰ: 13 ਤੋਂ ਕਿਰਨਾ ਰਾਣੀ ਅਜ਼ਾਦ, ਵਾਰਡ ਨੰ: 14 ਤੋਂ ਸਾਬਕਾ ਨਗਰ ਕੌਂਸਲ ਪ੍ਰਧਾਨ ਸੁਨੀਲ ਕੁਮਾਰ ਨੀਨੂੰ ਆਪ, ਵਾਰਡ ਨੰ: 15 ਤੋਂ ਮੋਨਾ ਰਾਣੀ ਅਜ਼ਾਦ, ਵਾਰਡ ਨੰ: 16 ਤੋਂ ਸੁਰੇਸ਼ ਰਾਣੀ ਕਾਂਗਰਸ, ਵਾਰਡ ਨੰ: 17 ਤੋਂ ਇੰਦਰਜੀਤ ਕੌਰ ਕਿਰਤੀ ਆਮ ਆਦਮੀ ਪਾਰਟੀ, ਵਾਰਡ ਨੰ: 18 ਤੋਂ ਅਰਪਿਤ ਚੌਧਰੀ ਅਜ਼ਾਦ, ਵਾਰਡ ਨੰ: 19 ਤੋਂ ਕਮਲੇਸ਼ ਰਾਣੀ, ਵਾਰਡ ਨੰ: 20 ਤੋਂ ਅਸ਼ੋਕ ਸਪੋਲੀਆ ਆਪ, ਵਾਰਡ ਨੰ: 21 ਤੋਂ ਰੋਮਾ ਅਗਰਵਾਲ ਭਾਜਪਾ, ਵਾਰਡ ਨੰ: 22 ਤੋਂ ਪ੍ਰਵੀਨ ਟੋਨੀ ਭਾਜਪਾ, ਵਾਰਡ ਨੰ: 23 ਤੋਂ ਭੂਸ਼ਨ ਕੁਮਾਰ ਅਜ਼ਾਦ, ਵਾਰਡ ਨੰ: 24 ਤੋਂ ਵਿਨੋਦ ਭੰਮਾ ਅਜ਼ਾਦ, ਵਾਰਡ ਨੰ: 25 ਤੋਂ ਕਰਮਜੀਤ ਕੌਰ ਆਪ, ਵਾਰਡ ਨੰ: 26 ਤੋਂ ਕ੍ਰਿਸ਼ਨ ਸਿੰਘ ਆਪ, ਵਾਰਡ ਨੰ: 27 ਤੋਂ ਸੁਖਦੀਪ ਕੌਰ ਭਾਜਪਾ ਉਮੀਦਵਾਰਾਂ ਵੱਲੋਂ ਆਪਣੇ ਆਪਣੇ ਵਾਰਡਾਂ ਤੋਂ ਜਿੱਤ ਪ੍ਰਾਪਤ ਕੀਤੀ।ਨਗਰ ਕੌਂਸਲ ਦੀ ਹੋਈ ਇਸ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ 5, ਆਮ ਆਦਮੀ ਪਾਰਟੀ ਦੇ 8, ਭਾਰਤੀ ਜਨਤਾ ਪਾਰਟੀ ਦੇ 6, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ 3 ਉਮੀਦਵਾਰਾਂ ਤੋਂ ਇਲਾਵਾ 5 ਅਜ਼ਾਦ ਉਮੀਦਵਾਰ ਜੇਤੂ ਰਹੇ।

## ਡੀਜ਼ਲ ਦੀਆਂ ਵਧਦੀਆਂ ਕੀਮਤਾਂ ਨੇ ਖੇਤੀ ਨੂੰ ਕੀਤਾ ਘਾਟੇ ਦਾ ਸੌਦਾ

**ਕਿਸਾਨਾਂ ਲਈ ਘੱਟੋ-ਘੱਟ ਸਮਰਥਨ ਮੁੱਲ ਮੁੜ ਤੈਅ ਕਰੇ ਕੇਂਦਰ ਸਰਕਾਰ : ਸੇਖੋਂ**

**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**-ਮਿਸਲ ਸਤਲੁਜ ਜਥੇਬੰਦੀ ਦੇ ਜਨਰਲ ਸਕੱਤਰ ਦਵਿੰਦਰ ਸਿੰਘ ਸੇਖੋਂ ਨੇ ਜਾਰੀ ਇੱਕ ਬਿਆਨ ਵਿੱਚ ਕੇਂਦਰ ਸਰਕਾਰ ਦੀਆਂ ਨੀਤੀਆਂ ਨੂੰ ਕਿਸਾਨ ਵਿਰੋਧੀ ਕਰਾਰ ਦਿੰਦਿਆਂ ਕਿਹਾ ਕਿ ਡੀਜ਼ਲ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਨੇ ਖੇਤੀਬਾੜੀ ਨੂੰ ਗੰਭੀਰ ਆਰਥਿਕ ਸੰਕਟ ਵੱਲ ਧੱਕ ਦਿੱਤਾ ਹੈ।ਉਨ੍ਹਾਂ ਕਿਹਾ ਕਿ ਖੇਤੀਬਾੜੀ ਦੀ ਲਾਗਤ ਵਿੱਚ ਡੀਜ਼ਲ ਸਭ ਤੋਂ ਵੱਡੇ ਖਰਚਿਆਂ ਵਿੱਚੋਂ ਇੱਕ ਹੈ, ਪਰ ਇਸ ਦੇ ਬਾਵਜੂਦ 2026 ਦੀਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਪੁਰਾਣੀਆਂ ਡੀਜ਼ਲ ਕੀਮਤਾਂ ਦੇ ਆਧਾਰ 'ਤੇ ਤੈਅ ਕਰ ਦਿੱਤੇ ਗਏ ਹਨ, ਜੋ ਕਿਸਾਨਾਂ ਨਾਲ ਵੱਡੀ ਬੇਇਨਸਾਫ਼ੀ ਹੈ।ਸੇਖੋਂ ਨੇ ਕਿਹਾ ਕਿ ਕਮਿਸ਼ਨ ਫਾਰ ਐਗਰੀਕਲਚਰ ਕਾਸਟ ਐਂਡ ਪ੍ਰਾਈਸਿਜ਼ ਵੱਲੋਂ ਫਸਲਾਂ ਦੇ ਭਾਅ ਨਿਰਧਾਰਤ ਕਰਦੇ ਸਮੇਂ ਖੇਤੀ ਨਾਲ ਜੁੜੇ ਸਾਰੇ ਖਰਚਿਆਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਟਰੈਕਟਰਾਂ, ਟਿਊਬਵੈੱਲਾਂ ਤੇ ਹੋਰ ਖੇਤੀ ਮਸ਼ੀਨਰੀ ਨੂੰ ਚਲਾਉਣ ਲਈ ਡੀਜ਼ਲ ਦੀ ਵੱਡੀ ਮਾਤਰਾ ਵਿੱਚ ਲੋੜ ਪੈਂਦੀ ਹੈ ਤੇ ਡੀਜ਼ਲ ਦੇ ਵਧੇ ਹੋਏ ਰੇਟਾਂ ਨੇ ਕਿਸਾਨਾਂ ਦੀ ਆਮਦਨ ਤੇ ਆਰਥਿਕ ਹਾਲਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।ਉਨ੍ਹਾਂ ਦੋਸ਼ ਲਗਾਇਆ ਕਿ ਇੱਕ ਪਾਸੇ ਕੇਂਦਰ ਸਰਕਾਰ ਲਗਾਤਾਰ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਕਰ ਰਹੀ ਹੈ, ਜਦਕਿ ਦੂਜੇ ਪਾਸੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਵਾਜਬ ਮੁੱਲ ਦੇਣ ਤੋਂ ਮੁੱਕਰ ਰਹੀ ਹੈ।ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਵਿਦੇਸ਼ਾਂ ਦੀ ਤਰ੍ਹਾਂ ਕਿਸਾਨਾਂ ਲਈ ਸਬਸਿਡੀ ਵਾਲਾ ਡੀਜ਼ਲ ਉਪਲਬਧ ਕਰਵਾਏ ਜਾਂ ਫਿਰ ਵਧੀਆਂ ਹੋਈਆਂ ਡੀਜ਼ਲ ਕੀਮਤਾਂ ਨੂੰ ਧਿਆਨ ਵਿੱਚ ਰੱਖਦਿਆਂ ਘੱਟੋ ਘੱਟ ਸਮਰੱਥਨ ਮੁੱਲ ਐੱਮਐੱਸਪੀ ਦੀ ਮੁੜ ਸਮੀਖਿਆ ਕਰਕੇ ਨਵੇਂ ਭਾਅ ਤੈਅ ਕਰੇ।ਦਵਿੰਦਰ ਸਿੰਘ ਸੇਖੋਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਤਾਂ ਖੇਤੀਬਾੜੀ ਖੇਤਰ ਹੋਰ ਡੂੰਘੇ ਸੰਕਟ ਵਿੱਚ ਫਸ ਸਕਦਾ ਹੈ।ਉਨ੍ਹਾਂ ਕਿਹਾ ਕਿ ਮਿਸਲ ਸਤਲੁਜ ਜਥੇਬੰਦੀ ਪੰਜਾਬ ਦੇ ਕਿਸਾਨਾਂ ਦੇ ਹੱਕਾਂ ਤੇ ਖੇਤੀਬਾੜੀ ਨੂੰ ਬਚਾਉਣ ਲਈ ਹਰ ਮੰਚ 'ਤੇ ਆਪਣੀ ਆਵਾਜ਼ ਮਜ਼ਬੂਤੀ ਨਾਲ ਉਠਾਉਂਦੀ ਰਹੇਗੀ।

## ਕਾਂਗਰਸੀ ਉਮੀਦਵਾਰ ਵਰਿੰਦਰ ਕਲੇਰ ਦੀ ਸ਼ਾਨਦਾਰ ਜਿੱਤ



**ਜਗਰਾਉਂ (ਨਛੱਤਰ ਸੰਧੂ)**-ਨਗਰ ਕੌਂਸਲ ਦੀਆਂ ਚੋਣਾਂ ਵਿੱਚ ਕਾਂਗਰਸ ਵੱਲੋਂ ਕੀਤੇ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਕਾਂਗਰਸੀ ਆਗੂਆਂ ਤੇ ਵਰਕਰਾਂ ਦੇ ਹੌਸਲੇ ਬੁਲੰਦ ਹੋ ਗਏ ਹਨ।ਕਾਂਗਰਸ ਪਾਰਟੀ ਦੇ ਉਮੀਦਵਾਰ ਵਰਿੰਦਰ ਕਲੇਰ ਨੇ ਆਪਣੇ ਵਿਰੋਧੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਹਰਾ ਕੇ ਇਹ ਚੋਣ ਜਿੱਤ ਲਈ ਹੈ।ਇਸ ਮੌਕੇ ਗੱਲਬਾਤ ਕਰਦਿਆਂ ਵਰਿੰਦਰ ਕਲੇਰ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਕਾਂਗਰਸ ਵੱਲੋਂ ਕੀਤੇ ਗਏ ਵਿਕਾਸ ਕੰਮਾਂ ਨੂੰ ਮੁੱਖ ਰੱਖਦਿਆਂ ਹੋਇਆਂ ਵੋਟਰਾਂ ਨੇ ਕਾਂਗਰਸ ਦੇ ਹੱਕ ਵਿੱਚ ਫਤਵਾ ਦਿੱਤਾ ਹੈ।ਇਸ ਤੋਂ ਇਲਾਵਾ ਮਾਵਾਂ ਭੈਣਾਂ ਤੇ ਬਜ਼ੁਰਗਾਂ ਦਾ ਆਸ਼ੀਰਵਾਦ ਮਿਲਿਆ ਹੈ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਵਾਰਡ ਵਾਸੀਆਂ ਨੇ ਉਨ੍ਹਾਂ ਨੂੰ ਇਹ ਵਡਮੁੱਲਾ ਪਿਆਰ ਤੇ ਸਤਿਕਾਰ ਦਿੱਤਾ ਹੈ, ਮੈਂ ਉਨ੍ਹਾਂ ਦੀਆਂ ਆਸਾਂ 'ਤੇ ਖਰਾ ਉਤਰਨ ਦੀ ਕੋਸ਼ਿਸ਼ ਕਰਾਂਗਾ।

## ਵਾਰਡ ਨੰਬਰ 3 ਤੋਂ ਭਾਜਪਾ ਉਮੀਦਵਾਰ ਰੇਨੂੰ ਸ਼ਰਮਾ ਦੀ ਜਿੱਤ




**ਸਮਾਣਾ (ਇਕਬਾਲ ਸਿੰਘ ਬੱਲ)**-ਸਮਾਣਾ ਦੇ ਵਾਰਡ ਨੰਬਰ ਤਿੰਨ ਤੋਂ ਭਾਰਤੀ ਜਨਤਾ ਪਾਰਟੀ ਦੀ ਉਮੀਦਵਾਰ ਰੇਨੂੰ ਸ਼ਰਮਾ ਵੱਲੋਂ ਸ਼ਾਨਦਾਰ ਚੋਣ ਜਿੱਤ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਮੌਕੇ ਉੱਘੇ ਬੀ.ਜੇ.ਪੀ. ਨੇਤਾ ਸ੍ਰੀ ਮੋਹਨ ਲਾਲ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਜੇਤੂ ਉਮੀਦਵਾਰ ਰੇਨੂੰ ਸ਼ਰਮਾ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ ਤੇ ਉਨ੍ਹਾਂ ਨੂੰ ਇਸ ਵੱਡੀ ਸਫ਼ਲਤਾ ਲਈ ਹਾਰਦਿਕ ਸ਼ੁੱਭ-ਕਾਮਨਾਵਾਂ ਦਿੱਤੀਆਂ। ?ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਇਹ ਜਿੱਤ ਵਰਕਰਾਂ ਦੀ ਮਿਹਨਤ ਤੇ ਲੋਕਾਂ ਦੇ ਵਿਸ਼ਵਾਸ ਦੀ ਜਿੱਤ ਹੈ।ਵਾਰਡ ਦੇ ਵਿਕਾਸ ਕਾਰਜਾਂ ਨੂੰ ਬਿਨਾਂ ਕਿਸੇ ਪੱਖਪਾਤ ਦੇ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ। ?ਇਸ ਖੁਸ਼ੀ ਦੇ ਪਲ ਵਿੱਚ ਸ੍ਰੀ ਮੋਹਨ ਲਾਲ ਸ਼ਰਮਾ ਦੇ ਨਾਲ ਦਿਨੇਸ਼ ਕੁਮਾਰ ਜੈਨ (ਰੋਡਾ ਜੈਨ), ਭੋਜਿੰਦਰ ਸ਼ਰਮਾ ਤੇ ਜਤਿੰਦਰ ਕੁਮਾਰ ਸ਼ਰਮਾ ਸਮੇਤ ਹੋਰ ਕਈ ਪ੍ਰਮੁੱਖ ਸ਼ਖਸੀਅਤਾਂ ਤੇ ਪਾਰਟੀ ਵਰਕਰ ਹਾਜ਼ਰ ਸਨ, ਜਿਨ੍ਹਾਂ ਨੇ ਜੇਤੂ ਉਮੀਦਵਾਰ ਦਾ ਮੂੰਹ ਮਿੱਠਾ ਕਰਵਾ ਕੇ ਖੁਸ਼ੀ ਸਾਂਝੀ ਕੀਤੀ।

## ਸਕੂਲ ਆਫ ਐਮੀਨੈਂਸ ਵਿਖੇ ਮੈਗਾ ਪੀ ਟੀ ਐੱਮ ਦਾ ਸਫਲਤਾਪੂਰਵਕ ਆਯੋਜਨ



**ਜਲਾਲਾਬਾਦ (ਬਲਵਿੰਦਰ ਸਿੰਘ)**-ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਕੂਲ ਆਫ ਐਮੀਨੈਂਸ ਜਲਾਲਾਬਾਦ ਪੱਛਮੀ ਵਿਖੇ ਮਾਪੇ-ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਗਿਆ।ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਦੇ ਨਿਰਦੇਸ਼ ਅਨੁਸਾਰ ਪ੍ਰਿੰਸੀਪਲ ਸ੍ਰੀਮਤੀ ਰਮਨਦੀਪ ਕਾਲੜਾ ਦੀ ਯੋਗ ਅਗਵਾਈ ਹੇਠ ਸਕੂਲ ਇੰਚਾਰਜ ਪਵਨ ਅਰੋੜਾ ਦੀ ਦੇਖ ਰੇਖ ਹੇਠ ਸਮੂਹ ਸਟਾਫ ਦੇ ਸਹਿਯੋਗ ਨਾਲ ਮੈਗਾ-ਮਾਪੇ ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਮਾਪਿਆਂ ਨੂੰ ਪੰਜਾਬ ਸਕੂਲ ਸਿੱਖਿਆ ਵਿਭਾਗ ਦੁਆਰਾ ਸਿੱਖਿਆ ਦੇ ਖੇਤਰ ਵਿੱਚ ਆਈ ਕ੍ਰਾਂਤੀ ਤੋਂ ਜਾਣੂ ਕਰਵਾਉਣਾ ਹੈ ਤੇ ਵਿਦਿਆਰਥੀਆਂ ਦੀ ਸਰਬਪੱਖੀ ਵਿਕਾਸ ਲਈ ਮਾਪਿਆਂ ਦਾ ਸਹਿਯੋਗੀ ਯੋਗਦਾਨ ਪਾਉਣਾ ਹੈ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਕੂਲ ਮੀਡੀਆ ਇੰਚਾਰਜ ਹੁਸ਼ਿਆਰ ਚੰਦਰ ਨੇ ਦੱਸਿਆ ਕਿ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਸਰਕਾਰ ਦੇ ਕੀਤੇ ਯਤਨਾਂ ਤੇ ਅਧਿਆਪਕਾਂ ਦੀ ਮਿਹਨਤ ਸਦਕਾ ਬੋਰਡ ਪ੍ਰੀਖਿਆਵਾਂ ਦਾ ਨਤੀਜਾ ਵਧੀਆ ਰਿਹਾ।ਸਕੂਲ ਆਈ.ਸੀ.ਟੀ. ਕੰਪਿਊਟਰ ਦੇ ਇੰਚਾਰਜ ਸ੍ਰੀ ਅਮਿਤ ਧਮੀਜਾ ਨੇ ਦੱਸਿਆ ਕਿ ਵਿਭਾਗੀ ਹਦਾਇਤਾਂ ਅਨੁਸਾਰ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਤੇ ਹੋਰ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਮੂਹ ਹਾਜ਼ਰ ਸਟਾਫ ਦੁਆਰਾ ਮੈਗਾ ਮਾਪੇ ਅਧਿਆਪਕ ਮਿਲਣੀ ਦੌਰਾਨ ਵੱਡੀ ਗਿਣਤੀ ਵਿੱਚ ਹਾਜ਼ਰ ਮਾਪਿਆਂ ਦਾ ਸਵਾਗਤ ਕੀਤਾ ਗਿਆ।

## ਵਾਰਡ ਨੰ. 3 ਤੋਂ ਦਰਸ਼ਨਾ ਭੱਟੀ ਨੇ ਜਿੱਤਿਆ ਚੋਣ ਮੈਦਾਨ



**ਕੋਟ ਈਸੇ ਖਾਂ (ਅਰੋੜਾ)**-ਨਗਰ ਪੰਚਾਇਤ ਚੋਣਾਂ ਦੌਰਾਨ ਵਾਰਡ ਨੰਬਰ 3 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਦਰਸ਼ਨਾ ਭੱਟੀ ਪਤਨੀ ਸ਼ਿੰਦੂ ਭੱਟੀ ਨੇ ਸ਼ਾਨਦਾਰ ਜਿੱਤ ਦਰਜ ਕਰਦਿਆਂ ਆਪਣੇ ਵਿਰੋਧੀਆਂ ਨੂੰ ਪਿੱਛੇ ਛੱਡ ਦਿੱਤਾ।ਜਿੱਤ ਦੀ ਖ਼ਬਰ ਮਿਲਦਿਆਂ ਹੀ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਤੇ ਇਲਾਕੇ ਵਿੱਚ ਵਧਾਈਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ।ਚੋਣ ਜਿੱਤਣ ਉਪਰੰਤ ਦਰਸ਼ਨਾ ਭੱਟੀ ਤੇ ਸ਼ਿੰਦੂ ਭੱਟੀ ਨੇ ਸਮੂਹ ਵੋਟਰਾਂ, ਪਾਰਟੀ ਵਰਕਰਾਂ ਤੇ ਸਮਰਥਕਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਵੋਟਰਾਂ ਵੱਲੋਂ ਦਿੱਤੇ ਗਏ ਮਾਨ-ਸਤਿਕਾਰ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ ਤੇ ਵਾਰਡ ਦੇ ਵਿਕਾਸ ਲਈ ਦਿਨ-ਰਾਤ ਮਿਹਨਤ ਕੀਤੀ ਜਾਵੇਗੀ।ਇਸ ਮੌਕੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਆਗੂ, ਵਰਕਰ ਤੇ ਇਲਾਕਾ ਨਿਵਾਸੀ ਹਾਜ਼ਰ ਸਨ, ਜਿਨ੍ਹਾਂ ਨੇ ਜਿੱਤ ਦੀ ਖੁਸ਼ੀ ਵਿੱਚ ਜਸ਼ਨ ਮਨਾਇਆ।

## ਸਟੱਡੀ ਸਰਕਲ ਵੱਲੋਂ ਵਿਸ਼ਵ ਤੰਬਾਕੂ ਵਿਰੋਧੀ ਦਿਵਸ ਦੇ ਮੱਦੇਨਜ਼ਰ ਡੀ ਸੀ ਨੂੰ ਮੈਮੋਰੰਡਮ



**ਸੰਗਰੂਰ (ਪ੍ਰਵੀਨ ਸਿੰਘ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਜ਼ੋਨ ਵੱਲੋਂ ਸਮੇਂ ਸਮੇਂ 'ਤੇ ਸਕੂਲਾਂ, ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ।ਇਸੇ ਸਬੰਧ ਵਿੱਚ ਜ਼ੋਨਲ ਆਗੂਆਂ ਨੇ ਕੁਲਵੰਤ ਸਿੰਘ ਨਾਗਰੀ ਪ੍ਰਧਾਨ, ਅਜਮੇਰ ਸਿੰਘ ਜ਼ੋਨਲ ਸਕੱਤਰ, ਸੁਰਿੰਦਰ ਪਾਲ ਸਿੰਘ ਸਿਦਕੀ ਡਿਪਟੀ ਚੀਫ਼ ਆਰਗੇਨਾਈਜ਼ਰ ਦੀ ਅਗਵਾਈ ਵਿੱਚ ਡਾ. ਪੂਨਮਦੀਪ ਕੌਰ ਆਈ ਏ ਐੱਸ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਵਿਸ਼ਵ ਤੰਬਾਕੂ ਵਿਰੋਧੀ ਦਿਵਸ ਮੌਕੇ ਮੈਮੋਰੰਡਮ ਦਿੱਤਾ ਅਤੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਮਿਸ਼ਨ ਇੰਪਲੀਮੈਂਟ ਐਕਟ 2003 ਅਨੁਸਾਰ ਤੰਬਾਕੂ ਦੀ ਵਿਕਰੀ, ਵਰਤੋਂ ਆਦਿ ਦੀਆਂ ਵੱਖ ਵੱਖ ਧਾਰਾਵਾਂ ਅਨੁਸਾਰ ਲਾਗੂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਪਬਲਿਕ ਸਥਾਨਾਂ 'ਤੇ ਸਿਗਰਟ ਪੀਣ ਦੀ ਮਨਾਹੀ।ਧਾਰਮਿਕ, ਵਿੱਦਿਅਕ ਅਦਾਰਿਆਂ ਦੇ 100 ਗਜ ਅੰਦਰ ਤੇ 18 ਸਾਲ ਦੇ ਘੱਟ ਉਮਰ ਦੇ ਬੱਚੇ ਨੂੰ ਸਿਗਰਟ ਤੇ ਤੰਬਾਕੂ ਵਸਤਾਂ ਵੇਚਣ ਦੀ ਸਖ਼ਤ ਮਨਾਹੀ ਕੀਤੀ ਗਈ ਹੈ।ਫ਼ਿਲਮਾਂ, ਟੀ ਵੀ ਸੀਰੀਅਲਾਂ ਵਿੱਚ ਸਿਗਰਟਾਂ, ਤੰਬਾਕੂ ਵਸਤਾਂ ਦੀ ਮਸ਼ਹੂਰੀ ਨਹੀਂ ਕੀਤੀ ਜਾ ਸਕਦੀ।ਵਫ਼ਦ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਹਰਭਜਨ ਸਿੰਘ ਭੱਟੀ ਮੁੱਖ ਸੇਵਾਦਾਰ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੇ ਨਾਲ ਸਟੱਡੀ ਸਰਕਲ ਦੇ ਜ਼ੋਨਲ ਨੁਮਾਇੰਦੇ ਗੁਰਮੇਲ ਸਿੰਘ, ਬਲਵੰਤ ਸਿੰਘ ਭਿੱਖੀ, ਹਰਵਿੰਦਰ ਕੌਰ, ਅਮਨਦੀਪ ਕੌਰ ਨੇ ਡੀ ਸੀ ਸਾਹਿਬਾਂ ਨੂੰ ਮੈਮੋਰੰਡਮ ਦਿੱਤਾ ਤੇ ਪਾਸ ਕੀਤੇ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਵਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕਰਨ ਦੀ ਬੇਨਤੀ ਕੀਤੀ।ਡਾਕਟਰ ਪੂਨਮਦੀਪ ਕੌਰ ਨੇ ਕਾਨੂੰਨ ਨੂੰ ਲਾਗੂ ਕਰਵਾਉਣ ਲਈ ਵਿਸ਼ਵਾਸ ਦਿਵਾਇਆ।

## ਸਰਹਿੰਦ ਦੀਆਂ 17 ਸੀਟਾਂ 'ਤੇ ਜਿੱਤਣ ਉਪਰੰਤ ਵਿਧਾਇਕ ਰਾਏ ਗੁਰੂਘਰ ਹੋਏ ਨਤਮਸਤਕ

**ਰੋਡ ਸ਼ੋਅ ਦੌਰਾਨ ਸ਼ਹਿਰ ਵਾਸੀਆਂ ਦਾ ਕੀਤਾ ਧੰਨਵਾਦ**



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਨਗਰ ਕੌਂਸਲ ਸਰਹੰਦ ਦੀਆਂ ਹੋਈਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ 23 ਵਿੱਚੋਂ 17 ਸੀਟਾਂ ਉੱਤੇ ਜਿੱਤ ਪ੍ਰਾਪਤ ਕੀਤੀ ਹੈ, ਜਦਕਿ ਕਾਂਗਰਸ ਪਾਰਟੀ 6 ਸੀਟਾਂ ਉੱਤੇ ਸਿਮਟ ਕੇ ਰਹਿ ਗਈ।ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਖਾਤਾ ਖੋਲ੍ਹਣ ਵਿੱਚ ਨਾਕਾਮ ਸਾਬਿਤ ਹੋਈ ਹੈ।ਜਿੱਤ ਉਪਰੰਤ ਵਿਧਾਇਕ ਲਖਬੀਰ ਸਿੰਘ ਰਾਏ ਵੱਖ-ਵੱਖ ਵਾਰਡਾਂ ਤੋਂ ਜੇਤੂ ਉਮੀਦਵਾਰਾਂ ਦੇ ਨਾਲ ਗੁਰਦੁਆਰਾ ਸ਼੍ਰੀ ਫਤਿਹਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਹੰਦ ਫਤਿਹਗੜ੍ਹ ਸਾਹਿਬ ਦੇ ਵੋਟਰਾਂ ਨੇ ਆਮ ਆਦਮੀ ਪਾਰਟੀ ਦੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਉੱਤੇ ਮੋਹਰ ਲਗਾ ਦਿੱਤੀ ਹੈ।ਪੰਜਾਬ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਨੂੰ ਸੂਬੇ ਦੇ ਲੋਕਾਂ ਵੱਲੋਂ ਸਰਾਹਿਆ ਜਾ ਰਿਹਾ ਹੈ, ਜਿਸ ਦੀ ਬਦੌਲਤ ਆਮ ਆਦਮੀ ਪਾਰਟੀ ਦੇ 23 ਵਿੱਚੋਂ 17 ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ ਹੈ।ਉਨ੍ਹਾਂ ਕਿਹਾ ਕਿ ਅਸੀਂ ਲੋਕਾਂ ਦੇ ਨਾਲ ਵਾਅਦਾ ਕੀਤਾ ਹੈ ਕਿ ਆਉਣ ਵਾਲੇ ਚਾਰ ਮਹੀਨਿਆਂ ਵਿੱਚ ਸਰਹੰਦ ਵਿੱਚ ਵਿਕਾਸ ਪੱਖੋਂ ਨੁਹਾਰ ਬਦਲੀ ਜਾਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਦੀਪ ਮਲਹੋਤਰਾ, ਮਨਪ੍ਰੀਤ ਜੋਨੀ, ਗੁਰਜੋਤ ਸਿੰਘ, ਗੁਰਮੀਤ ਬਾਜਵਾ, ਰਾਮਪਾਲ ਸਿੰਘ, ਦਿਲਪ੍ਰੀਤ ਭੱਟੀ, ਬਲਜਿੰਦਰ ਸਿੰਘ ਗੋਲਾ, ਬਲਦੇਵ ਸਿੰਘ ਭੱਲ ਮਾਜਰਾ, ਬਲਵੀਰ ਸੋਢੀ, ਪਵੇਲ ਕੁਮਾਰ ਹਾਂਡਾ ਵਿੱਕੀ ਚੌਹਾਨ, ਬਲਦੇਵ ਜਲਾਲ, ਹਰਮੇਸ਼ ਕੁਮਾਰ ਸੋਨੂ, ਪ੍ਰਿਤਪਾਲ ਸਿੰਘ ਜੱਸੀ, ਦੀਪਕ ਬਾਤੀਸ ਐਡਵੋਕੇਟ ਹਰਕਮਲ ਸਿੰਘ ਨੰਬਰਦਾਰ ਬੰਟੀ ਸੈਣੀ ਬਲਜਿੰਦਰ ਕੌਰ, ਨੰਬਰਦਾਰ ਤਜਿੰਦਰ ਸਿੰਘ ਟਿਵਾਣਾ, ਗੁਰਮੇਲ ਸਿੰਘ ਪੰਡਰਾਲੀ, ਜਗਜੀਤ ਸਿੰਘ ਰਿਉਣਾ, ਬਹਾਦਰ ਖਾਨ, ਬਹਾਦਰ ਜਲਾਲ, ਮਨਦੀਪ ਪੋਲਾ, ਗੁਰਪ੍ਰੀਤ ਭਿੰਡਰ ਆਦਿ ਹਾਜ਼ਰ ਸਨ।

## ਮਾਸਟਰਾਂ ਤੋਂ ਮਸ਼ਹੂਰੀ ਕਰਾਉਣ ਲੱਗੀ ਪੰਜਾਬ ਸਰਕਾਰ

**ਆਪ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ 'ਚ ਇੱਕ ਵੀ ਨਹੀਂ ਹੋਈ ਨਵੀਂ ਭਰਤੀ : ਡੀ ਟੀ ਐੱਫ**



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੀ ਆਪ ਸਰਕਾਰ ਦੀ ਹਾਲਤ ਥੋਥਾ ਚਨਾ ਬਾਜੇ ਘਣਾ ਵਰਗੀ ਹੋ ਚੁੱਕੀ ਹੈ।ਸਿੱਖਿਆ ਵਿਭਾਗ ਦੀ ਅਫ਼ਸਰਸ਼ਾਹੀ ਵੱਲੋਂ ਹਰ ਮਹੀਨੇ ਕੀਤੀ ਜਾਣ ਵਾਲੀ ਮਾਪੇ ਅਧਿਆਪਕ ਮਿਲਣੀ ਦੀ ਵੀ ਮਸ਼ਹੂਰੀ ਦੇ ਮਕਸਦ ਨਾਲ ਵਰਤੋਂ ਕਰਦੇ ਹੋਏ।ਸਕੂਲ ਮੁਖੀਆਂ ਦੇ ਹੱਥ ਪੰਜਾਬ ਸਰਕਾਰ ਦੀ ਵਾਹ-ਵਾਹ ਕਰਨ ਲਈ ਪੈਂਫਲਿਟ ਫੜਾ ਕੇ ਇਨ੍ਹਾਂ ਨੂੰ ਮਾਪਿਆਂ ਵਿੱਚ ਵੰਡਣ ਤੇ ਸਰਕਾਰ ਦਾ ਗੁਣਗਾਨ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ।ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕਰੈਟਿਕ ਟੀਚਰ ਫਰੰਟ ਦੇ ਸੂਬਾ ਪ੍ਰਧਾਨ ਦਿੱਗ ਵਿਜੇ ਪਾਲ ਸ਼ਰਮਾ, ਜ਼ਿਲ੍ਹਾ ਮੋਗਾ ਦੇ ਪ੍ਰਧਾਨ ਸੁਖਪਾਲਜੀਤ ਸਿੰਘ, ਸਕੱਤਰ ਜਗਵੀਰਨ ਕੌਰ ਨੇ ਪੰਜਾਬ ਸਰਕਾਰ ਦੀ ਫੋਕੀ ਇਸ਼ਤਿਹਾਰੀ ਨੀਤੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਤੇ ਇਸ ਨੀਤੀ ਦੀ ਪੋਲ ਖੋਲਦਿਆਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਨੀਤੀ ਆਯੋਗ ਦੇ ਸਰਵੇਖਣ ਅਨੁਸਾਰ ਸਿੱਖਿਆ ਖੇਤਰ ਵਿੱਚ ਪੰਜਾਬ ਸੂਬਾ ਨੰਬਰ ਇੱਕ ਬਣ ਗਿਆ ਹੈ, ਜਦੋਂ ਕਿ ਅਸਲੀਅਤ ਇਹ ਹੈ ਕਿ ਸਿੱਖਿਆ ਵਿਭਾਗ ਵਿੱਚ ਲਗਭਗ 1150 ਅਸਾਮੀਆਂ ਪ੍ਰਿੰਸੀਪਲਾਂ ਦੀਆਂ ਅਤੇ 750 ਅਸਾਮੀਆਂ ਮੁੱਖ ਅਧਿਆਪਕਾਂ ਦੀਆ, ਇਸੇ ਤਰ੍ਹਾਂ 150 ਦੇ ਕਰੀਬ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਦੀਆਂ ਖਾਲੀ ਹਨ।ਇਸੇ ਤਰ੍ਹਾਂ ਸਾਲ 2018 ਤੋਂ ਬਾਅਦ ਪ੍ਰਾਈਮਰੀ ਵਿਭਾਗ ਵਿੱਚੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਨਾਂਹ ਦੇ ਬਰਾਬਰ ਕੀਤੀਆਂ ਗਈਆਂ ਹਨ।ਬਿਨਾਂ ਅਧਿਆਪਕਾਂ ਤੋਂ ਕਾਗਜ਼ੀ ਅੰਕੜਿਆਂ ਦੀ ਖੇਡ, ਖੇਡ ਕੇ ਸਿੱਖਿਆ ਕ੍ਰਾਂਤੀ ਦੀਆਂ ਟਾਹਰਾਂ ਮਾਰੀਆਂ ਜਾ ਰਹੀਆਂ ਹਨ।ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਘੋਲੀਆ, ਮੀਤ ਪ੍ਰਧਾਨ ਸਵਰਨ ਦਾਸ, ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਝੋਰੜਾ , ਸਯੁੰਕਤ ਸਕੱਤਰ ਅਮਨਦੀਪ ਮਾਛੀਕੇ, ਵਿੱਤ ਸਕੱਤਰ ਗੁਰਸ਼ਰਨ ਸਿੰਘ ਨੇ ਸੂਬਾ ਸਰਕਾਰ ਦੇ ਆਪੇ ਮੱਥਾ ਟੇਕਣ ਅਤੇ ਆਪੇ ਅਸੀਸਾਂ ਦੇਣ ਵਾਲੀ ਨੀਤੀ ਤੇ ਸੁਆਲ ਕਰਦਿਆਂ ਤੇ ਪੰਜਾਬ ਸਰਕਾਰ ਦੇ ਝੂਠੇ ਪ੍ਰਾਪੇਗੰਡੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 45000, ਚਾਰਦਿਵਾਰੀਆਂ ਤੇ 12000 ਨਵੇਂ ਪਖਾਨੇ ਬਣਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਜਦੋਂ ਕਿ ਅਸਲੀਅਤ ਇਹ ਹੈ ਕਿ ਕੇਂਦਰ ਵੱਲੋਂ ਸਮੱਗਰਾ ਅਧੀਨ ਜਾਰੀ ਹੋ ਰਹੀ ਗ੍ਰਾਂਟ ਵਿਚ ਸੂਬਾ ਸਰਕਾਰ ਨੇ ਕੇਵਲ ਆਪਣਾ ਹਿੱਸਾ ਹੀ ਪਾਇਆ ਹੈ।ਆਗੂਆਂ ਨੇ ਯਾਦ ਕਰਵਾਇਆ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ ਸਕੂਲਾਂ ਵਿੱਚ ਪਹਿਲਾਂ ਬਣੀਆਂ ਹੋਈਆਂ ਇਮਾਰਤਾਂ ਦੇ ਉਦਘਾਟਨ ਜਾਂ ਨੀਂਹ ਪੱਥਰ ਰੱਖੇ ਗਏ ਸਨ, ਜਿਨ੍ਹਾਂ ਦਾ ਬੋਝ ਵੀ ਅਧਿਆਪਕਾਂ ਦੀਆਂ ਜੇਬਾਂ 'ਤੇ ਹੀ ਪਿਆ ਸੀ।ਉਨ੍ਹਾਂ ਕਿਹਾ ਕਿ ਕਰਦਾਤਿਆਂ ਦੇ ਟੈਕਸਾਂ ਦੇ ਪੈਸੇ ਨੂੰ ਬੇਫਿਕਰੀ ਨਾਲ ਕੇਵਲ ਮਸ਼ਹੂਰੀਆਂ ਅਤੇ ਇਸ਼ਤਿਹਾਰ ਬਾਜ਼ੀ ਤੇ ਲੁਟਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਵਰਦੀ ਦੀ ਨਿਗੂਣੀ ਰਾਸ਼ੀ 600 ਰੁਪਏ ਪ੍ਰਤੀ ਵਿਦਿਆਰਥੀ ਤੇ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਵਜ਼ੀਫ਼ੇ ਬੰਦ ਕਰਨ ਵਾਲੀ ਸਰਕਾਰ ਕਿਹੜੇ ਮੂੰਹ ਨਾਲ ਸਿਖਿਆ ਦੇ ਮਹਾਂ ਜਸ਼ਨ ਮਨਾ ਰਹੀ ਹੈ।ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲੀ ਅਤੇ ਪੰਜਾਬ ਤਨਖਾਹ ਸਕੇਲ ਲਾਗੂ ਕਰਨ ਦੀ ਅਹਿਮ ਮੰਗ ਨੂੰ ਮੰਨਣ ਤੋਂ ਆਨਾ-ਕਾਨੀ ਅਤੇ ਹਾਈਕੋਰਟ ਦੇ ਸਪੱਸ਼ਟ ਹੁਕਮ ਹੋਣ ਦੇ ਬਾਵਜੂਦ ਵੀ ਹੁਕਮ ਅਦੂਲੀ ਕਰਕੇ ਡੀ. ਏ. ਦੇ ਬਕਾਇਆਂ ਦੀ ਅਦਾਇਗੀ ਕਰਨ ਦੀ ਥਾਂ ਲਾਰੇ-ਲੱਪੇ ਦੀ ਨੀਤੀ ਤੇ ਚੱਲ ਰਹੀ ਸਰਕਾਰ ਖ਼ਿਲਾਫ਼ ਸਮੂਹਕ ਰੂਪ ਵਿਚ, ਲਗਾਤਾਰ ਤੇ ਦ੍ਰਿੜ੍ਹਤਾ ਨਾਲ ਘੋਲ ਲੜਨਾਂ ਅਣਸਰਦੀ ਲੂ ਹੈ।ਇਸ ਸਮੇਂ ਅਮਰਦੀਪ ਸਿੰਘ ਬੁੱਟਰ, ਜਗਜੀਤ ਸਿੰਘ ਰਣੀਆਂ, ਸਵਰਨਜੀਤ ਭਗਤਾ, ਨਰਿੰਦਰ ਸਿੰਘ, ਦੀਪਕ ਮਿੱਤਲ ਆਦਿ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।

## ਸੇਵਾ ਕੇਂਦਰ ਮੁਲਾਜ਼ਮ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਮੰਗਾਂ ਨੂੰ ਲੈ ਕੇ ਧਰਨਾ

**ਸੇਵਾ ਕੇਂਦਰ ਬੰਦ ਕਰਕੇ ਸ਼ਹਿਰ 'ਚ ਕੀਤਾ ਰੋਸ ਮਾਰਚ**



**ਮੋਗਾ (ਇਕਬਾਲ ਸਿੰਘ ਖਹਿਰਾ)**-ਸੇਵਾ ਕੇਂਦਰ ਮੁਲਾਜ਼ਮ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਵੱਲੋਂ ਸਮੂਹ ਸੇਵਾ ਕੇਂਦਰਾਂ ਨੂੰ ਬੰਦ ਦੀ ਕਾਲ ਨੂੰ ਜਾਰੀ ਰੱਖਦੇ ਹੋਏ ਮੋਗਾ ਦੇ 13 ਸੇਵਾ ਕੇਂਦਰਾਂ ਵੱਲੋਂ ਸਾਰੇ ਸੇਵਾ ਕੇਂਦਰ ਬੰਦ ਕਰਕੇ ਡੀ ਏ ਸੀ ਕੰਪਲੈਕਸ ਮੋਗਾ ਵਿਖੇ ਧਰਨਾ ਪ੍ਰਦਰਸ਼ਨ ਕੀਤਾ ਗਿਆ।ਜ਼ਿਲ੍ਹਾ ਪ੍ਰਧਾਨ ਦਵਿੰਦਰ ਬਾਂਸਲ ਦੀ ਅਗਵਾਈ ਹੇਠ ਇਹ ਧਰਨਾ ਲਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਪ੍ਰਦਰਸ਼ਨ ਨੂੰ ਹੋਰ ਤੇਜ਼ ਕਰਨ ਲਈ ਮੋਗਾ ਮੁੱਖ ਬਜ਼ਾਰ ਵਿੱਖੇ ਰੋਸ ਮਾਰਚ ਕੀਤਾ ਗਿਆ ਅਤੇ ਪ੍ਰਾਈਵੇਟ ਕੰਪਨੀਆਂ ਵੱਲੋਂ ਸੇਵਾ ਕੇਂਦਰ ਮੁਲਾਜ਼ਮਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਸਬੰਧੀ ਆਮ ਲੋਕਾਂ ਜਾਣੂ ਕਰਵਾਇਆ ਗਿਆ। ਕੰਪਨੀ ਵੱਲੋਂ ਸੇਵਾ ਕੇਂਦਰ ਮੁਲਾਜ਼ਮਾਂ ਨੂੰ ਡਰਾਉਣ, ਧਮਕਾਉਣ ਦੇ ਲਈ ਕੋਝੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ।ਸੇਵਾ ਕੇਂਦਰ ਮੁਲਾਜ਼ਮਾਂ ਦੀ ਏਕਤਾ ਨੂੰ ਤੋੜਨ ਲਈ ਹਰੇਕ ਜ਼ਿਲ੍ਹੇ ਵਿੱਚ 15-15 ਮੁਲਾਜ਼ਮਾਂ ਨੂੰ ਜੌਬ ਤੋਂ ਟਰਮੀਨੇਟ ਕੀਤਾ ਜਾ ਰਿਹਾ ਹੈ, ਤਾਂ ਜੋ ਬਾਕੀ ਦੇ ਮੁਲਾਜ਼ਮ ਡਰ ਕੇ ਕੰਪਨੀ ਦੀ ਗੁਲਾਮੀ ਕਰਨ ਲਈ ਮਜਬੂਰ ਹੋ ਜਾਣ।ਜ਼ਿਲ੍ਹਾ ਪ੍ਰਧਾਨ ਦਵਿੰਦਰ ਬਾਂਸਲ ਵੱਲੋਂ ਕੰਪਨੀ ਤੇ ਕੰਪਨੀ ਦੇ ਜ਼ਿਲ੍ਹਾ ਪੱਧਰੀ ਨੁਮਾਇੰਦਿਆਂ ਵੱਲੋਂ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ ਨੂੰ ਨਕਾਮ ਕਰਨ ਲਈ ਵੱਡੇ ਕਦਮ ਚੁੱਕੇ ਜਾਣਗੇ ਤੇ ਉਨ੍ਹਾਂ ਵੱਲੋਂ ਇਹ ਵੀ ਕਿਹਾ ਗਿਆ ਕਿ ਉਹ ਸਮਾਂ ਦੂਰ ਨਹੀਂ ਜਦੋਂ ਕੰਪਨੀ ਨੂੰ ਸੇਵਾ ਕੇਂਦਰ ਪ੍ਰੋਜੈਕਟ ਵਿੱਚੋਂ ਬਾਹਰ ਕੱਢਿਆ ਜਾਵੇਗਾ।

## ਕਿਸਾਨ ਮਜ਼ਦੂਰ ਜਥੇਬੰਦੀ ਨੇ ਬਿਜਲੀ ਸੰਬੰਧੀ ਐੱਸ ਈ ਨੂੰ ਦਿੱਤਾ ਮੰਗ ਪੱਤਰ

**ਮਸਲਿਆਂ ਦੇ ਹੱਲ ਨਾ ਹੋਣ ਦੀ ਸੂਰਤ 'ਚ ਸੰਘਰਸ਼ ਦੀ ਚੇਤਾਵਨੀ**



**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੇ ਵਫਦ ਨੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਦੀ ਅਗਵਾਈ ਹੇਠ ਬਿਜਲੀ ਸਬੰਧੀ ਐੱਸ ਈ ਫ਼ਿਰੋਜ਼ਪੁਰ ਧਰਮਪਾਲ ਨੂੰ ਮਿਲ ਕੇ ਮੰਗ ਪੱਤਰ ਸੌਂਪਿਆ।

ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੈੱਸ ਸਕੱਤਰ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਦੱਸਿਆ ਕਿ ਮੰਗ ਪੱਤਰ ਰਾਹੀਂ ਕਿਸਾਨਾਂ ਵੱਲੋਂ ਬਿਜਲੀ ਦੀਆਂ ਆ ਰਹੀਆਂ ਸਮੱਸਿਆਵਾਂ ਬਾਰੇ ਐੱਸ ਈ ਫਿਰੋਜ਼ਪੁਰ ਨੂੰ ਜਾਣੂ ਕਰਾਉਂਦਿਆਂ ਕਿਹਾ ਕਿ ਜੋ ਸਰਕਾਰਾਂ ਦੀ ਨਿੱਜੀਕਰਨ ਦੀ ਨੀਤੀ ਤਹਿਤ ਖਪਤਕਾਰਾਂ ਦੇ ਘਰਾਂ 'ਤੇ ਚਿੱਪ ਵਾਲੇ ਪ੍ਰੀਪੇਡ ਮੀਟਰ ਜ਼ਬਰਦਸਤੀ ਲਾਏ ਜਾ ਰਹੇ ਹਨ, ਉਨ੍ਹਾਂ ਨੂੰ ਬੰਦ ਕੀਤਾ ਜਾਵੇ ਤੇ ਪਹਿਲੇ ਮੀਟਰ ਹੀ ਲਾਏ ਜਾਣ ਤੇ ਖੇਤੀਬਾੜੀ ਟਿਊਬਵੈੱਲ ਕਨੈਕਸ਼ਨ ਦਾ ਲੋਡ ਵਧਾਉਣ ਲਈ 1200 ਪ੍ਰਤੀ ਹਾਰਸ ਪਾਵਰ ਕੀਤਾ ਜਾਵੇ, ਜ਼ਿਲ੍ਹੇ ਭਰ ਵਿੱਚ ਟਰਾਂਸਫਾਰਮਰ, ਖੰਬੇ ਤੇ ਨਾਕਸ ਹੋ ਚੁੱਕੀਆਂ ਤਾਰਾਂ ਨੂੰ ਨਵੇਂ ਸਿਰਿਓਂ ਮੁਰੰਮਤ ਕਰਕੇ ਠੀਕ ਕੀਤਾ ਜਾਵੇ, ਟਰਾਂਸਫਾਰਮਰ ਸੜਨ ਦੀ ਸਥਿਤੀ ਵਿੱਚ 24 ਘੰਟੇ ਵਿੱਚ ਬਦਲ ਕੇ ਦੇਣੇ ਯਕੀਨੀ ਬਣਾਏ ਜਾਣ, ਖੇਤੀ ਮੋਟਰਾਂ ਲਈ ਦਿੱਤੀ ਜਾ ਰਹੀ ਸਪਲਾਈ ਕਿਸੇ ਕਾਰਨ ਬੰਦ ਹੋਣ 'ਤੇ ਉਸ ਦੀ ਭਰਪਾਈ ਅਗਲੇ ਦਿਨ ਦਿੱਤੀ ਜਾਵੇ, ਘਰੇਲੂ ਤੇ ਖੇਤੀ ਮੋਟਰਾਂ ਦੇ ਖਪਤਕਾਰਾਂ ਨੂੰ ਜੁਰਮਾਨੇ ਪਾਉਣ ਦੀ ਵਿਧੀ ਬਦਲੀ ਜਾਵੇ ਤੇ ਜੁਰਮਾਨਿਆਂ ਦਾ ਸਰਲ ਢੰਗ ਨਾਲ ਨਿਪਟਾਰਾ ਕਰਨ ਲਈ ਐਕਸੀਅਨ ਤੇ ਐੱਸਡੀਓ ਨੂੰ ਅਧਿਕਾਰਤ ਕੀਤਾ ਜਾਵੇ, ਟਰਾਂਸਫਾਰਮ ਜਾਂ ਉਸ ਦਾ ਤੇਲ ਚੋਰੀ ਹੋਣ 'ਤੇ ਕਾਨੂੰਨ ਮੁਤਾਬਿਕ ਜੇਈ ਵੱਲੋਂ ਥਾਣੇ ਵਿੱਚ ਐੱਫ ਆਈ ਆਰ ਦਰਜ ਕਰਵਾਈ ਜਾਵੇ ਤੇ ਖਪਤਕਾਰਾਂ ਦੀ ਖੱਜਲ ਖ਼ੁਆਰੀ ਦਫਤਰਾਂ ਵਿੱਚ ਬੰਦ ਕੀਤੀ ਜਾਵੇ, ਦਫਤਰਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਈ ਜਾਵੇ, ਝੋਨੇ ਦੀ ਪਨੀਰੀ ਲਈ ਮੋਟਰਾਂ ਦੀ ਸਪਲਾਈ ਸ਼ਾਮ ਵੇਲੇ ਦਿੱਤੀ ਜਾਵੇ।ਇਸ ਮੌਕੇ ਧਰਮ ਸਿੰਘ ਸਿੱਧੂ, ਨਰਿੰਦਰਪਾਲ ਸਿੰਘ ਜਤਾਲਾ, ਗੁਰਮੇਲ ਸਿੰਘ ਫੱਤੇਵਾਲਾ, ਮੰਗਲ ਸਿੰਘ ਸਵਾਈਕੇ, ਗੁਰਬਖਸ਼ ਸਿੰਘ ਪੰਜਗਰਾਈਂ, ਕੇਵਲ ਸਿੰਘ ਵਾਹਕਾ, ਰਜਿੰਦਰ ਸਿੰਘ ਫੁੱਲਰਵਾਨ, ਮੇਜਰ ਸਿੰਘ ਗਜਨੀਵਾਲਾ, ਮੱਸਾ ਸਿੰਘ ਆਸਫ਼ ਵਾਲਾ, ਅਜੈਬ ਸਿੰਘ ਭਾਲਾ, ਟਹਿਲ ਸਿੰਘ ਕਾਮਲ ਵਾਲਾ ਆਦਿ ਆਗੂ ਹਾਜ਼ਰ ਸਨ।

## ਸਫਾ 1 ਦੇ ਬਾਕੀ...

### 65 ਹਜ਼ਾਰ ਆਊਟਸੋਰਸ...

ਕੰਟਰੈਕਟ ਮੁਲਾਜ਼ਮਾਂ ਨੂੰ ਪ੍ਰਾਵੀਡੈਂਟ ਫੰਡ, ਮੈਡੀਕਲ ਸਹੂਲਤ ਅਤੇ ਗ੍ਰੈਚੁਟੀ ਸਮੇਤ ਸਾਰੀਆਂ ਕਾਨੂੰਨੀ ਸਹੂਲਤਾਂ ਦਾ ਲਾਭ ਮਿਲੇਗਾ। ਹੁਣ ਕੋਈ ਵੀ ਵਿਭਾਗ ਕਿਸੇ ਵੀ ਮੁਲਾਜ਼ਮ ਨੂੰ ਮਨਮਰਜ਼ੀ ਨਾਲ ਨੌਕਰੀ ਤੋਂ ਨਹੀਂ ਕੱਢ ਸਕੇਗਾ। ਕਿਸੇ ਨੂੰ ਵੀ ਹਟਾਉਣ ਤੋਂ ਪਹਿਲਾਂ ਲਿਖਤੀ ਕਾਰਨ ਦੇਣਾ ਹੋਵੇਗਾ ਅਤੇ ਮੁਲਾਜ਼ਮ ਨੂੰ ਆਪਣਾ ਪੱਖ ਰੱਖਣ ਲਈ ਸੁਣਵਾਈ ਦਾ ਪੂਰਾ ਮੌਕਾ ਦਿੱਤਾ ਜਾਵੇਗਾ। ਮੰਤਰੀ ਮੰਡਲ ਨੇ ਦੋ ਨਵੇਂ ਆਰਡੀਨੈਂਸਾਂ, ਲੰਬਿਤ ਮਹਿੰਗਾਈ ਭੱਤੇ (ਡੀ ਏ) ਅਤੇ ਪੈਨਸ਼ਨ ਨਾਲ ਸੰਬੰਧਤ ਬਕਾਏ ਦੇ ਹੱਲ ਲਈ ਮੰਤਰੀ ਪੈਨਲ ਦਾ ਪੁਨਰਗਠਨ ਕਰਨ ਅਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਤੇਜ਼ੀ ਨਾਲ ਸੁਣਵਾਈ ਲਈ 7 ਵਿਸ਼ੇਸ਼ ਅਦਾਲਤਾਂ ਸਥਾਪਤ ਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।ਇਸ ਫੈਸਲੇ ਦੇ ਵੇਰਵੇ ਸਾਂਝੇ ਕਰਦਿਆਂ ਮੁੱਖ ਮੰਤਰੀ ਦਫ਼ਤਰ ਨੇ ਦੱਸਿਆ ਕਿ ਵਜ਼ਾਰਤ ਨੇ 'ਪੰਜਾਬ ਐਡਹਾਕ, ਕੰਟਰੈਕਚੁਅਲ, ਡੇਲੀਵੇਜ, ਟੈਂਪਰਰੀ, ਵਰਕ ਚਾਰਜਡ ਐਂਡ ਆਊਟਸੋਰਸਡ ਇੰਪਲਾਈਜ਼ ਵੈੱਲਫੇਅਰ ਐਕਟ, 2016' ਨੂੰ ਰੱਦ ਕਰਨ ਅਤੇ 'ਪੰਜਾਬ ਸਟੇਟ ਆਊਟਸੋਰਸਡ ਪਰਸੋਨਲ (ਟਰਾਂਜੀਸ਼ਨ ਟੂ ਕੰਟਰੈਕਚੁਅਲ ਐਂਗੇਜਮੈਂਟ) ਬਿੱਲ, 2026' ਤੇ 'ਪੰਜਾਬ ਕੰਟਰੈਕਚੁਅਲ ਪਰਸੋਨਲ (ਮਨਜ਼ੂਰਸ਼ੁਦਾ ਖਾਲੀ ਅਸਾਮੀਆਂ ਵਿਰੁੱਧ ਐਬਸੌਰਪਸ਼ਨ) ਬਿੱਲ, 2026' ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਕਦਮ ਆਊਟਸੋਰਸਡ ਕਰਮਚਾਰੀਆਂ ਨੂੰ ਸਿੱਧੇ ਤੌਰ 'ਤੇ ਸਰਕਾਰੀ ਠੇਕੇ ਅਧੀਨ ਲਿਆਉਣ ਅਤੇ ਰੈਗੂਲਰ ਰੁਜ਼ਗਾਰ ਲਈ ਸਪੱਸ਼ਟ ਰੂਪ-ਰੇਖਾ ਉਲੀਕਣ ਦਾ ਰਾਹ ਪੱਧਰਾ ਕਰਦਾ ਹੈ। ਮੁੱਖ ਮੰਤਰੀ ਨੇ ਕਿਹਾ, 51 ਵਿਭਾਗਾਂ ਵਿੱਚ ਕੁੱਲ 65,048 ਆਊਟਸੋਰਸ ਕਾਮੇ ਇਸ ਸੁਧਾਰ ਦੇ ਦਾਇਰੇ ਵਿੱਚ ਆਉਂਦੇ ਹਨ ਅਤੇ 26,000 ਤੋਂ ਵੱਧ ਕਾਮੇ ਪਹਿਲੇ ਲਾਭਪਾਤਰੀਆਂ ਵਿੱਚ ਸ਼ਾਮਲ ਹੋਣਗੇ।

### ਭਾਰਤੀ ਖੇਤ ਮਜ਼ਦੂਰ...

ਪੇਰੀਆਸਾਮੀ ਨੇ ਅੰਗੋਲ ਮੀਟਿੰਗ ਦੀ ਸ਼ਾਨਦਾਰ ਸਫਲਤਾ ਲਈ ਇਪਟਾ ਦੇ ਕਲਾਕਾਰਾਂ ਸਮੇਤ ਸਮੁੱਚੀ ਖੇਤ ਮਜ਼ਦੂਰ ਯੂਨੀਅਨ ਨੂੰ ਵਧਾਈ ਦਿੱਤੀ। ਇਸ ਮੌਕੇ ਉਨ੍ਹਾ ਯੂਨੀਅਨ ਦੇ ਇਤਿਹਾਸਕ ਵਰਕੇ ਵੀ ਫਰੋਲੇ। ਪੇਰੀਆਸਾਮੀ ਨੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਆਂਧਰਾ ਪ੍ਰਦੇਸ਼ ਦੇ ਜਨਰਲ ਸਕੱਤਰ ਏ. ਸ਼ੇਖਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

### ਪੰਜਾਬ ਚੈਂਪੀਅਨਜ਼ ...

ਦੀ ਸਫਲਤਾ ਨੂੰ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਾ ਰਹੇ।ਬੁਨਿਆਦੀ ਢਾਂਚੇ ਦੀਆਂ ਲੋੜਾਂ ਦੀ ਸਮੀਖਿਆ ਕਰਦਿਆਂ ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਜਲੰਧਰ ਅਤੇ ਮੁਹਾਲੀ ਦੇ ਸਟੇਡੀਅਮਾਂ ਨੂੰ ਅੰਤਰਰਾਸ਼ਟਰੀ ਮਾਪਦੰਡਾਂ ਅਨੁਸਾਰ ਨਵੀਨਤਮ ਸਹੂਲਤਾਂ ਨਾਲ ਅਪਗ੍ਰੇਡ ਕੀਤਾ ਜਾਵੇ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਵਿਸ਼ਵ ਪੱਧਰੀ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਸੁਰੱਖਿਆ ਅਤੇ ਹਰ ਸੰਭਵ ਸਹੂਲਤ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾ ਕਿਹਾ ਕਿ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੀਆਂ ਹਾਕੀ ਦੀਆਂ 6 ਟੀਮਾਂ ਹਿੱਸਾ ਲੈਣਗੀਆਂ। ਪਹਿਲੀ ਵਾਰ ਪੰਜਾਬ ਨੂੰ ਇਸ ਕੌਮਾਂਤਰੀ ਟੂਰਨਾਮੈਂਟ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ ਹੈ, ਜੋ ਕਿ ਖੇਡਾਂ ਦੇ ਖੇਤਰ ਵਿੱਚ ਇੱਕ ਵੱਡੀ ਪ੍ਰਾਪਤੀ ਹੈ।ਮੀਟਿੰਗ ਦੌਰਾਨ ਮੁੱਖ ਸਕੱਤਰ ਕੇ ਏ ਪੀ ਸਿਨਹਾ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਡਾ. ਰਵੀ ਭਗਤ, ਪੰਜਾਬ ਹਾਕੀ ਦੇ ਪ੍ਰਧਾਨ ਨਿਤਿਨ ਕੋਹਲੀ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

### ਕਿਸਾਨ ਵਿਰੋਧੀ ਗੰਨਾ...

ਆਈ ਕੇ ਐੱਸ ਆਗੂਆਂ ਨੇ ਕਿਹਾ ਕਿ ਉਹ ਇਸ ਵਾਪਸੀ ਦਾ ਸਵਾਗਤ ਤਾਂ ਕਰਦੇ ਹਨ, ਪਰ ਸਰਕਾਰ ਦੀਆਂ ਨੀਤੀਆਂ ਉੱਤੇ ਪੂਰੀ ਤਰ੍ਹਾਂ ਭਰੋਸਾ ਨਹੀਂ ਕਰਦੇ। ਉਨ੍ਹਾਂ ਅਨੁਸਾਰ 1966 ਦੇ ਪੁਰਾਣੇ ਗੰਨਾ ਆਰਡਰ ਦਾ ਢਾਂਚਾ ਅਜੇ ਵੀ ਕਾਇਮ ਹੈ ਅਤੇ ਜੇਕਰ ਕਿਸਾਨਾਂ ਦੇ ਹੱਕਾਂ ਨੂੰ ਯਕੀਨੀ ਬਣਾਉਣ ਵਾਲਾ ਨਵਾਂ ਢਾਂਚਾ ਤਿਆਰ ਨਾ ਕੀਤਾ ਗਿਆ ਤਾਂ ਸੰਘਰਸ਼ ਜਾਰੀ ਰਹੇਗਾ।

ਉਨ੍ਹਾਂ ਗੰਨਾ ਕਿਸਾਨਾਂ ਨੂੰ ਚੌਕਸ ਰਹਿਣ ਅਤੇ ਕਿਸੇ ਵੀ ਨਵੇਂ ਕਿਸਾਨ ਵਿਰੋਧੀ ਯਤਨ ਦੇ ਖ਼ਿਲਾਫ਼ ਦੇਸ਼-ਵਿਆਪੀ ਅੰਦੋਲਨ ਲਈ ਤਿਆਰ ਰਹਿਣ ਦੀ ਅਪੀਲ ਕੀਤੀ ਹੈ।ਗੰਨਾ (ਨਿਯੰਤਰਣ) ਆਰਡਰ 2026 ਦੀ ਵਾਪਸੀ ਨੇ ਇੱਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਜਦੋਂ ਕਿਸਾਨ ਸੰਗਠਿਤ ਹੋ ਕੇ ਆਪਣੀ ਆਵਾਜ਼ ਉਠਾਉਂਦੇ ਹਨ ਤਾਂ ਸਰਕਾਰਾਂ ਨੂੰ ਆਪਣੇ ਫ਼ੈਸਲੇ ਬਦਲਣ ਲਈ ਮਜਬੂਰ ਹੋਣਾ ਪੈਂਦਾ ਹੈ।

ਇਹ ਘਟਨਾ ਕੇਵਲ ਇੱਕ ਖਰੜੇ ਦੀ ਵਾਪਸੀ ਨਹੀਂ, ਸਗੋਂ ਕਿਸਾਨ ਏਕਤਾ ਅਤੇ ਸੰਘਰਸ਼ ਦੀ ਤਾਕਤ ਦਾ ਮਹੱਤਵਪੂਰਨ ਪ੍ਰਤੀਕ ਬਣ ਕੇ ਸਾਹਮਣੇ ਆਈ ਹੈ।

## ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਦਿਨ-ਰਾਤ ਇੱਕ ਕਰਾਂਗੇ : ਸੰਦੀਪ ਬਾਂਸਲ



**ਧੂਰੀ (ਮੋਹਿਤ ਗਰਗ, ਮਨੋਹਰ ਸਿੰਘ ਸੱਗੂ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਦੇ ਆਗੂ ਤੇ ਹਾਲ ਹੀ ਦੌਰਾਨ ਹੋਈਆਂ ਨਗਰ ਕੌਂਸਲ ਚੋਣਾਂ ਵਿੱਚ ਸ਼ਹਿਰ ਦੇ ਵਾਰਡ ਨੰਬਰ 14 ਤੋਂ ਸ਼ਾਨਦਾਰ ਜਿੱਤ ਹਾਸਲ ਕਰਨ ਵਾਲੇ ਉਮੀਦਵਾਰ ਸੰਦੀਪ ਬਾਂਸਲ ਸੋਨੀ ਨੇ ਆਪਣੇ ਵਾਰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ।ਉਨ੍ਹਾਂ ਕਿਹਾ ਕਿ ਵਾਰਡ ਦੇ ਲੋਕਾਂ ਨੇ ਉਨ੍ਹਾਂ ਉੱਪਰ ਜੋ ਅਥਾਹ ਭਰੋਸਾ ਜਤਾਇਆ ਹੈ, ਉਸ ਵੱਡੇ ਫ਼ਤਵੇ ਬਦਲੇ ਉਹ ਸਾਰੀ ਉਮਰ ਵਾਰਡ ਵਾਸੀਆਂ ਤੇ ਆਪਣੇ ਸਾਰੇ ਸਮਰਥਕਾਂ ਦੇ ਰਿਣੀ ਰਹਿਣਗੇ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਦੀਪ ਬਾਂਸਲ ਸੋਨੀ ਨੇ ਕਿਹਾ ਕਿ ਇਹ ਜਿੱਤ ਇਕੱਲੇ ਉਨ੍ਹਾਂ ਦੀ ਨਹੀਂ, ਸਗੋਂ ਵਾਰਡ ਨੰਬਰ 14 ਦੇ ਹਰ ਇੱਕ ਨਿਵਾਸੀ ਦੀ ਜਿੱਤ ਹੈ, ਜਿਨ੍ਹਾਂ ਨੇ ਦਿਨ-ਰਾਤ ਮਿਹਨਤ ਕਰਕੇ ਉਨ੍ਹਾਂ ਨੂੰ ਕਾਮਯਾਬ ਬਣਾਇਆ।ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਵਾਰਡ ਵਾਸੀਆਂ ਨੇ ਜਿਸ ਤਰ੍ਹਾਂ ਦਾ ਪਿਆਰ ਤੇ ਸਹਿਯੋਗ ਦਿੱਤਾ, ਉਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਵਾਰਡ ਨੰਬਰ 14 ਦੇ ਸਰਵਪੱਖੀ ਵਿਕਾਸ ਲਈ ਕਿਸੇ ਵੀ ਤਰ੍ਹਾਂ ਦੀ ਕਸਰ ਬਾਕੀ ਨਹੀਂ ਛੱਡਣਗੇ।

## ਪਤਾ ਨਹੀਂ ਕਿੰਨੀਆਂ ਜਾਨਾਂ ਲਵੇਗਾ ਟੁੱਟਿਆ ਹੋਇਆ ਮੋਗਾ-ਬਰਨਾਲਾ ਰੋਡ




**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਮੋਗਾ-ਬਰਨਾਲਾ ਨੈਸ਼ਨਲ ਹਾਈਵੇ ਦੀ ਪਿੰਡ ਮਾਛੀਕੇ ਨੇੜੇ ਹਾਲਤ ਬਹੁਤ ਹੀ ਖਸਤਾ ਹੋ ਚੁੱਕੀ ਹੈ, ਜਿਸ ਕਾਰਨ ਕਿਸੇ ਵੀ ਸਮੇਂ ਵੱਡਾ ਸੜਕ ਹਾਦਸਾ ਵਾਪਰ ਸਕਦਾ ਹੈ।ਪੱਤਰਕਾਰਾਂ ਦੀ ਟੀਮ ਵੱਲੋਂ ਸੜਕ ਦੇ ਕੀਤੇ ਗਏ ਜਾਇਜ਼ੇ ਦੌਰਾਨ ਇਹ ਗੰਭੀਰ ਖਾਮੀ ਸਾਹਮਣੇ ਆਈ ਕਿ ਪਿੰਡ ਮਾਛੀਕੇ ਦੇ ਬੱਸ ਸਟੈਂਡ ਕੋਲੋਂ ਸੜਕ ਦੇ ਹੇਠਾਂ ਦੀ ਮਿੱਟੀ ਨਿੱਕਲ ਜਾਣ ਕਾਰਨ ਸੜਕ ਕਾਫ਼ੀ ਹੱਦ ਤੱਕ ਧਸ ਚੁੱਕੀ ਹੈ।ਇਲਾਕਾ ਨਿਵਾਸੀਆਂ ਦਾ ਕਹਿਣਾ ਹੈ ਕਿ ਇਹ ਖਰਾਬ ਸੜਕ ਰੋਜ਼ਾਨਾ ਹਜ਼ਾਰਾਂ ਵਾਹਨਾਂ ਦੀ ਆਵਾਜਾਈ ਵਾਲੇ ਇਸ ਰੂਟ 'ਤੇ ਵੱਡੇ ਖਤਰੇ ਦਾ ਕਾਰਨ ਬਣੀ ਹੋਈ ਹੈ।ਸੜਕ ਦੀ ਇਹ ਮਾੜੀ ਹਾਲਤ ਕਿਸੇ ਵੀ ਵੇਲੇ ਗੰਭੀਰ ਹਾਦਸੇ ਨੂੰ ਜਨਮ ਦੇ ਸਕਦੀ ਹੈ, ਜਿਸ ਨਾਲ ਕੀਮਤੀ ਜਾਨੀ ਨੁਕਸਾਨ ਹੋਣ ਦਾ ਖਦਸ਼ਾ ਹੈ।ਸਥਾਨਕ ਲੋਕਾਂ ਨੇ ਸਬੰਧਤ ਵਿਭਾਗ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਸ ਖਰਾਬ ਹੋ ਚੁੱਕੀ ਸੜਕ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ ਤਾਂ ਜੋ ਕਿਸੇ ਅਣਹੋਣੀ ਘਟਨਾ ਤੋਂ ਬਚਿਆ ਜਾ ਸਕੇ।

## ਔਲਖ ਪਰਵਾਰ ਨੇ ਵੋਟਰਾਂ ਤੇ ਸਮਰਥਕਾਂ ਦਾ ਕੀਤਾ ਧੰਨਵਾਦ



**ਧੂਰੀ (ਮੋਹਿਤ ਗਰਗ, ਮਨੋਹਰ ਸਿੰਘ ਸੱਗੂ, ਬਿੰਨੀ ਗਰਗ)**-ਸਥਾਨਕ ਸ਼ਹਿਰ ਦੇ ਵਾਰਡ ਨੰਬਰ 9 ਤੋਂ ਲਗਾਤਾਰ ਦੂਸਰੀ ਵਾਰ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਕੌਂਸਲਰ ਬਣੇ ਪੰਜਾਬ ਰਾਈਸ ਮਿੱਲਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਬਲਵਿੰਦਰ ਸਿੰਘ ਬਿੱਲੂ ਦੀ ਧਰਮ ਪਤਨੀ ਅਮਨਦੀਪ ਕੌਰ ਔਲਖ ਨੇ ਆਪਣੇ ਸਮੁੱਚੇ ਪਰਵਾਰ ਸਮੇਤ ਵਾਰਡ ਦੇ ਵੋਟਰਾਂ ਤੇ ਸਮਰਥਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਖ਼ੁਸ਼ੀ ਦੇ ਮੌਕੇ ਆਮ ਆਦਮੀ ਪਾਰਟੀ ਯੂਥ ਵਿੰਗ ਦੇ ਸੂਬਾਈ ਆਗੂ ਪਰਮਿੰਦਰ ਸਿੰਘ ਨੂਰ ਔਲਖ਼ ਸਮੇਤ ਸਮੁੱਚੇ ਔਲਖ ਪਰਵਾਰ ਨੇ ਲੋਕਾਂ ਵੱਲੋਂ ਦਿੱਤੇ ਗਏ ਬੇਮਿਸਾਲ ਪਿਆਰ, ਸਤਿਕਾਰ ਤੇ ਭਰੋਸੇ ਲਈ ਸਾਰਿਆਂ ਦਾ ਵਿਸ਼ੇਸ਼ ਆਭਾਰ ਪ੍ਰਗਟਾਇਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਔਲਖ ਪਰਿਵਾਰ ਨੇ ਅਹਿਦ ਲਿਆ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਾਰਡ ਦੇ ਸਮੁੱਚੇ ਤੇ ਚੌਤਰਫ਼ਾ ਵਿਕਾਸ ਲਈ ਹਮੇਸ਼ਾ ਤੱਤਪਰ ਰਹਿਣਗੇ।ਉਨ੍ਹਾਂ ਕਿਹਾ ਕਿ ਲੋਕਾਂ ਨੇ ਜਿਸ ਉਮੀਦ ਤੇ ਵਿਸ਼ਵਾਸ ਨਾਲ ਉਨ੍ਹਾਂ ਨੂੰ ਦੁਬਾਰਾ ਸੇਵਾ ਦਾ ਮੌਕਾ ਬਖਸ਼ਿਆ ਹੈ, ਉਸ 'ਤੇ ਉਹ ਪੂਰੀ ਤਰ੍ਹਾਂ ਖ਼ਰੇ ਉਤਰਨਗੇ।ਪਰਵਾਰ ਨੇ ਚੋਣ ਮੁਹਿੰਮ ਦੌਰਾਨ ਦਿਨ-ਰਾਤ ਮਿਹਨਤ ਕਰਨ ਵਾਲੇ ਸਾਰੇ ਵਰਕਰਾਂ ਤੇ ਸਮੱਰਥਕਾਂ ਦਾ ਧੰਨਵਾਦ ਦਿਲੋਂ ਧੰਨਵਾਦ ਕੀਤਾ।

## ਪੀ ਐੱਮ ਸ਼੍ਰੀ ਸਰਕਾਰੀ ਸੀਨੀ ਸੈਕੰ ਸਕੂਲ ਵਿਖੇ ਲੇਖ ਤੇ ਕੁਇੱਜ਼ ਮੁਕਾਬਲੇ ਕਰਵਾਏ



**ਮੱਖੂ (ਰਛਪਾਲ ਸਿੰਘ ਸੰਧੂ)**-ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪੀ ਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਹਿਕ ਗੁਜਰਾਂ ਵਿਖੇ ਕੈਰੀਅਰ ਗਾਈਡੈਂਸ ਤੇ ਕੌਂਸਲਿੰਗ ਦੇ ਤਹਿਤ ਮਹੀਨਾਵਾਰ ਐਕਟੀਵਿਟੀ, ਜਿਸ ਵਿੱਚ ਗਰੁੱਪ ਡਿਸਕਸ਼ਨ, ਕ੍ਰਿਏਟਿਵ ਲੇਖ ਮੁਕਾਬਲੇ, ਵੀ ਲੋਗ ਮੇਕਿੰਗ ਤੇ ਕੁਇੱਜ਼ ਮੁਕਾਬਲੇ ਕਰਵਾਏ ਗਏ।ਇਨ੍ਹਾਂ ਐਕਟੀਵਟੀਆਂ ਵਿੱਚ ਸਕੂਲ ਦੇ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਕ੍ਰਿਏਟਿਵ ਲੇਖ ਮੁਕਾਬਲੇ ਤੇ ਗਰੁੱਪ ਡਿਸਕਸ਼ਨ ਦਾ ਵਿਸ਼ਾ ਵਾਤਾਵਰਨ ਲਿੰਗ ਸਮਾਨਤਾ ਤੇ ਨੈਤਿਕ ਕਦਰਾਂ ਕੀਮਤਾਂ ਸਨ।ਕੈਰੀਅਰ ਗਾਈਡੈਂਸ ਤੇ ਕੌਂਸਲਿੰਗ ਕਮੇਟੀ ਨੇ ਐਕਟੀਵਿਟੀਆਂ ਨੂੰ ਬਾਖ਼ੂਬੀ ਤਰੀਕੇ ਨਾਲ ਸੰਚਾਲਿਤ ਕੀਤਾ। ਸਕੂਲ ਕੈਰੀਅਰ ਅਧਿਆਪਕ ਗੁਲਸ਼ਨ ਕੁਮਾਰ (ਕੰਪਿਊਟਰ ਫੈਕਲਟੀ) ਸਕੂਲ ਦੀ ਗਾਈਡੈਂਸ ਕਮੇਟੀ ਦੀ ਅਗਵਾਈ ਹੇਠ ਇਹ ਸਾਰੀ ਐਕਟੀਵਿਟੀ ਦਾ ਸੰਚਾਲਨ ਕੀਤਾ ਗਿਆ ਤੇ ਪਹਿਲੇ, ਦੂਜੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।ਸਕੂਲ ਦੇ ਪ੍ਰਿੰਸੀਪਲ ਸੁਖਵਿੰਦਰ ਸਿੰਘ ਨੇ ਇਸ ਪ੍ਰੋਗਰਾਮ ਵਿੱਚ ਉਚੇਚੇ ਤੌਰ 'ਤੇ ਪਹੁੰਚ ਕੇ ਬੱਚਿਆਂ ਨੂੰ ਸੰਬੋਧਤ ਕੀਤਾ ਅਤੇ ਪਹਿਲੇ, ਦੂਜੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ।ਇਸ ਪ੍ਰੋਗਰਾਮ ਦੌਰਾਨ ਵਰਿੰਦਰ ਸਿੰਘ, ਗੁਰਪ੍ਰੀਤ ਸਿੰਘ, ਮੈਡਮ ਲਖਵੀਰ ਕੌਰ, ਮੈਡਮ ਰਵਿੰਦਰ ਕੌਰ, ਰਜੇਸ਼ ਪੁਰੀ (ਜੂਨੀਅਰ ਸਹਾਇਕ) ਉਚੇਚੇ ਤੌਰ 'ਤੇ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਜਾਇਜ਼ ਮੰਗਾਂ ਨੂੰ ਲੈ ਕੇ ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਵੱਲੋਂ ਹੜਤਾਲ ਜਾਰੀ



**ਖਡੂਰ ਸਾਹਿਬ (ਸਰਜੀਤ ਸਿੰਘ ਸੰਧਾ)**- ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਤਰਨ ਤਾਰਨ ਵੱਲੋਂ ਅਣਮਿੱਥੇ ਸਮੇਂ ਦੀ ਹੜਤਾਲ ਅੱਜ ਵੀ ਜਾਰੀ ਰਹੀ।ਸੇਵਾ ਕੇਂਦਰ ਪ੍ਰਧਾਨ ਗੁਰਸੇਵਕ ਸਿੰਘ ਲਾਲੂ ਘੁੰਮਣ ਨੇ ਸੇਵਾ ਕੇਂਦਰ ਦੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਹੁਣ ਸੇਵਾ ਕੇਂਦਰ ਦੇ ਮੁਲਾਜ਼ਮ ਸਰਕਾਰ ਦੀਆਂ ਗੱਲਾਂ ਵਿੱਚ ਨਹੀਂ ਆਉਣਗੇ ਤੇ ਆਪਣੇ ਮਸਲਿਆਂ ਦਾ ਹੱਲ ਕਰਵਾ ਕੇ ਹੀ ਆਪਣੀ ਹੜਤਾਲ ਖਤਮ ਕਰਨਗੇ। ਜੇਕਰ ਕੰਪਨੀ ਜਾਂ ਸਰਕਾਰ ਵੱਲੋਂ ਉਨ੍ਹਾਂ ਨੂੰ ਟਰਮੀਨੇਟ ਕਰਵਾਉਣ ਦੀ ਕੋਸ਼ਿਸ ਕੀਤੀ ਗਈ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਜੇ ਆਪਣੇ ਪਰਿਵਾਰਾਂ ਸਮੇਤ ਸੜਕਾਂ 'ਤੇ ਉਤਰਨਾ ਪਿਆ ਤਾਂ ਵੀ ਉਤਰਾਂਗੇ। ਇਸ ਸਮੇਂ ਪੀ. ਐੱਸ. ਐੱਮ. ਐੱਸ. ਯੂ. ਦੇ ਜ਼ਿਲ੍ਹਾ ਪ੍ਰਧਾਨ ਗੁਰਸੇਵਕ ਸਿੰਘ ਨੇ ਵੀ ਸੇਵਾ ਕੇਂਦਰ ਯੂਨੀਅਨ ਦਾ ਸਮਰਥਨ ਦਿੱਤਾ। ਇਸ ਮੌਕੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਸੂਬਾ ਕਮੇਟੀ ਮੈਂਬਰ ਰਸ਼ਪਾਲ ਸਿੰਘ ਭੈਲ, ਅਮਨਦੀਪ ਸਿੰਘ, ਕੁਲਵੰਤ ਸਿੰਘ, ਗੁਰਲਾਲ ਸਿੰਘ ਛਾਪੜੀ ਸਾਹਿਬ ਨੇ ਹੜਤਾਲ ਵਿੱਚ ਸ਼ਿਰਕਤ ਕੀਤੀ। ਇਸ ਸਮੇਂ ਸੇਵਾ ਸਹਾਇਕ ਪ੍ਰਧਾਨ ਵਰਿੰਦਰ ਸਿੰਘ ਜੋਤੀ ਨੇ ਕਿਹਾ ਕਿ ਜੇ ਕੰਪਨੀ ਨੇ ਸੇਵਾ ਕੇਂਦਰ ਮੁਲਾਜ਼ਮਾਂ ਨੂੰ ਪਰੇਸ਼ਾਨ ਕਰਨ ਲਈ ਕੋਈ ਨੋਟਿਸ ਲਿਆਂਦਾ ਤਾਂ ਸੇਵਾ ਕੇਂਦਰ ਮੁਲਾਜ਼ਮਾਂ ਵੱਲੋਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਮਲਾਜਮ ਤਿੰਨ ਦਿਨਾਂ ਤੋਂ ਹੜਤਾਲ 'ਤੇ ਬੈਠੇ ਹਨ।ਕਿਸੇ ਵੀ ਸਰਕਾਰ ਦੇ ਨੁਮਾਇੰਦੇ ਨੇ ਸਾਰ ਨਹੀਂ ਲਈ।ਅਖੀਰ ਵਿੱਚ ਸੇਵਾ ਕੇਂਦਰ ਯੂਨੀਅਨ ਦੇ ਮੁਲਾਜ਼ਮਾਂ ਵੱਲੋਂ ਇਹ ਤਹਿ ਕੀਤਾ ਗਿਆ ਕਿ ਜੇ ਸਰਕਾਰ ਇਸੇ ਤਰ੍ਹਾਂ ਸੁੱਤੀ ਰਹੀ ਤਾਂ ਫਿਰ ਸਾਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ 'ਤੇ ਜਾਣਾ ਪਿਆ ਤਾਂ ਅਸੀਂ ਉਥੇ ਵੀ ਪੁੱਜਾਂਗੇ ਅਤੇ ਡਟ ਕੇ ਵਰੋਧ ਕਰਾਂਗੇ।

## ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਵੱਲੋਂ 'ਮਹਿੰਗਾਈ ਰੋਕੋ, ਰੁਜ਼ਗਾਰ ਦਿਓ' ਜ਼ਿਲ੍ਹਾ ਪੱਧਰੀ ਪ੍ਰਦਰਸ਼ਨ ਭਲਕੇ



**ਬਟਾਲਾ (ਤਰਲੋਕ ਚੱਗਾ)**- ਕੇਂਦਰ ਤੇ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਦਿੱਨ ਦਿਨ ਵੱਧ ਰਹੇ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਖ਼ਿਲਾਫ਼ ਖ਼ਿਲਾਫ਼ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਵੱਲੋਂ 1 ਜੂਨ ਨੂੰ ਜ਼ਿਲ੍ਹਾ ਪੱਧਰੀ ਮਹਿੰਗਾਈ ਰੋਕੋ, ਰੁਜ਼ਗਾਰ ਦਿਓ ਪ੍ਰਦਰਸ਼ਨ ਕੀਤੇ ਜਾਣਗੇ।ਇੱਕ ਯੂਨੀਅਨ ਦਫਤਰ ਬਟਾਲਾ ਵਿਖੇ ਜਾਣਕਾਰੀ ਦਿੰਦਿਆਂ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਦੇ ਸੂਬਾ ਆਗੂ ਮਨਜੀਤ ਰਾਜ ਨੇ ਕਿਹਾ ਕਿ ਪੰਜਾਬ ਤੇ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਰਨ ਅੱਜ ਮਹਿੰਗਾਈ ਅਤੇ ਬੇਰੋਜ਼ਗਾਰੀ; ਜਮਾਖੋਰੀ ਅੱਤ ਦੀ ਹੈ ਜਿੱਥੇ ਦੋ ਵਕਤ ਦੀ ਰੋਟੀ ਖਾਣ ਲਈ ਮਜ਼ਦੂਰ ਨੂੰ ਰੋਟੀ ਦੇ ਲਾਲੇ ਪਏ ਹੋਏ ਹਨ ਪਰ ਕੇਂਦਰ ਤੇ ਪੰਜਾਬ ਸਰਕਾਰ ਹੱਥਾਂ ਤੇ ਹੱਥ ਧਰ ਕੇ ਲੋਕਾਂ ਦਾ ਤਮਾਸ਼ਾ ਦੇਖ ਰਹੀ ਹੈ। ਗੈਸ ਏਜੰਸੀਆਂ ਤੇ ਪੈਟਰੋਲ ਪੰਪਾ 'ਤੇ ਲੰਬੀਆਂ ਲੰਬੀਆਂ ਲਾਈਨਾਂ ਲੱਗੀਆਂ ਹੋਈਆਂ ਹਨ, ਜਮ੍ਹਾਖੋਰੀ ਕਰਕੇ ਸਿਲੰਡਰਾਂ ਨੂੰ ਗੈਸ ਏਜੰਸੀਆਂ ਦੇ ਡੀਲਰ ਬਲੈਕ ਵਿੱਚ ਵੇਚ ਰਹੇ ਹਨ, ਮਹਿੰਗਾਈ ਬਹੁਤ ਜ਼ਿਆਦਾ ਹੋ ਗਈ ਹੈ। ਸਰਕਾਰਾਂ ਕੋਲ ਕੋਈ ਰੁਜ਼ਗਾਰ ਨਹੀਂ। ਇਸ ਲਈ ਸਾਨੂੰ ਕੇਂਦਰ ਅਤੇ ਪੰਜਾਬ ਸਰਕਾਰ ਜੋ ਘੂਕ ਸੁੱਤੀਆਂ ਪਈਆਂ ਹਨ, ਨੂੰ ਜਗਾਉਣ ਲਈ ਸੜਕਾਂ 'ਤੇ ਆਉਣਾ ਪਿਆ ਹੈ। ਸਾਡੀ ਮੰਗ ਹੈ ਕਿ ਕੇਂਦਰ ਸਰਕਾਰ ਵਧੀਆਂ ਕੀਮਤਾਂ ਨੂੰ ਵਾਪਸ ਲਵੇ ਅਤੇ ਮਜ਼ਦੂਰਾਂ ਲਈ ਰੁਜ਼ਗਾਰ ਦਾ ਪ੍ਰਬੰਧ ਕਰੇ, ਡੀਜ਼ਲ, ਤੇਲ ਅਤੇ ਗੈਸ ਦੀਆਂ ਕੀਮਤਾਂ ਵਿੱਚ ਕੀਤਾ ਵਾਧਾ ਵਾਪਸ ਲਿਆ ਜਾਵੇ ਅਤੇ ਮਹਿੰਗਾਈ ਨੂੰ ਨੱਥ ਪਾਈ ਜਾਵੇ। ਇਨ੍ਹਾਂ ਮੰਗਾਂ ਨੂੰ ਹੀ ਲੈ ਕੇ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਪੂਰੇ ਪੰਜਾਬ ਵਿੱਚ ਇੱਕ ਤਰੀਕ ਨੂੰ ਸੜਕਾਂ 'ਤੇ ਉਤਰੇਗਾ। ਇਸ ਮੀਟਿੰਗ ਵਿੱਚ ਬਹਾਦਰ ਸਿੰਘ ਭੱਟੀ, ਕਰਨ ਕਾਲਾ ਵਾਲਾ, ਰਕੇਸ਼ ਕੁਮਾਰ ਗੋਪੀ, ਸਰੂਪ ਸਿੰਘ ਪ੍ਰਧਾਨ, ਜ਼ਿਲ੍ਹਾ ਪ੍ਰਧਾਨ ਰਸ਼ਪਾਲ ਸਿੰਘ, ਗੁਰਦੇਵ ਸਿੰਘ ਪੁਰੀਆਂ ਕਲਾਂ, ਸੁਖਦੇਵ ਸਿੰਘ ਤਲਵੰਡੀ, ਲਾਲ ਸਿੰਘ ਅਤੇ ਕਾਮਰੇਡ ਬਚਨ ਸਿੰਘ ਮਸਾਣੀਆਂ ਆਦਿ ਹਾਜ਼ਰ ਸਨ।

## ਬੀਬੀ ਖਹਿਰਾ ਤੇ ਸਰਪੰਚ ਬਿੱਲਾ ਸੇਰੋਂ ਨੂੰ ਐੱਨ ਆਰ ਆਈਜ਼ ਨੇ ਦਿੱਤਾ ਭਰਵਾਂ ਸਮਰਥਨ



**ਚੋਹਲਾ ਸਾਹਿਬ (ਰਮਨ ਚੱਢਾ)**- ਹਲਕਾ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਵੱਖ-ਵੱਖ ਦੇਸ਼ਾਂ 'ਚ ਰਹਿ ਰਹੇ ਐੱਨ ਆਰ ਆਈਜ਼ ਵੱਲੋਂ ਹਲਕਾ ਇੰਚਾਰਜ ਬੀਬੀ ਰਮਨਦੀਪ ਕੌਰ ਖਹਿਰਾ ਅਤੇ ਸਰਪੰਚ ਅਵਤਾਰ ਸਿੰਘ ਬਿੱਲਾ ਸੇਰੋਂ ਨੂੰ ਆਪਣਾ ਸਮਰਥਨ ਦੇ ਦਿੱਤਾ ਗਿਆ। ਕੈਨੇਡਾ ਦੇ ਵਿਨੋਦ ਕੁਮਾਰ ਚੋਹਲਾ ਸਾਹਿਬ, ਮਨਪ੍ਰੀਤ ਸਿੰਘ, ਚਰਨਜੀਤ ਸਿੰਘ ਦਿਓਲ ਫਤਿਹਾਬਾਦ, ਸਰਬਜੀਤ ਸਿੰਘ ਢਿੱਲੋਂ, ਮਨਪ੍ਰੀਤ ਸਿੰਘ ਗੋਲਡੀ ਕਰਮੂੰਵਾਲਾ, ਬਾਜ ਸਿੰਘ ਕਰਮੂੰਵਾਲਾ, ਸਹਿਜ ਸਿੰਘ ਕਰਮੂੰਵਾਲਾ, ਜਸਕਰਨ ਸਿੰਘ, ਓਂਕਾਰ ਸਿੰਘ, ਦਿਲਦਾਰ ਸਿੰਘ ਧੁੰਨ, ਬਲਜਿੰਦਰ ਸਿੰਘ ਧੁੰਨ, ਹਰਮਨ ਸਿੰਘ ਧੁੰਨ, ਪ੍ਰਦੀਪ ਚੋਹਲਾ ਦੁਬਈ, ਬਲਰਾਜ ਸਿੰਘ ਬੱਲਾ ਫਤਿਹਾਬਾਦ ਅਤੇ ਇਟਲੀ ਤੋਂ ਮਿੰਟੂ ਚੋਹਲਾ ਨੇ ਫੋਨ ਰਾਹੀਂ ਪੱਤਰਕਾਰਾਂ ਨੂੰ ਗੱਲਬਾਤ ਕਰਦਿਆਂ ਦੱਸਿਆ ਕਿ ਐੱਨ ਆਰ ਆਈਜ਼ ਵੱਲੋਂ ਅਵਤਾਰ ਸਿੰਘ ਬਿੱਲਾ ਸਰਪੰਚ ਸੇਰੋਂ ਅਤੇ ਹਲਕਾ ਇੰਚਾਰਜ ਬੀਬੀ ਰਮਨਦੀਪ ਕੌਰ ਖਹਿਰਾ ਦਾ ਸਮਰਥਨ ਕਰਦੇ ਹਾਂ।

## ਨਗਰ ਕੌਂਸਲ ਧਾਰੀਵਾਲ 'ਚ ਅਕਾਲੀ ਦਲ ਦੇ ਦਿਓਰ ਤੇ ਭਰਜਾਈ ਚੋਣ ਜਿੱਤੇ



**ਧਾਰੀਵਾਲ, (ਮਨਦੀਪ ਵਿੱਕੀ)**- ਧਾਰੀਵਾਲ ਨਗਰ ਕੌਂਸਲ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜਿੱਤੇ ਦੋ ਉਮੀਦਵਾਰਾਂ ਦਿਓਰ ਤੇ ਭਰਜਾਈ (ਸਮਾਉਣ ਹੰਸ ਅਤੇ ਸੁਨੀਤਾ ਗਿੱਲ) ਦੇ ਸ਼ਹਿਰ ਅਤੇ ਆਸ ਪਾਸ ਇਲਾਕੇ ਵਿੱਚ ਕਾਫੀ ਚਰਚੇ ਹੋ ਰਹੇ ਹਨ। ਧਾਰੀਵਾਲ ਦੀਆਂ ਕੁੱਲ 13 ਵਾਰਡਾਂ ਵਿੱਚੋਂ ਸਿਰਫ ਛੇ ਵਾਰਡਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਚੋਣ ਮੈਦਾਨ ਵਿੱਚ ਸਨ, ਜਿੰਨਾਂ ਵਿੱਚੋਂ ਸਿਰਫ ਇਹ ਦੋਵੇਂ (ਦਿਓਰ ਤੇ ਭਾਬੀ) ਸਮੌਨ ਹੰਸ ਅਤੇ ਸੁਨੀਤਾ ਗਿੱਲ ਨੇ ਚੋਣ ਜਿੱਤ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਅਤੇ ਪਾਰਟੀ ਦਾ ਮਾਣ ਵਧਾਇਆ ਹੈ। ਵਾਰਡ ਨੰਬਰ 11 ਤੋਂ ਅਕਾਲੀ ਦਲ ਦੀ ਸੁਨੀਤਾ ਗਿੱਲ (ਪਤਨੀ ਸਾਬਕਾ ਕੌਂਸਲਰ ਇੰਦਰਿਆਸ ਹੰਸ) 398 ਵੋਟਾਂ ਲੈ ਕੇ ਜੇਤੂ ਰਹੀ, ਜਦਕਿ ਆਮ ਆਦਮੀ ਪਾਰਟੀ ਦੀ ਗੀਤਾ ਨੂੰ 377, ਕਾਂਗਰਸ ਦੀ ਪ੍ਰੀਤੀ ਲਾਹੌਰੀਆ ਨੂੰ 349 ਅਤੇ ਭਾਜਪਾ ਦੀ ਲਵਲੀ ਨੂੰ 9 ਵੋਟਾਂ ਪਈਆਂ। ਵਾਰਡ ਨੰਬਰ 12 (ਬੀ ਸੀ) ਤੋਂ ਸ਼੍ਰੋਮਣੀ ਅਕਾਲੀ ਦਲ ਦਾ ਸ਼ਮਾਉਣ ਹੰਸ 289 ਵੋਟਾਂ ਲੈ ਕੇ ਜੇਤੂ ਰਿਹਾ, ਜਦਕਿ ਆਜ਼ਾਦ ਉਮੀਦਵਾਰ ਵਿਲੀਅਮ ਨੂੰ 125 ਵੋਟਾਂ, ਕਾਂਗਰਸ ਦੇ ਪਤਰਸ ਨੂੰ 106 ਅਤੇ ਆਮ ਆਦਮੀ ਪਾਰਟੀ ਦੇ ਮਾਈਕਲ ਨੂੰ 78 ਵੋਟਾਂ ਪਈਆਂ।

ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਨੇ ਪਾਰਟੀ ਦੇ ਜੇਤੂ ਉਮੀਦਵਾਰਾਂ ਅਤੇ ਸਮੁੱਚੇ ਪਰਿਵਾਰ ਨੂੰ ਵਧਾਈ ਦਿੱਤੀ ਅਤੇ ਹਾਰ ਪਾ ਕੇ ਸਨਮਾਨਿਤ ਕੀਤਾ।

## ਧਾਰੀਵਾਲ ਨਗਰ ਕੌਂਸਲ ਚੋਣਾਂ 'ਚ ਆਮ ਆਦਮੀ ਪਾਰਟੀ ਬਹੁਮੱਤ ਨਾਲ ਜੇਤੂ



**ਧਾਰੀਵਾਲ, (ਮਨਦੀਪ ਵਿੱਕੀ)**- ਧਾਰੀਵਾਲ ਨਗਰ ਕੌਂਸਲ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਬਹੁਮਤ ਨਾਲ ਜੇਤੂ ਰਹੀ। ਧਾਰੀਵਾਲ ਨਗਰ ਕੌਂਸਲ ਦੇ ਕੁੱਲ 13 ਵਾਰਡਾਂ ਵਿੱਚੋਂ ਆਪ ਦੇ 7 ਉਮੀਦਵਾਰ, ਕਾਂਗਰਸ ਦੇ 2, ਅਕਾਲੀ ਦਲ ਬਾਦਲ ਦੇ 2, ਭਾਜਪਾ ਦਾ 1 ਅਤੇ ਆਜ਼ਾਦ 1 ਉਮੀਦਵਾਰ ਜੇਤੂ ਰਹੇ। ਦੱਸਣਯੋਗ ਹੈ ਕਿ ਧਾਰੀਵਾਲ ਨਗਰ ਕੌਂਸਲ ਦੀਆਂ ਕੁੱਲ 13 ਵਾਰਡਾਂ ਵਿੱਚ ਵਾਰਡ ਨੰਬਰ 1,3,5,7,9,11 ਔਰਤਾਂ ਲਈ ਰਾਖਵਾਂ ਅਤੇ ਵਾਰਡ ਨੰਬਰ 2, 6,8,10, 13 ਜਨਰਲ, ਵਾਰਡ ਨੰਬਰ 4 ਐੱਸ ਸੀ ਅਤੇ ਵਾਰਡ ਨੰਬਰ 12 ਬੀ ਸੀ ਰਾਖਵਾਂ ਸੀ। ਸ਼੍ਰੀ ਕੁਲਦੀਪ ਚੰਦ ਸਹਾਇਕ ਕਮਿਸ਼ਨਰ (ਜ)- ਕਮ -ਰਿਟਰਨਿੰਗ ਅਫਸਰ ਧਾਰੀਵਾਲ ਨੇ ਦੱਸਿਆ ਕਿ ਨਗਰ ਕੌਂਸਲ ਧਾਰੀਵਾਲ ਦੀਆਂ ਵੋਟਾਂ ਦੀ ਗਿਣਤੀ ਪਾਰਦਰਸ਼ੀ ਢੰਗ ਨਾਲ ਹੋਈ ਹੈ। ਧਾਰੀਵਾਲ ਦੇ ਵਾਰਡ ਨੰਬਰ 1 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਪ੍ਰਵੀਨ ਮਲਹੋਤਰਾ ਨੂੰ 255 ਵੋਟਾਂ ਲੈ ਕੇ ਜੇਤੂ ਰਹੀ। ਵਾਰਡ ਨੰਬਰ 2 ਤੋਂ ਭਾਜਪਾ ਉਮੀਦਵਾਰ ਸੁਨੀਲ ਕੁਮਾਰ 337 ਵੋਟਾਂ ਲੈ ਕੇ ਜੇਤੂ। ਵਾਰਡ ਨੰਬਰ 3 ਤੋਂ ਆਪ ਦੀ ਜੋਤੀ ਬਾਲਾ 449 ਵੋਟਾਂ ਲੈ ਕੇ ਜੇਤੂ। ਵਾਰਡ ਨੰਬਰ 4 ਤੋਂ ਆਪ ਦੀ ਮਨਦੀਪ ਕੌਰ 243 ਵੋਟਾਂ ਲੈ ਕੇ ਜੇਤੂ। ਵਾਰਡ ਨੰਬਰ 5 ਤੋਂ ਕਾਂਗਰਸ ਦੀ ਰਾਜਪਾਲ ਕੌਰ 252 ਵੋਟਾਂ ਲੈ ਕੇ ਜੇਤੂ। ਵਾਰਡ ਨੰਬਰ 6 ਤੋਂ ਆਪ ਦਾ ਰਮੇਸ਼ ਚੰਦ ਮੇਸ਼ਾ 278 ਵੋਟਾਂ ਲੈ ਜੇਤੂ। ਵਾਰਡ ਨੰਬਰ 7 ਕਾਂਗਰਸ ਦੀ ਰੇਖਾ ਸਿਆਲ 249 ਵੋਟਾਂ ਲੈ ਕੇ ਜੇਤੂ। ਵਾਰਡ ਨੰਬਰ 8 ਤੋਂ ਆਪ ਦੇ ਅਸ਼ਵਨੀ ਦੁੱਗਲ 261 ਵੋਟਾਂ ਲੈ ਕੇ ਜੇਤੂ। ਵਾਰਡ ਨੰਬਰ 9 ਤੋਂ ਆਪ ਦੀ ਸੁਖਵਿੰਦਰ ਕੌਰ ਬਾਜਵਾ 411 ਵੋਟਾਂ ਲੈ ਕੇ ਜੇਤੂ। ਵਾਰਡ ਨੰਬਰ 10 ਤੋਂ ਆਪ ਦਾ ਦੀਪਕ ਕੁਮਾਰ ਰਿੰਟੂ 318 ਵੋਟਾਂ ਲੈ ਕੇ ਜੇਤੂ। ਵਾਰਡ ਨੰਬਰ 11 ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸੁਨੀਤਾ ਗਿੱਲ 398 ਵੋਟਾਂ ਲੈ ਕੇ ਜੇਤੂ। ਵਾਰਡ ਨੰਬਰ 12 ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸ਼ਮੌਨ ਹੰਸ ਨੇ 289 ਵੋਟਾਂ ਲੈ ਕੇ ਜੇਤੂ। ਵਾਰਡ ਨੰਬਰ 13 ਤੋਂ ਆਜ਼ਾਦ ਉਮੀਦਵਾਰ ਸ਼ਮਸ਼ੇਰ ਸਿੰਘ ਹੈਪੀ ਬਾਜਵਾ ਨੇ 296 ਵੋਟਾਂ ਲੈ ਕੇ ਜੇਤੂ ਰਹੇ।

## ਬੀ ਜੇ ਪੀ ਦੇ ਦਾਅ ਪੇਚਾਂ ਤੋਂ ਪੰਜਾਬੀਆਂ ਨੂੰ ਸੁਚੇਤ ਹੋਣ ਦੀ ਲੋੜ : ਪਾਸਲਾ



**ਪਠਾਨਕੋਟ (ਦਵਿੰਦਰ ਸਿੰਘ)** ਬੀਜੇਪੀ ਦੇਸ਼ ਅੰਦਰ ਜਿਸ ਤਰ੍ਹਾਂ ਦੀਆਂ ਪੇਸ਼ਬੰਦੀਆਂ ਕਰਨ ਲਈ ਕਈ ਤਰ੍ਹਾਂ ਦੇ ਦਾਅ ਪੇਚ ਵਰਤ ਰਹੀ ਹੈ, ਪੰਜਾਬੀਆਂ ਨੂੰ ਬਹੁਤ ਸੁਚੇਤ ਹੋਣ ਦੀ ਲੋੜ ਹੈ।ਪੰਜਾਬ ਅੰਦਰ ਇੱਕ ਸਿੱਖ ਨੂੰ ਪ੍ਰਧਾਨ ਬਣਾਉਣਾ ਇੱਕ ਸਾਜ਼ਿਸ਼ ਦਾ ਹਿੱਸਾ ਹੈ ਕਿ ਪੰਜਾਬੀਆਂ ਨੂੰ ਕਿਵੇਂ ਗੁਮਰਾਹ ਕੀਤਾ ਜਾ ਸਕਦਾ।ਮੋਦੀ ਸਰਕਾਰ ਕਾਰਪੋਰੇਟ ਪੱਖੀ ਨੀਤੀਆਂ ਨੂੰ ਬਦਲਣਾ ਨਹੀਂ ਚਾਹੁੰਦੀ। ਲੋਕ ਮਹਿੰਗਾਈ, ਬੇਕਾਰੀ ਤੋਂ ਬੇਹੱਦ ਪ੍ਰੇਸ਼ਾਨ ਹਨ ਪਰ ਮੋਦੀ ਸਰਕਾਰ ਨੂੰ ਕੋਈ ਚਿੰਤਾ ਨਹੀਂ ਅਤੇ ਨਾ ਹੀ ਲੋਕਾਂ ਨੂੰ ਕੋਈ ਰਾਹਤ ਦੇਣ ਲਈ ਤਿਆਰ ਹੈ ਕਿਉਂਕਿ ਮੋਦੀ ਦਾ ਇਕੋ-ਇੱਕ ਏਜੰਡਾ ਸਾਮਰਾਜ ਤੇ ਪੂੰਜੀਪਤੀਆਂ ਨੂੰ ਮਾਲਾਮਾਲ ਕਰਨਾ ਹੈ।ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਪਾਰਟੀ ਰੁਝੇਵਿਆਂ ਕਾਰਨ ਪਠਾਨਕੋਟ ਪਹੁੰਚੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਵਿਸ਼ੇਸ਼ ਦੌਰੇ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਊਰਜਾ ਨਾਲ ਸਬੰਧਤ ਪੈਟਰੋਲ, ਡੀਜ਼ਲ, ਰਸੋਈ ਗੈਸ ਦੇ ਭਾਅ ਅਸਮਾਨੀਂ ਚੜ੍ਹਨ ਨਾਲ ਜਨਰਲ ਮਹਿੰਗਾਈ ਵਧ ਗਈ ਹੈ ਅਤੇ ਰੁਜ਼ਗਾਰ ਦੇ ਵਸੀਲੇ ਬੰਦ ਹੋਣ ਨਾਲ ਹਾਹਾਕਾਰ ਮੱਚੀ ਪਈ ਹੈ।

ਸਾਡੀ ਚਿੰਤਾ ਹੈ ਕਿ ਮੋਦੀ ਤੇ ਸ਼ਾਹ ਦ ਜੋੜੀ ਨੇ ਜਿਹੜਾ ਡਬਲ ਇੰਜਣ ਸਰਕਾਰ ਦਾ ਚੰਦ ਦਿੱਲੀ ਚਾੜ੍ਹਿਆ ਉਹ ਪੰਜਾਬ ਵਿਚ ਨਾ ਚੜ੍ਹੇ ਬਲਕਿ ਪੰਜਾਬ ਅੰਦਰ ਲੋਕ ਪੱਖੀ ਰਾਜਨੀਤਿਕ ਬਦਲਾਅ ਚਾਹੀਦਾ ਜਿਹੜਾ ਪੰਜਾਬ ਦਾ ਭਲਾ ਕਰੇ ਤੇ ਦੇਸ਼ ਅੰਦਰ ਜਮਹੂਰੀਅਤ ਨੂੰ ਮਜ਼ਬੂਤ ਬਣਾਉਣ ਵਿੱਚ ਸਹਾਈ ਹੋਵੇ।ਪੰਜਾਬ ਵਿੱਚ ਹੋਈਆਂ ਲੋਕਲ ਬਾਡੀ ਚੋਣਾਂ ਦੇ ਮੱਦੇਨਜ਼ਰ ਕਾਮਰੇਡ ਪਾਸਲਾ ਨੇ ਕਿਹਾ ਕਿ ਲੋਕਾਂ ਨੇ ਜਿਨ੍ਹਾਂ ਉਮੀਦਵਾਰਾਂ ਨੂੰ ਜਿਤਾਇਆ ਉਸਦਾ ਸਤਿਕਾਰ ਕਰਨਾ ਚਾਹੀਦਾ ਪਰ ਜਿਸ ਢੰਗ ਨਾਲ ਸੱਤਾਧਾਰੀਆਂ ਨੇ ਅਫਸਰਸ਼ਾਹੀ ਨਾਲ ਮਿਲ ਕੇ ਸਰਕਾਰੀ ਤੰਤਰ ਦੀ ਦੁਰਵਰਤੋਂ ਕੀਤੀ ਹੈ, ਇਸ ਨਾਲ ਦਿਸਦਾ ਕਿ ਲੋਕਰਾਜ ਦੀਆਂ ਸੀਮਾਵਾਂ ਲਗਾਤਾਰ ਸੁੰਗੜਦੀਆਂ ਜਾ ਰਹੀਆਂ ਹਨ।ਪੰਜਾਬ ਵਾਸੀਆਂ ਨੂੰ 2027 ਦੀਆਂ ਅਸੈਂਬਲੀ ਚੋਣਾਂ ਦੀ ਤਿਆਰੀ ਵਿਚ ਅੱਜ ਤੋਂ ਹੀ ਜੁਟ ਜਾਣਾ ਚਾਹੀਦਾ। ਇਸ ਮੌਕੇ ਉਨ੍ਹਾਂ ਦੇ ਨਾਲ ਕਾਮਰੇਡ ਨੱਥਾ ਸਿੰਘ ਢਡਵਾਲ ਅਤੇ ਕਾਮਰੇਡ ਸ਼ਿਵ ਕੁਮਾਰ ਵੀ ਹਾਜ਼ਰ ਸਨ।

## ਤੰਬਾਕੂ ਵਿਰੋਧੀ ਸੁਨੇਹਾ ਵੰਡਦਾ 'ਨਸ਼ੇ ਨੂੰ ਨਾਂਹ' ਨੁੱਕੜ ਨਾਟਕ ਖੇਡਿਆ




**ਧਾਰੀਵਾਲ, (ਮਨਦੀਪ ਵਿੱਕੀ)**- ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਵਿਖੇ 'ਤੰਬਾਕੂ ਅਤੇ ਨੌਜਵਾਨ' ਵਿਸ਼ੇ 'ਤੇ ਅਧਾਰਿਤ ਇੰਟਰ ਹਾਊਸ ਨੁੱਕੜ ਨਾਟਕ ਮੁਕਾਬਲਾ ਕਰਵਾਇਆ ਗਿਆ। ਮੁਕਾਬਲੇ ਵਿੱਚ ਸਕੂਲ ਦੇ ਚਾਰੇ ਹਾਊਸਾਂ (ਰੂਬੀ, ਐਮਰਲਡ, ਸਫਾਇਰ ਅਤੇ ਐਂਬਰ) ਦੇ ਵਿਦਿਆਰਥੀਆਂ ਨੇ ਨੁੱਕੜ ਨਾਟਕਾਂ ਰਾਹੀਂ ਤੰਬਾਕੂ ਦੇ ਮਾੜੇ ਪ੍ਰਭਾਵਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਸਕੂਲ ਦੇ ਪ੍ਰਿੰਸੀਪਲ ਐੱਸ. ਬੀ. ਨਾਯਰ ਅਤੇ ਪ੍ਰਬੰਧਕ ਨਵਦੀਪ ਕੌਰ ਤੇ ਕੁਲਦੀਪ ਕੌਰ ਨੇ ਦੱਸਿਆ ਇਸ ਦੌਰਾਨ ਰੂਬੀ ਹਾਊਸ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਗਿਆ ਨਾਟਕ 'ਨਸ਼ੇ ਨੂੰ ਨਾਂਹ' ਪਹਿਲੇ ਸਥਾਨ 'ਤੇ ਰਿਹਾ। ਇਸ ਨਾਟਕ ਵਿੱਚ ਦਿਖਾਇਆ ਗਿਆ ਕਿ ਕਿਵੇਂ ਇੱਕ ਸਕੂਲੀ ਮੁੰਡਾ ਦੋਸਤਾਂ ਦੇ ਕਹਿਣ 'ਤੇ ਸਿਗਰਟ ਪੀਣੀ ਸ਼ੁਰੂ ਕਰਦਾ ਹੈ ਅਤੇ ਹੌਲੀ-ਹੌਲੀ ਕੈਂਸਰ ਦਾ ਮਰੀਜ਼ ਬਣ ਜਾਂਦਾ ਹੈ। ਨਾਟਕ ਦੇ ਅੰਤ ਵਿੱਚ ਉਹ ਆਪਣੇ ਦੋਸਤਾਂ ਨੂੰ ਤੰਬਾਕੂ ਛੱਡਣ ਲਈ ਪ੍ਰੇਰਦਾ ਹੈ। ਵਿਦਿਆਰਥੀਆਂ ਦੇ ਜ਼ੋਰਦਾਰ ਅਭਿਨੈ ਅਤੇ ਸੰਵਾਦਾਂ ਨੇ ਸਮੁੱਚੇ ਸਕੂਲ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਸਫਾਇਰ ਹਾਊਸ ਦਾ ਨਾਟਕ ਦੂਜੇ ਸਥਾਨ ਅਤੇ ਐਮਰਲਡ ਹਾਊਸ ਦਾ ਤੀਜੇ ਸਥਾਨ 'ਤੇ ਰਿਹਾ। ਸਾਰੇ ਨਾਟਕਾਂ ਦਾ ਸਾਂਝਾ ਸੰਦੇਸ਼ ਇਹੀ ਸੀ ਕਿ ਤੰਬਾਕੂ ਸਿਰਫ ਸਿਹਤ ਹੀ ਨਹੀਂ, ਸਗੋਂ ਪੂਰੇ ਪਰਿਵਾਰ ਨੂੰ ਤਬਾਹ ਕਰ ਦਿੰਦਾ ਹੈ। ਪ੍ਰਿੰਸੀਪਲ ਨਾਯਰ ਨੇ ਕਿਹਾ ਕਿਤਾਬਾਂ ਤੋਂ ਇਲਾਵਾ ਅਜਿਹੇ ਨਾਟਕ ਵਿਦਿਆਰਥੀਆਂ ਵਿੱਚ ਸਮਾਜਿਕ ਚੇਤਨਾ ਪੈਦਾ ਕਰਦੇ ਹਨ। ਇਸ ਲਈ ਸਾਨੂੰ ਜ਼ਿੰਦਗੀ ਵਿੱਚ ਹਰ ਫੈਸਲਾ ਜਾਗਰੂਕ ਹੋ ਕੇ ਸਹੀ ਸਮਝ ਅਨੁਸਾਰ ਲੈਣਾ ਚਾਹੀਦਾ ਹੈ। ਜੇਤੂ ਵਿਦਿਆਰਥੀਆਂ ਨੂੰ ਸਨਮਾਨ-ਪੱਤਰ ਦੇ ਕੇ ਸਨਮਾਨਿਤ ਕੀਤਾ। ਸਾਰੇ ਹਾਊਸਾਂ ਦੇ ਅਧਿਆਪਕਾਂ ਨੇ ਨਾਟਕਾਂ ਦੀ ਤਿਆਰੀ ਅਤੇ ਰਿਹਰਸਲ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਸਮੁੱਚੇ ਸਕੂਲ ਨੇ ਇਕੱਤਰ ਹੋ ਕੇ ਪ੍ਰਣ ਲਿਆ ਕਿ ਉਹ ਤੰਬਾਕੂ ਦੇ ਵਿਰੁੱਧ ਆਪਣੀ ਆਵਾਜ ਬੁਲੰਦ ਕਰਦੇ ਰਹਿਣਗੇ। ਇਸ ਮੌਕੇ ਸਕੂਲ ਪ੍ਰਬੰਧਕ, ਹਾਊਸ ਮੁਖੀਆਂ ਸਮੇਤ ਸਮੁੱਚਾ ਸਕੂਲ ਹਾਜਰ ਸੀ।

## 'ਆਪ', ਭਾਜਪਾ ਤੇ ਕਾਂਗਰਸ 4-4 ਵਾਰਡਾਂ 'ਚ ਜੇਤੂ; 3 ਵਾਰਡਾਂ 'ਚ ਜਿੱਤੇ ਆਜ਼ਾਦ ਉਮੀਦਵਾਰ



**ਪਠਾਨਕੋਟ (ਦਵਿੰਦਰ ਸਿੰਘ)**- ਸੁਜਾਨਪੁਰ ਨਗਰ ਕੌਂਸਲ ਦੀਆਂ ਵੋਟਾਂ ਦੀ ਗਿਣਤੀ ਪਠਾਨਕੋਟ ਦੇ ਐੱਸ. ਡੀ. ਕਾਲਜ ਵਿਖੇ ਹੋਈ ਜੋ ਕਿ ਸ਼ਾਂਤਮਈ ਤਰੀਕੇ ਨਾਲ ਰਹੀ।ਸੁਜਾਨਪੁਰ ਨਗਰ ਕੌਂਸਲ ਦੇ 15 ਵਾਰਡਾਂ ਵਿੱਚੋਂ 4 ਵਾਰਡਾਂ ਤੇ ਕਾਂਗਰਸ, 4 ਵਾਰਡਾਂ 'ਚ ਆਪ ਅਤੇ 4 ਵਾਰਡਾਂ 'ਚ ਬੀਜੇਪੀ ਅਤੇ ਤਿੰਨ ਵਾਰਡਾਂ 'ਚ ਆਜ਼ਾਦ ਉਮੀਦਵਾਰ ਜੇਤੂ ਰਹੇ।ਇਥੇ ਇਹ ਗੱਲ ਦੱਸਣਯੋਗ ਹੈ ਕਿ ਹੁਣ ਨਗਰ ਕੌਂਸਲ ਦੀ ਕਮੇਟੀ ਬਣਾਉਣ ਵਿੱਚ ਆਜ਼ਾਦ ਉਮੀਦਵਾਰਾਂ ਦਾ ਅਹਿਮ ਯੋਗਦਾਨ ਰਹੇਗਾ। ਜੋ ਵੀ ਪਾਰਟੀ ਆਜ਼ਾਦ ਉਮੀਦਵਾਰਾਂ ਨੂੰ ਆਪਣੇ ਨਾਲ ਜੋੜਨ ਵਿੱਚ ਸਫਲ ਹੋ ਗਈ ਉਹੀ ਨਗਰ ਕੌਂਸਲ 'ਤੇ ਕਾਬਜ਼ ਹੋਵੇਗੀ। ਨਗਰ ਕੌਂਸਲ ਤੋਂ ਜੇਤੂ ਉਮੀਦਵਾਰਾਂ 'ਚ ਵਾਰਡ ਨੰਬਰ 1 ਤੋਂ ਆਮ ਆਦਮੀ ਪਾਰਟੀ ਦੀ ਸੁਦੇਸ਼ ਕੁਮਾਰੀ, ਵਾਰਡ ਨੰਬਰ 2 ਤੋਂ ਆਜ਼ਾਦ ਉਮੀਦਵਾਰ ਸੁਰੇਸ਼ ਕੁਮਾਰ ਬੌਬੀ, ਵਾਰਡ ਨੰਬਰ 3 ਤੋਂ ਅਨੁਬਾਲਾ ਬੀਜੇਪੀ, ਵਾਰਡ ਨੰਬਰ 4 ਤੋਂ ਕਾਂਗਰਸ ਦੇ ਅਸ਼ਵਨੀ ਬੰਟੀ, ਵਾਰਡ ਨੰਬਰ 5 ਤੋਂ ਆਜ਼ਾਦ ਉਮੀਦਵਾਰ ਅਨੁਰਾਧਾ ਬਾਲੀ, ਵਾਰਡ ਨੰਬਰ 6 ਤੋਂ ਬੀਜੇਪੀ ਦੇ ਅਸ਼ੋਕ ਬਾਵਾ, ਵਾਰਡ ਨੰਬਰ 7 ਤੋਂ ਆਜ਼ਾਦ ਲਛਮੀ ਵਰਮਾ ਅਤੇ ਵਾਰਡ ਨੰਬਰ 8 ਤੋਂ ਬੀਜੇਪੀ ਦੇ ਸੁਰੇਸ਼ ਮਹਾਜਨ ਬੌਬੀ, ਵਾਰਡ ਨੰਬਰ 9 ਤੋਂ ਥੋਮਸ ਸਿੱਧੂ, ਵਾਰਡ ਨੰਬਰ 10 ਤੋਂ ਸ਼ਮਸ਼ੇਰ ਸਿੰਘ ਕਾਂਗਰਸ, ਵਾਰਡ ਨੰਬਰ 11 ਤੋਂ ਨੀਤੂ ਮਿਨਹਾਸ ਆਪ, ਵਾਰਡ ਨੰਬਰ 12 ਤੋਂ ਰਾਣਾ ਪ੍ਰਤਾਪ ਆਪ, ਵਾਰਡ ਨੰਬਰ 13 ਤੋਂ ਸ਼ੁਭ ਲਤਾ ਬੀਜੇਪੀ, ਵਾਰਡ ਨੰਬਰ 14 ਤੋਂ ਸੁਰਿੰਦਰ ਕੁਮਾਰ ਆਪ, ਵਾਰਡ ਨੰਬਰ 15 ਤੋਂ ਨੀਲਮ ਕੁਮਾਰੀ ਕਾਂਗਰਸ ਜੇਤੂ ਰਹੇ।

## ਕੇਵਲ ਸਿੰਘ ਢਿੱਲੋਂ ਨੂੰ ਭਾਜਪਾ ਪੰਜਾਬ ਪ੍ਰਧਾਨ ਬਣਨ 'ਤੇ ਲੀਡਰਸ਼ਿਪ ਨੇ ਦਿੱਤੀ ਵਧਾਈ



**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਹਾਲ ਹੀ ਵਿੱਚ ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਵਜੋਂ ਕੇਵਲ ਸਿੰਘ ਢਿੱਲੋਂ ਨੂੰ ਜ਼ਿੰਮੇਵਾਰੀ ਦਿੱਤੀ ਹੈ ਜਿਸ ਨਾਲ ਪੂਰੇ ਪੰਜਾਬ ਵਿੱਚ ਭਾਜਪਾ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਵੱਖ -ਵੱਖ ਥਾਵਾਂ ਤੋਂ ਇਕ ਦੂਸਰੇ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ, ਭਾਜਪਾ ਵਰਕਰਾਂ ਨੇ ਖੁਸ਼ੀ ਵਿੱਚ ਲੱਡੂ ਵੰਡੇ।ਇਸੇ ਤਹਿਤ ਜ਼ਿਲ੍ਹਾ ਤਰਨਤਾਰਨ ਦੇ ਮੁੱਖ ਦਫਤਰ ਵਿਖੇ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਕੇਵਲ ਸਿੰਘ ਢਿੱਲੋਂ ਨੂੰ ਮਿਲੀ ਪੰਜਾਬ ਪ੍ਰਧਾਨ ਦੀ ਜ਼ਿੰਮੇਵਾਰੀ ਤੇ ਖੁਸ਼ੀ ਪ੍ਰਗਟ ਕਰਦਿਆਂ ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਸਮੇਤ ਜਿੱਥੇ ਨਵ-ਨਿਯੁਕਤ ਪ੍ਰਧਾਨ ਕੇਵਲ ਸਿਘ ਢਿੱਲੋਂ ਨੂੰ ਵਧਾਈ ਦਿੱਤੀ ਉਥੇ ਹੀ ਸਮੁੱਚੀ ਭਾਰਤੀ ਜਨਤਾ ਪਾਰਟੀ ਦੀ ਸੀਨੀਅਰ ਹਾਈਕਮਾਂਡ ਦਾ ਧੰਨਵਾਦ ਕੀਤਾ ਅਤੇ ਇਸ ਨਿਯੁਕਤੀ ਦੇ ਫੈਸਲੇ ਦਾ ਭਰਵਾਂ ਸਵਾਗਤ ਵੀ ਕੀਤਾ ਗਿਆ।ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਕੇਵਲ ਸਿੰਘ ਢਿੱਲੋਂ ਦੂਰਅੰਦੇਸ਼ੀ ਸੋਚ, ਮਜ਼ਬੂਤ ਲੀਡਰ ਅਤੇ ਲੋਕ ਸੇਵਾ ਪ੍ਰਤੀ ਸਮਰਪਣ ਭਾਵਨਾ ਰੱਖਣ ਵਾਲੀ ਸ਼ਖਸੀਅਤ ਹੈ, ਪ੍ਰਮਾਤਮਾ ਉਨ੍ਹਾਂ ਨੂੰ ਲੋਕ ਸੇਵਾ ਕਰਨ ਅਤੇ ਸੰਗਠਨ ਦੀ ਮਜ਼ਬੂਤੀ ਲਈ ਕੰਮ ਕਰਨ ਲਈ ਬਲ, ਉੱਦਮ, ਤਾਕਤ ਤੇ ਤੰਦਰੁਸਤੀ ਬਖਸ਼ਿਸ਼ ਕਰਨ।ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਵਰਕਰ ਬੇਸਡ ਪਾਰਟੀ ਹੈ ਅਤੇ ਆਪਣੇ ਹਰ ਵਰਕਰ ਨੂੰ ਉਸਦੀ ਲਗਨ ਅਤੇ ਤਨ ਮਨ ਨਾਲ ਕੀਤੀ ਪਾਰਟੀ ਪ੍ਰਤੀ ਸੇਵਾ ਦਾ ਮੁੱਲ ਜ਼ਰੂਰ ਪਾਉਂਦੀ ਹੈ।ਉਨ੍ਹਾਂ ਕਿਹਾ ਕਿ ਦੋ ਵਾਰ ਵਿਧਾਇਕ ਰਹਿ ਚੁੱਕੇ ਅਤੇ ਰਾਜਨੀਤੀ ਵਿੱਚ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਨ ਵਿੱਚ ਸਫਲ ਰਹਿਣ ਵਾਲੇ ਕੇਵਲ ਸਿੰਘ ਢਿੱਲੋਂ ਬਹੁਤ ਵਧੀਆ ਰਾਜਨੀਤਿਕ ਸ਼ਖ਼ਸ਼ੀਅਤ ਵਜੋਂ ਰਾਜਨੀਤੀ ਵਿੱਚ ਪਹਿਚਾਣ ਬਣਾ ਚੁੱਕੇ ਹਨ। ਭਾਜਪਾ ਵੱਲੋਂ ਪੰਜਾਬ ਵਿੱਚ ਪਾਰਟੀ ਨੂੰ ਹੋਰ ਮਜ਼ਬੂਤੀ ਦੇਣ ਲਈ ਲਏ ਗਏ ਫੈਸਲੇ ਦਾ ਅਸੀਂ ਦਿਲ ਦੀਆਂ ਗਹਿਰਾਈਆਂ ਤੋਂ ਸਵਾਗਤ ਕਰਦੇ ਹਾਂ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹੇ ਦੀ ਲੀਡਰਸ਼ਿਪ ਅਤੇ ਪ੍ਰਮੁੱਖ ਲੋਕ ਹਾਜ਼ਰ ਸਨ।

## ਸਬ-ਇੰਸਪੈਕਟਰ ਸਰਦੂਲ ਸਿੰਘ ਨੂੰ ਵਿਦਾਇਗੀ



**ਬਿਆਸ (ਪਰਮਜੀਤ ਸਿੰਘ ਰੱਖੜਾ)** ਬਿਆਸ ਪੁਲਸ ਸਟੇਸ਼ਨ ਤੋਂ 37 ਸਾਲ ਦੀ ਨੌਕਰੀ ਤੋਂ ਬਾਅਦ ਸਬ-ਇੰਸਪੈਕਟਰ ਸਰਦੂਲ ਸਿੰਘ ਆਪਣੇ ਅਹੁਦੇ ਤੋਂ ਰਿਟਾਇਰ ਹੋ ਗਏ। ਇਸ ਖੁਸ਼ੀ ਦੇ ਅਵਸਰ 'ਤੇ ਸਾਥੀ ਪੁਲਸ ਅਫਸਰਾਂ ਤੇ ਮੁਲਾਜ਼ਮਾਂ ਵੱਲੋਂ ਸਰਦੂਲ ਸਿੰਘ ਨੂੰ ਨਿੱਘੀ ਵਿਦਾਇਗੀ ਦਿੱਤੀ ਗਈ। ਇਸ ਮੌਕੇ ਤੇ ਸੀਨੀਅਰ ਪੁਲਸ ਅਧਿਕਾਰੀਆਂ ਤੇ ਰਿਸ਼ਤੇਦਾਰਾਂ ਨੇ ਨੱਚ ਗਾ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ ਹਲਕਾ ਬਾਬਾ ਬਕਾਲਾ ਸਾਹਿਬ ਤੋਂ ਐੱਮ ਐੱਲ ਏ ਦਲਬੀਰ ਸਿੰਘ ਟੌਂਗ, ਡੀ ਐੱਸ ਪੀ ਬਾਬਾ ਬਕਾਲਾ ਸੁਖਪਾਲ ਸਿੰਘ, ਐੱਸ ਐੱਚ ਓ ਬਿਆਸ ਗੁਰਵਿੰਦਰ ਸਿੰਘ, ਏ ਐੱਸ ਆਈ ਬਲਵਿੰਦਰ ਕੌਰ, ਏ ਐੱਸ ਆਈ ਦਲਜੀਤ ਸਿੰਘ, ਸਿਕੰਦਰ ਸਿੰਘ, ਰਾਜੀਵ ਉਹਰੀ, ਪਵਨ ਕੁਮਾਰ ਤੇ ਰਣਧੀਰ ਸਿੰਘ ਆਦਿ ਮੌਜੂਦ ਸਨ।

### ਮੀਂਹ ਨੇ ਦਿਵਾਈ ਗਰਮੀ ਤੋਂ ਰਾਹਤ

**ਬਿਆਸ (ਰੱਖੜਾ)** ਬਿਆਸ ਇਲਾਕੇ 'ਚ ਸਨਿੱਚਰਵਾਰ ਸਵੇਰੇ 8-30 ਵਜੇ ਪਏ ਭਾਰੀ ਮੀਂਹ ਨੇ ਲੋਕਾਂ ਨੂੰ ਪਿਛਲੇ ਕਾਫੀ ਦਿਨਾਂ ਤੋਂ ਪੈ ਰਹੀ ਭਿਆਨਕ ਗਰਮੀ ਤੋਂ ਰਾਹਤ ਦਿਵਾਈ ਹੈ। ਮੀਂਹ ਨਾਲ ਲੋਕਾਂ, ਪਸ਼ੂਆਂ ਤੇ ਪੰਛੀਆਂ ਨੇ ਗਰਮੀ ਤੋਂ ਰਾਹਤ ਮਹਿਸੂਸ ਕੀਤੀ ਹੈ। ਮੀਂਹ ਨਾਲ ਪੰਜਾਬ ਸਟੇਟ ਪਾਵਰਕਾਮ ਲਿਮਟਿਡ ਨੂੰ ਵੀ ਰਾਹਤ ਮਿਲੇਗੀ।

## ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ ਵੱਲੋਂ ਇਕੱਤਰਤਾ

### ਸਮਾਜਿਕ ਏਕਤਾ, ਭਾਈਚਾਰਾ ਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣਾ ਦੱਸਿਆ ਪੱਤਰਕਾਰਤਾ ਦੀ ਜ਼ਿੰਮੇਵਾਰੀ



**ਤਰਨਤਾਰਨ (ਪ੍ਰਿਤਪਾਲ ਸਿੰਘ)**- ਤਰਨਤਾਰਨ ਸਥਿਤ ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ ਦੇ ਮੁੱਖ ਦਫਤਰ ਵਿਖੇ ਪੰਜਾਬ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ ਦੀ ਪ੍ਰਧਾਨਗੀ ਹੇਠ ਤਰਨਤਾਰਨ ਇਕਾਈ ਦੀ ਬੈਠਕ ਹੋਈ, ਜਿਸ ਵਿੱਚ ਵੱਖ-ਵੱਖ ਵਿਸ਼ਿਆਂ ਤੇ ਵਿਚਾਰ ਕਰਨ ਤੋਂ ਇਲਾਵਾ ਐਸੋਸੀਏਸ਼ਨ ਦੀਆਂ ਬਾਕੀ ਇਕਾਈਆਂ ਦੀਆਂ ਮੀਟਿੰਗਾਂ ਕਰਨ ਦੀ ਸ਼ੁਰੂਆਤ ਵੀ ਕੀਤੀ।ਮੀਟਿੰਗ ਵਿੱਚ ਪ੍ਰਮੁੱਖ ਤੌਰ 'ਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਐਸੋਸੀਏਸ਼ਨ ਵੱਲੋਂ ਆਪਣਾ ਯੋਗਦਾਨ ਪਾਉਣ ਦਾ ਫੈਸਲਾ ਵੀ ਕੀਤਾ ਗਿਆ।ਇਸ ਮੌਕੇ ਪੰਜਾਬ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਐਸੋਸੀਏਸ਼ਨ ਆਪਣੇ ਪੱਤਰਕਾਰ ਸਾਥੀਆਂ ਦੇ ਸਾਥ, ਮਿਹਨਤ ਅਤੇ ਲਗਨ ਨਾਲ ਸਮਾਜ ਭਲਾਈ ਦੇ ਕੰਮਾਂ ਵਿੱਚ ਹਿੱਸਾ ਪਾਉਂਦੀ ਆ ਰਹੀ ਹੈ। ਹੁਣ ਵੀ ਇਹ ਕਾਰਜ ਜਾਰੀ ਰੱਖਿਆ ਜਾਵੇਗਾ।ਹਰਪ੍ਰੀਤ ਸਿੰਘ ਸਿੰਦਬਾਦ ਨੇ ਕਿਹਾ ਕਿ ਪੱਤਰਕਾਰੀ ਕਰਨਾ ਵੀ ਇੱਕ ਸਮਾਜਿਕ ਸੇਵਾ ਹੀ ਹੈ ਪ੍ਰੰਤੂ ਪੱਤਰਕਾਰੀ ਦੇ ਨਾਲ ਕਿਸੇ ਦੀ ਜਾਨ ਮਾਲ ਅਤੇ ਇੱਜ਼ਤ ਦੀ ਰਾਖੀ ਕਰਨ ਤੋਂ ਇਲਾਵਾ ਸਮਾਜਿਕ ਏਕਤਾ, ਭਾਈਚਾਰਾ ਅਤੇ ਮਨੁੱਖੀ ਕਦਰਾਂ ਕੀਮਤਾਂ ਦੀ ਰਖਵਾਲੀ ਲਈ ਵੀ ਪੱਤਰਕਾਰ ਸਾਥੀਆਂ ਦਾ ਅਹਿਮ ਰੋਲ ਹੋਣਾ ਚਾਹੀਦਾ ਹੈ ਤਾਂ ਹੀ ਸਮਾਜ ਇੱਕ ਸਹੀ ਸੇਧ, ਦਸ਼ਾ ਅਤੇ ਦਿਸ਼ਾ ਵੱਲ ਵਧੇਗਾ।ਇਸ ਮੌਕੇ ਪੰਜਾਬ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ ਨੇ ਇਹ ਵੀ ਕਿਹਾ ਕਿ ਸਾਨੂੰ ਸਮਾਜ ਵਿੱਚ ਵੀ ਕਿਸੇ ਵੀ ਉਚ ਨੀਚ, ਜਾਤ ਪਾਤ, ਧਰਮ, ਨਸਲ ਅਤੇ ਪੱਖਪਾਤ ਤੋਂ ਉਪਰ ਉਠ ਕੇ ਹਰੇਕ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ ਅਤੇ ਇਸੇ ਤਰ੍ਹਾਂ ਹੀ ਪੱਤਰਕਾਰਤਾ ਦੇ ਫੀਲਡ ਵਿੱਚ ਕੰਮ ਕਰਨ ਵਾਲੇ ਪੱਤਰਕਾਰਾਂ ਨੂੰ ਵੀ ਅਪੀਲ ਹੈ ਕਿ ਆਪਣੇ ਭਾਈਚਾਰੇ ਦੀ ਸਾਂਝ ਨੂੰ ਕਾਇਮ ਰੱਖਣਾ ਬਹੁਤ ਜ਼ਰੂਰੀ ਹੈ ਤਾਂ ਹੀ ਅਸੀਂ ਸਮਾਜ ਨੂੰ ਸੇਧ ਦੇ ਸਕਦੇ ਹਾਂ। ਆਪ ਵੀ ਇਨ੍ਹਾਂ ਨਿਯਮਾਂ ਨੂੰ ਆਪਣੇ ਜੀਵਨ ਵਿੱਚ ਲਾਗੂ ਕਰੀਏ।ਇਸ ਮੌਕੇ ਐਸੋਸੀਏਸ਼ਨ ਦੇ ਪ੍ਰਮੁੱਖ ਆਗੂ ਕਾਰਜਕਾਰੀ ਪ੍ਰਧਾਨ ਪ੍ਰਿਤਪਾਲ ਸਿੰਘ, ਕਾਰਜਕਾਰੀ ਪ੍ਰਧਾਨ ਬੀ. ਐੱਸ. ਸਾਹਿਲ, ਕਾਰਜਕਾਰੀ ਪ੍ਰਧਾਨ ਅਵਤਾਰ ਸਿੰਘ, ਕਾਰਜਕਾਰੀ ਪ੍ਰਧਾਨ ਇੰਦਰਜੀਤ, ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਬਿੱਟੂ, ਸੀਨੀਅਰ ਮੀਤ ਪ੍ਰਧਾਨ ਨਿਤਿਨ ਜੋਸ਼ੀ, ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਗਲਹੋਤਰਾ, ਸੀਨੀਅਰ ਮੀਤ ਪ੍ਰਧਾਨ ਜਸਬੀਰ ਸਿੰਘ ਲੱਡੂ, ਸੂਬਾਈ ਪੈਟਰਨ ਡਾ. ਸੁਖਦੇਵ ਸਿੰਘ ਲੌਹੁਕਾ, ਸੀਨੀਅਰ ਪੱਤਰਕਾਰ ਸੁਖਵੰਤ ਸਿੰਘ ਧਾਮੀ, ਸੀਨੀਅਰ ਮੀਤ ਪ੍ਰਧਾਨ ਅਮਰਿੰਦਰ ਸਿੰਘ ਹੀਰਾ, ਮੀਤ ਪ੍ਰਧਾਨ ਹਰਜਿੰਦਰ ਸਿੰਘ ਵਾਲੀਆ, ਮੀਤ ਪ੍ਰਧਾਨ ਸਰਬਜੀਤ ਸਿੰਘ ਤੁੜ, ਮੀਤ ਪ੍ਰਧਾਨ ਦਲਜੀਤ ਸਿੰਘ, ਮੀਤ ਪ੍ਰਧਾਨ ਜਗਜੀਤ ਸਿੰਘ ਜੋਨੀ, ਪ੍ਰੈੱਸ ਸਕੱਤਰ ਕੁਲਜੀਤ ਸਿੰਘ ਹਨੀ, ਸੀਨੀਅਰ ਪੱਤਰਕਾਰ ਐਡਵੋਕੇਟ ਸ਼ਰਨਜੀਤ ਸਿੰਘ, ਸੀਨੀਅਰ ਪੱਤਰਕਾਰ ਪ੍ਰਤਾਪ ਸਿੰਘ, ਪੱਤਰਕਾਰ ਅਭਿਸ਼ੇਕ ਜੋਸ਼ੀ, ਨਵਦੀਪ ਸਿੰਘ, ਮਹਿਕਦੀਪ ਸਿੰਘ, ਅਮਨਦੀਪ ਸਿੰਘ ਤੋਂ ਇਲਾਵਾ ਤਰਨਤਾਰਨ ਇਕਾਈ ਦੇ ਹੋਰ ਵੀ ਪੱਤਰਕਾਰ ਸਾਥੀਆਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਪੱਤਰਕਾਰ ਅਮਿਤ ਮਰਵਾਹਾ ਅਤੇ ਦਾਨਿਸ਼ ਗੁਪਤਾ ਨੂੰ ਐਸੋਸੀਏਸ਼ਨ ਵੱਲੋਂ ਪੱਤਰਕਾਰਤਾ ਨੂੰ ਨਿਰਪੱਖ ਤਰੀਕੇ ਨਾਲ ਪੇਸ਼ ਕਰਨ ਦੇ ਇਵਜ਼ ਵਜੋਂ ਹੌਸਲਾ ਅਫਜ਼ਾਈ ਦੇ ਤੌਰ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।

## ਪਾਣੀ ਤੇ ਵਾਤਾਵਰਣ ਦੀ ਰੱਖਿਆ ਲਈ ਸਰਕਾਰ ਤੇ ਲੋਕਾਂ ਦੇ ਸਾਂਝੇ ਯਤਨ ਲਾਜ਼ਮੀ : ਨਰੇਸ਼ ਮਹਾਜਨ ਨਿਰਗੁਣ

**ਪਠਾਨਕੋਟ (ਦਵਿੰਦਰ ਸਿੰਘ)**- ਰਣਜੀਤ ਸਾਗਰ ਡੈਮ ਪ੍ਰੋਜੈਕਟ ਤੋਂ ਸੇਵਾਮੁਕਤ ਹੋਏ ਐੱਸ. ਈ. ਨਰੇਸ਼ ਮਹਾਜਨ ਨਿਰਗੁਣ ਨੇ ਵਾਤਾਵਰਣ ਸੰਭਾਲ ਅਤੇ ਪਾਣੀ ਬਚਾਉਣ ਸਬੰਧੀ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁਰੱਖਿਅਤ ਭਵਿੱਖ ਦੇਣ ਲਈ ਅੱਜ ਤੋਂ ਹੀ ਕੁਦਰਤ ਅਤੇ ਪਾਣੀ ਦੀ ਰੱਖਿਆ ਕਰਨੀ ਬਹੁਤ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਜੇਕਰ ਸਮੇਂ ਸਿਰ ਵਾਤਾਵਰਣ ਅਤੇ ਜਲ ਸਰੋਤਾਂ ਨੂੰ ਬਚਾਉਣ ਲਈ ਠੋਸ ਕਦਮ ਨਾ ਚੁੱਕੇ ਗਏ ਤਾਂ ਭਵਿੱਖ ਵਿੱਚ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਨਰੇਸ਼ ਮਹਾਜਨ ਨੇ ਕਿਹਾ ਕਿ ਦਰੱਖਤਾਂ ਦੀ ਲਗਾਤਾਰ ਕਟਾਈ, ਵੱਧ ਰਿਹਾ ਪ੍ਰਦੂਸ਼ਣ ਅਤੇ ਪਾਣੀ ਦੀ ਬਰਬਾਦੀ ਕੁਦਰਤ ਦੇ ਸੰਤੁਲਨ ਨੂੰ ਖਰਾਬ ਕਰ ਰਹੀ ਹੈ।ਉਨ੍ਹਾਂ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ, ਪਲਾਸਟਿਕ ਦੀ ਵਰਤੋਂ ਘੱਟ ਕਰਨ ਅਤੇ ਜਲ ਸਰੋਤਾਂ ਨੂੰ ਸਾਫ਼-ਸੁਥਰਾ ਰੱਖਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਆਪਣੇ ਘਰਾਂ ਵਿੱਚ ਪਾਣੀ ਦੀ ਫ਼ਜ਼ੂਲ ਖਪਤ ਨੂੰ ਰੋਕਣਾ ਚਾਹੀਦਾ ਹੈ ਅਤੇ ਵਰਖਾ ਦੇ ਪਾਣੀ ਦੇ ਸੰਭਾਲ (ਰੇਨ ਵਾਟਰ ਹਾਰਵੈਸਟਿੰਗ) ਨੂੰ ਅਪਣਾਉਣਾ ਚਾਹੀਦਾ ਹੈ ਤਾਂ ਜੋ ਭੂ-ਜਲ ਪੱਧਰ ਨੂੰ ਬਚਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਨਦੀਆਂ, ਝੀਲਾਂ ਅਤੇ ਤਲਾਬਾਂ ਵਿੱਚ ਕੂੜਾ ਸੁੱਟਣਾ ਬੰਦ ਕਰਨਾ ਹੋਵੇਗਾ ਅਤੇ ਉਦਯੋਗਿਕ ਤੇ ਘਰੇਲੂ ਗੰਦੇ ਪਾਣੀ ਨੂੰ ਬਿਨਾਂ ਸ਼ੁੱਧ ਕੀਤੇ ਜਲ ਸਰੋਤਾਂ ਵਿੱਚ ਛੱਡਣ ਉਤੇ ਸਖ਼ਤੀ ਨਾਲ ਰੋਕ ਲਗਾਉਣੀ ਚਾਹੀਦੀ ਹੈ।ਇਸ ਦੇ ਨਾਲ ਹੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਫ਼ਾਈ ਪ੍ਰਬੰਧ ਨੂੰ ਹੋਰ ਮਜ਼ਬੂਤ ਬਣਾਉਣਾ ਵੀ ਲਾਜ਼ਮੀ ਹੈ।ਐੱਸ. ਈ. ਨਰੇਸ਼ ਮਹਾਜਨ ਨਿਰਗੁਣ ਨੇ ਕਿਹਾ ਕਿ ਵਾਤਾਵਰਣ ਦੀ ਸੁਰੱਖਿਆ ਕੇਵਲ ਸਰਕਾਰ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਮਾਜ ਦੇ ਹਰ ਵਿਅਕਤੀ ਦਾ ਫ਼ਰਜ਼ ਹੈ।ਉਨ੍ਹਾਂ ਨੌਜਵਾਨਾਂ ਨੂੰ ਵਾਤਾਵਰਣ ਸੰਭਾਲ ਮੁਹਿੰਮਾਂ ਨਾਲ ਜੁੜਨ ਅਤੇ ਲੋਕਾਂ ਨੂੰ ਜਾਗਰੂਕ ਕਰਨ ਦੀ ਅਪੀਲ ਕੀਤੀ।ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਜੇਕਰ ਸਾਰੇ ਲੋਕ ਮਿਲ ਕੇ ਛੋਟੇ-ਛੋਟੇ ਯਤਨ ਕਰਨ ਤਾਂ ਵਾਤਾਵਰਣ ਅਤੇ ਪਾਣੀ ਦੋਵਾਂ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

## ਸਕੂਲ ਆਫ਼ ਐਮੀਨੈਂਸ ਫ਼ਾਰ ਗਰਲਜ਼ ਮਾਲ ਰੋਡ ਅੰਮ੍ਰਿਤਸਰ ਵਿਖੇ 'ਸਿੱਖਿਆ ਦਾ ਮਹਾ ਜਸ਼ਨ' ਮਨਾਇਆ




**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**: ਸਕੂਲ ਆਫ਼ ਐਮੀਨੈਂਸ ਮਾਲ ਰੋਡ ਅੰਮ੍ਰਿਤਸਰ ਵਿਖੇ 'ਸਿੱਖਿਆ ਦਾ ਮਹਾ ਜਸ਼ਨ' (ਮੈਗਾ ਪੀ. ਟੀ. ਐੱਮ. ਅਤੇ ਮਾਪਿਆਂ ਦੀ ਵਰਕਸ਼ਾਪ) ਬਹੁਤ ਹੀ ਉਤਸ਼ਾਹ ਅਤੇ ਸਫਲਤਾਪੂਰਵਕ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਜਸਕਰਨ ਸਿੰਘ ਬੰਦੇਸ਼ਾ ਆਮ ਆਦਮੀ ਪਾਰਟੀ ਅੰਮ੍ਰਿਤਸਰ ਲੋਕ ਸਭਾ ਹਲਕਾ ਇੰਚਾਰਜ ਅਤੇ ਵਾਈਸ ਚੇਅਰਮੈਨ ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ (ਪੀ.ਐੱਸ. ਆਈ. ਈ.ਸੀ.), ਵਿਸ਼ੇਸ਼ ਮਹਿਮਾਨ ਗੁਰਪ੍ਰੀਤ ਕਟਾਰੀਆ ਐੱਸ. ਐੱਮ. ਸੀ. ਚੇਅਰਮੈਨ, ਪੂਨਮ ਕਟਾਰੀਆ ਐਜੂਕੇਸ਼ਨ ਵਰਕਰ, ਅੰਜੂ ਬਾਲਾ ਵਾਈਸ ਚੇਅਰਮੈਨ, ਡੌਲੀ ਭਾਟੀਆ ਐੱਸ. ਐੱਮ. ਸੀ. ਸੋਸ਼ਲ ਵਰਕਰ ਹਾਜ਼ਰ ਸਨ।ਸੈਂਕੜਿਆਂ ਦੀ ਗਿਣਤੀ ਵਿੱਚ ਵਿਦਿਆਰਥਣਾਂ ਦੇ ਮਾਪਿਆਂ ਨੇ ਸ਼ਮੂਲੀਅਤ ਕੀਤੀ। ਪ੍ਰਿੰਸੀਪਲ ਮਨਦੀਪ ਕੌਰ ਨੇ ਆਏ ਹੋਏ ਮਾਪਿਆਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਸਕੂਲ ਆਫ਼ ਐਮੀਨੈਂਸ, ਮਾਲ ਰੋਡ ਦੀਆਂ ਵਿਦਿਆਰਥਣਾਂ ਨੇ ਹਮੇਸ਼ਾ ਹੀ ਵਿੱਦਿਅਕ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰੀਆਂ ਹਨ। ਪੰਜਾਬ ਦਾ ਦੇਸ਼ ਭਰ ਵਿੱਚੋਂ ਨੰਬਰ-1 'ਤੇ ਆਉਣਾ ਸਾਡੇ ਅਧਿਆਪਕਾਂ ਦੀ ਅਣਥੱਕ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ। ਸਾਡਾ ਮੁੱਖ ਉਦੇਸ਼ ਇਨ੍ਹਾਂ ਬੱਚੀਆਂ ਨੂੰ ਸਿਰਫ਼ ਕਿਤਾਬੀ ਗਿਆਨ ਦੇਣਾ ਨਹੀਂ, ਬਲਕਿ ਗਰਮੀ ਦੀਆਂ ਛੁੱਟੀਆਂ ਦੌਰਾਨ ਵੀ ਉਨ੍ਹਾਂ ਨੂੰ ਹੁਨਰ ਸਿੱਖਿਆ ਵਰਗੇ ਪ੍ਰੋਗਰਾਮਾਂ ਰਾਹੀਂ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਕਰਨਾ ਹੈ।ਇਸ ਮੌਕੇ ਬੋਰਡ ਪਰੀਖਿਆਵਾਂ ਵਿੱਚੋਂ ਸਕੂਲ ਦਾ ਨਾਂ ਰੌਸ਼ਨ ਕਰਨ ਵਾਲੀਆਂ 48 ਵਿਦਿਆਰਥਣਾਂ, ਵੱਖ-ਵੱਖ ਵਿਸ਼ਿਆਂ ਵਿੱਚੋਂ 100% ਅੰਕ ਹਾਸਲ ਕਰਨ ਵਾਲੀਆਂ ਅਤੇ ਪ੍ਰਤੀਯੋਗੀ ਪ੍ਰੀਖਿਆਵਾਂ ਪਾਸ ਕਰਨ ਵਾਲੀਆਂ 58 ਵਿਦਿਆਰਥਣਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਮਨਦੀਪ ਕੌਰ ਵੱਲੋਂ ਆਏ ਹੋਏ ਸਾਰੇ ਮਾਪਿਆਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।ਸਮਾਗਮ ਦੇ ਆਯੋਜਨ ਵਿੱਚ ਆਦਰਸ਼ ਸ਼ਰਮਾ, ਮਨਦੀਪ ਕੌਰ ਚਾਹਲ, ਹਰਲੀਨ ਕੌਰ, ਬਲਵਿੰਦਰ ਕੌਰ, ਪੂਨਮ ਸ਼ਰਮਾ, ਰਮਨਦੀਪ ਵਿਰਕ, ਨਵਦੀਪ ਕੌਰ, ਸੁਖਬੀਰ ਕੌਰ, ਹੀਨਾ, ਪ੍ਰੀਆ, ਕੰਵਲਇੰਦਰ ਕੌਰ, ਮਨਦੀਪ ਕੌਰ, ਪੂਜਾ ਓਹਰੀ, ਨਵਜੀਤ ਕੌਰ, ਸੰਜੈ ਕੁਮਾਰ, ਰਾਜਵਿੰਦਰ ਸਿੰਘ, ਸੰਦੀਪ ਸ਼ਰਮਾ, ਕਮਲ ਕੁਮਾਰ, ਬਰਿੰਦਰਬੀਰ ਸਿੰਘ, ਪਰਮ ਆਫਤਾਬ ਸਿੰਘ, ਸਿਕੰਦਰ ਸਿੰਘ, ਮੋਹਿੰਦਰਪਾਲ ਸਿੰਘ ਅਤੇ ਸਮੂਹ ਸਟਾਫ ਨੇ ਵਿਸ਼ੇਸ਼ ਭੂਮਿਕਾ ਨਿਭਾਈ।

## ਸਰਦਾਰਨੀ ਸੁਖਵਿੰਦਰ ਕੌਰ ਦੇ ਦਿਹਾਂਤ 'ਤੇ ਵੱਖ-ਵੱਖ ਸ਼ਖਸੀਅਤਾਂ ਵੱਲੋਂ ਦੁੱਖ ਦਾ ਪ੍ਰਗਟਾਵਾ




**ਸਰਾਏ ਅਮਾਨਤ ਖਾਂ, ਝਬਾਲ (ਮੱਖਣ ਮਨੋਜ)**- ਕਸਬਾ ਝਬਾਲ ਦੇ ਪ੍ਰਸਿੱਧ ਜਿਊਲਰ ਕਪਤਾਨ ਸਿੰਘ ਧੁੰਨਾ ਅਤੇ ਸਿਮਰਨਜੀਤ ਸਿੰਘ ਧੁੰਨਾ ਦੀ ਮਾਤਾ ਸਰਦਾਰਨੀ ਸੁਖਵਿੰਦਰ ਕੌਰ ਪਤਨੀ ਸਵਰਗਵਾਸੀ ਸੁਰਿੰਦਰ ਸਿੰਘ ਧੁੰਨਾ ਦਾ ਬੀਤੀ ਰਾਤ ਅਕਾਲ ਚਲਾਣਾ ਹੋ ਗਿਆ ਜਿਨ੍ਹਾਂ ਦਾ ਅੰਤਿਮ ਸੰਸਕਾਰ ਸ਼ਨੀਵਾਰ ਨੂੰ ਬੁਲਬੁਲ ਦੀਆਂ ਮੜ੍ਹੀਆਂ ਵਿਖੇ ਕੀਤਾ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਰਿਸ਼ਤੇਦਾਰਾਂ, ਦੋਸਤਾਂ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਪਹੁੰਚ ਕੇ ਸ਼ਰਧਾਂਜਲੀ ਭੇਟ ਕੀਤੀ ਅਤੇ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ।ਇਸ ਮੌਕੇ ਹਲਕਾ ਤਰਨਤਾਰਨ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਕਰਨਬੀਰ ਸਿੰਘ ਬੁਰਜ, ਸਰਪੰਚ ਗੁਰਪਾਲ ਸਿੰਘ ਜਗਤਪੁਰਾ, ਬਲਾਕ ਪ੍ਰਧਾਨ ਨੌਨਿਹਾਲ ਸਿੰਘ ਕਸੇਲ, ਸਰਪੰਚ ਗੁਰਚਰਨ ਸਿੰਘ, ਸੀਨੀਅਰ ਅਕਾਲੀ ਆਗੂ ਪੂਰਨ ਸਿੰਘ ਅੱਡਾ ਝਬਾਲ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਵਿਕਰਮ ਸਿੰਘ ਢਿੱਲੋਂ, ਮਹਿੰਦਰ ਸਿੰਘ ਪਤਾਸਿਆਂ ਵਾਲੇ, ਗੁਰਮੀਤ ਸਿੰਘ ਸ਼ਾਹ, ਬਾਬਾ ਵਰਿਆਮ ਸਿੰਘ, ਆੜ੍ਹਤੀ ਹਰੀਸ਼ ਨੰਦਾ, ਬਲਵਿੰਦਰ ਸਿੰਘ ਧੁੰਨਾ ਜਿਊਲਰ, ਮਨਜੀਤ ਸਿੰਘ ਸਤਿਕਾਰ ਕਮੇਟੀ, ਪਾਲੀ ਸੋਢੀ, ਸੰਜੀਵ ਕੁਮਾਰ ਬੱਬਾ, ਮਨਜੀਤ ਸਿੰਘ ਕੇਬਲ ਵਾਲਾ, ਹਰਜੀਤ ਸਿੰਘ ਜੀਤਾ, ਰਾਜ ਕੁਮਾਰ ਰਾਜੂ, ਦਿਲਬਾਗ ਜਿਊਲਰ, ਵਿਜੈ ਕੁਮਾਰ ਹਲਵਾਈ, ਰਾਜੂ ਉਪਲ, ਨਾਮੇ ਸ਼ਾਹ, ਨੰਬਰਦਾਰ ਬਲਬੀਰ ਸਿੰਘ, ਦੀਪ ਜਿਊਲਰ, ਦੇਬੀ ਸਵੀਟਸ, ਸਾਗਰ ਸ਼ਰਮਾ, ਬਾਊ ਵਿਜੇ ਕੁਮਾਰ, ਚਾਚਾ ਗਲਾਸ ਹਾਊਸ, ਅਜੀਤ ਸਿੰਘ, ਲੱਖਾ ਸਿੰਘ ਮੱਜੂਪੁਰ, ਐੱਚ. ਐੱਮ. ਕਲੈਕਸ਼ਨ, ਸੋਹਲ ਫੋਟੋ ਸਟੇਟ, ਸਿਮਰਨ ਚੀਮਾ, ਮਾਸਟਰ ਡਿੰਪੀ, ਮਾਸਟਰ ਜਸਪਾਲ ਸਿੰਘ ਅਤੇ ਨਰਿੰਦਰ ਸਿੰਘ ਘੋਨਾ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਹਾਜ਼ਰ ਸਨ।

## ਕਾਮਰੇਡ ਜਗਤਾਰ ਸਿੰਘ ਮਹਿਲਾਂਵਾਲਾ ਦੀ 8ਵੀਂ ਬਰਸੀ ਮੌਕੇ ਸ਼ਰਧਾ ਦੇ ਫੁੱਲ ਭੇਟ



**ਚੇਤਨਪੁਰਾ, ਅਜਨਾਲਾ (ਸੁਖਵੰਤ ਚੇਤਨਪੁਰੀ, ਸੁਖਤਿੰਦਰ ਰਾਜੂ)**- ਭਾਰਤੀ ਕਮਿਊਨਿਸਟ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਜਗਤਾਰ ਸਿੰਘ ਮਹਿਲਾਂਵਾਲਾ ਦੀ 8ਵੀਂ ਬਰਸੀ ਪਰਿਵਾਰ ਅਤੇ ਸੀਪੀਆਈ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਵੱਲੋਂ ਉਨ੍ਹਾਂ ਦੇ ਫਾਰਮ ਹਾਊਸ ਪਿੰਡ ਮਹਿਲਾਂਵਾਲਾ ਵਿਖੇ ਮਨਾਈ ਗਈ।ਜੁੜੇ ਮਜ਼ਦੂਰਾਂ ਤੇ ਕਿਸਾਨਾਂ ਦੇ ਇੱਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕਾ: ਲਖਬੀਰ ਸਿੰਘ ਨਿਜ਼ਾਮਪੁਰ ਨੇ ਕਿਹਾ ਕਿ ਸਾਥੀ ਜਗਤਾਰ ਸਿੰਘ ਕਮਿਊਨਿਸਟ ਲਹਿਰ ਦਾ ਉਹ ਚਾਨਣ ਮੁਨਾਰਾ ਸੀ, ਜਿਹੜਾ ਪੰਜਾਬ ਦੇ ਕਾਲੇ ਦੌਰ ਵਿੱਚ ਜਗਮਗਾਉਂਦਾ ਰਿਹਾ ਅਤੇ ਹਰ ਕਿਸਮ ਦੇ ਸਰਕਾਰੀ ਤੇ ਗੈਰ-ਸਰਕਾਰੀ ਜਬਰ ਖਿਲਾਫ ਹਿੱਕ ਡਾਹ ਕਿ ਲੜਿਆ।ਉਸ ਨੇ ਜ਼ਿੰਦਗੀ ਭਰ ਮਜ਼ਦੂਰਾਂ ਤੇ ਕਿਸਾਨਾਂ ਦੀ ਲਹਿਰ ਉਸਾਰਨ ਵਿੱਚ ਵੱਡਮੁੱਲਾ ਯੋਗਦਾਨ ਪਾਇਆ ।ਕਾਮਰੇਡ ਨਿਜ਼ਾਮਪੁਰਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਾਰਪੋਰੇਟਾਂ ਨਾਲ ਮਿਲੀ ਭੁਗਤ ਕਰਕੇ ਲੋਕਾਂ ਉਪਰ ਰੋਜ਼ਮਰਾ ਵਰਤੋਂ ਦੀਆਂ ਚੀਜ਼ਾਂ ਦੇ ਮਨਮਾਨੇ ਰੇਟ ਵਧਾ ਕੇ ਖਾਸ ਕਰਕੇ ਡੀਜ਼ਲ, ਪਟਰੋਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਕਰਕੇ ਦੇਸ਼ ਦੇ ਲੋਕਾਂ ਉਪਰ ਆਰਥਿਕ ਬੋਝ ਪਾਇਆ ਜਾ ਰਿਹਾ ਹੈ।ਉਨ੍ਹਾਂ ਮਹਿੰਗਾਈ ਵਿਰੁੱਧ ਅਤੇ ਹੋਰ ਜ਼ਰੂਰੀ ਮਸਲਿਆਂ ਦੇ ਹੱਲ ਵਾਸਤੇ 2 ਜੂਨ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫਤਰ ਸਾਹਮਣੇ ਕੀਤੇ ਜਾ ਰਹੇ ਪ੍ਰਦਰਸ਼ਨ ਵਿੱਚ ਪਹੁੰਚਣ ਦੀ ਅਪੀਲ ਕੀਤੀ।ਪਿਛਲੇ ਦਿਨੀਂ ਪਿੰਡ ਦੇ ਇੱਕ ਵਿਅਕਤੀ ਵੱਲੋਂ ਕਾ: ਜਗਤਾਰ ਸਿੰਘ ਦੇ ਪੁੱਤਰ ਰਣਜੀਤ ਸਿੰਘ 'ਤੇ ਜੋ ਕਾਤਲਾਨਾ ਹਮਲਾ ਕੀਤਾ ਗਿਆ, ਉਸ ਦੀ ਪੁਰਜ਼ੋਰ ਨਿਖੇਧੀ ਕਰਦਿਆਂ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਗਈ ਅਤੇ ਚੇਤਾਵਨੀ ਦਿੱਤੀ ਗਈ ਕਿ ਜੇਕਰ ਪੁਲਸ ਪ੍ਰਸ਼ਾਸਨ ਨੇ ਇਨਸਾਫ ਦੇਣ ਵਿੱਚ ਦੇਰੀ ਕੀਤੀ ਤਾਂ ਪਾਰਟੀ ਸੰਘਰਸ਼ ਦਾ ਰਸਤਾ ਅਪਣਾਉਣ ਲਈ ਮਜਬੂਰ ਹੋਵੇਗੀ।ਪਾਰਟੀ ਨੇ ਇਨਸਾਫ ਲਈ ਪਰਵਾਰ ਦਾ ਡਟ ਕੇ ਸਾਥ ਦੇਣ ਦਾ ਐਲਾਨ ਕੀਤਾ।ਇਕੱਠ ਨੂੰ ਸਾਥੀ ਧਨਵੰਤ ਸਿੰਘ ਖਤਰਾਏ ਕਲਾਂ ਕਿਰਤੀ ਕਿਸਾਨ ਯੂਨੀਅਨ ਪੰਜਾਬ, ਰਮੇਸ਼ ਯਾਦਵ ਪ੍ਰਧਾਨ ਫੋਕਲੋਰ ਸੋਸਾਇਟੀ, ਕਾਬਲ ਸਿੰਘ ਛੀਨਾ, ਇੰਦਰਜੀਤ ਸਿੰਘ ਮਹਿਲਾਂਵਾਲਾ ਅਤੇ ਪੰਜਾਬੀ ਲੇਖਕ ਭੁਪਿੰਦਰ ਸਿੰਘ ਸੰਧੂ ਨੇ ਵੀ ਸੰਬੋਧਨ ਕੀਤਾ।ਪਰਿਵਾਰ ਵੱਲੋਂ ਉਨ੍ਹਾਂ ਦੀ ਬੇਟੀ ਮਨਿੰਦਰ ਕੌਰ ਅਤੇ ਗੁਰਦੇਵ ਸਿੰਘ ਮਹਿਲਾਂਵਾਲਾ ਨੇ ਦੂਰੋਂ ਨੇੜਿਓਂ ਪਹੁੰਚੇ ਸਾਥੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤੋਖ ਸਿੰਘ ਨੰਬਰਦਾਰ ਅਦਲੀਵਾਲ, ਰਣਜੀਤ ਸਿੰਘ ਸੰਧੂ, ਮਨਦੀਪ ਕੌਰ, ਚੇਤਨ ਸਿੰਘ ਬਾਠ, ਬਲਦੇਵ ਸਿੰਘ, ਤਰਸੇਮ ਸਿੰਘ, ਵਿੱਕੀ, ਪਰਿੰਸ, ਜੱਸੀ ਅਦਲੀਵਾਲ, ਧੀਰਜ ਸ਼ਰਮਾ, ਵਿਸ਼ਵ ਧਵਨ, ਕੇਵਲ ਸਿੰਘ ਛੀਨਾ, ਹਰੀਸ਼ ਸਾਬਰੀ, ਗੁਰਪਾਲ ਸਿੰਘ ਮੱਲੂਨੰਗਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।


## ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ 69 ਵਿਦਿਆਰਥੀ ਸਨਮਾਨਤ



**ਜਗਰਾਉਂ (ਅਮਿਤ ਖੰਨਾ)**-ਲੋਕ ਸੇਵਾ ਸੁਸਾਇਟੀ ਨੇ 9 ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ 69 ਵਿਦਿਆਰਥੀਆਂ ਨੂੰ ਸਨਮਾਨਤ ਕੀਤਾ।ਇਹ ਸਨਮਾਨ ਸਮਾਰੋਹ ਲਾਲਾ ਲਾਜਪਤ ਰਾਏ ਕੰਨਿਆ ਪਾਠਸ਼ਾਲਾ ਵਿਖੇ ਆਯੋਜਤ ਕੀਤਾ ਗਿਆ, ਜਿਸਦੀ ਅਗਵਾਈ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਦਨ ਲਾਲ ਅਰੋੜਾ, ਸਕੱਤਰ ਡਾ. ਕੁਲਭੂਸ਼ਣ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਕੀਤੀ।ਸਨਮਾਨ ਸਮਾਰੋਹ ਦੇ ਮੁੱਖ ਮਹਿਮਾਨ, ਸਤਿਜ਼ਮ ਜਵੈਲਰਜ਼ ਦੇ ਮਾਲਕ ਰਾਜੇਸ਼ ਕਤਿਆਲ ਨੇ ਵਿਦਿਆਰਥੀਆਂ ਨੂੰ ਆਪਣੇ ਹੱਥਾਂ ਨਾਲ ਸਨਮਾਨਤ ਕੀਤਾ ਅਤੇ ਕਿਹਾ ਕਿ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਬੱਚਿਆਂ ਨੂੰ ਮਿਲੇ ਸਨਮਾਨਾਂ ਨੂੰ ਦੇਖ ਕੇ, ਹੋਰ ਬੱਚੇ ਵੀ ਹੋਰ ਮਿਹਨਤ ਕਰਨਗੇ ਅਤੇ ਅਗਲੇ ਸਾਲ ਚੰਗੇ ਨਤੀਜੇ ਪ੍ਰਾਪਤ ਕਰਕੇ ਇਹ ਟਰਾਫੀਆਂ ਜਿੱਤਣਗੇ।ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਤੇ ਪ੍ਰਧਾਨ ਮਦਨ ਲਾਲ ਅਰੋੜਾ ਨੇ ਐਲਾਨ ਕੀਤਾ ਕਿ ਜਗਰਾਉਂ ਦੇ ਸਨਮਤੀ ਵਿਮਲ ਜੈਨ, ਸਵਾਮੀ ਰੂਪ ਚੰਦ ਜੈਨ, ਸਰਵਹਿਤਕਾਰੀ ਸਕੂਲ, ਤਾਰਾ ਦੇਵੀ ਜਿੰਦਲ ਸਕੂਲ, ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਸ਼ਿਵਾਲਿਕ ਮਾਡਲ ਸਕੂਲ ਫਾਰ ਇਮਪਾਵਰਮੈਂਟ, ਲਾਜਪਤ ਗਰਲਜ਼ ਪਾਠਸ਼ਾਲਾ ਅਤੇ ਨਿਊ ਪੰਜਾਬ ਪਬਲਿਕ ਸਕੂਲ ਦੇ 69 ਵਿਦਿਆਰਥੀਆਂ, ਜਿਨ੍ਹਾਂ ਨੇ 10ਵੀਂ ਤੇ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ 90 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ ਸਨ, ਨੂੰ ਸਨਮਾਨਤ ਕੀਤਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਸਮਾਗਮ ਵਿੱਚ ਇਨ੍ਹਾਂ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਸਨਮਾਨਤ ਕੀਤਾ ਗਿਆ।ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲਹੋਤਰਾ ਅਤੇ ਪ੍ਰਿੰਸੀਪਲ ਨੀਨਾ ਨੇ ਕਿਹਾ ਕਿ ਸੁਸਾਇਟੀ ਵੱਲੋਂ ਕੀਤੀ ਗਈ ਇਹ ਪਹਿਲ ਵਿਦਿਆਰਥੀਆਂ ਵਿੱਚ ਨਵਾਂ ਉਤਸ਼ਾਹ ਤੇ ਪ੍ਰੇਰਣਾ ਪੈਦਾ ਕਰੇਗੀ, ਜਿਸ ਨਾਲ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਨ ਅਤੇ ਚੰਗੇ ਅੰਕ ਪ੍ਰਾਪਤ ਕਰਨ ਲਈ ਉਤਸ਼ਾਹਤ ਕੀਤਾ ਜਾਵੇਗਾ।

## ਦੋਰਾਹਾ ਨਗਰ ਕੌਂਸਲ ਚੋਣਾਂ 'ਚ ਆਪ ਦੀ ਸ਼ਾਨਦਾਰ ਜਿੱਤ

- 8 ਸੀਟਾਂ 'ਤੇ ਆਪ ਦਾ ਕਬਜ਼ਾ, ਕਾਂਗਰਸ ਨੂੰ 5 ਅਤੇ ਆਜ਼ਾਦ ਉਮੀਦਵਾਰਾਂ ਨੂੰ ਮਿਲੀਆਂ 2 ਸੀਟਾਂ
- ਪ੍ਰਧਾਨ ਪੱਪੂ ਨੇ ਆਪਣੀਆਂ ਤਿੰਨੋਂ ਸੀਟਾਂ 'ਤੇ ਦਰਜ ਕੀਤੀ ਜਿੱਤ, ਵਰਕਰਾਂ ਵਿੱਚ ਖ਼ੁਸ਼ੀ ਦੀ ਲਹਿਰ



**ਦੋਰਾਹਾ (ਹਰਮਿੰਦਰ ਸੇਠ)**-ਨਗਰ ਕੌਂਸਲ ਚੋਣਾਂ ਦੇ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 8 ਸੀਟਾਂ 'ਤੇ ਜਿੱਤ ਦਰਜ ਕਰਕੇ ਸ਼ਹਿਰ ਦੀ ਸਿਆਸਤ ਵਿੱਚ ਆਪਣਾ ਦਬਦਬਾ ਸਾਬਤ ਕੀਤਾ ਹੈ।ਚੋਣ ਨਤੀਜਿਆਂ ਤੋਂ ਬਾਅਦ ਪਾਰਟੀ ਵਰਕਰਾਂ ਅਤੇ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਜਿੱਤ ਦੀ ਖ਼ੁਸ਼ੀ ਵਿੱਚ ਵਰਕਰਾਂ ਵੱਲੋਂ ਲੱਡੂ ਵੰਡੇ ਗਏ ਤੇ ਨਾਅਰੇਬਾਜ਼ੀ ਕਰਕੇ ਜਸ਼ਨ ਮਨਾਇਆ ਗਿਆ।ਚੋਣ ਨਤੀਜਿਆਂ ਅਨੁਸਾਰ ਕਾਂਗਰਸ ਪਾਰਟੀ ਨੂੰ 5 ਸੀਟਾਂ 'ਤੇ ਸੰਤੋਖ ਕਰਨਾ ਪਿਆ, ਜਦਕਿ 2 ਆਜ਼ਾਦ ਉਮੀਦਵਾਰ ਵੀ ਜਿੱਤ ਦਰਜ ਕਰਨ ਵਿੱਚ ਕਾਮਯਾਬ ਰਹੇ।ਇਸ ਵਾਰ ਦੀ ਚੋਣ ਵਿੱਚ ਸਭ ਤੋਂ ਵੱਧ ਚਰਚਾ ਪ੍ਰਧਾਨ ਪੱਪੂ ਦੀ ਰਹੀ, ਜਿਨ੍ਹਾਂ ਨੇ ਆਪਣੀਆਂ ਤਿੰਨੋਂ ਸੀਟਾਂ 'ਤੇ ਜਿੱਤ ਹਾਸਲ ਕਰਕੇ ਆਪਣੀ ਮਜ਼ਬੂਤ ਪਕੜ ਸਾਬਤ ਕੀਤੀ।ਉਨ੍ਹਾਂ ਦੀ ਜਿੱਤ ਨੂੰ ਸਿਆਸੀ ਹਲਕਿਆਂ ਵਿੱਚ ਵੱਡੀ ਉਪਲਬਧੀ ਵਜੋਂ ਦੇਖਿਆ ਜਾ ਰਿਹਾ ਹੈ।


ਹਲਕਾ ਪਾਇਲ ਦੇ ਵਿਧਾਇਕ ਨੇ ਕਿਹਾ ਕਿ ਦੋਰਾਹਾ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਵਿਕਾਸਪੱਖੀ ਸੋਚ 'ਤੇ ਮੋਹਰ ਲਾਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਰਟੀ ਵਰਕਰਾਂ ਵੱਲੋਂ ਲੋਕਾਂ ਦੇ ਵਿਚ ਰਹਿ ਕੇ ਕੀਤੇ ਕੰਮਾਂ ਦਾ ਨਤੀਜਾ ਅੱਜ ਚੋਣ ਨਤੀਜਿਆਂ ਦੇ ਰੂਪ ਵਿੱਚ ਸਾਹਮਣੇ ਆਇਆ ਹੈ।

ਵਾਰਡ ਨੰਬਰ 1 ਤੋਂ ਤਮੰਨਾ ਮਲਹੋਤਰਾ 81 ਵੋਟਾਂ ਨਾਲ ਜੇਤੂ ਰਹੀ।ਵਾਰਡ ਨੰਬਰ 2 ਤੋਂ ਰਾਹੁਲ ਬੈਕਟਰ ਰਿੰਕੀ 27 ਵੋਟਾਂ ਨਾਲ ਜਿੱਤੇ।ਵਾਰਡ ਨੰਬਰ 3 ਤੋਂ ਆਪ ਦੀ ਪੂਜਾ 205 ਵੋਟਾਂ ਨਾਲ ਜੇਤੂ ਰਹੀ।ਵਾਰਡ ਨੰਬਰ 4 ਤੋਂ ਅਮਰੀਕ ਚੰਦ 118 ਵੋਟਾਂ ਨਾਲ ਜਿੱਤੇ, ਜਦਕਿ ਵਾਰਡ ਨੰਬਰ 5 ਤੋਂ ਪ੍ਰਿਆ ਸ਼ਰਮਾ 47 ਵੋਟਾਂ ਨਾਲ ਜੇਤੂ ਰਹੀ।ਇਸੇ ਤਰ੍ਹਾਂ ਵਾਰਡ ਨੰਬਰ 6 ਤੋਂ ਅਨਮੋਲ ਸ਼ਰਮਾ 113 ਵੋਟਾਂ ਨਾਲ ਜੇਤੂ ਰਹੇ।ਵਾਰਡ ਨੰਬਰ 7 ਤੋਂ ਰਣਜੀਤ ਕੌਰ ਗਹਿਰ 462 ਵੋਟਾਂ ਨਾਲ ਜਿੱਤੀ।ਵਾਰਡ ਨੰਬਰ 8 ਤੋਂ ਸੁਦਰਸ਼ਨ ਸ਼ਰਮਾ ਪੱਪੂ 211 ਵੋਟਾਂ ਨਾਲ ਜੇਤੂ ਰਹੇ।ਵਾਰਡ ਨੰਬਰ 9 ਤੋਂ ਪੰਕਜ ਗੌਤਮ 47 ਵੋਟਾਂ ਨਾਲ ਜਿੱਤੇ, ਜਦਕਿ ਵਾਰਡ ਨੰਬਰ 10 ਤੋਂ ਕਵਲਜੀਤ ਬਿੱਟੂ 15 ਵੋਟਾਂ ਨਾਲ ਜੇਤੂ ਰਹੇ।ਵਾਰਡ ਨੰਬਰ 11 ਤੋਂ ਕੁਲਵੰਤ ਸਿੰਘ ਕੱਲੂ 211 ਵੋਟਾਂ ਨਾਲ ਜੇਤੂ ਰਹੇ।ਵਾਰਡ ਨੰਬਰ 12 ਤੋਂ ਜਸਵੰਤ ਕੌਰ ਲੋਹਟ 164 ਵੋਟਾਂ ਨਾਲ ਜਿੱਤੀ।ਵਾਰਡ ਨੰਬਰ 13 ਤੋਂ ਇੰਦਰਜੀਤ ਸਿੰਘ ਸ਼ੈਲੂ ਬਾਬਾ 33 ਵੋਟਾਂ ਨਾਲ ਜੇਤੂ ਰਹੇ।ਵਾਰਡ ਨੰਬਰ 14 ਤੋਂ ਰਣਵੀਰ ਸਿੰਘ 40 ਵੋਟਾਂ ਨਾਲ ਜਿੱਤੇ, ਜਦਕਿ ਵਾਰਡ ਨੰਬਰ 15 ਤੋਂ ਹਰਜੀਤ ਕੌਰ 7 ਵੋਟਾਂ ਨਾਲ ਜੇਤੂ ਰਹੀ।

## ਕੌਂਸਲ ਚੋਣਾਂ ਦੀ ਜਿੱਤ ਨੇ 2027 ਦਾ ਮੁੱਢ ਬੰਨ੍ਹਿਆ : ਟੀਨੂੰ


**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਜਸਵਿੰਦਰ ਕੁਮਾਰ ਟੀਨੂੰ ਨੇ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਵਿੱਚ ਪਾਰਟੀ ਦੀ ਇਤਿਹਾਸਕ ਜਿੱਤ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਪੰਜਾਬ ਦੀ ਜਨਤਾ ਨੇ ਇੱਕ ਵਾਰ ਫਿਰ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ 'ਤੇ ਮੋਹਰ ਲਗਾਈ ਹੈ।ਉਨ੍ਹਾਂ ਕਿਹਾ ਕਿ ਇਹ ਜਿੱਤ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਮਜ਼ਬੂਤ ਨੀਂਹ ਸਾਬਤ ਹੋਵੇਗੀ।ਜਸਵਿੰਦਰ ਕੁਮਾਰ ਟੀਨੂੰ ਨੇ ਕਿਹਾ ਕਿ ਨਗਰ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਦੇ ਨਤੀਜਿਆਂ ਨੇ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨਾਲ ਮਜ਼ਬੂਤੀ ਨਾਲ ਖੜ੍ਹੇ ਹਨ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਿੱਖਿਆ, ਸਿਹਤ, ਬਿਜਲੀ, ਰੁਜ਼ਗਾਰ ਤੇ ਭ੍ਰਿਸ਼ਟਾਚਾਰ ਖ਼ਿਲਾਫ਼ ਕੀਤੇ ਜਾ ਰਹੇ ਕੰਮਾਂ ਨੂੰ ਲੋਕਾਂ ਵੱਲੋਂ ਭਰਪੂਰ ਸਮਰਥਨ ਮਿਲ ਰਿਹਾ ਹੈ।ਜਸਵਿੰਦਰ ਕੁਮਾਰ ਟੀਨੂੰ ਨੇ ਕਿਹਾ ਕਿ ਪਾਰਟੀ ਵਰਕਰਾਂ ਦੀ ਮਿਹਨਤ ਤੇ ਲੋਕਾਂ ਦੇ ਭਰੋਸੇ ਨਾਲ ਹੀ ਇਹ ਇਤਿਹਾਸਕ ਜਿੱਤ ਸੰਭਵ ਹੋਈ ਹੈ।ਅੰਤ ਵਿੱਚ ਉਨ੍ਹਾਂ ਸਮੂਹ ਵੋਟਰਾਂ ਤੇ ਪਾਰਟੀ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਵਿਕਾਸ ਤੇ ਲੋਕ ਭਲਾਈ ਲਈ ਇਸੇ ਤਰ੍ਹਾਂ ਦਿਨ-ਰਾਤ ਕੰਮ ਕਰਦੀ ਰਹੇਗੀ।।

## ਨੇਚਰ ਪਾਰਕ 'ਚ ਹੋਈ ਲਿਖਾਰੀ ਸਭਾ ਦੀ ਮੀਟਿੰਗ, ਡਾ. ਬਲਦੇਵ ਸਿੰਘ ਢਿੱਲੋਂ ਬਣੇ ਲਿਖਾਰੀ ਸਭਾ ਦੇ ਪ੍ਰਧਾਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਨੇਚਰ ਪਾਰਕ ਵਿਖੇ ਲਿਖਾਰੀ ਸਭਾ ਦੀ ਜਰਨਲ ਬਾਡੀ ਦੀ ਮੀਟਿੰਗ ਚੋਣ ਕਰਨ ਲਈ ਕਰਨ ਲਈ ਹੋਈ।ਸਾਬਕਾ ਜਰਨਲ ਸਕੱਤਰ ਪਰਮਜੀਤ ਸਿੰਘ ਚੂਹੜਚੱਕ ਨੇ ਪਿਛਲੀ ਕਾਰਗੁਜ਼ਾਰੀ ਦੀ ਰਿਪੋਰਟ ਪੇਸ਼ ਕਰਦਿਆਂ ਨਵੀਂ ਕਮੇਟੀ ਦੀ ਚੋਣ ਲਈ ਡਾਕਟਰ ਸੁਰਜੀਤ ਸਿੰਘ ਬਰਾੜ ਨੂੰ ਕਨਵੀਨਰ ਤੇ ਆਪਣੇ ਆਪ ਨੂੰ ਸਹਾਇਕ ਕਨਵੀਨਰ ਬਣਾਉਣ ਦਾ ਐਲਾਨ ਕੀਤਾ, ਜੋ ਸਾਰੇ ਮੈਂਬਰਾਂ ਨੇ ਪ੍ਰਵਾਨ ਕਰ ਲਿਆ।ਡਾ. ਸੁਰਜੀਤ ਸਿੰਘ ਬਰਾੜ ਨੇ ਪਹਿਲਾਂ ਜਨਰਲ ਸਕੱਤਰ ਦੇ ਅਹੁਦੇ ਲਈ ਮੀਤ ਗੁਰਨਾਮ ਦਾ ਨਾਂਅ ਤਜਵੀਜ਼ ਕੀਤੀ, ਜੋ ਸਰਬਸੰਮਤੀ ਨਾਲ ਪ੍ਰਵਾਨ ਹੋ ਗਿਆ।ਮਗਰੋਂ ਬਰਾੜ ਨੇ ਡਾ. ਬਲਦੇਵ ਸਿੰਘ ਢਿੱਲੋਂ ਦਾ ਨਾਂਅ ਤਜਵੀਜ਼ ਕੀਤਾ, ਪਰ ਮੁਕਾਬਲੇ ਵਿੱਚ ਗੁਰਮੇਲ ਸਿੰਘ ਬੌਡੇ ਨੇ ਡਾ. ਹਰਨੇਕ ਸਿੰਘ ਰੋਡੇ ਦਾ ਨਾਂਅ ਪੇਸ਼ ਕਰ ਦਿੱਤਾ।ਬਹੁਤੇ ਮੈਂਬਰਾਂ ਦੀ ਰਾਇ ਸੀ ਕਿ ਚੋਣ ਸਰਬਸੰਮਤੀ ਨਾਲ ਹੋਵੇ।ਸੋਚ ਵਿਚਾਰ ਉਪਰੰਤ ਡਾ. ਬਲਦੇਵ ਸਿੰਘ ਢਿੱਲੋਂ ਨੂੰ ਪ੍ਰਧਾਨ ਤੇ ਡਾ ਹਰਨੇਕ ਸਿੰਘ ਰੋਡੇ ਨੂੰ ਸੀਨੀਅਰ ਮੀਤ ਪ੍ਰਧਾਨ ਬਣਾਉਣ ਦੀ ਤਜਵੀਜ਼ ਰੱਖੀ, ਜੋ ਸਰਬਸੰਮਤੀ ਨਾਲ ਪ੍ਰਵਾਨ ਹੋ ਗਈ।ਲਿਖਾਰੀ ਸਭਾ ਦੇ ਮੈਂਬਰਾਂ ਨੇ ਸੀਨੀਅਰ ਮੈਂਬਰ ਜੰਗੀਰ ਸਿੰਘ ਖੋਖਰ ਤੇ ਸੁਰਜੀਤ ਸਿੰਘ ਕਾਲੇਕੇ ਨੂੰ ਸਭਾ ਦਾ ਸਰਪਰਸਤ ਬਣਾ ਕੇ ਹੋਰ ਨਵੇਂ ਅਹੁਦੇਦਾਰਾਂ ਬਲਵਿੰਦਰ ਸਿੰਘ ਕੈਂਥ ਮੀਤ ਪ੍ਰਧਾਨ, ਸ੍ਰੀਮਤੀ ਕਰਮਜੀਤ ਕੌਰ ਸਹਾਇਕ ਸਕੱਤਰ, ਮਾਸਟਰ ਪ੍ਰੇਮ ਕੁਮਾਰ ਖ਼ਜ਼ਾਨਚੀ ਬਣਾਇਆ ਗਿਆ।ਗਿਆਨ ਸਿੰਘ ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਨੂੰ ਸਭਾ ਦਾ ਪ੍ਰੈਸ ਸਕੱਤਰ ਨਿਯੁਕਤ ਕੀਤਾ ਗਿਆ।

## ਕੇਵਲ ਸਿੰਘ ਢਿੱਲੋਂ ਦੇ ਪੰਜਾਬ ਭਾਜਪਾ ਪ੍ਰਧਾਨ ਬਣਨ 'ਤੇ ਜਸ਼ਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਜਨਤਾ ਪਾਰਟੀ ਦੇ ਨਵੇਂ ਪ੍ਰਦੇਸ਼ ਪ੍ਰਧਾਨ ਵਜੋਂ ਕੇਵਲ ਸਿੰਘ ਢਿੱਲੋਂ ਦੀ ਨਿਯੁਕਤੀ 'ਤੇ ਭਾਜਪਾ ਕਾਰਕੁੰਨਾਂ ਨੇ ਭਾਰੀ ਉਤਸ਼ਾਹ ਨਾਲ ਖ਼ੁਸ਼ੀ ਦਾ ਇਜ਼ਹਾਰ ਕੀਤਾ।ਪ੍ਰੋਗਰਾਮ ਦੌਰਾਨ ਕਾਰਕੁੰਨਾਂ ਨੇ ਢੋਲ ਦੀਆਂ ਥਾਪਾਂ 'ਤੇ ਜੰਮ ਕੇ ਭੰਗੜਾ ਪਾਇਆ ਅਤੇ ਇੱਕ-ਦੂਜੇ ਨੂੰ ਮਿਠਾਈਆਂ ਖੁਆ ਕੇ ਵਧਾਈਆਂ ਦਿੱਤੀਆਂ।ਪੂਰੇ ਦਫ਼ਤਰੀ ਵਿਹੜੇ ਵਿੱਚ ਤਿਉਹਾਰ ਵਰਗਾ ਮਾਹੌਲ ਦੇਖਣ ਨੂੰ ਮਿਲਿਆ।ਸਾਬਕਾ ਜ਼ਿਲ੍ਹਾ ਪ੍ਰਧਾਨ ਵਿਜੈ ਸ਼ਰਮਾ, ਜ਼ਿਲ੍ਹਾ ਮਹਾਂਮੰਤਰੀ ਰਾਜਪਾਲ ਠਾਕੁਰ, ਐਸਪੀ ਮੁਖਤਿਆਰ ਸਿੰਘ, ਸ਼ਮਸ਼ੇਰ ਸਿੰਘ ਕੈਲਾ, ਮਨਿੰਦਰ ਕੌਰ ਸਲੀਣਾ, ਦੇਵ ਪ੍ਰਿਯਾ ਤਿਆਗੀ, ਨਿਰਮਲ ਸਿੰਘ ਮੀਨੀਆਂ, ਵਿੱਕੀ ਸਿਤਾਰਾ, ਪ੍ਰੋਮੀਲਾ ਮੈਨਾਰਾਏ, ਗੀਤਾ ਆਰੀਆ, ਭੁਪਿੰਦਰ ਹੈਪੀ, ਦੀਪਕ ਕੌੜਾ, ਰਾਉ ਬਰਿੰਦਰ ਪੱਬੀ, ਸੂਰਜ ਭਾਨ ਧਾਲੀਵਾਲ, ਹਰਿੰਦਰ ਸੇਖੋਂ, ਵਿਨੋਦ ਸ਼ਰਮਾ ਬਿਲਾਸਪੁਰ, ਸੰਜੀਵ ਬਠਲਾ, ਸੰਜੀਵ ਸ਼ਰਮਾ, ਗੁਰਪ੍ਰੀਤ ਸਿੰਘ ਸਲੀਣਾ, ਹੇਮੰਤ ਸੂਦ, ਰਮਨ ਸੂਦ, ਅਜੇ ਕੁਮਾਰ, ਮੰਗਲ ਸਿੰਘ, ਗੁਰਤੇਜ ਸਿੰਘ, ਪ੍ਰਤੀਕ ਵਧਵਾ, ਸੁਖਵਿੰਦਰ ਸਿੰਘ, ਨਿਰਮਲ ਸਿੰਘ ਲੰਢੇਕੇ, ਨਰਿੰਦਰ ਬਾਲੀ, ਸਮਿੰਤਰ ਸਿੰਘ, ਗੁਰਦੀਪ ਸਿੰਘ, ਬਲਰਾਜ ਕੌਰ, ਕ੍ਰਿਸ਼ਨ ਸੈਣੀ, ਧਰਮਵੀਰ ਅਗਨੀਹੋਤਰੀ, ਦਰਸ਼ਨ ਲਾਲ, ਧੀਰਜ ਸ਼ਰਮਾ, ਮਨਪ੍ਰੀਤ ਸਿੰਘ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਵਰਕਰ ਅਤੇ ਸਮਰਥਕ ਹਾਜ਼ਰ ਸਨ।ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਖ਼ਾਸ ਤੌਰ 'ਤੇ ਮੌਜੂਦ ਰਹੇ।ਉਨ੍ਹਾਂ ਪਾਰਟੀ ਦੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਵਲ ਸਿੰਘ ਢਿੱਲੋਂ ਇੱਕ ਜ਼ਮੀਨੀ ਪੱਧਰ ਦੇ ਨੇਤਾ ਹਨ ਤੇ ਉਨ੍ਹਾਂ ਕੋਲ ਸੰਗਠਨਾਤਮਕ ਕੰਮਾਂ ਦਾ ਲੰਮਾ ਤਜਰਬਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਰਾਜਨੀਤੀ ਵਿੱਚ ਭਾਜਪਾ ਲਗਾਤਾਰ ਆਪਣੇ ਜਨਅਧਾਰ ਨੂੰ ਵਧਾ ਰਹੀ ਹੈ ਤੇ ਕੇਵਲ ਸਿੰਘ ਢਿੱਲੋਂ ਦੀ ਨਿਯੁਕਤੀ ਨਾਲ ਕਾਰਕੁਨਾਂ ਵਿੱਚ ਨਵਾਂ ਜੋਸ਼ ਤੇ ਊਰਜਾ ਪੈਦਾ ਹੋਈ ਹੈ।

## ਸੜਕ ਹਾਦਸੇ 'ਚ ਦਾਦਾ-ਪੋਤਾ ਜ਼ਖ਼ਮੀਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਤਲਵੰਡੀ ਭਾਈ ਵਿਖੇ ਹੋਏ ਸੜਕ ਹਾਦਸੇ ਵਿੱਚ ਦਾਦਾ-ਪੋਤਾ ਦੇ ਜ਼ਖ਼ਮੀਂ ਹੋਣ ਦੀ ਖ਼ਬਰ ਮਿਲੀ ਹੈ। ਇਸ ਸੰਬੰਧੀ ਥਾਣਾ ਤਲਵੰਡੀ ਭਾਈ ਪੁਲਸ ਨੇ ਇਕ ਗੱਡੀ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗਣੇਸ਼ ਨਾਥ ਪੁੱਤਰ ਤੇਜਾ ਨਾਥ ਵਾਸੀ ਵਾਰਡ ਨੰਬਰ 1 ਨਾਥਾ ਵਾਲਾ ਮੁਹੱਲਾ ਨੇੜੇ ਨਵੀਂ ਤਹਿਸੀਲ ਜ਼ਿਲ੍ਹਾ ਸਿਰਸਾ ਨੇ ਦੱਸਿਆ ਕਿ 23 ਮਈ 2026 ਨੂੰ ਉਹ ਤੇ ਉਸ ਦਾ ਪੋਤਾ ਸਿਕੰਦਰ ਨਾਥ ਆਪਣੀ ਗੱਡੀ ਹਾਂਡਾ ਇਮੇਜ਼ ਨੰਬਰ ਐੱਚਆਰ 24 ਡਬਲਯੂ 6765 'ਤੇ ਤਲਵੰਡੀ ਭਾਈ ਤੋਂ ਹਾਈਵੇ 'ਤੇ ਜ਼ੀਰਾ ਸਾਇਡ ਨੂੰ ਜਾ ਰਹੇ ਸੀ ਤਾਂ ਵਿਕਾਸ ਕੁਮਾਰ ਪੁੱਤਰ ਸਤਬੀਰ ਸਿੰਘ ਵਾਸੀ ਪਿੰਡ ਗੋਰੂ ਸਰ ਥਾਣਾ ਨਰਵਾਣਾ ਜ਼ਿਲ੍ਹਾ ਜੀਂਦ ਨੇ ਆਪਣੀ ਗੱਡੀ ਨੰਬਰ ਐੱਚ ਆਰ 56 ਬੀ 9810 ਪਿੱਛੋਂ ਲਿਆ ਕੇ ਤੇਜ਼ ਰਫਤਾਰ ਉਨ੍ਹਾਂ ਦੀ ਗੱਡੀ ਵਿੱਚ ਮਾਰੀ। ਗਣੇਸ਼ ਨਾਥ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਉਹ ਤੇ ਉਸ ਦਾ ਪੋਤਾ ਸਿਕੰਦਰ ਸਿੰਘ ਜ਼ਖ਼ਮੀਂ ਹੋ ਗਏ। ਗਣੇਸ਼ ਨਾਥ ਨੇ ਦੱਸਿਆ ਕਿ ਉਨ੍ਹਾਂ ਦਾ ਇਲਾਜ ਪ੍ਰੋਗਮਾ ਹਸਪਤਾਲ ਬਠਿੰਡਾ ਵਿਚ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਦੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਗੱਡੀ ਚਾਲਕ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਜ਼ਿਲ੍ਹੇ ਦੇ ਸਮੂਹ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਨਤੀਜੇ ਘੋਸ਼ਿਤ

- ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਲੋਕਾਂ ਤੇ ਅਮਲੇ ਦਾ ਧੰਨਵਾਦ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਜ਼ਿਲ੍ਹਾ ਮਾਲੇਰਕੋਟਲਾ ਵਿੱਚ ਨਗਰ ਕੌਂਸਲ ਮਾਲੇਰਕੋਟਲਾ, ਅਹਿਮਦਗੜ੍ਹ ਤੇ ਨਗਰ ਪੰਚਾਇਤ ਅਮਰਗੜ੍ਹ ਦੇ ਕੁੱਲ 61 ਵਾਰਡਾਂ ਤੋਂ ਜੇਤੂ ਉਮੀਦਵਾਰਾਂ ਦੇ ਨਤੀਜੇ ਸ਼ੁੱਕਰਵਾਰ ਅਧਿਕਾਰਿਕ ਤੌਰ 'ਤੇ ਘੋਸ਼ਿਤ ਕਰ ਦਿੱਤੇ ਗਏ ਹਨ।ਜ਼ਿਲ੍ਹਾ ਮਾਲੇਰਕੋਟਲਾ ਵਿੱਚ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੀ ਪੂਰੀ ਪ੍ਰਕਿਰਿਆ ਅਮਨ, ਅਮਾਨ, ਪਾਰਦਰਸ਼ਤਾ ਤੇ ਸੁਚੱਜੇ ਪ੍ਰਬੰਧਾਂ ਹੇਠ ਸਫਲਤਾਪੂਰਵਕ ਸੰਪੰਨ ਹੋਈ।ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਵਿਰਾਜ ਐੱਸ. ਤਿੜਕੇ ਨੇ ਚੋਣ ਪ੍ਰਕਿਰਿਆ ਦੇ ਸੁਚੱਜੇ ਸੰਚਾਲਨ ਲਈ ਸਮੂਹ ਚੋਣ ਅਮਲੇ, ਰਿਟਰਨਿੰਗ ਅਫ਼ਸਰਾਂ, ਪੁਲਸ ਪ੍ਰਸ਼ਾਸਨ ਤੇ ਹੋਰ ਸੰਬੰਧਤ ਵਿਭਾਗਾਂ ਅਤੇ ਵੋਟਰਾਂ ਦਾ ਧੰਨਵਾਦ ਕੀਤਾ।ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਮਾਲੇਰਕੋਟਲਾ ਵਿੱਚ ਨਗਰ ਕੌਂਸਲ ਮਾਲੇਰਕੋਟਲਾ 33 ਵਾਰਡਾਂ, ਅਹਿਮਦਗੜ੍ਹ ਦੇ 17 ਵਾਰਡਾਂ ਤੇ ਨਗਰ ਪੰਚਾਇਤ ਅਮਰਗੜ੍ਹ ਦੇ 11 ਵਾਰਡਾਂ ਦੇ ਨਤੀਜੇ ਲਈ ਕੁੱਲ 291 ਉਮੀਦਵਾਰ ਚੋਣ ਮੈਦਾਨ ਵਿੱਚ ਸਨ।ਉਨ੍ਹਾ ਦੱਸਿਆ ਕਿ ਨਗਰ ਕੌਂਸਲ ਮਾਲੇਰਕੋਟਲਾ ਦੇ 33 ਵਾਰਡਾਂ 'ਚ 20 ਆਮ ਆਦਮੀ ਪਾਰਟੀ ਨੂੰ, ਕਾਂਗਰਸ ਨੂੰ 8, ਸ਼੍ਰੋਮਣੀ ਅਕਾਲੀ ਦਲ ਨੂੰ 1, ਭਾਜਪਾ ਨੂੰ 1 ਤੇ ਅਜ਼ਾਦ ਨੂੰ 3 ਸੀਟਾਂ, ਨਗਰ ਕੌਂਸਲ ਅਹਿਮਦਗੜ੍ਹ ਦੇ 17 ਵਾਰਡਾਂ 'ਚ ਆਮ ਆਦਮੀ ਪਾਰਟੀ ਨੂੰ 7, ਕਾਂਗਰਸ ਨੂੰ 6, ਸ਼੍ਰੋਮਣੀ ਅਕਾਲੀ ਦਲ ਨੂੰ 1 ਤੇ ਅਜ਼ਾਦ ਨੂੰ 3 ਸੀਟਾਂ ਤੇ ਨਗਰ ਪੰਚਾਇਤ ਅਮਰਗੜ੍ਹ ਦੇ 11 ਵਾਰਡਾਂ 'ਚ ਆਮ ਆਦਮੀ ਪਾਰਟੀ ਨੂੰ 3, ਕਾਂਗਰਸ ਨੂੰ 1, ਬਸਪਾ ਨੂੰ 1 ਤੇ ਅਜ਼ਾਦ ਨੂੰ 6 ਸੀਟਾਂ ਮਿਲੀਆਂ।ਉਨ੍ਹਾਂ ਦੱਸਿਆ ਕਿ ਸਾਰੇ ਜੇਤੂ ਉਮੀਦਵਾਰਾਂ ਦੇ ਪਾਰਟੀ ਨੁਮਾਇੰਦਿਆਂ ਨੂੰ ਸੰਬੰਧਤ ਰਿਟਰਨਿੰਗ ਅਫ਼ਸਰਾਂ ਵੱਲੋਂ ਸਰਟੀਫਿਕੇਟ ਜਾਰੀ ਕਰ ਦਿੱਤੇ ਗਏ ਹਨ।

## ਨਗਰ ਕੌਂਸਲ ਸਮਾਣਾ 'ਚ 'ਆਪ' 13 ਵਾਰਡਾਂ 'ਤੇ ਜੇਤੂ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-26 ਮਈ ਨੂੰ ਨਗਰ ਕੌਂਸਲ ਦੀਆਂ ਹੋਈਆਂ ਚੋਣਾਂ ਦੇ ਆਏ ਨਤੀਜਿਆਂ ਵਿੱਚ ਸੱਤਾਧਾਰੀ ਪਾਰਟੀ 'ਆਪ' ਨੂੰ 13, ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ 3, ਭਾਜਪਾ ਨੂੰ 2, ਕਾਂਗਰਸ ਨੂੰ 2 ਤੇ ਇੱਕ ਸੀਟ 'ਤੇ ਆਜ਼ਾਦ ਉਮੀਦਵਾਰ ਨੇ ਜਿੱਤ ਹਾਸਲ ਕੀਤੀ ਹੈ।ਨਗਰ ਕੌਂਸਲ ਦੀਆਂ ਚੋਣਾਂ ਜਿੱਤਣ ਵਾਲਿਆਂ ਵਿੱਚ ਵਾਰਡ ਨੰਬਰ ਇੱਕ ਤੋਂ ਰਾਣੀ ਦੇਵੀ ਆਮ ਆਦਮੀ ਪਾਰਟੀ, ਵਾਰਡ ਨੰਬਰ 2 ਤੋਂ ਪਾਰਸ ਸ਼ਰਮਾ ਆਮ ਆਦਮੀ ਪਾਰਟੀ, ਵਾਰਡ ਨੰਬਰ 3 ਤੋਂ ਰੇਨੂ ਸ਼ਰਮਾ ਬੀ ਜੇ ਪੀ, ਵਾਰਡ ਨੰਬਰ 4 ਤੋਂ ਗੋਪਾਲ ਕ੍ਰਿਸ਼ਨ ਬਿੱਟੂ ਮੈਨੇਜਰ ਆਮ ਆਦਮੀ ਪਾਰਟੀ, ਵਾਰਡ ਨੰਬਰ 5 ਤੋਂ ਪੂਜਾ ਸਿੰਗਲਾ ਬੀ ਜੇ ਪੀ, ਵਾਰਡ ਨੰਬਰ 6 ਤੋਂ ਕਪੂਰ ਚੰਦ ਬਾਂਸਲ ਆਮ ਆਦਮੀ ਪਾਰਟੀ, ਵਾਰਡ ਨੰਬਰ 7 ਤੋਂ ਅਮਨਦੀਪ ਕੌਰ ਆਜ਼ਾਦ, ਵਾਰਡ ਨੰਬਰ 8 ਤੋਂ ਮਨਜਿੰਦਰ ਸਿੰਘ ਰਾਣਾ ਆਮ ਆਦਮੀ ਪਾਰਟੀ, ਵਾਰਡ ਨੰਬਰ 9 ਤੋਂ ਮਨਜੀਤ ਕੌਰ ਸ਼੍ਰੋਮਣੀ ਅਕਾਲੀ ਦਲ, ਵਾਰਡ ਨੰਬਰ 10 ਤੋਂ ਜਗਤਾਰ ਸਿੰਘ ਸੰਧੂ ਆਮ ਆਦਮੀ ਪਾਰਟੀ, ਵਾਰਡ ਨੰਬਰ 11 ਤੋਂ ਆਸ਼ਾ ਰਾਣੀ ਆਮ ਆਦਮੀ ਪਾਰਟੀ, ਵਾਰਡ ਨੰਬਰ 12 ਤੋਂ ਧਰਮਪਾਲ ਨਾਹਰ ਆਮ ਆਦਮੀ ਪਾਰਟੀ, ਵਾਰਡ ਨੰਬਰ 13 ਤੋਂ ਬਬਲੀ ਦੇਵੀ ਪਤਨੀ ਸੁਰਜੀਤ ਰਾਮ ਪੱਪੀ ਆਮ ਆਦਮੀ ਪਾਰਟੀ, ਵਾਰਡ ਨੰਬਰ 14 ਤੋਂ ਹਰਪ੍ਰੀਤ ਸਿੰਘ ਕੂਕਾ ਇੰਡੀਅਨ ਨੈਸ਼ਨਲ ਕਾਂਗਰਸ, ਵਾਰਡ ਨੰਬਰ 15 ਤੋਂ ਮਧੂ ਬਾਲਾ ਆਮ ਆਦਮੀ ਪਾਰਟੀ, ਵਾਰਡ ਨੰਬਰ 16 ਤੋਂ ਬੇਅੰਤ ਸਿੰਘ ਪੱਪੀ ਇੰਡੀਅਨ ਨੈਸ਼ਨਲ ਕਾਂਗਰਸ, ਵਾਰਡ ਨੰਬਰ 17 ਤੋਂ ਜੋਤੀ ਪਾਹਵਾ ਪਤਨੀ ਪਵਨ ਕੁਮਾਰ ਪੰਨੀ ਆਮ ਆਦਮੀ ਪਾਰਟੀ, ਵਾਰਡ ਨੰਬਰ 18 ਤੋਂ ਕੋਮਲ ਮਹੰਤ ਸ਼੍ਰੋਮਣੀ ਅਕਾਲੀ ਦਲ, ਵਾਰਡ ਨੰਬਰ 19 ਤੋਂ ਬਲਦੇਵ ਸਿੰਘ (ਸੋਨੀ ਕਿੰਗ) ਆਮ ਆਦਮੀ ਪਾਰਟੀ, ਵਾਰਡ ਨੰਬਰ 20 ਤੋਂ ਬੇਅੰਤ ਸਿੰਘ ਬੱਗਾ ਆਮ ਆਦਮੀ ਪਾਰਟੀ, ਵਾਰਡ ਨੰਬਰ 21 ਤੋਂ ਨਰਿੰਦਰ ਕੌਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜੇਤੂ ਰਹੇ।

## ਡੀ ਬੀ ਯੂ ਵੱਲੋਂ ਆਧੁਨਿਕ ਆਡੀਓ-ਵਿਜ਼ੂਅਲ ਮੀਡੀਆ ਸਟੂਡੀਓ ਦਾ ਉਦਘਾਟਨ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਨੇ ਆਪਣੇ ਮੰਡੀ ਗੋਬਿੰਦਗੜ੍ਹ ਕੈਂਪਸ ਵਿੱਚ ਨਵੇਂ ਆਡੀਓ-ਵਿਜ਼ੂਅਲ ਸਟੂਡੀਓ ਦੇ ਉਦਘਾਟਨ ਨਾਲ ਅਧਿਆਪਨ ਤੇ ਮੀਡੀਆ ਸਮਰੱਥਾਵਾਂ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ।ਇਸ ਸਟੂਡੀਓ ਦਾ ਰਸਮੀ ਉਦਘਾਟਨ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਵੱਲੋਂ ਕੀਤਾ ਗਿਆ।ਇਸ ਮੌਕੇ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀ, ਅਧਿਆਪਕ ਵਰਗ ਤੇ ਵਿਸ਼ੇਸ਼ ਮਹਿਮਾਨ ਹਾਜ਼ਰ ਸਨ।ਇਹ ਨਵੀਂ ਸਹੂਲਤ ਨਵੀਨਤਾ, ਡਿਜੀਟਲ ਸਿੱਖਿਆ ਤੇ ਵਿਦਿਆਰਥੀਆਂ ਅਤੇ ਅਕਾਦਮਿਕ ਸਟਾਫ ਲਈ ਉੱਨਤ ਸੰਚਾਰ ਸਾਧਨਾਂ ਪ੍ਰਤੀ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।ਆਪਣੇ ਸੰਬੋਧਨ ਦੌਰਾਨ ਡਾ. ਜ਼ੋਰਾ ਸਿੰਘ ਨੇ ਉੱਚ ਸਿੱਖਿਆ ਵਿੱਚ ਆਧੁਨਿਕ ਤਕਨੀਕੀ ਢਾਂਚੇ ਦੀ ਅਹਿਮੀਅਤ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਆਡੀਓ-ਵਿਜ਼ੂਅਲ ਸਟੂਡੀਓ ਵਿਦਿਆਰਥੀਆਂ ਨੂੰ ਪ੍ਰਯੋਗਾਤਮਕ ਅਨੁਭਵ ਪ੍ਰਦਾਨ ਕਰੇਗਾ ਅਤੇ ਮੀਡੀਆ ਤੇ ਸੰਚਾਰ ਖੇਤਰ ਵਿੱਚ ਸਿੱਖਣ ਦੇ ਨਵੇਂ ਮੌਕੇ ਉਪਲਬਧ ਕਰਵਾਏਗਾ।ਸਮਾਰੋਹ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਤੇ ਵਾਈਸ-ਚਾਂਸਲਰ ਡਾ. ਹਰਸ਼ ਸਦਾਵਰਤੀ ਸਮੇਤ ਹੋਰ ਮਾਣਯੋਗ ਸ਼ਖ਼ਸੀਅਤਾਂ ਵੀ ਮੌਜੂਦ ਸਨ।ਇਸ ਮੌਕੇ ਸਹਾਇਕ ਨਿਰਦੇਸ਼ਕ (ਮੀਡੀਆ) ਸ੍ਰੀ ਅਵਤਾਰ ਸਿੰਘ ਤੇ ਲੋਕ ਸੰਪਰਕ ਅਧਿਕਾਰੀ ਪਰਮਵੀਰ ਜਨਾਗਲ ਵੀ ਹਾਜ਼ਰ ਸਨ।ਸਮਾਰੋਹ ਦਾ ਸਮਾਪਨ ਪ੍ਰਫਾਰਮਿੰਗ ਆਰਟਸ ਤੇ ਮੀਡੀਆ ਵਿਭਾਗ ਦੀ ਡਾਇਰੈਕਟਰ ਡਾ. ਸੁਰਜੀਤ ਕੌਰ ਪਥੇਜਾ ਵੱਲੋਂ ਧੰਨਵਾਦ ਪ੍ਰਸਤਾਵ ਨਾਲ ਹੋਇਆ।ਉਨ੍ਹਾਂ ਇਸ ਸਹੂਲਤ ਦੀ ਸਥਾਪਨਾ ਵਿੱਚ ਯੋਗਦਾਨ ਪਾਉਣ ਵਾਲਿਆਂ ਦਾ ਵੀ ਦਿਲੋਂ ਧੰਨਵਾਦ ਕੀਤਾ।

## ਕਾਂਗਰਸ ਤੇ 'ਆਪ' ਵਿਚਾਲੇ ਰਹੀ ਸਖ਼ਤ ਟੱਕਰ, 15 ਵਾਰਡਾਂ 'ਚ 66 ਉਮੀਦਵਾਰਾਂ ਦੀ ਕਿਸਮਤ ਦਾ ਹੋਇਆ ਫੈਸਲਾ

**ਭਵਾਨੀਗੜ੍ਹ (ਰਾਜ ਖੁਰਮੀ)**

ਨਗਰ ਕੌਂਸਲ ਚੋਣਾਂ ਦੇ ਨਤੀਜੇ ਸ਼ੁਕਰਵਾਰ ਨੂੰ ਐਲਾਨੇ ਗਏ, ਜਿਸ ਨਾਲ ਸ਼ਹਿਰ ਦੀ ਸਿਆਸਤ ਵਿੱਚ ਨਵੀਂ ਚਰਚਾ ਛਿੜ ਗਈ ਹੈ।15 ਵਾਰਡਾਂ ਵਾਲੀ ਨਗਰ ਕੌਂਸਲ ਲਈ ਕੁੱਲ 66 ਉਮੀਦਵਾਰ ਚੋਣ ਮੈਦਾਨ ਵਿੱਚ ਸਨ ਤੇ ਦਿਨ ਭਰ ਚੱਲੀ ਵੋਟਾਂ ਦੀ ਗਿਣਤੀ ਤੋਂ ਬਾਅਦ ਜੇਤੂ ਉਮੀਦਵਾਰਾਂ ਦੇ ਨਾਂਅ ਸਾਹਮਣੇ ਆਏ।ਨਤੀਜੇ ਐਲਾਨੇ ਜਾਣ ਮਗਰੋਂ ਜੇਤੂ ਉਮੀਦਵਾਰਾਂ ਦੇ ਸਮਰਥਕਾਂ ਵੱਲੋਂ ਢੋਲ-ਨਗਾਰੇ ਵਜਾ ਕੇ, ਲੱਡੂ ਵੰਡ ਕੇ ਅਤੇ ਨਾਅਰੇਬਾਜ਼ੀ ਕਰਕੇ ਖ਼ੁਸ਼ੀ ਮਨਾਈ ਗਈ।ਚੋਣਾਂ ਦੌਰਾਨ ਮੁੱਖ ਤੌਰ 'ਤੇ ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚਾਲੇ ਕੜਾ ਮੁਕਾਬਲਾ ਦੇਖਣ ਨੂੰ ਮਿਲਿਆ, ਜਦਕਿ ਸ਼੍ਰੋਮਣੀ ਅਕਾਲੀ ਦਲ ਨੇ ਵੀ ਆਪਣੀ ਹਾਜ਼ਰੀ ਦਰਜ ਕਰਵਾਈ।

ਚੋਣ ਨਤੀਜਿਆਂ ਅਨੁਸਾਰ ਕਾਂਗਰਸ ਪਾਰਟੀ ਦੇ ਅਮਰਪਾਲ ਸਿੰਘ, ਜਗਤਾਰ ਸਿੰਘ, ਰਜਨੀ ਸ਼ਰਮਾ, ਗੁਰਤੇਜ ਕੌਰ ਕੰਧੋਲਾ, ਬਲਕਾਰ ਸਿੰਘ, ਹਰਪ੍ਰੀਤ ਸਿੰਘ ਬਾਜਵਾ ਅਤੇ ਕਰਮਜੀਤ ਕੌਰ ਜੇਤੂ ਰਹੇ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਜਸਵੀਰ ਕੌਰ ਚਹਿਲ ਨੇ ਵੀ ਜਿੱਤ ਦਰਜ ਕੀਤੀ।ਦੂਜੇ ਪਾਸੇ ਆਮ ਆਦਮੀ ਪਾਰਟੀ ਵੱਲੋਂ ਕਰਮਜੀਤ ਕੌਰ, ਰਾਜ ਨਫ਼ਰੀਆ , ਜਤਿੰਦਰ ਸਿੰਘ ਬਾਜਵਾ, ਹਰਜਿੰਦਰ ਰਾਣੀ, ਬਿੰਦਰੋ ਦੇਵੀ, ਹਨੀ ਗੁਪਤਾ ਅਤੇ ਅਵਤਾਰ ਸਿੰਘ ਤਾਰੀ ਨੇ ਆਪਣੇ ਵਿਰੋਧੀਆਂ ਨੂੰ ਹਰਾ ਕੇ ਜਿੱਤ ਆਪਣੇ ਨਾਂਅ ਕੀਤੀ।ਇਸ ਚੋਣ ਵਿੱਚ ਜਤਿੰਦਰ ਸਿੰਘ ਬਾਜਵਾ ਦੀ ਜਿੱਤ ਖਾਸ ਚਰਚਾ ਦਾ ਵਿਸ਼ਾ ਬਣੀ ਰਹੀ।ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਰਹੇ ਬਾਜਵਾ ਦੀ ਸ਼ਹਿਰ ਵਿੱਚ ਮਜ਼ਬੂਤ ਪਕੜ ਮੰਨੀ ਜਾਂਦੀ ਹੈ ਤੇ ਉਨ੍ਹਾਂ ਦੀ ਜਿੱਤ ਨੂੰ ਸਿਆਸੀ ਤੌਰ 'ਤੇ ਅਹਿਮ ਮੰਨਿਆ ਜਾ ਰਿਹਾ ਹੈ।ਚੋਣ ਨਤੀਜਿਆਂ ਤੋਂ ਬਾਅਦ ਸ਼ਹਿਰ ਵਿੱਚ ਸਿਆਸੀ ਸਰਗਰਮੀਆਂ ਹੋਰ ਤੇਜ਼ ਹੋ ਗਈਆਂ ਹਨ।ਹਲਕਾ ਵਿਧਾਇਕ ਬੀਬੀ ਨਰਿੰਦਰ ਕੌਰ ਭਰਾਜ, ਕਾਂਗਰਸ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਵਿਜੇਇੰਦਰ ਸਿੰਗਲਾ, ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਰਵਿੰਦ ਖੰਨਾ ਅਤੇ ਹੋਰ ਸਿਆਸੀ ਆਗੂਆਂ ਵੱਲੋਂ ਜੇਤੂ ਉਮੀਦਵਾਰਾਂ ਨੂੰ ਵਧਾਈਆਂ ਦੇਣ ਦਾ ਸਿਲਸਿਲਾ ਜਾਰੀ ਹੈ।

## ਪ੍ਰੋਫੈਸਰ ਉਂਕਾਰ ਸਿੰਘ ਨੇ ਨਗਰ ਕੌਂਸਲ ਚੋਣਾਂ 'ਚ ਨਤੀਜਿਆਂ ਬਦਲੇ ਪ੍ਰਸ਼ਾਸਨ ਨੂੰ ਦਿੱਤੀ ਮੁਬਾਰਕਬਾਦ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਨੇ ਐਲਾਨੇ ਗਏ ਨਗਰ ਕੌਂਸਲ ਚੋਣਾਂ ਦੇ ਨਤੀਜਿਆਂ 'ਤੇ ਆਪਣਾ ਤਿੱਖਾ ਤੇ ਸਿਆਸੀ ਪ੍ਰਤੀਕਰਮ ਦਿੰਦਿਆਂ ਪ੍ਰਸ਼ਾਸਨ 'ਤੇ ਵਿਅੰਗ ਕਰਦਿਆਂ ਉਨ੍ਹਾਂ ਨੂੰ ਇਸ ਜਿੱਤ ਦੀ ਮੁਬਾਰਕਬਾਦ ਦਿੱਤੀ।ਉਨ੍ਹਾਂ ਬੇਬਾਕੀ ਨਾਲ ਕਿਹਾ ਕਿ ਇਹ ਚੋਣ ਮੁਕਾਬਲਾ ਅਸਲ ਵਿੱਚ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਵਿਚਕਾਰ ਨਹੀਂ ਸੀ, ਸਗੋਂ ਇਹ ਸਿੱਧੀ ਟੱਕਰ ਭਾਜਪਾ ਬਨਾਮ ਧੂਰੀ ਪ੍ਰਸ਼ਾਸਨ ਸੀ, ਜਿਸ ਵਿੱਚ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਕੇ ਪ੍ਰਸ਼ਾਸਨ ਨੇ ਇਹ ਚੋਣ ਜਿੱਤ ਲਈ ਹੈ।ਪ੍ਰੋ. ਉਂਕਾਰ ਸਿੰਘ ਸਿੱਧੂ ਨੇ ਸੱਤਾਧਾਰੀ ਧਿਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਨੇ ਆਪਣੀ ਨੈਤਿਕ ਹਾਰ ਉਸੇ ਦਿਨ ਹੀ ਪ੍ਰਵਾਨ ਕਰ ਲਈ ਸੀ, ਜਿਸ ਦਿਨ ਭਾਜਪਾ ਦੇ ਮਜ਼ਬੂਤ ਤੇ ਜੇਤੂ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਗੈਰ-ਕਾਨੂੰਨੀ ਤਰੀਕੇ ਨਾਲ ਰੱਦ ਕਰਾਏ ਗਏ ਸਨ।

ਉਨ੍ਹਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਹਾਰ ਦੇ ਡਰੋਂ ਬੁਖ਼ਲਾਹਟ ਵਿੱਚ ਆ ਗਈ ਸੀ, ਜਿਸ ਕਾਰਨ ਲੋਕਤੰਤਰ ਦਾ ਘਾਣ ਕਰਕੇ ਪ੍ਰਸ਼ਾਸਨਿਕ ਤਸ਼ੱਦਦ ਦਾ ਸਹਾਰਾ ਲਿਆ ਗਿਆ।ਇਸ ਦੇ ਬਾਵਜੂਦ ਭਾਜਪਾ ਦੇ ਨਿਡਰ ਵਰਕਰਾਂ ਤੇ ਉਮੀਦਵਾਰਾਂ ਨੇ ਸਰਕਾਰੀ ਜਬਰ ਦੇ ਸਾਹਮਣੇ ਗੋਡੇ ਨਹੀਂ ਟੇਕੇ ਤੇ ਡਟ ਕੇ ਮੁਕਾਬਲਾ ਕੀਤਾ।ਭਾਜਪਾ ਆਗੂ ਨੇ ਸੱਤਾਧਾਰੀ ਧਿਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਮੌਜੂਦਾ ਸਰਕਾਰ ਦੀਆਂ ਇਹ ਧਮਕੀਆਂ, ਧੱਕੇਸ਼ਾਹੀਆਂ ਤੇ ਵਧੀਕੀਆਂ ਲੰਮਾ ਸਮਾਂ ਨਹੀਂ ਚੱਲਣਗੀਆਂ।ਉਨ੍ਹਾਂ ਦਾਅਵਾ ਕੀਤਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਸੂਝਵਾਨ ਲੋਕ ਇਸ ਪ੍ਰਸ਼ਾਸਨਿਕ ਜਬਰ ਅਤੇ ਸਿਆਸੀ ਬਦਲਾਖੋਰੀ ਦਾ ਮੂੰਹ-ਤੋੜ ਜਵਾਬ ਦੇਣਗੇ।

## ਪੰਜਾਬ 'ਚ ਰਾਣਾ ਗੁਰਜੀਤ ਸਿੰਘ ਦੀ ਅਗਵਾਈ 'ਚ ਆ ਸਕਦੀ ਹੈ ਕਾਂਗਰਸ ਸਰਕਾਰ : ਕਾਸਾਬਾਦ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਸਕੱਤਰ ਇੰਦਰਜੀਤ ਸਿੰਘ ਕਾਸਾਬਾਦ ਨੇ ਕਿਹਾ ਕਿ ਜੇਕਰ ਕਾਂਗਰਸ ਪਾਰਟੀ ਸੂਬੇ ਵਿੱਚ ਸੱਤਾ ਹਾਸਲ ਕਰਨਾ ਚਾਹੁੰਦੀ ਹੈ ਤਾਂ ਰਾਣਾ ਗੁਰਜੀਤ ਸਿੰਘ ਹੱਥ ਕਮਾਂਡ ਸੌਂਪਣੀ ਪਵੇਗੀ। ਉਨ੍ਹਾਂ ਕਿਹਾ ਕਿ ਕਿ ਰਾਣਾ ਗੁਰਜੀਤ ਸਿੰਘ ਚੜ੍ਹਦੀ ਕਲਾ 'ਚ ਰਹਿਣ ਵਾਲੇ ਆਗੂ ਹਨ ਤੇ ਪੰਜਾਬ ਦੇ ਲੋਕ ਉਨ੍ਹਾਂ ਨੂੰ ਪਸੰਦ ਕਰਦੇ ਹਨ। ਉਨ੍ਹਾਂ ਕਿਹਾ ਕਿ ਰਾਣਾ ਇੱਕ ਸਫਲ ਇੰਡਸਟਰੀਲਿਸਟ, ਸਫਲ ਕਿਸਾਨ ਤੇ ਸਫਲ ਆਗੂ ਹਨ, ਜਿਹੜੇ ਹਰ ਵਰਗ ਦੀਆਂ ਮੁਸ਼ਕਲਾਂ ਤੇ ਉਨ੍ਹਾਂ ਦਾ ਹੱਲ ਕਰਨ ਬਾਰੇ ਜਾਣਦੇ ਹਨ। ਸਾਬਕਾ ਸਕੱਤਰ ਕਾਸਾਬਾਦ ਨੇ ਕਿਹਾ ਕਿ ਸੂਬੇ ਦੇ ਲੋਕ ਇੱਕ ਧਾਕੜ ਲੀਡਰ ਦੀ ਅਗਵਾਈ ਚਾਹੁੰਦੇ ਹਨ, ਜਿਹੜਾ ਕੇਂਦਰ ਸਰਕਾਰ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਸੂਬੇ ਦੇ ਪਾਣੀਆਂ ਰਾਜਧਾਨੀ ਤੇ ਪੰਜਾਬੀ ਬੋਲੀ ਦੀ ਗੱਲ ਕਰ ਸਕੇ। ਉਨ੍ਹਾਂ ਕਿਹਾ ਕਿ ਰਾਣਾ ਗੁਰਜੀਤ ਸਿੰਘ ਇਕ ਧਾਕੜ ਆਗੂ ਹਨ, ਜਿਨ੍ਹਾਂ ਨੇ 'ਆਪ' ਦੀ ਹਨੇਰੀ ਵਿੱਚ ਖੁਦ ਆਪਣੀ ਸੀਟ ਜਿੱਤੀ ਤੇ ਆਪਣੇ ਸਪੁੱਤਰ ਨੂੰ ਵੀ ਆਜ਼ਾਦ ਜਿਤਾਇਆ। ਇਸ ਤੋਂ ਇਲਾਵਾ ਜਦੋਂ ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਚੋਣਾਂ ਤੋਂ ਬਾਅਦ ਨਗਰ ਕੌਂਸਲ ਚੋਣਾਂ ਹੋਈਆਂ ਹਨ ਤਾਂ ਦੋਵਾਂ ਪਿਓ-ਪੁੱਤਾਂ ਨੇ ਕਪੂਰਥਲਾ ਤੇ ਸੁਲਤਾਨਪੁਰ ਲੋਧੀ 'ਚ ਜਿੱਤ ਦੇ ਝੰਡੇ ਗੱਡੇ ਹਨ। ਉਨ੍ਹਾਂ ਕਿਹਾ ਕਿ ਹਲਕਾ ਸਾਹਨੇਵਾਲ ਅੰਦਰ ਆਪਣੀ ਕਿਰਤ ਕਮਾਈ 'ਚੋਂ ਸ਼ਗਨ ਸਕੀਮ ਚਲਾਈ ਸੀ, ਪਰ ਹੁਣ ਵੀ ਉਹ ਤਿਆਰ ਹਨ ਕਿ ਜੇਕਰ ਕਾਂਗਰਸ ਪਾਰਟੀ ਉਨ੍ਹਾਂ ਨੂੰ ਕੋਈ ਜ਼ਿੰਮੇਵਾਰੀ ਸੌਂਪੇ ਤਾਂ ਉਹ ਮੁੜ ਤੋਂ ਸਕੀਮ ਸ਼ੁਰੂ ਕਰ ਦੇਣਗੇ।

## ਵਾਰਡ ਨੰਬਰ 4 ਤੋਂ ਕਪਿਲ ਮਹਿਤਾ ਦੀ ਸ਼ਾਨਦਾਰ ਜਿੱਤ, ਸ਼ਹਿਰ ਵਾਸੀਆਂ ਦਾ ਕੀਤਾ ਧੰਨਵਾਦ



**ਕੋਟ ਈਸੇ ਖਾਂ (ਅਰੋੜਾ)**-ਨਗਰ ਪੰਚਾਇਤ ਚੋਣਾਂ ਵਿੱਚ ਵਾਰਡ ਨੰਬਰ 4 ਤੋਂ ਉਮੀਦਵਾਰ ਕਪਿਲ ਮਹਿਤਾ ਦੀ ਸ਼ਾਨਦਾਰ ਜਿੱਤ ਕਾਰਨ ਸਮਰਥਕਾਂ ਤੇ ਸ਼ਹਿਰ ਵਾਸੀਆਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ।ਜਿੱਤ ਦੇ ਐਲਾਨ ਤੋਂ ਬਾਅਦ ਸਮਰਥਕਾਂ ਵੱਲੋਂ ਢੋਲ ਨਾਲ ਖ਼ੁਸ਼ੀ ਮਨਾਈ ਗਈ ਤੇ ਕਪਿਲ ਮਹਿਤਾ ਨੂੰ ਫੁੱਲਾਂ ਤੇ ਨੋਟਾਂ ਦੇ ਹਾਰ ਪਾ ਕੇ ਵਧਾਈ ਦਿੱਤੀ ਗਈ।ਇਸ ਮੌਕੇ ਕਪਿਲ ਮਹਿਤਾ ਨੇ ਵਾਰਡ ਨਿਵਾਸੀਆਂ ਤੇ ਸਮੂਹ ਸ਼ਹਿਰ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਲੋਕਾਂ ਵੱਲੋਂ ਦਿੱਤਾ ਗਿਆ ਇਹ ਮਾਣ ਤੇ ਭਰੋਸਾ ਉਹ ਕਦੇ ਨਹੀਂ ਭੁੱਲਣਗੇ।ਉਨ੍ਹਾਂ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਵਾਰਡ ਦੇ ਵਿਕਾਸ, ਸਫਾਈ ਪ੍ਰਬੰਧ, ਗਲੀਆਂ-ਨਾਲੀਆਂ, ਸਟਰੀਟ ਲਾਈਟਾਂ ਤੇ ਹੋਰ ਬੁਨਿਆਦੀ ਸਹੂਲਤਾਂ ਨੂੰ ਲੈ ਕੇ ਜੋ ਵੀ ਵਾਅਦੇ ਕੀਤੇ ਗਏ ਹਨ, ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਜਲਦ ਪੂਰਾ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਵਾਰਡ ਨੰਬਰ 4 ਦੇ ਵਿਕਾਸ ਲਈ ਹਰ ਸਮੇਂ ਲੋਕਾਂ ਵਿਚ ਰਹਿ ਕੇ ਕੰਮ ਕੀਤਾ ਜਾਵੇਗਾ ਤੇ ਕਿਸੇ ਵੀ ਵਿਅਕਤੀ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।ਕਪਿਲ ਮਹਿਤਾ ਨੇ ਕਿਹਾ ਕਿ ਇਹ ਜਿੱਤ ਸਿਰਫ਼ ਉਨ੍ਹਾਂ ਦੀ ਨਹੀਂ, ਸਗੋਂ ਸਮੂਹ ਵਾਰਡ ਵਾਸੀਆਂ ਦੀ ਜਿੱਤ ਹੈ, ਜਿਨ੍ਹਾਂ ਨੇ ਉਨ੍ਹਾਂ 'ਤੇ ਵਿਸ਼ਵਾਸ ਜਤਾਇਆ ਹੈ।ਇਸ ਮੌਕੇ ਵੱਡੀ ਗਿਣਤੀ ਵਿੱਚ ਸਮਰਥਕ, ਪਾਰਟੀ ਵਰਕਰ ਤੇ ਇਲਾਕਾ ਨਿਵਾਸੀ ਹਾਜ਼ਰ ਸਨ, ਜਿਨ੍ਹਾਂ ਨੇ ਕਪਿਲ ਮਹਿਤਾ ਦੀ ਜਿੱਤ ਨੂੰ ਵਿਕਾਸ ਤੇ ਲੋਕ ਭਲਾਈ ਦੀ ਜਿੱਤ ਕਰਾਰ ਦਿੱਤਾ।

## ਚਿੰਤਪੁਰਨੀ ਧਾਮ ਵਿਖੇ ਵਿਸ਼ਾਲ ਭੰਡਾਰਾ ਅੱਜ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਂ ਵੈਸ਼ਨੋ ਭਜਨ ਮੰਡਲੀ ਰਾਮਪੁਰਾ ਫੂਲ ਵੱਲੋਂ ਸਮੂਹ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਮਾਂ ਸ੍ਰੀ ਚਿੰਤਪੁਰਨੀ ਧਾਮ ਵਿਖੇ 10ਵਾਂ ਵਿਸ਼ਾਲ ਭੰਡਾਰਾ 31 ਮਈ ਨੂੰ ਭਦੌੜ ਵਾਲਿਆਂ ਦੀ ਧਰਮਸ਼ਾਲਾ ਵਿਖੇ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਪਰਵੀਨ ਕੁਮਾਰ (ਹੈਪੀ) ਨੇ ਦੱਸਿਆ ਕਿ ਇਸ ਭੰਡਾਰੇ ਲਈ ਵੱਡੀ ਗਿਣਤੀ ਵਿੱਚ ਸ਼ਰਧਾਲੂ ਬੱਸ ਰਾਹੀਂ ਪੁਰਾਣਾ ਦੁਰਗਾ ਮੰਦਰ ਵਿੱਚੋਂ ਆਰਤੀ ਕਰਨ ਉਪਰੰਤ ਚਿੰਤਪੁਰਨੀ ਧਾਮ ਲਈ ਰਵਾਨਾ ਹੋਏ।ਬੱਸ ਨੂੰ ਝੰਡੀ ਦੀ ਰਸਮ ਉੱਘੇ ਸਮਾਜ ਸੇਵੀ ਕੁਲਦੀਪ ਗਰਗ (ਕਾਲਾ ਰਾਈਆ) ਨੇ ਨਿਭਾਈ।ਮਾਂ ਵੈਸ਼ਨੋ ਭਜਨ ਮੰਡਲੀ ਵੱਲੋਂ ਇਸ ਮੌਕੇ ਕਾਲਾ ਰਾਈਆ ਨੂੰ ਸਨਮਾਨ ਚਿੰਨ੍ਹ ਭੇਟ ਦੇ ਕੇ ਸਨਮਾਨਤ ਕੀਤਾ ਗਿਆ।ਇਸ ਭੰਡਾਰੇ ਲਈ ਜੈ ਸ਼ਕਤੀ ਸੇਵਾ ਦਲ, ਸ੍ਰੀ ਸ਼ਿਵ ਸ਼ਕਤੀ ਕਾਵੜ ਸੰਘ ਤੇ ਸ੍ਰੀ ਰਾਧਾ ਕ੍ਰਿਸ਼ਨ ਮਹਿਲਾ ਕੀਰਤਨ ਮੰਡਲ ਦਾ ਵਿਸ਼ੇਸ਼ ਸਹਿਯੋਗ ਹੈ।ਇਸ ਮੌਕੇ ਭਜਨ ਮੰਡਲੀ ਦੇ ਸਮੂਹ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

## ਸੱਤਾਧਾਰੀਆਂ ਨੇ ਨਗਰ ਕੌਂਸਲ ਚੋਣਾਂ 'ਚ ਲੋਕਾਂ ਦੇ ਫ਼ਤਵੇ ਦੀ ਲੁੱਟ ਕੀਤੀ : ਗੋਲਡੀ ਖੰਗੂੜਾ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਨਗਰ ਕੌਂਸਲ ਚੋਣਾਂ ਦੇ ਨਤੀਜਿਆਂ ਤੋਂ ਤੁਰੰਤ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਸੱਤਾਧਾਰੀ ਧਿਰ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਕਾਂਗਰਸ ਪਾਰਟੀ ਦੇ ਉਮੀਦਵਾਰ ਸਰਕਾਰੀ ਤੰਤਰ ਤੇ ਸੱਤਾਧਾਰੀਆਂ ਦੇ ਅੰਨ੍ਹੇ ਧੱਕੇ ਦੇ ਸਾਹਮਣੇ ਚਟਾਨ ਵਾਂਗ ਅਡੋਲ ਖੜ੍ਹੇ ਰਹੇ। ਉਨ੍ਹਾਂ ਮੁੱਖ ਮੰਤਰੀ 'ਤੇ ਤਨਜ਼ ਕੱਸਦਿਆਂ ਕਿਹਾ ਕਿ ਧੂਰੀ ਦੀਆਂ ਚੋਣਾਂ ਵਿੱਚ 'ਸਾਮ, ਦਾਮ, ਦੰਡ, ਭੇਦ' ਦੀ ਨੀਤੀ ਨੂੰ ਇੰਨ-ਬਿੰਨ ਲਾਗੂ ਕੀਤਾ ਗਿਆ ਹੈ ਅਤੇ ਵਿਰੋਧੀਆਂ ਨੂੰ ਦਬਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਗਈ।

ਗੋਲਡੀ ਖੰਗੂੜਾ ਨੇ ਪ੍ਰਸ਼ਾਸਨਕ ਕਾਰਵਾਈ 'ਤੇ ਗੰਭੀਰ ਸਵਾਲ ਚੁੱਕਦਿਆਂ ਦੋਸ਼ ਲਾਇਆ ਕਿ ਚੋਣ ਪ੍ਰਕਿਰਿਆ ਦੌਰਾਨ ਕਾਂਗਰਸੀ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਬਿਨਾਂ ਕਿਸੇ ਠੋਸ ਵਜ੍ਹਾ ਦੇ ਰੱਦ ਕੀਤੀਆਂ ਗਈਆਂ।ਇਸ ਤੋਂ ਇਲਾਵਾ, ਤਿੰਨ ਉਮੀਦਵਾਰਾਂ ਦੇ ਕਾਗਜ਼ ਜਬਰਨ ਵਾਪਸ ਕਰਵਾਏ ਗਏ। ਉਨ੍ਹਾਂ ਹਾਲਾਤ ਬਿਆਨ ਕਰਦਿਆਂ ਕਿਹਾ ਕਿ ਨਗਰ ਕੌਂਸਲ ਦੇ ਮੀਤ ਪ੍ਰਧਾਨ ਦੇ ਪੁੱਤਰ ਸਮੇਤ ਕਾਂਗਰਸ ਦੇ ਸਥਾਨਕ ਵਰਕਰਾਂ ਨੂੰ ਧੱਕੇ ਨਾਲ ਥਾਣੇ ਡੱਕਿਆ ਗਿਆ, ਜਦੋਂ ਕਿ ਹਲਕੇ ਤੋਂ ਬਾਹਰੀ ਅਨਸਰਾਂ ਨੂੰ ਸ਼ਹਿਰ ਵਿੱਚ ਸ਼ਰੇਆਮ ਗੁੰਡਾਗਰਦੀ ਕਰਨ ਦੀ ਪੂਰੀ ਖੁੱਲ੍ਹ ਦਿੱਤੀ ਗਈ।ਉਨ੍ਹਾਂ ਸਥਾਨਕ ਪ੍ਰਸ਼ਾਸਨ ਦੀ ਭੂਮਿਕਾ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਅਧਿਕਾਰੀਆਂ ਨੇ ਮੁੱਖ ਮੰਤਰੀ ਦੇ ਇਸ਼ਾਰਿਆਂ 'ਤੇ ਪਹਿਰਾ ਦਿੰਦਿਆਂ ਜੁਝਾਰੂ ਲੋਕਾਂ ਨੂੰ ਹਰਾਉਣ ਵਿੱਚ ਵੱਡਾ ਰੋਲ ਅਦਾ ਕੀਤਾ।ਸਾਬਕਾ ਵਿਧਾਇਕ ਨੇ ਚੇਤਾਵਨੀ ਦਿੱਤੀ ਕਿ ਸੱਤਾਧਾਰੀਆਂ ਵੱਲੋਂ ਪਾਈ ਗਈ ਇਹ ਮਾੜੀ ਪਿਰਤ ਆਉਣ ਵਾਲੀਆਂ ਸਰਕਾਰਾਂ ਨੂੰ ਵੀ ਅਜਿਹਾ ਕਰਨ ਲਈ ਮਜਬੂਰ ਕਰੇਗੀ।ਉਨ੍ਹਾਂ ਕਿਹਾ ਕਿ ਇਹ ਚੋਣ ਲੋਕਤੰਤਰੀ ਤਰੀਕੇ ਨਾਲ ਜਿੱਤੀ ਨਹੀਂ ਗਈ, ਸਗੋਂ ਜਨਤਾ ਦੇ ਫ਼ਤਵੇ ਨੂੰ ਲੁੱਟਿਆ ਗਿਆ ਹੈ।ਉਨ੍ਹਾਂ ਦਾਅਵਾ ਕੀਤਾ ਕਿ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇੱਥੋਂ ਦੇ ਸੂਝਵਾਨ ਲੋਕ ਇਸ ਧੱਕੇਸ਼ਾਹੀ ਦਾ ਜਵਾਬ ਵੋਟ ਦੀ ਚੋਟ ਨਾਲ ਦੇਣਗੇ।ਇਸ ਮੌਕੇ ਉਨ੍ਹਾਂ ਨਾਲ ਗੁਰਬਖਸ਼ ਸਿੰਘ ਗੁੱਡੂ, ਹੰਸ ਰਾਜ ਗੁਪਤਾ, ਸਤਵਿੰਦਰ ਸਿੰਘ ਸਿੰਦੀ ਤੇ ਸਾਬਕਾ ਫੌਜੀ ਮਹਾਂਵੀਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।


## ਝਾੜ ਸਾਹਿਬ ਕਾਲਜ ਵਿਖੇ ਖੇਡ ਟਰਾਇਲ ਕਰਵਾਏ



**ਸਮਰਾਲਾ/ਮਾਛੀਵਾੜਾ ਸਾਹਿਬ (ਸੁਰਜੀਤ ਸਿੰਘ/ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਸ ਪੇਂਡੂ ਇਲਾਕੇ ਵਿੱਚ ਲੜਕੀਆਂ ਦੀ ਪੜ੍ਹਾਈ ਲਈ ਇੱਕੋ ਇੱਕ ਨਾਮਵਰ ਵਿੱਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਵਿਖੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਰਹਿਨੁਮਾਈ ਤੇ ਰਣਬੀਰ ਸਿੰਘ ਸੋਮਲ ਦੀ ਅਗਵਾਈ ਹੇਠ ਇੱਕ ਰੋਜ਼ਾ ਖੇਡ ਟਰਾਇਲ ਕਰਵਾਏ ਗਏ, ਜਿਨ੍ਹਾਂ ਵਿੱਚ ਵਾਲੀਬਾਲ, ਅਥਲੈਟਿਕਸ, ਖੋ-ਖੋ, ਰੱਸਾਕੱਸੀ, ਰੈਸਲਿੰਗ, ਬਾਸਕਿਟਬਾਲ, ਫੁੱਟਬਾਲ, ਵਿਮੈਨ ਕ੍ਰਿਕਟ, ਬੇਸਬਾਲ, ਤਾਇਕਵਾਂਡੋ, ਬੈਡਮਿੰਟਨ, ਕਬੱਡੀ ਦੇ ਟਰਾਇਲ ਲਏ ਗਏ।ਇਸ ਵਿੱਚ ਇਲਾਕੇ ਦੀਆਂ ਲੜਕੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਕਿਹਾ ਕਿ ਝਾੜ ਸਾਹਿਬ ਕਾਲਜ ਪੜ੍ਹਾਈ ਦੇ ਨਾਲ-ਨਾਲ ਵਿੱਦਿਆਰਥਣਾਂ ਦੇ ਸਰਵਪੱਖੀ ਵਿਕਾਸ ਲਈ ਲਗਾਤਰ ਯਤਨਸ਼ੀਲ ਰਹਿੰਦਾ ਹੈ, ਜਿਸ ਲਈ ਸਮੇਂ-ਸਮੇਂ 'ਤੇ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡ ਟਰਾਇਲਾਂ ਦਾ ਮੁੱਖ ਉਦੇਸ਼ ਨਵੀਆਂ ਵਿਦਿਆਰਥਣਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਹੈ ਅਤੇ ਪ੍ਰਤਿਭਾਸ਼ਾਲੀ ਖਿਡਾਰਨਾਂ ਨੂੰ ਫੀਸ ਵਿੱਚ ਰਿਆਇਤਾਂ ਤੇ ਹੋਰ ਸਹੂਲਤਾਂ ਪ੍ਰਦਾਨ ਕਰਨਾ ਹੈ ਤਾਂ ਜੋ ਭਵਿੱਖ ਵਿੱਚ ਕੁਸ਼ਲ ਖਿਡਾਰੀ ਸਿੱਖਿਆ ਪ੍ਰਾਪਤ ਕਰ ਸਕਣ।ਇਹ ਟਰਾਇਲ ਫਿਜੀਕਲ ਐਜੂਕੇਸ਼ਨ ਵਿਭਾਗ ਦੇ ਮੁੱਖੀ ਪ੍ਰੋ. ਰਣਬੀਰ ਸਿੰਘ ਸੋਮਲ, ਕੇਸਰ ਸਿੰਘ ਵਾਲੀਬਾਲ ਕੋਚ, ਰਾਣਾ ਓਮਵੀਰ ਸਿੰਘ ਬਾਸਕਿਟਬਾਲ ਕੋਚ, ਬੀਬੀ ਰਜਿੰਦਰ ਕੌਰ ਕਬੱਡੀ ਕੋਚ ਦੀ ਦੇਖ-ਰੇਖ ਵਿੱਚ ਕਰਵਾਏ ਗਏ।ਜ਼ਿਕਰਯੋਗ ਹੈ ਕਿ ਕਾਲਜ ਦੀਆਂ ਵਿਦਿਆਰਥਣਾਂ ਨੇ ਖੇਡ ਗਤੀਵਿਧੀਆਂ ਵਿੱਚ ਮਹੱਤਵਪੂਰਨ ਪ੍ਰਾਪਤੀਆਂ ਕਰਕੇ ਸੰਸਥਾ ਦਾ ਨਾਮ ਰੋਸ਼ਨ ਕੀਤਾ ਹੈ।ਪ੍ਰੋ. ਰਣਬੀਰ ਸਿੰਘ ਨੇ ਦੱਸਿਆ ਕਿ ਇਸ ਟਰਾਇਲ ਵਿੱਚੋਂ ਚੁਣੀਆਂ ਖਿਡਾਰਨਾਂ ਨੂੰ ਆਉਣ ਵਾਲੇ ਜ਼ਿਲ੍ਹਾ, ਇੰਟਰ ਕਾਲਜ ਤੇ ਯੂਨੀਵਰਸਿਟੀ ਪੱਧਰ ਦੇ ਖੇਡ ਮੁਕਾਬਲਿਆਂ ਵਿੱਚ ਕਾਲਜ ਦੀ ਨੁਮਾਇੰਦਗੀ ਕਰਨ ਦਾ ਮੌਕਾ ਵੀ ਮਿਲੇਗਾ।ਇਹ ਚੋਣ ਪ੍ਰਕਿਰਿਆ ਖਿਡਾਰੀਆਂ ਦੀ ਪ੍ਰਤਿਭਾ ਦੀ ਪਰਖ ਤੇ ਉਨ੍ਹਾਂ ਦੀ ਖੇਡ ਪ੍ਰਤੀ ਰੁਚੀ ਨੂੰ ਪ੍ਰਫੁਲਤ ਕਰਨ ਵਿੱਚ ਸਹਾਈ ਹੋਣਗੇ।ਕਾਲਜ ਦੀ ਲੋਕਲ ਮੈਨੇਜਮੈਂਟ ਕਮੇਟੀ ਵੱਲੋਂ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ।

## ਜ਼ਿਲ੍ਹੇ ਦੇ ਮੁੱਖ ਸੇਵਾ ਕੇਂਦਰ 'ਚ ਭਰਤੀ ਲਈ 3 ਨੂੰ ਲੱਗੇਗਾ ਸੂਬਾ ਪੱਧਰੀ 'ਨੌਕਰੀ ਮੇਲਾ'

### ਬੀ ਏ ਪਾਸ ਨੌਜਵਾਨਾਂ ਲਈ ਸੁਨਹਿਰੀ ਮੌਕਾ : ਪ੍ਰੋਜੈਕਟ ਹੈੱਡ ਪ੍ਰਭਜੋਤ ਸਿੰਘ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਬਿਹਤਰ ਅਵਸਰ ਪ੍ਰਦਾਨ ਕਰਨ ਤੇ ਸਰਕਾਰੀ ਸੇਵਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਵਾਲੇ 'ਸੇਵਾ ਕੇਂਦਰਾਂ' ਦੇ ਕੰਮਕਾਜ ਨੂੰ ਵਧੇਰੇ ਚੁਸਤ-ਦਰੁਸਤ ਬਣਾਉਣ ਲਈ ਇੱਕ ਅਹਿਮ ਪਹਿਲਕਦਮੀ ਕੀਤੀ ਗਈ ਹੈ।ਸੇਵਾ ਕੇਂਦਰਾਂ ਦੇ ਪੰਜਾਬ ਪ੍ਰੋਜੈਕਟ ਹੈੱਡ ਸ੍ਰੀ ਪ੍ਰਭਜੋਤ ਸਿੰਘ ਨੇ ਦੱਸਿਆ ਕਿ ਪੰਜਾਬ ਭਰ ਦੇ ਸੇਵਾ ਕੇਂਦਰਾਂ ਵਿੱਚ 3 ਜੂਨ ਬੁੱਧਵਾਰ ਨੂੰ ਸੂਬਾ ਪੱਧਰੀ 'ਨੌਕਰੀ ਮੇਲਾ' ਲਗਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਕੰਪਿਊਟਰ ਆਪ੍ਰੇਟਰਾਂ ਦੀ ਭਰਤੀ ਲਈ 3 ਜੂਨ 2026 ਨੂੰ ਪੂਰੇ ਪੰਜਾਬ ਦੇ ਡੀ. ਸੀ. ਦਫਤਰਾਂ ਵਿਖੇ ਸਥਿਤ ਮੁੱਖ ਸੇਵਾ ਕੇਂਦਰਾਂ ਵਿੱਚ ਡਾਟਾ ਆਪ੍ਰੇਟਰਾਂ ਦੀ ਭਰਤੀ ਕਰਨ ਲਈ ਨੌਕਰੀ ਮੇਲਾ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਲਗਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੇ ਵਧੀਆ ਵਸੀਲੇ ਪੈਦਾ ਕੀਤੇ ਜਾ ਰਹੇ ਹਨ, ਇਸ ਲਈ ਕੰਪਿਊਟਰ ਦੀ ਵਧੀਆ ਜਾਣਕਾਰੀ ਰੱਖਣ ਵਾਲੇ ਬੀ. ਏ. ਪਾਸ 120 ਘੰਟੇ ਦੇ ਕੰਪਿਊਟਰ ਕੋਰਸ ਤੇ 30 ਸ਼ਬਦ ਟਾਈਪ ਕਰਨ ਦੀ ਸਪੀਡ ਰੱਖਣ ਵਾਲੇ ਨੌਜਵਾਨਾਂ ਲਈ ਇਹ ਇਕ ਵਧੀਆ ਵਿਕਲਪ ਹੈ।ਚਾਹਵਾਨ ਨੌਜਵਾਨ 3 ਜੂਨ ਬੁੱਧਵਾਰ ਨੂੰ ਆਪੋ ਆਪਣੇ ਪੜ੍ਹਾਈ ਤੇ ਰਿਹਾਇਸ਼ੀ ਪਹਿਚਾਣ ਪੱਤਰ ਸਮੇਤ ਇੰਟਰਵਿਊ ਲਈ ਹਰ ਜ਼ਿਲ੍ਹੇ ਦੇ ਡੀ. ਸੀ. ਕੰਪਲੈਕਸ 'ਚ ਸਥਿਤ ਸੇਵਾ ਕੇਂਦਰ 'ਚ ਇੰਟਰਵਿਊ ਲਈ ਆ ਸਕਦੇ ਹਨ ਤੇ ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 95305-40651 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਅਕਾਲੀ ਦਲ ਤੇ ਅਜ਼ਾਦ ਕੌਂਸਲਰ ਸ਼ਹਿਰ ਵਾਸੀਆਂ ਦੀ ਪਹਿਲੀ ਪਸੰਦ ਬਣੇ

- ਸ਼੍ਰੋ ਅ ਦ ਦੇ ਪਤੀ-ਪਤਨੀ ਜੇਤੂ, ਕਾਂਗਰਸ ਦਾ ਪੁੱਤ ਹਾਰਿਆ, ਮਾਂ ਜਿੱਤੀ



**ਬੁਢਲਾਡਾ (ਅਸ਼ੋਕ ਲਾਕੜਾ)**-ਨਗਰ ਕੌਂਸਲ ਚੋਣਾਂ ਦੇ ਐਲਾਨੇ ਨਤੀਜਿਆਂ 'ਚ ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਅਜ਼ਾਦ ਹਮਾਇਤੀ ਉਮੀਦਵਾਰਾਂ ਦਾ ਪੱਲੜਾ ਭਾਰੀ ਰਿਹਾ।ਖਚਾਖਚ ਭਰੇ ਗਿਣਤੀ ਕੇਂਦਰ 'ਚ ਹਮਾਇਤੀਆਂ ਨਾਲ ਜੁਟੇ ਉਮੀਦਵਾਰਾਂ ਨੇ ਗੁਲਾਲ ਨਾਲ ਜਿੱਤ ਦਾ ਜਸ਼ਨ ਮਨਾਇਆ।ਸ਼੍ਰੋਮਣੀ ਅਕਾਲੀ ਦਲ ਦੇ ਵਾਰਡ 3 ਤੋਂ ਪਰਮਜੀਤ ਕੌਰ, ਵਾਰਡ ਨੰ. 4 ਤੋਂ ਰਾਜੂ ਘੰਡ, ਵਾਰਡ ਨੰ. 8 ਤੋਂ ਯਾਦਵਿੰਦਰ ਯਾਦੂ, ਵਾਰਡ ਨੰ. 10 ਤੋਂ ਕਰਮਜੀਤ ਸਿੰਘ ਮਾਘੀ, ਵਾਰਡ ਨੰ. 15 ਤੋਂ ਸੁਖਵਿੰਦਰ ਕੌਰ ਸੁੱਖੀ, ਇਸੇ ਤਰ੍ਹਾਂ ਅਕਾਲੀ ਦਲ ਦੀ ਹਮਾਇਤ ਪ੍ਰਾਪਤ ਅਜਾਦ ਉਮੀਦਵਾਰ ਵਾਰਡ ਨੰ. 5 ਤੋਂ ਮਨਪ੍ਰੀਤ ਕੌਰ, ਵਾਰਡ ਨੰ. 6 ਤੋਂ ਬਲਵਿੰਦਰ ਸਿੰਘ ਬਿੰਦਰੀ, ਵਾਰਡ ਨੰ. 17 ਤੋਂ ਨੀਤੂ ਸ਼ਰਮਾ ਜੇਤੂ ਰਹੇ।ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦੇ 7 ਉਮੀਦਵਾਰ ਵਾਰਡ ਨੰ. 2 ਤੋਂ ਗੁਰਪ੍ਰੀਤ ਸਿੰਘ ਵਿਰਕ, ਵਾਰਡ ਨੰ. 7 ਤੋਂ ਸਿਮਰਜੀਤ ਕੌਰ, ਵਾਰਡ ਨੰ. 11 ਮਨਪ੍ਰੀਤ ਕੌਰ, ਵਾਰਡ ਨੰ. 12 ਤੋਂ ਸਤਨਾਮ ਸਿੰਘ ਖਨਾਲੀਆ, ਵਾਰਡ ਨੰ. 16 ਤੋਂ ਟਿੰਕੂ ਪੰਜਾਬ, ਵਾਰਡ ਨੰ. 18 ਤੋਂ ਸਤਨਾਮ ਸਿੰਘ, ਵਾਰਡ ਨੰ. 19 ਤੋਂ ਕਰਮਜੀਤ ਕੌਰ ਜੇਤੂ ਰਹੇ।ਇਸੇ ਤਰ੍ਹਾਂ ਕਾਂਗਰਸ ਦੇ ਵਾਰਡ 13 ਤੋਂ ਸੁਖਜੀਤ ਕੌਰ, ਵਾਰਡ ਨੰ. 14 ਤੋਂ ਵਨੀਤ ਜਿੰਦਲ ਜੇਤੂ ਰਹੇ।

ਸੀਪੀਆਈ ਤੇ ਕਾਂਗਰਸ ਦੇ ਸਾਂਝੇ ਅਜ਼ਾਦ ਕਾਮਰੇਡ ਜਗਸੀਰ ਸਿੰਘ ਰਾਏਕੇ ਕਲਾਂ ਤੇ ਬਹੁਜਨ ਸਮਾਜ ਪਾਰਟੀ ਦੇ ਵਾਰਡ ਨੰ. 9 ਤੋਂ ਸੰਦੀਪ ਕੌਰ ਜੇਤੂ ਰਹੀ।ਇਨ੍ਹਾਂ ਚੋਣਾਂ 'ਚ ਭਾਜਪਾ ਆਪਣਾ ਖਾਤਾ ਨਾ ਖੋਲ੍ਹ ਸਕੀ, ਸਗੋਂ ਵਾਰਡ ਨੰ. 14 ਵਿੱਚ ਆਪਣੇ ਹੀ ਅਜ਼ਾਦ ਉਮੀਦਵਾਰ ਨੂੰ ਹਰਾਉਣ 'ਚ ਸਥਾਨਕ ਪੱਧਰ ਦੇ ਨੇਤਾਵਾਂ ਨੇ ਅਹਿਮ ਰੋਲ ਅਦਾ ਕੀਤਾ, ਜੋ 14 ਵੋਟਾਂ ਤੋਂ ਕਾਂਗਰਸ ਤੋਂ ਹਾਰ ਗਿਆ, ਇਸ ਦੇ ਮੁਕਾਬਲੇ ਭਾਜਪਾ ਦਾ ਉਮੀਦਵਾਰ 88 ਵੋਟਾਂ ਪ੍ਰਾਪਤ ਕਰਦਿਆ ਚੌਥੇ ਸਥਾਨ 'ਤੇ ਰਿਹਾ। ਉਥੇ ਕਾਂਗਰਸ ਦੇ ਸ਼ਹਿਰੀ ਪ੍ਰਧਾਨ ਹਰਵਿੰਦਰਦੀਪ ਸਿੰਘ ਸਵੀਟੀ ਖੁਦ ਹਾਰ ਗਏ, ਪ੍ਰੰਤੂ ਉਨ੍ਹਾਂ ਦੀ ਮਾਤਾ ਸਰਬਜੀਤ ਕੌਰ ਵਾਰਡ ਨੰ. 13 ਤੋਂ ਜੇਤੂ ਰਹੀ।ਉਥੇ ਆਮ ਆਦਮੀ ਪਾਰਟੀ ਦੇ ਪਤੀ ਪਤਨੀ ਕੰਚਨ ਮਦਾਨ ਅਤੇ ਟਿੰਕੂ ਪੰਜਾਬ ਵਿੱਚੋਂ ਟਿੰਕੂ ਪੰਜਾਬ ਵਾਰਡ ਨੰ. 16 ਤੋਂ ਜੇਤੂ ਰਹੇ।

ਸ਼੍ਰੋਮਣੀ ਅਕਾਲੀ ਦਲ ਦੇ ਬੁਢਲਾਡਾ ਸ਼ਹਿਰ ਦੇ ਇੰਚਾਰਜ ਠੇਕੇਦਾਰ ਗੁਰਪਾਲ ਸਿੰਘ ਨੇ ਆਪਣੇ 5 ਤੱਕੜੀ ਤੇ 3 ਅਜਾਦ ਹਮਾਇਤੀ ਸਮੇਤ 8 ਉਮੀਦਵਾਰਾਂ ਨਾਲ ਜੇਤੂ ਜਸ਼ਨ ਮਨਾਇਆ।ਇਨ੍ਹਾਂ ਨਤੀਜਿਆ ਵਿੱਚ ਜਿੱਥੇ ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਕਰਮਜੀਤ ਸਿੰਘ ਮਾਘੀ ਤੇ ਉਨ੍ਹਾਂ ਦੀ ਪਤਨੀ ਸੁਖਵਿੰਦਰ ਕੌਰ ਸੁੱਖੀ ਦੋਵੇ ਹੀ ਜੇਤੂ ਰਹੇ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਡਾ. ਨਿਸ਼ਾਨ ਸਿੰਘ ਨੇ ਸਮੂਹ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼ਹਿਰ ਦੇ ਲੋਕਾਂ ਨੇ ਅਕਾਲੀ ਦਲ ਦੇ ਹੱਕ ਵਿੱਚ ਫਤਵਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨਗਰ ਕੌਂਸਲ 'ਚ ਆਪਣਾ ਪ੍ਰਧਾਨ ਬਣਾਉਣ ਲਈ ਯਤਨਸ਼ੀਲ ਹੈ।ਉਨ੍ਹਾਂ ਕਿਹਾ ਕਿ ਠੇਕੇਦਾਰ ਗੁਰਪਾਲ ਸਿੰਘ ਅਗਵਾਈ ਸ਼੍ਰੋਮਣੀ ਅਕਾਲੀ ਦਲ ਲਗਾਤਾਰ ਜਿੱਤ ਪ੍ਰਾਪਤ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਮੈਂਬਰ ਪਾਰਲੀਮੈਂਟ ਬੀਬਾ ਹਰਸਿਮਰਤ ਕੌਰ ਬਾਦਲ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਿੱਜੀ ਤੌਰ ਤੇ ਬੁਢਲਾਡਾ ਹਲਕੇ ਨਾਲ ਪਿਆਰ ਕਰਦੇ ਹਨ ਤੇ ਲੋਕਾਂ ਦੇ ਹਰ ਦੁੱਖ ਸੁੱਖ ਵਿੱਚ ਨਾਲ ਖੜਦੇ ਹਨ।

## ਚੇਅਰਮੈਨ ਹਡਾਣਾ ਵੱਲੋਂ ਬਲਾਕ ਸੰਮਤੀ ਮੈਂਬਰਾਂ ਤੇ ਸਰਪੰਚਾਂ ਨਾਲ ਮੀਟਿੰਗ



**ਦੇਵੀਗੜ੍ਹ/ਸਨੌਰ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਦੇ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਤੇ ਉਨ੍ਹਾਂ ਦੀ ਜ਼ਮੀਨੀ ਹਕੀਕਤ ਜਾਣਨ ਦੇ ਮਕਸਦ ਨਾਲ ਹਲਕਾ ਇੰਚਾਰਜ ਤੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਵੱਲੋਂ ਬਲਾਕ ਸੰਮਤੀ ਦਫ਼ਤਰ ਸਨੌਰ ਦੇ ਮੈਂਬਰਾਂ ਤੇ ਇਲਾਕੇ ਦੇ ਸਰਪੰਚਾਂ ਨਾਲ ਇੱਕ ਵਿਸ਼ੇਸ਼ ਤੇ ਅਹਿਮ ਮੀਟਿੰਗ ਕੀਤੀ ਗਈ।ਇਸ ਦੌਰਾਨ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਸਬੰਧੀ ਖੁੱਲ੍ਹ ਕੇ ਚਰਚਾ ਹੋਈ ਤੇ ਸ੍ਰ. ਹਡਾਣਾ ਨੇ ਸਮੂਹ ਮੈਂਬਰਾਂ ਤੇ ਸਰਪੰਚਾਂ ਪਾਸੋਂ ਕੰਮਾਂ ਦੀ ਸਹੀ ਤੇ ਪਾਰਦਰਸ਼ੀ ਪ੍ਰਗਤੀ ਰਿਪੋਰਟ ਮੰਗੀ।ਮੀਟਿੰਗ ਦੌਰਾਨ ਬਲਾਕ ਸੰਮਤੀ ਮੈਂਬਰਾਂ ਤੇ ਸਰਪੰਚਾਂ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਜਾਰੀ ਕਰ ਰਹੀ ਹੈ।ਇਸ ਲਈ ਇਹ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇੱਕ-ਇੱਕ ਪੈਸਾ ਇਮਾਨਦਾਰੀ ਨਾਲ ਲੋਕਾਂ ਦੀ ਸਹੂਲਤ ਲਈ ਖ਼ਰਚਿਆ ਜਾਵੇ।ਉਨ੍ਹਾਂ ਨਿਰਦੇਸ਼ ਦਿੱਤੇ ਕਿ ਉਹ ਆਪਣੇ-ਆਪਣੇ ਅਧਿਕਾਰ ਖੇਤਰ ਤੇ ਪਿੰਡਾਂ ਵਿੱਚ ਚੱਲ ਰਹੇ ਕੰਮਾਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਤੇ ਬਿਲਕੁਲ ਸਹੀ ਰਿਪੋਰਟ ਸੌਂਪਣ।ਬੈਠਕ ਦੌਰਾਨ ਹਾਜ਼ਰ ਸਰਪੰਚਾਂ ਤੇ ਬਲਾਕ ਸੰਮਤੀ ਮੈਂਬਰਾਂ ਨੇ ਵੀ ਆਪੋ-ਆਪਣੇ ਇਲਾਕਿਆਂ ਨਾਲ ਸਬੰਧਤ ਸਮੱਸਿਆਵਾਂ, ਰੁਕੇ ਹੋਏ ਕੰਮਾਂ ਤੇ ਗਲੀਆਂ, ਨਾਲੀਆਂ, ਸੜਕਾਂ ਤੇ ਪੀਣ ਵਾਲੇ ਪਾਣੀ ਦੀਆਂ ਲੋੜਾਂ ਬਾਰੇ ਹਲਕਾ ਇੰਚਾਰਜ ਨੂੰ ਵਿਸਤਾਰ ਵਿੱਚ ਜਾਣੂ ਕਰਵਾਇਆ।ਚੇਅਰਮੈਨ ਹਡਾਣਾ ਨੇ ਕਿਹਾ ਕਿ 'ਆਮ ਆਦਮੀ ਪਾਰਟੀ' ਦੀ ਸਰਕਾਰ ਭ੍ਰਿਸ਼ਟਾਚਾਰ ਮੁਕਤ ਤੇ ਪਾਰਦਰਸ਼ੀ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ।ਪਿੰਡਾਂ ਵਿੱਚ ਹੋ ਰਹੇ ਨਿਰਮਾਣ ਕਾਰਜਾਂ ਵਿੱਚ ਮਟੀਰੀਅਲ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਵਿਕਾਸ ਕਾਰਜਾਂ ਦੀ ਰਿਪੋਰਟ ਵਿੱਚ ਕੋਈ ਗੜਬੜੀ ਪਾਈ ਗਈ ਤਾਂ ਸਬੰਧਤ ਖ਼ਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਤੇਲ ਤੇ ਗੈਸ ਦੀਆਂ ਵਧਾਈਆਂ ਕੀਮਤਾਂ ਖ਼ਿਲਾਫ਼ ਕਾਂਗਰਸ ਵੱਲੋਂ ਖੱਚਰ ਰੇਹੜਾ ਪ੍ਰਦਰਸ਼ਨ






**ਮਾਨਸਾ/ਬਰੇਟਾ (ਆਤਮਾ ਸਿੰਘ ਪਮਾਰ/ਸੀਤਵਾਲ)** ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੈਟਰੋਲ, ਡੀਜ਼ਲ, ਘਰੇਲੂ ਗੈਸ, ਸੀ.ਐੱਨ.ਜੀ. ਤੇ ਮੋਬਾਈਲ ਰਿਚਾਰਜ ਦੀਆਂ ਕੀਮਤਾਂ 'ਚ ਲਗਾਤਾਰ ਕੀਤੇ ਜਾ ਰਹੇ ਅਥਾਹ ਵਾਧੇ ਖਿਲਾਫ ਕਾਂਗਰਸ ਪਾਰਟੀ ਵੱਲੋਂ ਬਰੇਟਾ ਵਿਖੇ ਵਿਲੱਖਣ ਢੰਗ ਨਾਲ ਰੋਸ ਪ੍ਰਦਰਸ਼ਨ ਕੀਤਾ ਗਿਆ।ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਖੱਚਰ ਰੇਹੜੇ ਉੱਪਰ ਬੈਠ ਕੇ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਤੇ ਆਮ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਉਜਾਗਰ ਕੀਤਾ।ਰੋਸ ਪ੍ਰਦਰਸ਼ਨ ਦੀ ਅਗਵਾਈ ਜ਼ਿਲ੍ਹਾ ਕਾਂਗਰਸ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਵੱਲੋਂ ਕੀਤੀ ਗਈ। ਇਸ ਸਮੇਂ ਵੱਡੀ ਗਿਣਤੀ 'ਚ ਕਾਂਗਰਸੀ ਆਗੂ, ਵਰਕਰ ਤੇ ਆਮ ਲੋਕ ਵੀ ਸ਼ਾਮਲ ਸਨ।ਖੱਚਰ ਰੇਹੜੇ ਉੱਪਰ ਸਵਾਰ ਹੋ ਕੇ ਕਾਂਗਰਸੀ ਆਗੂਆਂ ਨੇ ਬਾਜ਼ਾਰਾਂ 'ਚੋਂ ਰੋਸ ਮਾਰਚ ਕੱਢਿਆ ਤੇ ਕੇਂਦਰ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।ਪ੍ਰਦਰਸ਼ਨ ਦੌਰਾਨ ਆਗੂਆਂ ਨੇ ਕੇਂਦਰ ਸਰਕਾਰ ਦੀਆਂ ਗਲਤ ਆਰਥਿਕ ਨੀਤੀਆਂ ਕਾਰਨ ਵਧ ਰਹੀ ਲਗਾਤਾਰ ਮਹਿੰਗਾਈ ਕਾਰਨ ਆਮ ਲੋਕਾਂ ਦਾ ਜੀਵਨ ਬਹੁਤ ਮੁਸ਼ਕਲ ਹੋ ਗਿਆ ਹੈ।

ਇਸ ਮੌਕੇ ਸੰਬੋਧਨ ਕਰਦਿਆਂ ਸਿੰਗਲਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਕਰਕੇ ਦੇਸ਼ ਦੀ ਅਰਥਵਿਵਸਥਾ ਨੂੰ ਹਿਲਾ ਕੇ ਰੱਖ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੈਟਰੋਲ ਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਦਾ ਸਿੱਧਾ ਅਸਰ ਹਰ ਵਰਗ ਉਪਰ ਪੈ ਰਿਹਾ ਹੈ।ਟਰਾਂਸਪੋਰਟ ਮਹਿੰਗੀ ਹੋਣ ਕਾਰਨ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਦੀਆਂ ਕੀਮਤਾਂ 'ਚ ਵੀ ਬੇਹਿਸਾਬ ਵਾਧਾ ਹੋ ਰਿਹਾ ਹੈ, ਜਿਸ ਕਾਰਨ ਆਮ ਲੋਕਾਂ ਦਾ ਘਰੇਲੂ ਬਜਟ ਪੂਰੀ ਤਰ੍ਹਾਂ ਵਿਗੜ ਗਿਆ ਹੈ।ਉਨ੍ਹਾਂ ਕਿਹਾ ਕਿ ਘਰੇਲੂ ਗੈਸ ਸਿਲੰਡਰ ਦੀਆਂ ਵਧੀਆਂ ਕੀਮਤਾਂ ਨੇ ਘਰੇਲੂ ਮਹਿਲਾਵਾਂ ਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ ਹਨ।ਪਹਿਲਾਂ ਹੀ ਮਹਿੰਗਾਈ ਦੀ ਮਾਰ ਝੱਲ ਰਹੇ ਲੋਕਾਂ ਲਈ ਰਸੋਈ ਚਲਾਉਣੀ ਮੁਸ਼ਕਲ ਹੋ ਗਈ ਹੈ।ਇਸ ਤੋਂ ਇਲਾਵਾ ਸੀ.ਐੱਨ.ਜੀ. ਤੇ ਮੋਬਾਈਲ ਰਿਚਾਰਜ ਦੀਆਂ ਕੀਮਤਾਂ ਵਿੱਚ ਹੋਏ ਵਾਧੇ ਨੇ ਨੌਜਵਾਨਾਂ, ਵਿਦਿਆਰਥੀਆਂ ਤੇ ਛੋਟੇ ਕਾਰੋਬਾਰੀਆਂ ਉੱਪਰ ਵੀ ਵੱਡਾ ਬੋਝ ਪਾਇਆ ਹੈ।ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਮੰਗ ਕੀਤੀ ਕਿ ਪੈਟਰੋਲ, ਡੀਜ਼ਲ ਤੇ ਘਰੇਲੂ ਗੈਸ ਦੀਆਂ ਕੀਮਤਾਂ ਤੁਰੰਤ ਘਟਾਈਆਂ ਜਾਣ ਤਾਂ ਜੋ ਆਮ ਲੋਕਾਂ ਨੂੰ ਕੁੱਝ ਹੱਦ ਤੱਕ ਰਾਹਤ ਮਿਲ ਸਕੇ।ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਕੇਂਦਰ ਸਰਕਾਰ ਨੇ ਲੋਕਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਨਾ ਦਿੱਤਾ ਤਾਂ ਕਾਂਗਰਸ ਪਾਰਟੀ ਵੱਲੋਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ) :** ਡੀਜ਼ਲ ਤੇ ਪੈਟਰੋਲ ਦੀਆਂ ਵਧੀਆਂ ਕੀਮਤਾਂ ਖ਼ਿਲਾਫ਼ ਸਨੌਰ ਕਾਂਗਰਸ ਵੱਲੋਂ ਜ਼ਿਲ੍ਹਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਦੀ ਅਗਵਾਈ ਹੇਠ ਦੇਵੀਗੜ੍ਹ ਦੇ ਬਾਜ਼ਾਰ ਵਿੱਚ ਰੋਸ ਪਰਦਰਸ਼ਨ ਕੀਤਾ ਗਿਆ।ਇਸ ਮੌਕੇ ਹਲਕਾ ਸਨੌਰ ਤੋਂ ਕਾਂਗਰਸ ਦੇ ਹਲਕਾ ਇੰਚਾਰਜ ਹਰਿੰਦਰਪਾਲ ਹੈਰੀ ਮਾਨ ਨੌਜਵਾਨ ਕਾਂਗਰਸੀ ਆਗੂ ਗੁਰਦੇਵ ਸੰਧੂ ਅਸ਼ਵਨੀ ਬਤਾ, ਜੋਗਿੰਦਰ ਕਾਕੜਾ ਤੇ ਸਨੌਰ ਕਾਂਗਰਸ ਦੇ ਬਹੁਤ ਸਾਰੇ ਆਗੂ ਅਤੇ ਵਰਕਰ ਇਸ ਮੌਕੇ ਹਾਜ਼ਰ ਸਨ।

ਕਾਂਗਰਸ ਦੇ ਆਗੂਆਂ ਨੇ ਕੇਂਦਰ ਦੀ ਬੀਜੇਪੀ ਸਰਕਾਰ ਵਿਰੁੱਧ ਤੇਲ ਦੀਆਂ ਕੀਮਤਾਂ ਵਿੱਚ ਕੀਤੇ ਵਾਧੇ ਦੇ ਰੋਸ ਵਜੋਂ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਕਾਂਗਰਸੀ ਆਗੂ ਗੌਰਵ ਸੰਧੂ ਨੇ ਕਿਹਾ ਕਿ ਕੇਂਦਰ ਵੱਲੋਂ ਤੇਲ ਦੀਆਂ ਕੀਮਤਾਂ ਵਿੱਚ ਕੀਤੇ ਵਾਧੇ ਕਾਰਨ ਗਰੀਬ ਲੋਕਾਂ ਦਾ ਜਿਊਣਾ ਮੁਸ਼ਕਲ ਹੋ ਗਿਆ ਹੈ, ਕਿਉਂਕਿ ਤੇਲ ਦੀਆਂ ਕੀਮਤਾਂ ਵਿੱਚ ਹੋਏ ਵਾਧੇ ਕਾਰਨ ਨਿੱਤ ਵਰਤੋਂ ਦੀਆਂ ਚੀਜ਼ਾਂ ਦੇ ਭਾਅ ਵਿੱਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) :** ਕੇਂਦਰ ਸਰਕਾਰ ਵੱਲੋਂ ਤੇਲ ਦੀਆਂ ਕੀਮਤਾਂ ਵਿੱਚ ਲਗਾਤਾਰ ਕੀਤੇ ਜਾ ਰਹੇ ਵਾਧੇ ਦੇ ਵਿਰੋਧ ਵਿੱਚ ਕਾਂਗਰਸ ਪਾਰਟੀ ਵੱਲੋਂ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਤੇ ਰਣਜੀਤ ਸਿੰਘ ਮਤੌਲੀ ਦੀ ਅਗਵਾਈ ਵਿੱਚ ਸ਼ਹਿਰ ਦੇ ਮੁੱਖ ਬਾਜ਼ਾਰਾਂ ਤੇ ਅਨਾਜ ਮੰਡੀ ਵਿੱਚ ਖੱਚਰ ਰੇਹੜਿਆਂ ਤੇ ਮਾਰਚ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਦੌਰਾਨ ਕਾਂਗਰਸੀ ਵਰਕਰਾਂ ਨੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਤੇਲ ਦੀਆਂ ਕੀਮਤਾਂ ਵਿੱਚ ਲਗਾਤਾਰ ਕੀਤੇ ਜਾ ਰਹੇ ਵਾਧੇ ਨੂੰ ਵਾਪਸ ਲੈਣ ਦੀ ਮੰਗ ਕੀਤੀ।ਇਸ ਮਾਰਚ ਉਪਰੰਤ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਨੇ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਤੇਲ ਵਸਤਾਂ ਦੀਆਂ ਕੀਮਤਾਂ ਵਿੱਚ ਨਿੱਤ ਦਿਨ ਵਾਧਾ ਕਰਕੇ ਲੋਕਾਂ ਉੱਤੇ ਵੱਡਾ ਬੋਝ ਪਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਵਿੱਚ ਹੋ ਰਹੇ ਵਾਧੇ ਨਾਲ ਜਿੱਥੇ ਮਹਿੰਗਾਈ ਬੇਲਗਾਮ ਹੁੰਦੀ ਜਾ ਰਹੀ ਹੈ, ਉੱਥੇ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਹੋਏ ਵਾਧੇ ਨਾਲ ਆਮ ਗਰੀਬ ਨੂੰ ਚੁੱਲ੍ਹਾ ਚਲਾਉਣ ਵਿੱਚ ਮੁਸ਼ਕਲ ਹੋਣ ਲੱਗੀ ਹੈ।ਕਾਂਗਰਸੀ ਆਗੂਆਂ ਨੇ ਦਾਅਵਾ ਕੀਤਾ ਕਿ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਪੈਟਰੋਲੀਅਮ ਵਸਤਾਂ ਉੱਤੇ ਲਗਾਏ ਗਏ ਟੈਕਸ ਕਰਕੇ ਘੱਟ ਘੱਟ 50 ਰੁਪਏ ਪ੍ਰਤੀ ਲੀਟਰ ਸਰਕਾਰ ਦੇ ਖਜ਼ਾਨੇ ਵਿੱਚ ਜਾਂਦਾ ਹੈ।ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਇਸ ਟੈਕਸ ਵਿੱਚ ਕਟੌਤੀ ਕਰਕੇ ਲੋਕਾਂ ਨੂੰ ਰਾਹਤ ਦੇ ਸਕਦੀ ਹੈ।

## ਐੱਸ ਕੇ ਐੱਮ 2 ਨੂੰ ਡੀ ਸੀ ਰਾਹੀਂ ਕੇਂਦਰ ਨੂੰ ਮੰਗ ਪੱਤਰ ਭੇਜੇਗਾ : ਢੀਂਡਸਾ

**ਸਮਰਾਲਾ (ਸੁਰਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਪੰਜਾਬ ਦੀਆਂ ਸਮੂਹ ਕਿਸਾਨ ਜਥੇਬੰਦੀਆਂ 2 ਜੂਨ ਨੂੰ ਡਿਪਟੀ ਕਮਿਸ਼ਨਰਾਂ ਰਾਹੀਂ ਕੇਂਦਰ ਨੂੰ ਕਿਸਾਨੀ ਮੰਗਾਂ ਬਾਰੇ ਮੰਗ ਪੱਤਰ ਦੇਣਗੀਆਂ।ਇਸ ਦੀ ਤਿਆਰੀ ਸਬੰਧੀ ਬੀਕੇਯੂ (ਲੱਖੋਵਾਲ) ਦੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਦੀ ਅਗਵਾਈ ਹੇਠ ਬਲਾਕ ਸਮਰਾਲਾ ਦੇ ਅਹੁਦੇਦਾਰਾਂ ਦੀ ਇੱਕ ਮੀਟਿੰਗ ਪਿੰਡ ਢਿੱਲਵਾਂ ਵਿਖੇ ਕੀਤੀ ਗਈ।ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਹੋਏ ਮਨਜੀਤ ਸਿੰਘ ਢੀਂਡਸਾ ਨੇ ਦੱਸਿਆ ਕਿ ਬੀ. ਕੇ. ਯੂ (ਲੱਖੋਵਾਲ) ਦੇ ਜ਼ਿਲ੍ਹਾ ਲੁਧਿਆਣਾ ਨਾਲ ਸਬੰਧਤ ਸਾਰੇ ਬਲਾਕਾਂ ਦੇ ਅਹੁਦੇਦਾਰ, ਵਰਕਰ ਵੱਡੀ ਗਿਣਤੀ ਵਿੱਚ ਪੁੱਜ ਕੇ ਡਿਪਟੀ ਕਮਿਸ਼ਨਰ ਲੁਧਿਆਣਾ ਰਾਹੀਂ ਕੇਂਦਰ ਸਰਕਾਰ ਨੂੰ ਕਿਸਾਨੀ ਮੰਗਾਂ ਸਬੰਧੀ ਮੰਗ ਪੱਤਰ ਭੇਜਣਗੇ।ਮੰਗਾਂ ਸਬੰਧੀ ਦੱਸਦਿਆਂ ਉਨ੍ਹਾਂ ਕਿਹਾ ਕਿ ਭਾਰਤ ਬਿਆਸ ਮੈਨੇਜਮੈਂਟ ਬੋਰਡ ਵਿੱਚ ਸਥਾਈ ਮੈਂਬਰਸ਼ਿਪ ਬਹਾਲ ਕੀਤੀ ਜਾਵੇ, ਡੀਜ਼ਲ-ਪੈਟਰੋਲ-ਗੈਸ ਦੀਆਂ ਕੀਮਤਾਂ ਵਿੱਚ ਕੀਤਾ ਵਾਧਾ ਵਾਪਸ ਲਿਆ ਜਾਵੇ, ਯੂਰੀਆ-ਡੀ. ਏ. ਪੀ. ਖਾਦ ਦੀ ਸਪਲਾਈ ਯਕੀਨੀ ਬਣਾਈ ਜਾਵੇ, ਹੱਦ ਕਰਜ਼ੇ ਵਿੱਚ ਕੀਤਾ ਵਾਧਾ ਬਹਾਲ ਕਰਕੇ ਢੰਗ ਜਾਰੀ ਕੀਤਾ ਜਾਵੇ, ਅਮਰੀਕਾ ਨਾਲ ਕੀਤੇ ਵਪਾਰ ਸਮਝੌਤਾ ਰੱਦ ਕੀਤਾ ਜਾਵੇ, ਕਿਸਾਨਾਂ ਦੀਆਂ ਫ਼ਸਲਾਂ ਦਾ ਮੁੱਲ ਸਵਾਮੀਨਾਥਨ ਰਿਪੋਰਟ ਮੁਤਾਬਿਕ ਤਹਿ ਕੀਤਾ ਜਾਵੇ, ਕਿਸਾਨ- ਮਜ਼ਦੂਰ ਨੂੰ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਲਾਗੂ ਕੀਤੀ ਜਾਵੇ, ਬਿਜਲੀ ਸੋਧ ਬਿੱਲ 2025 ਵਾਪਸ ਲਿਆ ਜਾਵੇ, ਫਸਲੀ ਬੀਮਾ ਕੀਤਾ ਜਾਵੇ, ਹੜ੍ਹਾਂ ਦੀ ਰੋਕਥਾਮ ਕੀਤੀ ਜਾਵੇ, ਨਵੀਂ ਖੇਤੀ ਨੀਤੀ ਬਾਰੇ ਕੇਂਦਰ ਸਰਕਾਰ ਰੱਦ ਕਰੇ, ਪਾਕਿਸਤਾਨ ਦਾ ਬਾਰਡਰ ਖੋਲ ਕੇ ਸੜਕੀ-ਰੇਲ ਵਪਾਰ ਸ਼ੁਰੂ ਕੀਤਾ ਜਾਵੇ, ਐੱਸ. ਐੱਸ. ਪੀ. ਕਾਨੂੰਨ ਬਣਾਇਆ ਜਾਵੇ ਆਦਿ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ ਮੰਨੀਆਂ ਮੰਗਾਂ ਨੂੰ ਲਾਗੂ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਇਸ ਸਬੰਧੀ ਲੁਧਿਆਣਾ ਜ਼ਿਲ੍ਹੇ ਦੇ ਸਾਰੇ ਬਲਾਕ ਪ੍ਰਧਾਨਾਂ ਤੇ ਹੋਰ ਅਹੁਦੇਦਾਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਕਿ ਹਰੇਕ ਬਲਾਕ ਵਿੱਚੋਂ ਕਿਸਾਨ-ਮਜ਼ਦੂਰ ਨਾਲ ਲੈ ਕੇ ਵੱਡੀ ਗਿਣਤੀ ਵਿੱਚ 2 ਜੂਨ ਨੂੰ ਲੁਧਿਆਣਾ ਵਿਖੇ ਪਹੁੰਚਣ।ਮੀਟਿੰਗ ਵਿੱਚ ਸਮੂਹ ਬਲਾਕ ਦੇ ਸਮੂਹ ਕਿਸਾਨ ਆਗੂਆਂ ਤੇ ਸਰਗਰਮ ਵਰਕਰਾਂ ਨੇ ਹਿੱਸਾ ਲਿਆ।

## ਕਾਤਰਾਂ

### ਤੇਲ ਕੀਮਤਾਂ ਤੇ ਝੋਨੇ ਦੇ ਭਾਅ 'ਚ ਨਿਗੁਣੇ ਵਾਧੇ ਖਿਲਾਫ ਮੁਜ਼ਾਹਰੇ 2 ਨੂੰ

**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਬਲਾਕ ਝੁਨੀਰ ਦੇ ਆਗੂ ਤੇਜਾ ਸਿੰਘ ਰਾਮਾਨੰਦੀ, ਬਲਵਿੰਦਰ ਮੋਫ਼ਰ, ਬੂਟਾ ਸਿੰਘ ਘੁੱਦੂਵਾਲਾ, ਵਿੰਦਰ ਸਿੰਘ ਪੇਰੋਂ, ਹਰਬੰਸ ਪਾਂਧੀ ਟਾਂਡੀਆ ਤੇ ਬਲਕਾਰ ਸਿੰਘ ਚਹਿਲ ਨੇ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਕਿਹਾ ਕਿ ਡੀਜ਼ਲ ਤੇ ਪੈਟਰੋਲ ਦੀ ਕੀਮਤ ਪਿਛਲੇ ਦਸ ਦਿਨਾਂ 'ਚ ਇੱਕ ਲੀਟਰ ਪਿਛੇ 7.50 ਰੁਪਏ ਪ੍ਰਤੀ ਲਿਟਰ ਦਾ ਵਾਧਾ ਕਰ ਦਿੱਤਾ ਹੈ, ਜਿਸ ਕਾਰਨ ਕਿਰਤੀ ਵਰਗ ਲਈ ਜਿਉਣਾ ਦੁੱਭਰ ਹੋ ਗਿਆ ਹੈ, ਕਿਉਂਕਿ ਹਰ ਇੱਕ ਵਸਤੂ ਦੇ ਭਾਅ ਇਸ ਨਾਲ ਅਸਮਾਨੀ ਚੜ੍ਹ ਜਾਣਗੇ।ਜਦੋਂ ਕਿ ਝੋਨੇ ਦੇ ਭਾਅ 'ਚ ਸਿਰਫ਼ 72 ਪੈਸੇ ਪ੍ਰਤੀ ਕਿੱਲੋ ਵਾਧਾ ਕੀਤਾ ਹੈ, ਜੋ ਕਿ ਕਿਸਾਨਾਂ ਨਾਲ ਮਜ਼ਾਕ ਤੋਂ ਵੱਧ ਕੁੱਝ ਵੀ ਨਹੀਂ, ਜਿਸ ਨੂੰ ਮੁੱਢੋਂ ਰੱਦ ਕੀਤਾ ਗਿਆ।ਆਗੂ ਸਾਥੀਆਂ ਕੁਲਦੀਪ ਸਿੰਘ ਚਹਿਲ, ਬਲਵਿੰਦਰ ਸਿੰਘ ਭੰਮੇ ਖੁਰਦ ਤੇ ਨਛੱਤਰ ਸਿੰਘ ਚੋਟੀਆਂ ਨੇ ਕਿਹਾ ਕਿ ਪੰਜਾਬ ਦੇ ਪੰਜ ਦਰਿਆਵਾਂ ਦੇ ਆਧਾਰਤ ਬਣੇ ਬੀ ਬੀ ਐੱਮ ਬੀ 'ਚ ਪੰਜਾਬ ਦੀ ਹਿੱਸੇਦਾਰੀ ਪਹਿਲਾਂ ਵਾਂਗ ਰੱਖੀ ਜਾਵੇ, ਪੰਜਾਬ ਯੂਨੀਵਰਸਿਟੀ ਪੰਜਾਬ ਦੀ ਹੈ, ਉਹ ਪੰਜਾਬ ਨੂੰ ਦਿੱਤੀ ਜਾਵੇ।ਆਗੂ ਸਾਥੀਆਂ ਨੇ ਕਿਹਾ ਕਿ ਕੋਆਪ੍ਰੇਟਿਵ ਸੁਸਾਇਟੀਆਂ ਦੇ ਹੱਦ ਕਰਜ਼ੇ ਵਧਾਏ ਗਏ ਸਨ, ਪਰ ਉਸ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ।ਇਸ ਲਈ ਵਧਾਏ ਹੱਦ ਕਰਜ਼ੇ ਲਾਗੂ ਕੀਤੇ ਜਾਣ।ਮੰਗ ਪੱਤਰ 'ਚ ਦਰਜ ਮੰਗਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ 2 ਜੂਨ ਨੂੰ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

### ਰੇਤਾ ਦੀ ਨਜਾਇਜ਼ ਨਿਕਾਸੀ ਕਰਨ ਵਾਲੇ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਰੇਤਾ ਦੀ ਨਜਾਇਜ਼ ਨਿਕਾਸੀ ਕਰਨ ਵਾਲੇ ਦੋ ਵਿਅਕਤੀਆਂ ਨੂੰ ਇਕ ਟਰੈਕਟਰ ਤੇ 2 ਟਰਾਲੀਆਂ ਰੇਤਾ ਦੀਆਂ ਭਰੀਆਂ ਹੋਈਆਂ ਸਣੇ ਗ੍ਰਿਫਤਾਰ ਕਰਕੇ ਤਿੰਨ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ ਵਿਚ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਗੁਰਮੀਤ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਪਿੰਡ ਜਖਰਾਵਾਂ ਤੇ ਬੂਆ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਬਸਤੀ ਸੁੰਨਵਾਂ ਪਿੰਡ ਕਿਲਚੇ ਖੇਤ ਵਿੱਚ ਰੇਤਾਂ ਦਾ ਖੱਡਾ ਲਾਇਆ ਹੋਇਆ ਹੈ ਤੇ ਅਣਪਛਾਤਾ ਵਿਅਕਤੀ ਨਾਲ ਰਲ ਕੇ ਚੋਰੀ ਛਿਪੇ ਖੜੇ ਵਿੱਚੋਂ ਰੇਤਾ ਕੱਢ ਕੇ ਟਰੈਕਟਰ ਟਰਾਲੀਆਂ ਨਜਾਇਜ਼ ਮਾਈਨਿੰਗ ਕਰਵਾਉਂਦੇ ਹਨ। ਜੇਕਰ ਛਾਪੇਮਾਰੀ ਕੀਤੀ ਜਾਵੇ ਤਾਂ ਰੇਤਾ ਦੀ ਨਾਜਾਇਜ਼ ਕਰਦੇ ਟਰੈਕਟਰ ਤੇ ਰੇਤਾ ਦੀਆਂ ਭਰੀਆਂ ਟਰਾਲੀਆਂ ਸਮੇਤ ਕਾਬੂ ਆ ਸਕਦੇ ਹਨ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਛਾਪੇਮਾਰੀ ਕੀਤੀ ਤਾਂ ਦੋਸ਼ੀ ਗੁਰਮੀਤ ਸਿੰਘ ਤੇ ਬੂਟਾ ਸਿੰਘ ਨੂੰ ਮੌਕੇ 'ਤੇ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 1 ਟਰੈਕਟਰ ਮਹਿੰਦਰਾ 575 ਤੇ 2 ਟਰਾਲੀਆਂ ਰੇਤਾ ਨਾਲ ਭਰੀਆਂ ਹੋਈਆਂ ਬਰਾਮਦ ਕੀਤੀਆਂ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਸਣੇ ਇੱਕ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਨੀਟ ਦੇ ਪ੍ਰਸ਼ਨ ਪੱਤਰ ਲਿਜਾਣ ਲਈ ਹਵਾਈ ਸੈਨਾ ਦੀ ਵਰਤੋਂ ਕਰਨਾ ਇੱਕ ਮਾਣਯੋਗ ਸੈਨਿਕ ਬਲ ਦੀ ਸ਼ਾਨ ਨੂੰ ਘਟਾਉਣਾ ਹੈ : ਸੀ ਪੀ ਆਈ

ਲੁਧਿਆਣਾ (ਐੱਮ. ਐੱਸ. ਭਾਟੀਆ)-ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਦੀ ਜ਼ਿਲ੍ਹਾ ਲੁਧਿਆਣਾ ਇਕਾਈ ਨੇ ਨੀਟ ਦੇ ਪ੍ਰਸ਼ਨ ਪੱਤਰ ਲਿਜਾਣ ਲਈ ਭਾਰਤੀ ਹਵਾਈ ਸੈਨਾ ਦੀ ਵਰਤੋਂ ਕੀਤੇ ਜਾਣ 'ਤੇ ਸਖ਼ਤ ਇਤਰਾਜ਼ ਜਤਾਇਆ ਹੈ।ਭਾਰਤੀ ਹਵਾਈ ਸੈਨਾ ਦਾ ਮੁੱਖ ਕੰਮ ਦੇਸ਼ ਦੀ ਪ੍ਰਭੂਸੱਤਾ, ਅਖੰਡਤਾ ਤੇ ਸਰਹੱਦਾਂ ਦੀ ਦੁਸ਼ਮਣੀ ਹਮਲਿਆਂ ਤੋਂ ਰੱਖਿਆ ਕਰਨਾ ਹੈ।ਪਾਕਿਸਤਾਨ ਵੱਲੋਂ ਸਮੇਂ-ਸਮੇਂ 'ਤੇ ਕੀਤੇ ਗਏ ਹਮਲਿਆਂ ਨੂੰ ਨਾਕਾਮ ਕਰਨ ਦਾ ਇਸ ਦਾ ਮਾਣਯੋਗ ਇਤਿਹਾਸ ਰਿਹਾ ਹੈ।ਨੀਟ ਦੇ ਪ੍ਰਸ਼ਨ ਪੱਤਰਾਂ ਦੀ ਸਪਲਾਈ ਲਈ ਹਵਾਈ ਸੈਨਾ ਨੂੰ ਡਿਊਟੀ 'ਤੇ ਲਗਾਉਣਾ ਉਸ ਦੀ ਭੂਮਿਕਾ ਨੂੰ ਘਟਾ ਕੇ ਦੇਖਣ ਦੇ ਬਰਾਬਰ ਹੈ।

ਨੀਟ ਦੇ ਪ੍ਰਸ਼ਨ ਪੱਤਰਾਂ ਦੀ ਲੀਕ ਉਨ੍ਹਾਂ ਦਫ਼ਤਰਾਂ ਵਿਚੋਂ ਹੀ ਹੋਈ ਹੈ, ਜਿਨ੍ਹਾਂ 'ਤੇ ਮੁੱਖ ਤੌਰ 'ਤੇ ਆਰ ਐੱਸ ਐੱਸ ਨਾਲ ਜੁੜੇ ਲੋਕਾਂ ਦਾ ਕਬਜ਼ਾ ਹੈ।ਮੋਦੀ ਸਰਕਾਰ ਨਿਰਪੱਖ ਤੇ ਪਾਰਦਰਸ਼ੀ ਪ੍ਰੀਖਿਆਵਾਂ ਕਰਵਾਉਣ ਵਿੱਚ ਆਪਣੀ ਨਾਕਾਮੀ ਤੋਂ ਬਚ ਨਹੀਂ ਸਕਦੀ।ਰਿਪੋਰਟਾਂ ਅਨੁਸਾਰ ਪਿਛਲੇ 10 ਸਾਲਾਂ ਦੌਰਾਨ 80 ਤੋਂ ਵੱਧ ਪ੍ਰਸ਼ਨ ਪੱਤਰ ਲੀਕ ਹੋ ਚੁੱਕੇ ਹਨ।ਇਸ ਕਾਰਨ ਉੱਚ ਸਿੱਖਿਆ ਅਤੇ ਰੁਜ਼ਗਾਰ ਦੀ ਆਸ ਰੱਖਣ ਵਾਲੇ ਕਰੋੜਾਂ ਵਿਦਿਆਰਥੀਆਂ ਅਤੇ ਨੌਜਵਾਨਾਂ ਦਾ ਭਵਿੱਖ ਪ੍ਰਭਾਵਿਤ ਹੋਇਆ ਹੈ।ਇਹ ਬਹੁਤ ਦੁੱਖਦਾਈ ਗੱਲ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਜਿਹੀਆਂ ਘਟਨਾਵਾਂ ਦੀਆਂ ਰਿਪੋਰਟਾਂ ਸਾਹਮਣੇ ਆਉਣ ਦੇ ਬਾਵਜੂਦ ਕਦੇ ਵੀ ਇੱਕ ਸ਼ਬਦ ਤੱਕ ਨਹੀਂ ਬੋਲਿਆ। ਸੱਖਿਆ ਮੰਤਰੀ ਕੋਲ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਨੈਤਿਕਤਾ ਤੱਕ ਨਹੀਂ ਹੈ।ਸਰਕਾਰ ਦੀ ਲਗਾਤਾਰ ਨਾਕਾਮੀ ਨੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਨੂੰ ਵਧਾਇਆ ਹੈ, ਜਿਨ੍ਹਾਂ ਨੂੰ ਭਾਰਤ ਦੇ ਮੁੱਖ ਨਿਆਂਧੀਸ਼ ਨੇ 'ਕਾਕਰੋਚ' ਤੱਕ ਕਹਿ ਦਿੱਤਾ ਹੈ।ਅਸੀਂ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਤੋਂ ਤੁਰੰਤ ਅਸਤੀਫ਼ੇ ਦੀ ਮੰਗ ਕਰਦੇ ਹਾਂ।ਪ੍ਰਧਾਨ ਮੰਤਰੀ ਨੂੰ ਜਨਤਕ ਤੌਰ 'ਤੇ ਸਰਕਾਰ ਦੀ ਨਾਕਾਮੀ ਸਵੀਕਾਰ ਕਰਨੀ ਚਾਹੀਦੀ ਹੈ।ਐੱਨਟੀਏ ਨੂੰ ਭੰਗ ਕੀਤਾ ਜਾਣਾ ਚਾਹੀਦਾ ਹੈ ਤੇ ਪ੍ਰੀਖਿਆਵਾਂ ਦੇ ਆਯੋਜਨ ਦੀ ਯੋਜਨਾ ਆਰ ਐੱਸ ਐੱਸ ਦੀ ਬਜਾਏ ਸਿੱਖਿਆਵਿਦਾਂ ਦੀ ਇੱਕ ਉੱਚ-ਪੱਧਰੀ ਕਮੇਟੀ ਦੁਆਰਾ ਬਣਾਈ ਜਾਣੀ ਚਾਹੀਦੀ ਹੈ।ਇਹ ਬਿਆਨ ਕਾਮਰੇਡ ਡੀ.ਪੀ. ਮੌੜ ਜ਼ਿਲ੍ਹਾ ਸਕੱਤਰ, ਚਮਕੌਰ ਸਿੰਘ, ਐੱਮ. ਐੱਸ. ਭਾਟੀਆ, ਡਾ. ਰਾਜਿੰਦਰ ਪਾਲ ਸਿੰਘ ਔਲਖ, ਡਾ. ਅਰੁਣ ਮਿੱਤਰਾ, ਰਮੇਸ਼ ਰਤਨ ਤੇ ਵਿਜੈ ਕੁਮਾਰ ਵੱਲੋਂ ਜਾਰੀ ਕੀਤਾ ਗਿਆ।

## ਮੁਕਤਸਰ ਨਗਰ ਕੌਂਸਲ ਚੋਣਾਂ 'ਚ ਰਿਹਾ 'ਆਪ' ਦਾ ਦਬਦਬਾ

### ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਮਿਲੀਆਂ ਚਾਰ-ਚਾਰ ਸੀਟਾਂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**

ਮੁਕਤਸਰ ਨਗਰ ਕੌਂਸਲ ਚੋਣਾਂ ਦੇ ਹੁਣ ਤੱਕ ਆਏ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਨੇ ਵੱਡੀ ਬੜਤ ਬਣਾਈ ਹੋਈ ਹੈ।ਹੁਣ ਤੱਕ ਦੇ ਨਤੀਜਿਆਂ ਅਨੁਸਾਰ ਆਮ ਆਦਮੀ ਪਾਰਟੀ ਦੇ ਖਾਤੇ ਵਿੱਚ 11 ਸੀਟਾਂ ਗਈਆਂ ਹਨ, ਜਦਕਿ ਕਾਂਗਰਸ ਨੇ 4 ਤੇ ਸ਼੍ਰੋਮਣੀ ਅਕਾਲੀ ਦਲ ਨੇ ਵੀ 4 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਹੈ।

ਵਾਰਡ ਨੰਬਰ 1 ਤੋਂ ਆਮ ਆਦਮੀ ਪਾਰਟੀ ਦੀ ਜਸਪਾਲ ਕੌਰ ਨੇ 669 ਵੋਟਾਂ ਦੇ ਮਾਰਜਨ ਨਾਲ ਜਿੱਤ ਦਰਜ ਕੀਤੀ।ਵਾਰਡ ਨੰਬਰ 2 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਹਰਦੀਪ ਕੌਰ ਹਰਪਾਲ ਸਿੰਘ ਬੇਦੀ ਨੇ 896 ਵੋਟਾਂ ਨਾਲ ਜਿੱਤ ਹਾਸਲ ਕੀਤੀ।ਵਾਰਡ ਨੰਬਰ 3 ਤੋਂ ਕਾਂਗਰਸ ਦੀ ਹਰਜੋਤ ਕੌਰ ਗੁਰਮੀਤ ਸਿੰਘ ਜੀਤਾ 262 ਵੋਟਾਂ ਦੇ ਫਰਕ ਨਾਲ ਕਾਮਯਾਬ ਰਹੀ।ਵਾਰਡ ਨੰਬਰ 4 ਤੋਂ ਆਮ ਆਦਮੀ ਪਾਰਟੀ ਦੇ ਧਰਮਿੰਦਰ ਸਿੰਘ ਨੇ 222 ਵੋਟਾਂ ਨਾਲ ਜਿੱਤ ਦਰਜ ਕੀਤੀ, ਜਦਕਿ ਵਾਰਡ ਨੰਬਰ 5 ਤੋਂ ਸਿੰਦਰ ਕੌਰ ਨੇ 298 ਵੋਟਾਂ ਦੇ ਮਾਰਜਨ ਨਾਲ ਜਿੱਤ ਹਾਸਲ ਕੀਤੀ।ਵਾਰਡ ਨੰਬਰ 6 ਤੋਂ ਰਿੰਕੂ ਬੰਸਲ ਨੇ 659 ਵੋਟਾਂ ਨਾਲ ਵਿਰੋਧੀਆਂ ਨੂੰ ਹਰਾਇਆ।ਵਾਰਡ ਨੰਬਰ 7 ਤੋਂ ਪੂਨਮ ਰਾਣੀ ਨੇ 329 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ, ਜਦਕਿ ਵਾਰਡ ਨੰਬਰ 8 ਤੋਂ ਗੁਰਪਿੰਦਰ ਸ਼ੈਲੀ ਨੇ ਸਭ ਤੋਂ ਵੱਡੇ 1177 ਵੋਟਾਂ ਦੇ ਮਾਰਜਨ ਨਾਲ ਸ਼ਾਨਦਾਰ ਜਿੱਤ ਦਰਜ ਕੀਤੀ।ਵਾਰਡ ਨੰਬਰ 9 ਤੋਂ ਕਾਂਗਰਸ ਦੀ ਸੰਜਨਾ ਭੰਮ 682 ਵੋਟਾਂ ਨਾਲ ਜੇਤੂ ਰਹੀ।

ਵਾਰਡ ਨੰਬਰ 10 ਤੋਂ ਆਮ ਆਦਮੀ ਪਾਰਟੀ ਦੇ ਬਲਜਿੰਦਰ ਸਿੰਘ ਨੇ 204 ਵੋਟਾਂ ਨਾਲ ਜਿੱਤ ਦਰਜ ਕੀਤੀ।ਵਾਰਡ ਨੰਬਰ 11 ਤੋਂ ਯੋਗਤਾ ਗੁੰਬਰ ਜੇਤੂ ਰਹੇ।ਵਾਰਡ ਨੰਬਰ 12 ਤੋਂ ਗੁਰਪ੍ਰੀਤ ਸਿੰਘ ਨੇ 520 ਵੋਟਾਂ ਦੇ ਮਾਰਜਨ ਨਾਲ ਜਿੱਤ ਪ੍ਰਾਪਤ ਕੀਤੀ।ਵਾਰਡ ਨੰਬਰ 13 ਤੋਂ ਹਰਜੀਤ ਕੌਰ ਨੇ 206 ਅਤੇ ਵਾਰਡ ਨੰਬਰ 14 ਤੋਂ ਹਰਦੀਪ ਸਿੰਘ ਨੇ 493 ਵੋਟਾਂ ਨਾਲ ਜਿੱਤ ਦਰਜ ਕੀਤੀ। ਵਾਰਡ ਨੰ: 15 ਤੋਂ ਰਿੰਕੂ ਰਾਣੀ ਉਮੀਦਵਾਰ ਆਮ ਆਦਮੀ ਪਾਰਟੀ 125 ਵੋਟਾਂ ਨਾਲ ਜੇਤੂ ਰਹੇ।ਵਾਰਡ ਨੰ: 16 ਤੋਂ ਵਿੱਕੀ ਕੁਮਾਰ ਪੀਏ ਟੂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਆਮ ਆਦਮੀ ਪਾਰਟੀ 406 ਵੋਟਾਂ ਨਾਲ ਜੇਤੂ ਰਹੇ। ਵਾਰਡ ਨੰ: 17 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਜਸਪ੍ਰੀਤ ਕੌਰ ਗਿੱਲ ਧਰਮਪਤਨੀ ਬਿੱਟਾ ਗਿੱਲ 196 ਵੋਟਾਂ ਨਾਲ ਜੇਤੂ ਰਹੇ, ਵਾਰਡ ਨੰ: 18 ਤੋਂ ਰਾਮ ਸਿੰਘ ਪੱਪੀ ਉਮੀਦਵਾਰ ਆਮ ਆਦਮੀ ਪਾਰਟੀ ਤੋਂ 648 ਵੋਟਾਂ ਨਾਲ ਜੇਤੂ ਰਹੇ, ਵਾਰਡ ਨੰ: 19 ਤੋਂ ਉਮੀਦਵਾਰ ਏਕਤਾ ਆਮ ਆਦਮੀ ਪਾਰਟੀ ਤੋਂ 169 ਵੋਟਾਂ ਨਾਲ ਜੇਤੂ ਰਹੇ ਅਤੇ ਵਾਰਡ ਨੰ: 20 ਤੋਂ ਬਲਜਿੰਦਰ ਸਿੰਘ ਆਮ ਆਦਮੀ ਪਾਰਟੀ ਦੇ ਉਮੀਦਵਾਰ 303 ਵੋਟਾਂ ਨਾਲ ਜੇਤੂ ਰਹੇ, ਵਾਰਡ ਨੰ: 21 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਾਜਦੀਪ ਕੌਰ 156 ਵੋਟਾਂ ਨਾਲ ਜੇਤੂ, 22 ਨੰ: ਵਾਰਡ ਤੋਂ ਸੁਖਜਿੰਦਰ ਸਿੰਘ ਆਮ ਆਦਮੀ ਪਾਰਟੀ ਦੇ ਉਮੀਦਵਾਰ 547 ਵੋਟਾਂ ਨਾਲ ਜੇਤੂ, 23 ਨੰ: ਵਾਰਡ 'ਚ ਮਮਤਾ ਰਾਣੀ ਉਮੀਦਵਾਰ ਆਮ ਆਦਮੀ ਪਾਰਟੀ 161 ਵੋਟਾਂ ਨਾਲ ਜੇਤੂ, 24 ਨੰ: ਵਾਰਡ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇਜਿੰਦਰ ਸਿੰਘ 755 ਵੋਟਾਂ ਨਾਲ ਜੇਤੂ, ਵਾਰਡ ਨੰ: 25 ਵਿਚੋਂ ਨਿਸ਼ਾ ਰਾਣੀ ਆਮ ਆਦਮੀ ਪਾਰਟੀ ਦੇ ਉਮੀਦਵਾਰ 165 ਵੋਟਾਂ ਨਾਲ ਜੇਤੂ ਰਹੇ ਤੇ ਵਾਰਡ ਨੰਬਰ 26 ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਪਰਜਾਤ ਪਠੇਲਾ 323 ਵੋਟਾਂ ਨਾਲ ਜੇਤੂ, ਵਾਰਡ ਨੰਬਰ 27 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਮਨ ਲਤਾ 188 ਵੋਟਾਂ ਨਾਲ ਜੇਤੂ, ਵਾਰਡ ਨੰਬਰ 28 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ 78 ਵੋਟਾਂ ਨਾਲ ਜੇਤੂ, ਵਾਰਡ ਨੰਬਰ 29 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਵਿੰਦਰ ਸਿੰਘ 484 ਵੋਟਾਂ ਨਾਲ ਜੇਤੂ, ਵਾਰਡ ਨੰਬਰ 30 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵੰਦਨਾ ਸ਼ਰਮਾ ਇੱਕ ਵੋਟ ਨਾਲ ਜੇਤੂ ਅਤੇ ਵਾਰਡ ਨੰਬਰ 31 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਗਗਨਦੀਪ ਸਿੰਘ 469 ਵੋਟਾਂ ਨਾਲ ਜੇਤੂ ਰਹੇ।

## ਈ-ਰਿਕਸ਼ਾ ਚਾਲਕ ਦਾ ਚਾਕੂ ਮਾਰ ਕੇ ਕਤਲ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦੇ ਹੀਰਾ ਬਾਗ ਇਲਾਕੇ ਵਿੱਚ ਪੁਰਾਣੀ ਰੰਜਿਸ਼ ਦੇ ਚੱਲਦਿਆਂ ਇਕ ਈ-ਰਿਕਸ਼ਾ ਚਾਲਕ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ।ਮ੍ਰਿਤਕ ਦੀ ਪਛਾਣ ਪਿੰਡ ਚੌਰਾ ਦੇ ਰਹਿਣ ਵਾਲੇ ਅਭਿਸ਼ੇਕ ਮਲਿਕ ਵਜੋਂ ਹੋਈ ਹੈ।ਇਹ ਸਾਰੀ ਘਟਨਾ ਸੀਸੀਟੀਵੀ ਕੈਮਰੇ ਵਿੱਚ ਵੀ ਕੈਦ ਹੋ ਗਈ ਹੈ।ਪੁਲਸ ਦੀ ਮੁਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਕੁਝ ਸਮਾਂ ਪਹਿਲਾਂ ਮੁਲਜ਼ਮ ਗੁਰਸੇਵ ਸਿੰਘ ਨੇ ਇੱਕ ਕੁੜੀ ਨੂੰ ਕਥਿਤ ਤੌਰ 'ਤੇ ਬੰਧਕ ਬਣਾਇਆ ਹੋਇਆ ਸੀ।ਉਸ ਸਮੇਂ ਅਭਿਸ਼ੇਕ ਮਲਿਕ ਨੇ ਉਸ ਕੁੜੀ ਨੂੰ ਗੁਰਸੇਵ ਦੇ ਚੁੰਗਲ ਵਿੱਚੋਂ ਛੁਡਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ।ਇਸੇ ਗੱਲ ਨੂੰ ਲੈ ਕੇ ਗੁਰਸੇਵ ਅਭਿਸ਼ੇਕ ਨਾਲ ਰੰਜਿਸ਼ ਰੱਖਣ ਲੱਗ ਪਿਆ ਸੀ।ਇਸੇ ਰੰਜਿਸ਼ ਦੇ ਤਹਿਤ ਸ਼ੁੱਕਰਵਾਰ ਰਾਤ ਜਦੋਂ ਅਭਿਸ਼ੇਕ ਆਪਣਾ ਈ-ਰਿਕਸ਼ਾ ਲੈ ਕੇ ਹੀਰਾ ਬਾਗ ਸਥਿਤ ਬਰਫ਼ ਫੈਕਟਰੀ ਕੋਲੋਂ ਲੰਘ ਰਿਹਾ ਸੀ, ਤਾਂ ਗੁਰਸੇਵ ਨੇ ਆਪਣੇ 4-5 ਹਥਿਆਰਬੰਦ ਸਾਥੀਆਂ ਨਾਲ ਮਿਲ ਕੇ ਉਸ ਨੂੰ ਰਸਤੇ ਵਿੱਚ ਘੇਰ ਲਿਆ।ਹਮਲਾਵਰਾਂ ਨੇ ਅਭਿਸ਼ੇਕ 'ਤੇ ਚਾਕੂਆਂ ਨਾਲ ਵਾਰ ਕੀਤੇ।ਇਸ ਦੌਰਾਨ ਅਭਿਸ਼ੇਕ ਗੰਭੀਰ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ, ਪਰ ਜ਼ਿਆਦਾ ਖੂਨ ਵਗਣ ਕਾਰਨ ਉਸ ਨੇ ਇਲਾਜ ਦੌਰਾਨ ਦਮ ਤੋੜ ਦਿੱਤਾ।ਇਸ ਮੌਕੇ ਡੀਐੱਸਪੀ ਪਟਿਆਲਾ-2 ਜੰਗਜੀਤ ਸਿੰਘ ਰੰਧਾਵਾ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮੁੱਖ ਮੁਲਜ਼ਮ ਗੁਰਸੇਵ ਸਿੰਘ (ਵਾਸੀ ਪਿੰਡ ਚੌਰਾ) ਤੇ ਉਸ ਦੇ ਸਾਥੀਆਂ ਖ਼ਿਲਾਫ਼ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।ਪੁਲਸ ਦੀਆਂ ਵੱਖ-ਵੱਖ ਟੀਮਾਂ ਮੁਲਜ਼ਮਾਂ ਨੂੰ ਫੜਨ ਲਈ ਛਾਪੇਮਾਰੀ ਕਰ ਰਹੀਆਂ ਹਨ ਤੇ ਜਲਦੀ ਹੀ ਸਾਰੇ ਮੁਲਜ਼ਮ ਪੁਲਸ ਦੀ ਗ੍ਰਿਫ਼ਤ ਵਿੱਚ ਹੋਣਗੇ।

## ਕ੍ਰਿਸ਼ਨ ਸਿੰਘ ਧਾਲੀਵਾਲ ਦੂਜੀ ਵਾਰ ਬਣਿਆ ਐੱਮ ਸੀ

### ਵਾਰਡ ਦੇ ਸਮੁੱਚੇ ਵੋਟਰਾਂ ਸਪੋਰਟਰਾਂ ਦਾ ਕੀਤਾ ਧੰਨਵਾਦ



**ਮਾਨਸਾ (ਆਤਮਾ ਸਿੰਘ ਪਮਾਰ)**-ਨਗਰ ਕੌਂਸਲ ਮਾਨਸਾ ਚੋਣਾਂ 'ਚ ਆਮ ਆਦਮੀ ਪਾਰਟੀ ਦੇ ਵਾਰਡ ਨੰਬਰ 26 ਤੋਂ ਉਮੀਦਵਾਰ ਕ੍ਰਿਸ਼ਨ ਸਿੰਘ ਧਾਲੀਵਾਲ 550 ਵੋਟਾਂ ਦੇ ਫਰਕ ਨਾਲ ਮੁੜ ਜਿੱਤ ਕੇ ਦੂਜੀ ਵਾਰ ਮਿਊਂਸਪਲ ਕੌਂਸਲਰ ਬਣ ਗਏ ਹਨ।ਇਸ ਮੌਕੇ ਵਾਰਡ ਵਾਸੀਆਂ ਤੇ ਸਪੋਟਰਾਂ ਦੁਆਰਾ ਕ੍ਰਿਸ਼ਨ ਸਿੰਘ ਧਾਲੀਵਾਲ ਦਾ ਰੰਗਾਂ ਤੇ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ਗਿਆ।ਕ੍ਰਿਸ਼ਨ ਸਿੰਘ ਧਾਲੀਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਾਬਾ ਭਾਈ ਗੁਰਦਾਸ ਜੀ ਦੀ ਅਪਾਰ ਕਿਰਪਾ ਤੇ ਵਾਰਡ ਦੇ ਨਿਵਾਸੀਆਂ ਤੇ ਸਪੋਟਰਾਂ, ਜਿਨ੍ਹਾਂ ਨੇ ਦਿਨ-ਰਾਤ ਆਪਣਾ ਕੀਮਤੀ ਸਮਾਂ ਕੱਢ ਕੇ ਮੇਰੇ ਲਈ ਸਖ਼ਤ ਮਿਹਨਤ ਕੀਤੀ, ਦਾ ਦਿਲੋਂ ਧੰਨਵਾਦ ਕਰਦਾ ਹਾਂ।ਨਵਨਿਯੁਕਤ ਐੱਮ ਸੀ ਨੇ ਕਿਹਾ ਕਿ ਮੈਂ ਵਾਰਡ ਦੇ ਵਿਕਾਸ ਲਈ ਪਹਿਲਾਂ ਵੀ ਦਿਨ-ਰਾਤ ਇੱਕ ਕਰ ਦਿੱਤੀ ਸੀ ਤੇ ਹੁਣ ਵੀ ਮੈਂ ਵਾਰਡ ਵਾਸੀਆਂ ਦੀਆਂ ਉਮੀਦਾਂ 'ਤੇ ਖਰਾ ਉਤਰਾਂਗਾ। ਉਨ੍ਹਾਂ ਕਿਹਾ ਕਿ ਮੈਂ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ, ਹਲਕਾ ਵਿਧਾਇਕ ਡਾ. ਵਿਜੈ ਸਿੰਗਲਾ, ਗੁਰਪ੍ਰੀਤ ਸਿੰਘ ਭੁੱਚਰ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਹਰਜੀਤ ਸਿੰਘ ਦੰਦੀਵਾਲ ਤੇ ਚਰਨਜੀਤ ਸਿੰਘ ਅੱਕਾਂਵਾਲੀ ਦਾ ਵਿਸ਼ੇਸ਼ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਹਰ ਸਮੇਂ ਸਹਿਯੋਗ ਦਿੱਤਾ ਤੇ ਉਮੀਦ ਕਰਦਾ ਹਾਂ ਭਵਿੱਖ 'ਚ ਵੀ ਇਸੇ ਤਰ੍ਹਾਂ ਸਹਿਯੋਗ ਕਰਦੇ ਰਹਿਣਗੇ।

## ਸੀਨੀਅਰ ਸਿਟੀਜ਼ਨ ਅੱਜ ਮਨਾਉਣਗੇ ਤੰਬਾਕੂ ਵਿਰੋਧੀ ਦਿਵਸ : ਗਿੱਲ

**ਮੋਗਾ (ਇਕਬਾਲ ਸਿੰਘ ਖਹਿਰਾ)**-ਸੀਨੀਅਰ ਸਿਟੀਜ਼ਨ ਕੌਂਸਲ ਦੇ ਮੈਂਬਰਾਂ ਦੀ ਜਨਰਲ ਬਾਡੀ ਦੀ ਮੀਟਿੰਗ ਸ੍ਰ. ਦਰਬਾਰ ਸਿੰਘ ਗਿੱਲ ਸੀਨੀਅਰ ਉਪ ਪ੍ਰਧਾਨ ਦੀ ਪ੍ਰਧਾਨਗੀ ਹੇਠ ਸਕੱਤਰੇਤ ਵਿਖੇ ਸੀਨੀਆਰ ਸਿਟੀਜ਼ਨ ਡੇ ਕੇਅਰ ਸੈਂਟਰ ਵਿਖੇ ਹੋਈ।ਮੀਟਿੰਗ ਦੇ ਅਰੰਭ ਵਿੱਚ ਮੈਂਬਰਾਂ ਦੀ ਸਹਿਮਤੀ ਨਾਲ ਐਲਾਨ ਕੀਤਾ ਕਿ 31 ਮਈ ਨੂੰ 11 ਵਜੇ ਮੁੱਖ ਚੌਕ ਵਿਚ ਤੰਬਾਕੂ ਵਿਰੋਧੀ ਦਿਵਸ ਮਨਾਇਆ ਜਾਵੇਗਾ। ਦਰਬਾਰ ਸਿੰਘ ਗਿੱਲ ਨੇ ਸਾਰੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਸ਼ਾਮਲ ਹੋਣ।ਮੰਚ ਦਾ ਸੰਚਾਲਨ ਕਰਦਿਆਂ ਅਵਤਾਰ ਸਿੰਘ ਨੇ ਸਾਰੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਸਾਨੂੰ ਮਹੀਨੇਵਾਰ ਮੀਟਿੰਗ ਵਿੱਚ ਜ਼ਰੂਰ ਸ਼ਾਮਲ ਹੋਣਾ ਚਾਹੀਦਾ ਹੈ।

ਸ੍ਰੀ ਗਿੱਲ ਨੇ ਸਾਰੇ ਹਾਜ਼ਰ ਮੈਂਬਰਾਂ ਦੇ ਉਤਸ਼ਾਹ ਨੂੰ ਵੇਖਦਿਆਂ ਐਲਾਨ ਕੀਤਾ ਕਿ ਉਹ ਬਰਸਾਤ ਹੋਣ ਦੇ ਬਾਵਜੂਦ ਸ਼ਾਮਲ ਹੋਏ ਹਨ, ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਹੈ।ਮੀਟਿੰਗ ਸ੍ਰੀ ਆਰ ਕੇ ਕੱਕੜ ਦੀ ਪ੍ਰਧਾਨਗੀ ਹੇਠ ਫੈਡਰੇਸ਼ਨ ਦੀ ਨਵੀਂ ਚੁਣੀ ਟੀਮ ਨੂੰ ਮੁਬਾਰਕਬਾਦ ਦਿੰਦਿਆਂ ਆਸ ਪ੍ਰਗਟਾਈ ਕਿ ਟੀਮ ਭਵਿੱਖ ਵਿੱਚ ਬਜ਼ੁਰਗਾਂ ਦੀ ਭਲਾਈ ਲਈ ਹੋਰ ਵਧੇਰੇ ਕੰਮ ਕਰੇਗੀ।ਮੀਟਿੰਗ ਵਿੱਚ ਪੈਨਸ਼ਨਰਾਂ ਪਰਤੀ ਪੰਜਾਬ ਸਰਕਾਰ ਦੇ ਵਤੀਰੇ ਤੇ ਵੀ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਜੋਗਿੰਦਰ ਸਿੰਘ ਲੋਹਾਮ, ਗੁਰਚਰਨ ਸਿੰਘ, ਇਕਬਾਲ ਸਿੰਘ ਲੋਹਾਮ, ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਜਗਦੀਪ ਸਿੰਘ ਢਿੱਲੋਂ ਨੇ ਵੀ ਚਰਚਾ ਵਿਚ ਹਿੱਸਾ ਲਿਆ।ਮੀਟਿੰਗ ਵਿੱਚ ਅਮਰ ਸਿੰਘ ਵਿਰਦੀ, ਮਾਸਟਰ ਪ੍ਰੇਮ ਕੁਮਾਰ, ਸੁਰੇਸ਼ ਕੁਮਾਰ, ਹਰਭਜਨ ਸਿੰਘ ਨਾਗਰਾ, ਜਸਵੀਰ ਸਿੰਘ ਆਦਿ ਹਾਜ਼ਰ ਸਨ।



## ਬੀਬੀ ਰੰਧਾਵਾ ਨੇ ਚੋਣ ਜਿੱਤਣ ਵਾਲੇ ਕਾਂਗਰਸੀ ਉਮੀਦਵਾਰਾਂ ਨੂੰ ਦਿੱਤੀ ਵਧਾਈ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਪੰਜਾਬ ਵਿੱਚ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਤੇ ਵੱਡੇ ਲੀਡਰਾਂ ਨੇ ਕਾਗਜ਼ ਭਰਨ ਤੋਂ ਲੈ ਕੇ ਚੋਣਾਂ ਹੋਣ ਤੱਕ ਲੋਕਾਂ ਨੂੰ ਡਰਾਉਣ ਧਮਕਾਉਣ ਵਾਲੀ ਬਿਆਨਬਾਜ਼ੀ ਕੀਤੀ, ਉਸ ਤੋਂ ਸਪੱਸ਼ਟ ਹੈ ਕਿ ਆਮ ਆਦਮੀ ਪਾਰਟੀ ਚੋਣਾਂ ਦੇ ਨਤੀਜੇ ਸਾਹਮਣੇ ਆਉਣ ਤੋਂ ਪਹਿਲਾਂ ਹੀ ਆਪਣੀ ਹਾਰ ਤੋਂ ਡਰੀ ਹੋਈ ਸੀ।ਪੋਲਿੰਗ ਬੂਥਾਂ ਉੱਤੇ ਕੈਪਚਰਿੰਗ ਤੇ ਧੱਕਾ ਆਪ ਪਾਰਟੀ ਦੀ ਬੁਖਲਾਹਟ ਦੀ ਨਿਸ਼ਾਨੀ ਹੈ।ਬੀਬੀ ਰੰਧਾਵਾ ਨੇ ਕਿਹਾ ਕਿ ਅਸੀਂ ਮਹਿਸੂਸ ਕੀਤਾ ਕਿ ਆਪ ਵਿਧਾਇਕਾਂ ਵੱਲੋਂ ਸੋਸ਼ਲ ਤੇ ਪ੍ਰਿੰਟ ਮੀਡੀਆ ਉੱਤੇ ਦਿੱਤੇ ਗਏ ਧਮਕੀ ਭਰੇ ਬਿਆਨਾਂ ਦਾ ਅਸਰ ਕਾਂਗਰਸ ਸਮੇਤ ਹੋਰਨਾਂ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਉੱਤੇ ਪਿਆ, ਜਿਸ ਕਰਕੇ ਚੋਣਾਂ ਲੜਨ ਦੇ ਚਾਹਵਾਨ ਉਮੀਦਵਾਰ ਕਾਫ਼ੀ ਹੱਦ ਤੱਕ ਪਿੱਛੇ ਹੱਟ ਗਏ।ਉਨਾਂ ਕਿਹਾ ਕਿ ਪੋਲਿੰਗ ਵਾਲੇ ਦਿਨ ਜਿਸ ਤਰ੍ਹਾਂ ਆਪ ਪਾਰਟੀ ਨੇ ਬਾਹਰੀ ਗੁੰਡੇ ਬੁਲਾ ਕੇ ਬੂਥਾਂ 'ਤੇ ਕਬਜ਼ੇ ਕੀਤੇ ਤੇ ਕੁੱਝ 'ਤੇ ਕਰਨ ਦੀ ਕੋਸ਼ਿਸ਼ ਕੀਤੀ, ਉਹ ਬੇਹੱਦ ਨਿੰਦਣਯੋਗ ਹੈ।ਬੀਬੀ ਰੰਧਾਵਾ ਨੇ ਕਾਂਗਰਸੀ ਆਗੂਆਂ ਤੇ ਵਰਕਰਾਂ ਦੀ ਗੱਲ ਕਰਦਿਆਂ ਕਿਹਾ ਕਿ ਅਗਰ ਅਸੀਂ ਵਧੇਰੇ ਇੱਕਜੁੱਟਤਾ ਨਾਲ ਚੋਣ ਲੜੇ ਹੁੰਦੇ ਤਾਂ ਕਾਂਗਰਸ ਪਾਰਟੀ ਵਧੇਰੇ ਸੀਟਾਂ ਲੈ ਸਕਦੇ ਸੀ।ਬੀਬੀ ਰੰਧਾਵਾ ਨੇ ਚੋਣ ਲੜਨ ਵਾਲੇ ਸਾਰੇ ਉਮੀਦਵਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਦੋਂ ਪਾਰਟੀ ਔਖੇ ਸਮੇਂ ਵਿੱਚ ਹੁੰਦੀ ਹੈ, ਉਸ ਵੱਲੋਂ ਖੜੇ ਕੀਤੇ ਗਏ ਸਾਰੇ ਉਮੀਦਵਾਰ ਪਾਰਟੀ ਦੇ ਬਹੁਤ ਹੀ ਵਫਾਦਾਰ ਸਿਪਾਹੀ ਹੁੰਦੇ ਹਨ।ਉਨ੍ਹਾਂ ਕਿਹਾ ਕਿ ਚੋਣ ਲੜਨ ਵਾਲੇ ਹਰ ਉਮੀਦਵਾਰ ਤੇ ਉਨ੍ਹਾਂ ਨਾਲ ਖੜਨ ਵਾਲੇ ਵਰਕਰਾਂ ਨੂੰ ਕਾਂਗਰਸ ਪਾਰਟੀ ਪੂਰਨ ਸਨਮਾਨ ਦੇਵੇਗੀ।ਇਸ ਮੌਕੇ ਉਨ੍ਹਾਂ ਬੇਅੰਤ ਸਿੰਘ ਪੱਪੀ ਤੇ ਹਰਪ੍ਰੀਤ ਸਿੰਘ ਕੂਕਾ ਨੂੰ ਮਿਲ ਕੇ ਜਿੱਤ ਦੀ ਵਧਾਈ ਦਿੱਤੀ।

## ਮਾਰਕਿਟ ਕਮੇਟੀ ਦੇ ਚੇਅਰਮੈਨ ਨੂੰ ਅਹੁਦੇ ਤੋਂ ਹਟਾਇਆ, ਚਰਚਾਵਾਂ ਦਾ ਬਜ਼ਾਰ ਤੇਜ਼



**ਭੀਖੀ (ਧਰਮਵੀਰ ਸ਼ਰਮਾ)**-ਮਾਰਕਿਟ ਕਮੇਟੀ ਭੀਖੀ ਦੇ ਚੇਅਰਮੈਨ ਮਾ. ਵਰਿੰਦਰ ਸੋਨੀ ਨੂੰ ਅਹੁਦੇ ਤੋਂ ਹਟਾਏ ਜਾਣ ਦੀ ਖ਼ਬਰ ਤੋਂ ਬਾਅਦ ਇਲਾਕੇ ਦੇ ਸਿਆਸੀ ਗਲਿਆਰਿਆਂ ਵਿੱਚ ਚਰਚਾਵਾਂ ਦਾ ਦੌਰ ਤੇਜ਼ ਹੋ ਗਿਆ ਹੈ। ਭਾਵੇਂ ਪੱਤਰ ਨੰਬਰ 1/1/2023/ਐਮ-5/7535 ਮਿਤੀ 29 ਮਈ 2026 ਰਾਹੀਂ ਅਰਸ਼ਦੀਪ ਸਿੰਘ ਥਿੰਦ ਪ੍ਰਬੰਧਕੀ ਸਕੱਤਰ, ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਸਰਕਾਰ ਵੱਲੋਂ ਸੈਕਸ਼ਨ 15 ਆਫ ਦਿ ਪੰਜਾਬ ਐਗਰੀਕਲਚ ਪ੍ਰੋਡਿਊਸ ਮਾਰਕੀਟਸ ਐਕਟ 1961 ਦੀ ਵਰਤੋਂ ਕਰਦਿਆਂ ਉਨ੍ਹਾਂ ਨੂੰ ਆੜ੍ਹਤੀਆ ਸ਼੍ਰੇਣੀ ਵਿੱਚ ਅਯੋਗ ਕਰਾਰ ਦਿੰਦਿਆਂ ਅਹੁਦੇ ਤੋਂ ਹਟਾਇਆ ਗਿਆ ਹੈ, ਪ੍ਰੰਤੂ ਇਸ ਕਾਰਵਾਈ ਨੂੰ ਲੈ ਕੇ ਵੱਖ-ਵੱਖ ਤਰ੍ਹਾਂ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਹਨ ਤੇ ਲੋਕ ਇਸ ਦੇ ਪਿੱਛੇ ਦੇ ਕਾਰਨਾਂ ਬਾਰੇ ਚਰਚਾ ਕਰ ਰਹੇ ਹਨ। ਚਰਚਾ ਹੈ ਕਿ ਪਿਛਲੇ ਕਈ ਦਿਨਾਂ ਤੋਂ ਵਰਿੰਦਰ ਸੋਨੀ ਵੱਲੋਂ ਕੁਝ ਮੁੱਦਿਆਂ ਉੱਤੇ ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀਆਂ ਪੋਸਟਾਂ ਕੁਝ ਆਗੂਆਂ ਨੂੰ ਹਜਮ ਨਹੀਂ ਆ ਰਹੀਆਂ ਸਨ, ਨਤੀਜਨ ਉਸ ਦੀਆਂ ਸ਼ਿਕਾਇਤਾਂ ਹਾਈਕਮਾਂਡ ਤੱਕ ਪਹੁੰਚਾਈਆਂ ਗਈਆਂ, ਤੋਂ ਇਲਾਵਾ ਸਥਾਨਕ ਅਨਾਜ ਮੰਡੀ ਵਿੱਚ ਬਿਨਾਂ ਪ੍ਰਵਾਨਗੀ ਤੋਂ ਡੰਪ ਕੀਤਾ ਗਿਆ ਫੂਸਾ ਵੀ ਅਹਿਮ ਮੁੱਦਾ ਰਿਹਾ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਇਹ ਫੈਸਲਾ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਤੇ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਦੇ ਮੰਤਵ ਨਾਲ ਲਿਆ ਗਿਆ ਹੋ ਸਕਦਾ ਹੈ। ਇਸ ਘਟਨਾ ਤੋਂ ਬਾਅਦ ਸਥਾਨਕ ਸਿਆਸਤ ਵਿੱਚ ਨਵੇਂ ਸਮੀਕਰਨ ਬਣਨ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ। ਹੁਣ ਸਭ ਦੀਆਂ ਨਜ਼ਰਾਂ ਇਸ ਗੱਲ 'ਤੇ ਟਿਕੀਆਂ ਹੋਈਆਂ ਹਨ ਕਿ ਕੀ ਇਹ ਕਾਰਵਾਈ ਸਿਰਫ਼ ਇੱਕ ਅਹੁਦੇ ਤੱਕ ਸੀਮਿਤ ਰਹੇਗੀ ਜਾਂ ਫਿਰ ਹੋਰ ਅਹੁਦੇਦਾਰਾਂ 'ਤੇ ਵੀ ਗਾਜ ਡਿੱਗ ਸਕਦੀ ਹੈ। ਉਧਰ ਮਾ. ਵਰਿੰਦਰ ਸੋਨੀ ਨੇ ਇਸ ਫੈਸਲੇ ਨੂੰ ਖਿੜੇ ਮੱਥੇ ਲੈਂਦੇ ਕਿਹਾ ਹੈ ਕਿ ਉਹ ਪਾਰਟੀ ਦੇ ਵਫਾਦਾਰ ਸਿਪਾਹੀ ਹਨ ਤੇ ਉਨ੍ਹਾਂ ਕਿਹਾ ਕਿ ਚੇਅਰਮੈਨ ਦੀ ਹੈਸੀਅਤ ਵਿੱਚ ਸਵਾ ਸਾਲ ਦੇ ਕਾਰਜਕਾਲ ਦੌਰਾਨ ਉਨ੍ਹਾਂ ਤਨਦੇਹੀ ਤੇ ਇਮਾਨਦਾਰੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਈ ਹੈ।

## ਪੀ ਜੀ ਆਈ ਵੱਲੋਂ ਅੰਤਰਰਾਸ਼ਟਰੀ ਪਬਲਿਕ ਹੈੱਲਥ ਪ੍ਰੋਗਰਾਮ ਦਾ ਸਫਲ ਆਯੋਜਨ



**ਸਮਰਾਲਾ (ਸੁਰਜੀਤ ਸਿੰਘ)**

ਪੀਜੀਆਈ ਚੰਡੀਗੜ੍ਹ ਵੱਲੋਂ 33ਵੇਂ ਅੰਤਰਰਾਸ਼ਟਰੀ ਪਬਲਿਕ ਹੈਲਥ ਡਿਵੈਲਪਮੈਂਟ ਪ੍ਰੋਗਰਾਮ ਦਾ ਸਫ਼ਲ ਆਯੋਜਨ ਕੀਤਾ ਗਿਆ।ਇਸ ਮੌਕੇ ਹਾਜ਼ਰ ਸਰੋਤਿਆਂ ਨੂੰ ਸੰਬੋਧਨ ਕਰਦੇ ਹੋਏ ਵਿਜੇ ਨਹਿਰਾ ਵਧੀਕ ਸਕੱਤਰ, ਸਿਹਤ ਤੇ ਪਰਿਵਾਰ ਕਲਿਆਣ ਵਿਭਾਗ ਭਾਰਤ ਸਰਕਾਰ ਨੇ ਕਿਹਾ ਕਿ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਸਿਹਤ ਸੰਬੰਧੀ ਸਮੱਸਿਆ ਪੂਰੀ ਮਨੁੱਖਤਾ ਲਈ ਚਿੰਤਾ ਦਾ ਵਿਸ਼ਾ ਹੈ।ਦਸ ਰੋਜ਼ਾ ਇਸ ਅੰਤਰਰਾਸ਼ਟਰੀ ਪ੍ਰੋਗਰਾਮ ਵਿੱਚ 18 ਦੇਸ਼ਾਂ ਤੋਂ 41 ਸਿਹਤ ਮਾਹਰਾਂ ਤੇ ਪਬਲਿਕ ਹੈਲਥ ਲੀਡਰਾਂ ਨੇ ਭਾਗ ਲਿਆ, ਜਿਸ ਨੇ ਨੀਤੀਗਤ ਸੰਵਾਦ, ਸਾਂਝੇ ਅਨੁਭਵਾਂ ਤੇ ਪਬਲਿਕ ਹੈਲਥ ਮੈਨੇਜਮੈਂਟ ਤੇ ਸਿਹਤ ਪ੍ਰਣਾਲੀ ਮਜ਼ਬੂਤੀ ਦੇ ਖੇਤਰ ਵਿੱਚ ਸਰਵੋਤਮ ਅਭਿਆਸਾਂ ਦੇ ਅਦਾਨ-ਪ੍ਰਦਾਨ ਲਈ ਇੱਕ ਮਜ਼ਬੂਤ ਮੰਚ ਪ੍ਰਦਾਨ ਕੀਤਾ।

ਵਿਦੇਸ਼ ਮੰਤਰਾਲੇ, ਸਕੂਲ ਆਫ ਪਬਲਿਕ ਹੈਲਥ ਤੇ ਕਮਿਊਨਿਟੀ ਮੈਡੀਸਨ ਵਿਭਾਗ ਦੀ ਪ੍ਰਸੰਸਾ ਕਰਦਿਆਂ ਵਧੀਕ ਸਕੱਤਰ ਨਹਿਰਾ ਨੇ ਕਿਹਾ ਕਿ ਇਹ ਇੱਕ ਦੋਹਾਂ ਪੱਖਾਂ ਲਈ ਲਾਭਦਾਇਕ ਅਭਿਆਸ ਰਿਹਾ ਹੈ।ਇਹ ਸਿਰਫ ਸਰਕਾਰਾਂ ਵੱਲੋਂ ਭਾਗੀਦਾਰਾਂ ਨੂੰ ਸੱਦਾ ਦੇਣ ਤੱਕ ਸੀਮਿਤ ਨਹੀਂ, ਸਗੋਂ ਤੁਹਾਡੇ ਨਾਲ ਸੰਪਰਕ ਵਿੱਚ ਆਉਣ ਵਾਲੇ ਲੋਕ ਵੀ ਵੱਖ-ਵੱਖ ਦੇਸ਼ਾਂ ਦੀਆਂ ਸਿਹਤ ਪ੍ਰਣਾਲੀਆਂ ਤੇ ਸੱਭਿਆਚਾਰਾਂ ਨੂੰ ਸਮਝ ਕੇ ਆਪਣਾ ਦਾਇਰਾ ਵਧਾਉਂਦੇ ਹਨ।ਗਲੋਬਲ ਸਿਹਤ ਪ੍ਰਸੰਗ ਦੀ ਆਪਸੀ ਨਿਰਭਰਤਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜੰਗਾਂ ਤੇ ਭੂ-ਰਾਜਨੀਤਕ ਤਣਾਅ ਦੇ ਸਮੇਂ ਵਿੱਚ ਵੀ ਸਿਹਤ ਮਨੁੱਖਤਾ ਨੂੰ ਜੋੜਨ ਵਾਲੀ ਸਭ ਤੋਂ ਵੱਡੀ ਤਾਕਤ ਹੈ।ਕੋਵਿਡ-19 ਮਹਾਮਾਰੀ ਤੋਂ ਮਿਲੇ ਸਬਕ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਕੋਵਿਡ ਨਾ ਪਹਿਲੀ ਮਹਾਮਾਰੀ ਸੀ ਤੇ ਨਾ ਹੀ ਆਖਰੀ।ਇਸ ਨੇ ਸਾਨੂੰ ਸਿਖਾਇਆ ਕਿ ਸਿਹਤ ਸੁਰੱਖਿਆ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਕਿਹਾ ਕਿ ਪੀਜੀਆਈਐਮਈਆਰ ਵਰਗੀਆਂ ਸੰਸਥਾਵਾਂ ਸਾਡੇ ਸਿਹਤ ਤੰਤਰ ਦੀਆਂ ਸਭ ਤੋਂ ਵਧੀਆ ਤਾਕਤਾਂ ਦੀ ਨੁਮਾਇੰਦਗੀ ਕਰਦੀਆਂ ਹਨ ਤੇ ਇੱਥੇ ਸਮਾਂ ਬਿਤਾਉਣਾ ਹਰ ਭਾਗੀਦਾਰ ਲਈ ਕੀਮਤੀ ਮੌਕਾ ਹੈ।ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰੋ. ਵਿਵੇਕ ਲਾਲ ਡਾਇਰੈਕਟਰ ਪੀਜੀਆਈਐਮਈਆਰ ਚੰਡੀਗੜ੍ਹ ਨੇ ਭਾਗੀਦਾਰਾਂ ਤੇ ਆਯੋਜਕਾਂ ਨੂੰ ਇਸ ਇਤਿਹਾਸਕ ਸੰਸਕਰਣ ਦੀ ਸਫਲਤਾ ਲਈ ਵਧਾਈ ਦਿੱਤੀ ਤੇ ਸੰਸਥਾ ਦੀ ਵਧ ਰਹੀ ਅੰਤਰਰਾਸ਼ਟਰੀ ਭੂਮਿਕਾ ਉਤੇ ਰੋਸ਼ਨੀ ਪਾਈ।ਇਸ ਮੌਕੇ ਪੰਕਜ ਰਾਏ ਡਿਪਟੀ ਡਾਇਰੈਕਟਰ (ਪ੍ਰਸ਼ਾਸਨ) ਨੇ ਕਿਹਾ ਕਿ ਪੀਜੀਆਈ ਦੀ ਗਲੋਬਲ ਸਹਿਯੋਗ, ਗਿਆਨ ਸਾਂਝਾ ਕਰਨ ਤੇ ਦੇਸ਼ਾਂ ਵਿਚਕਾਰ ਪਬਲਿਕ ਹੈਲਥ ਭਾਈਚਾਰੇ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਇਸ ਮੌਕੇ ਪ੍ਰੋ. ਸੋਨੂ ਗੋਇਲ ਪ੍ਰੋਗਰਾਮ ਡਾਇਰੈਕਟਰ ਨੇ ਕਿਹਾ ਕਿ 33ਵੇਂ ਸੰਸਕਰਨ ਨੇ ਅਨੁਭਵੀ ਸਿੱਖਿਆ, ਨੇਤ੍ਰਿਤਵ ਅਭਿਆਸਾਂ ਤੇ ਸੱਭਿਆਚਾਰਕ ਅਨੁਭਵਾਂ ਰਾਹੀਂ ਪ੍ਰੋਗਰਾਮ ਦੀ ਵਿਸ਼ੇਸ਼ ਪ੍ਰੰਪਰਾ ਨੂੰ ਅੱਗੇ ਵਧਾਇਆ ਹੈ।

## ਗੁਰੂ ਨਾਨਕ ਕਾਲਜੀਏਟ ਸਕੂਲ ਵਿਖੇ ਸਨਮਾਨ ਸਮਾਰੋਹ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਗੁਰੂ ਨਾਨਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਵਿਖੇ 10+1 ਤੇ 10+2 ਦੇ ਨਵੇਂ ਆਏ ਵਿਦਿਆਰਥੀਆਂ ਨੂੰ ਸੰਸਥਾ ਦੇ ਵਾਤਾਵਰਨ ਸਬੰਧੀ ਜਾਣੂ ਕਰਾਉਣ ਹਿੱਤ ਓਰੀਐਂਟੇਸ਼ਨ ਤੇ ਸਨਮਾਨ ਸਮਾਰੋਹ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਸੰਸਥਾ ਦੇ ਨਿਯਮਾਂ ਤੇ ਸੰਸਥਾ ਵਿੱਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਸਬੰਧੀ ਤੇ ਸੰਸਥਾ ਵਿੱਚ ਚੱਲ ਰਹੇ ਵਿਦਿਆਰਥੀ ਭਲਾਈ ਵੱਖ-ਵੱਖ ਸੈਲਾਂ ਸਬੰਧੀ ਜਾਣੂ ਕਰਵਾਇਆ ਗਿਆ। ਸੰਸਥਾ ਵਿੱਚ ਚੱਲ ਰਹੀਆਂ ਵੱਖ-ਵੱਖ ਸਟਰੀਮਾ ਸਾਇੰਸ, ਕਾਮਰਸ ਤੇ ਆਰਟਸ ਦੇ ਟੀਚਰ ਸਾਹਿਬਾਨ ਵਿਦਿਆਰਥੀਆਂ ਨਾਲ ਰੂਬਰੂ ਹੋਏ ਅਤੇ ਇਸ ਸਮੇਂ 10+1 ਤੇ 10+2 ਮਾਰਚ 2026 ਪ੍ਰੀਖਿਆਵਾਂ ਵਿੱਚ ਵੱਖ-ਵੱਖ ਸਟਰੀਮਸ ਵਿੱਚੋਂ ਪਹਿਲੇ, ਦੂਸਰੇ ਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਸਨਮਾਨਤ ਕੀਤਾ ਗਿਆ।ਪੁਜ਼ੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਨਵੇਂ ਆਏ ਵਿਦਿਆਰਥੀਆਂ ਦੇ ਰੂਬਰੂ ਕੀਤਾ ਤਾਂ ਜੋ ਉਹ ਵਿਦਿਆਰਥੀ ਉਨ੍ਹਾਂ ਤੋਂ ਸੇਧ ਲੈ ਸਕਣ।ਇਸ ਮੌਕੇ ਡੀਨ ਅਕਾਦਮਿਕ ਡਾ. ਨੀਨਾ ਮਹਿਤਾ, ਸਕੂਲ ਇੰਚਾਰਜ ਮੈਡਮ ਸ਼ਹਿਨਾਜ਼ ਕੌਰ ਤੇ ਸਮੂਹ ਸਟਾਫ਼ ਨੇ ਪੁਜ਼ੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ।ਡੀਨ ਅਕੈਡਮਿਕ ਡਾ. ਨੀਨਾ ਮਹਿਤਾ ਜੀ ਨੇ ਸਕੂਲ ਸਟਾਫ਼, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਕੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਪ੍ਰਿੰਸੀਪਲ ਡਾ. ਸਰਬਜੀਤ ਕੌਰ ਤੇ ਸਥਾਨਕੀ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਸ. ਮਨਜੀਤ ਸਿੰਘ ਬਰਕੰਦੀ ਨੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਨਵੇਂ ਆਏ ਵਿਦਿਆਰਥੀਆਂ ਨੂੰ ਸੰਸਥਾ ਦੇ ਅਨੁਸ਼ਾਸਨ ਨੂੰ ਅਪਣਾਉਂਦੇ ਹੋਏ ਵਧੀਆ ਢੰਗ ਨਾਲ ਸਿੱਖਿਆ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ।

## ਹਲਕਾ ਇੰਚਾਰਜ ਰਣਜੋਧ ਹਡਾਣਾ ਵੱਲੋਂ ਦੇਵੀਗੜ੍ਹ ਵਿਖੇ ਮੁੱਖ ਦਫ਼ਤਰ ਦਾ ਉਦਘਾਟਨ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਹਲਕਾ ਸਨੌਰ ਦੇ ਸਰਬਪੱਖੀ ਵਿਕਾਸ ਨੂੰ ਹੋਰ ਗਤੀ ਦੇਣ ਤੇ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਬੂਹੇ 'ਤੇ ਨਿਪਟਾਰਾ ਕਰਨ ਲਈ ਹਲਕਾ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਵੱਲੋਂ ਨਵੀਂ ਅਨਾਜ ਮੰਡੀ ਦੇਵੀਗੜ੍ਹ ਵਿਖੇ ਮੁੱਖ ਦਫ਼ਤਰ ਦਾ ਉਦਘਾਟਨ ਪੂਰੀ ਚੜ੍ਹਦੀ ਕਲਾ ਨਾਲ ਕੀਤਾ ਗਿਆ।ਇਸ ਉਦਘਾਟਨੀ ਸਮਾਗਮ ਦੀ ਸ਼ੁਰੂਆਤ ਇਲਾਕੇ ਦੀ ਖ਼ੁਸ਼ਹਾਲੀ, ਅਮਨ-ਸ਼ਾਂਤੀ ਤੇ ਚੜ੍ਹਦੀ ਕਲਾ ਦੀ ਅਰਦਾਸ ਨਾਲ ਹੋਈ।ਸਮਾਗਮ ਦੌਰਾਨ ਹਲਕੇ ਭਰ ਵਿੱਚੋਂ ਪਹੁੰਚੇ ਸੈਂਕੜੇ ਬਲਾਕ ਸੰਮਤੀ ਮੈਂਬਰਾਂ, ਸਰਪੰਚਾਂ-ਪੰਚਾਂ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਕੇ ਸ੍ਰ. ਹਡਾਣਾ ਨੂੰ ਵਧਾਈ ਦਿੱਤੀ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਨਤਾ ਦੀ ਆਪਣੀ ਸਰਕਾਰ ਹੈ, ਜੋ ਲੋਕਾਂ ਦੇ ਹਿੱਤਾਂ ਲਈ ਦਿਨ-ਰਾਤ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਦੇਵੀਗੜ੍ਹ ਵਿਖੇ ਇਸ ਮੁੱਖ ਦਫ਼ਤਰ ਨੂੰ ਖੋਲ੍ਹਣ ਦਾ ਮੁੱਖ ਮਕਸਦ ਹਲਕਾ ਨਿਵਾਸੀਆਂ ਨੂੰ ਇੱਕ ਅਜਿਹਾ ਪਲੇਟਫਾਰਮ ਦੇਣਾ ਹੈ, ਜਿੱਥੇ ਆ ਕੇ ਉਹ ਬਿਨਾਂ ਕਿਸੇ ਝਿਜਕ ਦੇ ਆਪਣੀਆਂ ਮੁਸ਼ਕਲਾਂ ਦੱਸ ਸਕਣ।ਹਡਾਣਾ ਨੇ ਭਰੋਸਾ ਦਿਵਾਇਆ ਕਿ ਲੋਕਾਂ ਦੀਆਂ ਰੋਜ਼ਮਰ੍ਹਾ ਦੀਆਂ ਸਮੱਸਿਆਵਾਂ, ਚਾਹੇ ਉਹ ਪ੍ਰਸ਼ਾਸਨਕ ਕੰਮ ਹੋਣ, ਬਿਜਲੀ-ਪਾਣੀ ਦੀ ਕਿੱਲਤ, ਸੜਕਾਂ ਦੀ ਮੁਰੰਮਤ ਜਾਂ ਸਰਕਾਰੀ ਲੋਕ-ਭਲਾਈ ਸਕੀਮਾਂ ਦਾ ਲਾਭ ਲੈਣਾ ਹੋਵੇ, ਸਾਰੀਆਂ ਮੁਸ਼ਕਲਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਤੇ ਹੁਣ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਦੇ ਚੱਕਰ ਨਹੀਂ ਕੱਟਣੇ ਪੈਣਗੇ।ਸਮਾਗਮ ਦੌਰਾਨ ਹੁੰਮਹੁਮਾ ਕੇ ਪਹੁੰਚੇ ਇਲਾਕਾ ਨਿਵਾਸੀਆਂ ਤੇ ਮੋਹਤਬਰਾਂ ਨੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਇਸ ਦਫ਼ਤਰ ਦੇ ਖੁੱਲ੍ਹਣ ਨਾਲ ਆਮ ਲੋਕਾਂ ਦਾ ਸਮਾਂ ਤੇ ਪੈਸਾ ਦੋਵੇਂ ਬਚਣਗੇ।ਇਸ ਉਦਘਾਟਨੀ ਸਮਾਗਮ ਮੌਕੇ ਬਲਦੇਵ ਸਿੰਘ ਦੇਵੀਗੜ੍ਹ ਚੇਅਰਮੈਨ ਮਾਰਕੀਟ ਕਮੇਟੀ ਦੂਧਨ ਸਾਧਾਂ, ਚੇਅਰਮੈਨ ਮਾਰਕੀਟ ਕਮੇਟੀ ਡਕਾਲਾ ਹਨੀ ਮਾਹਲਾ, ਬਲਾਕ ਸੰਮਤੀ ਭੁਨਰਹੇੜੀ ਦੇ ਚੇਅਰਮੈਨ ਚਰਨਜੀਤ ਸਿੰਘ ਨੈਣਾ, ਵਾਈਸ ਚੇਅਰਮੈਨ ਬਲਾਕ ਸੰਮਤੀ ਭੁਨਰਹੇੜੀ ਸਿਮਰਜੀਤ ਸਿੰਘ ਸੋਹਲ, ਬਲਾਕ ਸੰਮਤੀ ਸਨੌਰ ਦੇ ਚੇਅਰਮੈਨ ਹੈਪੀ ਪਹਾੜੀਪੁਰ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਘੁਮਾਣ, ਗੁਰਪ੍ਰੀਤ ਗੋਪੀ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਮਨਿੰਦਰ ਫ੍ਰਾਂਸਵਾਲਾ ਪ੍ਰਧਾਨ ਬੀ ਸੀ ਵਿੰਗ, ਰਾਜਾ ਧੰਜੂ ਸਰਪੰਚ ਤੇ ਸਮੇਤ ਵੱਡੀ ਗਿਣਤੀ ਵਿੱਚ ਸਾਰੇ ਬਲਾਕ ਪ੍ਰਧਾਨ, ਵੱਖ ਵੱਖ ਪਿੰਡਾਂ ਦੇ ਸਰਪੰਚ, ਪੰਚ, ਪਾਰਟੀ ਦੇ ਸੀਨੀਅਰ ਅਹੁਦੇਦਾਰ ਤੇ ਮਿਹਨਤੀ ਵਲੰਟੀਅਰ ਹਾਜ਼ਰ ਸਨ।

# ਮੁਲਾਜ਼ਮਾਂ ਦੀਆਂ ਵਿੱਤੀ ਮੰਗਾਂ ਲਈ ਮੋਹਾਲੀ 'ਚ ਸੂਬਾਈ ਰੈਲੀ ਅੱਜ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਪੁਰਾਣੇ ਸਕੇਲ, ਪੁਰਾਣੀ ਪੈਨਸ਼ਨ ਅਤੇ ਭੱਤੇ ਬਹਾਲੀ ਮੋਰਚਾ ਵੱਲੋਂ ਮੁਲਾਜ਼ਮਾਂ ਦੀਆਂ ਵਿੱਤੀ ਮੰਗਾਂ, ਜਿਸ ਵਿੱਚ 17 ਜੁਲਾਈ 2020 ਤੋਂ ਬਾਅਦ ਭਰਤੀ ਵੱਖ ਵੱਖ ਵਿਭਾਗਾਂ ਅਦਾਰਿਆਂ ਅਤੇ ਬੋਰਡਾਂ ਦੇ ਮੁਲਾਜ਼ਮਾਂ ਦਾ ਵੱਡੇ ਪੱਧਰ 'ਤੇ ਸ਼ੋਸ਼ਣ ਕਰਨ ਲਈ ਲਾਗੂ ਕੀਤੇ ਕੇਂਦਰੀ ਪੈਟਰਨ ਅਧਾਰਤ ਨਵੇਂ ਤਨਖਾਹ ਸਕੇਲਾਂ, 1 ਜਨਵਰੀ 2004 ਤੋਂ ਬਜਾਏ ਯੋਗ ਨਾਲ ਜੁੜੀ ਨਵੀਂ ਪੈਨਸ਼ਨ ਪ੍ਰਣਾਲੀ, ਮੁਲਾਜ਼ਮਾਂ ਦਾ 18% ਪੈਂਡਿੰਗ ਮਹਿਗਾਈ ਭੱਤਾ ਰੋਕਣ, ਪੇਂਡੂ ਤੇ ਬਾਰਡਰ ਏਰੀਆ ਭੱਤਿਆਂ ਸਮੇਤ 37 ਕਿਸਮ ਦੇ ਕੱਟੇ ਗਏ ਭੱਤੇ ਬਹਾਲ ਨਾ ਕਰਨ, ਗੈਰਵਾਜਿਬ ਲਿਸਟਾਂ ਦੇ ਨਾਂਅ ਹੇਠ 4161 ਮਾਸਟਰ ਕਾਡਰ, 6635 ਈ ਟੀ ਟੀ ਤੇ ਬਾਕੀ ਭਰਤੀਆਂ ਦੇ ਸੈਂਕੜੇ ਅਧਿਆਪਕਾਂ ਨੂੰ ਟਰਮੀਨੇਸ਼ਨ ਦੇ ਸ਼ੋਅ ਕਾਜ਼ ਨੋਟਿਸ ਜਾਰੀ ਕਰਨ, ਕੱਚੇ ਮੁਲਾਜ਼ਮਾਂ ਸਮੇਤ ਐਸੋਸੀਏਟ ਟੀਚਰਜ਼ ਅਤੇ ਕੰਪਿਊਟਰ ਅਧਿਆਪਕਾਂ ਨੂੰ ਸਿਵਲ ਸੇਵਾ ਨਿਯਮਾਂ ਤਹਿਤ ਲਿਆ ਕੇ ਰੈਗੂਲਰ ਨਾ ਕਰਨ ਵਿਰੁੱਧ ਜਾਰੀ ਸੰਘਰਸ਼ ਦਰਮਿਆਨ 31 ਮਈ ਨੂੰ ਮੋਹਾਲੀ ਵਿਖੇ ਸੂਬਾਈ ਰੈਲੀ ਅਤੇ ਮੁੱਖ ਮੰਤਰੀ ਨਿਵਾਸ ਚੰਡੀਗੜ੍ਹ ਵੱਲ ਮਾਰਚ ਕਰਨ ਦੇ ਐਲਾਨ ਅਨੁਸਾਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਤਿਆਰੀ ਮੁਹਿੰਮ ਜਾਰੀ ਹੈ। ਇਸ ਮੌਕੇ ਗੱਲਬਾਤ ਕਰਦੇ ਹੋਏ ਮੋਰਚੇ ਦੇ ਆਗੂਆਂ ਸੰਦੀਪ ਸਿੰਘ ਗਿੱਲ, ਮੁਕੇਸ਼ ਕੁਮਾਰ, ਸੁਖਦੇਵ ਡਾਨਸੀਵਾਲ, ਅੰਜੂ ਸਹਿਗਲ, ਬਲਕਾਰ ਸਿੰਘ ਮਘਾਣੀਆ, ਵਿਨੇ ਕੁਮਾਰ, ਜਰਨੈਲ ਸਿੰਘ, ਸਮੁੰਦਰ ਗੁਪਤ, ਇਕਬਾਲ ਸਿੰਘ ਅਤੇ ਕੁਲਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਸਰਕਾਰ ਬਣਨ ਤੋਂ ਪਹਿਲਾਂ ਹੋਰਨਾਂ ਵਰਗਾਂ ਵਾਂਗ ਪੰਜਾਬ ਦੇ ਮੁਲਾਜ਼ਮਾਂ ਨਾਲ ਵੀ ਆਮ ਆਦਮੀ ਪਾਰਟੀ ਵੱਲੋਂ ਕਈ ਵਾਅਦੇ ਕੀਤੇ ਗਏ ਸਨ, ਪਰੰਤੂ ਪਿਛਲੇ ਸਵਾ ਚਾਰ ਸਾਲ ਵਿੱਚ ਮੁਲਾਜ਼ਮਾਂ ਦੀਆਂ ਸਾਰੀਆਂ ਵਿੱਤੀ ਮੰਗਾਂ ਨੂੰ ਪੰਜਾਬ ਸਰਕਾਰ ਨੇ ਬੁਰੀ ਤਰ੍ਹਾਂ ਨੁੱਕਰੇ ਲਗਾ ਕੇ ਰੱਖਿਆ ਹੋਇਆ ਹੈ, ਸਗੋਂ ਮੁਲਾਜ਼ਮਾਂ ਨੂੰ ਹਰ ਛੇ ਮਹੀਨੇ ਬਾਅਦ ਕੇਂਦਰ ਸਰਕਾਰ ਦੇ ਐਲਾਨਾਂ ਦੇ ਤਰਜ਼ 'ਤੇ ਮਹਿਗਾਈ ਭੱਤਾ ਦੇਣ ਦੀ ਆਪਣੀ ਮੁਢਲੀ ਜ਼ਿੰਮੇਵਾਰੀ ਤੋਂ ਵੀ ਪਿਛਲੇ ਦੋ ਸਾਲ ਤੋਂ ਭਗੌੜਾ ਹੋ ਚੁੱਕੀ ਹੈ। ਆਗੂਆਂ ਨੇ ਅੱਗੇ ਦੱਸਿਆ ਕਿ ਪੰਜਾਬ ਤਨਖਾਹ ਸਕੇਲਾਂ, ਪੁਰਾਣੀ ਪੈਨਸ਼ਨ ਪ੍ਰਣਾਲੀ ਅਤੇ ਮੁਲਾਜ਼ਮਾਂ ਦੇ ਕੱਟੇ ਗਏ ਸਾਰੇ ਭੱਤੇ ਬਹਾਲ ਕਰਵਾਉਣ ਲਈ ਪੰਜਾਬ ਸਰਕਾਰ ਨੂੰ ਲਗਾਤਾਰ ਤਿੱਖੇ ਸੰਘਰਸ਼ ਰਾਹੀਂ ਘੇਰਿਆ ਜਾ ਰਿਹਾ ਹੈ। ਆਗੂਆਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ 4161 ਮਾਸਟਰ ਕਾਡਰ ਭਰਤੀ ਨਾਲ ਸਬੰਧਤ 253 ਅਧਿਆਪਕਾਂ ਨੂੰ ਸੇਵਾਵਾਂ ਖ਼ਤਮ ਕਰਨ ਦੇ ਸ਼ੋਅ ਕਾਜ਼ ਨੋਟਿਸ ਜਾਰੀ ਕਰਨ ਕਾਰਵਾਈ ਦਾ ਅਮਲ ਨਿਖੇਧੀ ਯੋਗ ਹੈ। ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸਰਕਾਰ ਬਣਨ ਦੇ ਸਵਾ ਚਾਰ ਸਾਲ ਬੀਤਣ 'ਤੇ ਵੀ ਨਵੇਂ ਮੁਲਾਜ਼ਮਾਂ ਨੂੰ 40 ਫ਼ੀਸਦੀ ਘੱਟ ਤਨਖਾਹ ਸਕੇਲ ਦੇ ਕੇ ਆਰਥਿਕ ਸ਼ੋਸ਼ਣ ਜਾਰੀ ਹੈ। ਇਸੇ ਤਰ੍ਹਾਂ ਜਿੱਥੇ ਕੇਂਦਰ ਦੀ ਬੀ ਜੇ ਪੀ ਸਰਕਾਰ ਪੁਰਾਣੀ ਪੈਨਸ਼ਨ ਬਹਾਲ ਹੋਣ ਵਿੱਚ ਸਭ ਤੋਂ ਵੱਡਾ ਰੋੜਾ ਬਣੀ ਹੋਈ ਹੈ, ਉੱਥੇ ਪੰਜਾਬ ਸਰਕਾਰ ਨੇ ਪੁਰਾਣੀ ਪੈਨਸ਼ਨ ਪ੍ਰਣਾਲੀ ਬਹਾਲ ਕਰਨ ਦਾ 18 ਨਵੰਬਰ 2022 ਦਾ ਅਧੂਰਾ ਨੋਟੀਫਿਕੇਸ਼ਨ ਜਾਰੀ ਕਰਨ ਦੇ ਬਾਵਜੂਦ ਸਾਲ 1972 ਦੇ ਨਿਯਮਾਂ ਅਨੁਸਾਰ ਜੀ ਪੀ ਐੱਫ ਅਧਾਰਤ ਪੁਰਾਣੀ ਪੈਨਸ਼ਨ ਬਹਾਲ ਕਰਨ ਤੋਂ ਟਾਲਾ ਵੱਟਿਆ ਹੋਇਆ ਹੈ। ਇਸ ਨਾਲ ਹੀ ਪੰਜਾਬ ਸਰਕਾਰ ਵੱਲੋਂ ਹਲੇ ਤੱਕ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਦੀ ਪੈਂਡਿੰਗ ਰਿਪੋਰਟ ਵੀ ਜਾਰੀ ਨਹੀਂ ਕੀਤੀ ਹੈ ਸਗੋਂ ਇਸ ਦੀ ਆੜ ਵਿੱਚ ਮੁਲਾਜ਼ਮਾਂ ਦੇ ਭੱਤੇ ਅਤੇ ਏ ਸੀ ਪੀ ਦਾ ਲਾਭ ਆਦਿ ਵਿਰਧੀ ਦੇ ਨਾਂਅ ਹੇਠ ਪਿਛਲੇ ਸਾਢੇ ਚਾਰ ਸਾਲ ਤੋਂ ਰੋਕ ਰੱਖੇ ਹਨ। ਇਸ ਤੋਂ ਇਲਾਵਾ ਹਜ਼ਾਰਾਂ ਕੱਚੇ ਅਧਿਆਪਕਾਂ ਨੂੰ ਐਸੋਸੀਏਟ ਟੀਚਰ ਦਾ ਦਰਜਾ ਦੇ ਕੇ ਬੁੱਤਾ ਸਾਰ ਦਿੱਤਾ ਗਿਆ ਹੈ ਅਤੇ ਬਹੁਤ ਸਾਰੇ ਕਰਮਚਾਰੀਆਂ ਦੇ ਲਾਭਾਂ ਤੋਂ ਵਾਂਝੇ ਰੱਖਿਆ ਹੋਇਆ ਹੈ, ਇਸੇ ਤਰ੍ਹਾਂ ਫਿਕਸ ਸੋਸਾਇਟੀ ਅਧੀਨ ਸੇਵਾਵਾਂ ਨਿਭਾ ਰਹੇ ਹਜ਼ਾਰਾਂ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ ਤੋਂ ਮੁਕਰ ਕੀਤਾ ਗਿਆ ਹੈ, ਸਗੋਂ ਲਗਾਤਾਰ ਸ਼ੋਸ਼ਣ ਜਾਰੀ ਹੈ।



## ਇੰਦਰਜੀਤ ਕੌਰ ਮਾਨ ਵੱਲੋਂ ਵੋਟਰਾਂ ਦਾ ਧੰਨਵਾਦ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਆਮ ਆਦਮੀ ਪਾਰਟੀ ਨਕੋਦਰ ਨੂੰ ਮਿਲਿਆ ਬਹੁਮਤ ਸਦਕਾ ਜਲਦ ਆਪਣਾ ਪ੍ਰਧਾਨ ਬਣਾਏਗੀ। ਵੋਟਰਾਂ ਵੱਲੋਂ ਮਿਲਿਆ ਫਤਵਾ ਸਿਰ ਮੱਥੇ ਪ੍ਰਵਾਨ ਕਰਦਿਆਂ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਆਖਿਆ ਕਿ ਨਕੋਦਰ ਵਿੱਚ 7 ਵਾਰਡਾਂ ਵਿੱਚ ਜਿੱਤ ਪ੍ਰਾਪਤ ਹੋਈ ਹੈ ਅਤੇ 7 ਵਾਰਡਾਂ ਵਿੱਚ ਮੁਕਾਬਲਾ ਕਰਦਿਆਂ ਪਾਰਟੀ ਦੂਸਰੇ ਨੰਬਰ 'ਤੇ ਰਹੀ ਹੈ। ਇਸ ਤਰ੍ਹਾਂ ਨੂਰਮਹਿਲ ਵਿੱਚ 4 ਵਾਰਡਾਂ ਵਿੱਚ ਜਿੱਤ ਮਿਲੀ ਅਤੇ 4 ਵਾਰਡਾਂ ਵਿੱਚ ਮੁਕਾਬਲੇ ਦੌਰਾਨ ਦੂਸਰਾ ਸਥਾਨ ਮਿਲਿਆ। ਇਹ ਆਮ ਆਦਮੀ ਪਾਰਟੀ ਦੀ ਪਹਿਲੀ ਚੋਣ ਸੀ ਜੋ ਅਗਵਾਈ ਵਿੱਚ ਲੜੀ ਗਈ ਹੈ ਜਦੋਂ ਕਿ ਰਵਾਇਤੀ ਪਾਰਟੀਆਂ ਦੇ ਉਮੀਦਵਾਰਾਂ ਦੇ ਵਿੱਚ ਜਮਾਨਤ ਜ਼ਬਤ ਹੋ ਗਈ। ਨਕੋਦਰ 'ਚ ਕਾਂਗਰਸ ਨੂੰ ਕਈ ਵਾਰਡਾਂ ਵਿੱਚ ਸਿੱਧੇ 100 ਵੋਟ ਤੋਂ ਵੀ ਘੱਟ ਵੋਟ ਮਿਲੇ, ਅਕਾਲੀ ਦਲ ਦਾ ਖਾਤਾ ਵੀ ਨਹੀਂ ਖੁੱਲ੍ਹਿਆ। ਪੰਜਾਬ ਅੰਦਰ ਸਰਕਾਰ ਬਣਾਉਣ ਦੇ ਸੁਪਨੇ ਲੈਣ ਵਾਲੀ ਪਾਰਟੀ ਦੇ ਸਿਰਫ ਦੋ ਉਮੀਦਵਾਰ ਜਿੱਤੇ। ਬੀਬੀ ਮਾਨ ਨੇ ਆਖਿਆ ਅਸੀਂ ਨਕੋਦਰ ਵਿੱਚ ਜਲਦ ਪ੍ਰਧਾਨ ਬਣਾ ਕੇ ਕੰਮ ਸ਼ੁਰੂ ਕਰਾਂਗੇ। ਨੂਰਮਹਿਲ ਵਿੱਚ ਵੀ ਤਾਲਮੇਲ ਬਣਿਆ ਤਾਂ ਜ਼ਰੂਰ ਕੋਸ਼ਿਸ਼ ਕਰਾਂਗੇ ਕਿਉਂਕਿ ਉੱਥੇ ਕਿਸੇ ਵੀ ਇਕ ਪਾਰਟੀ ਕੋਲ ਬਹੁਮਤ ਨਹੀਂ। ਬੀਬੀ ਮਾਨ ਨੇ ਵੋਟਰਾਂ ਦਾ ਬਹੁਤ ਬਹੁਤ ਧੰਨਵਾਦ ਕਰਦਿਆਂ ਕਿਹਾ ਕਿ ਦੋਵੇਂ ਸ਼ਹਿਰਾਂ ਨਾਲ ਕੀਤੇ ਵਾਅਦੇ ਜਲਦ ਪੂਰੇ ਕੀਤੇ ਜਾਣਗੇ।

## ਫਿਲੌਰ ਇਲਾਕੇ 'ਚ ਭਾਰੀ ਮੀਂਹ

**ਫਿਲੌਰ (ਨਿਰਮਲ)**- ਸਵੇਰੇ 10 ਵਜੇ ਦੇ ਕਰੀਬ ਫਿਲੌਰ ਇਲਾਕੇ ਵਿੱਚ ਭਾਰੀ ਮੀਂਹ ਪਿਆ ਜਿਸ ਕਾਰਨ ਫਿਲੌਰ ਦੀਆਂ ਸੜਕਾਂ 'ਤੇ ਭਾਰੀ ਮਾਤਰਾ ਵਿੱਚ ਪਾਣੀ ਖੜ੍ਹਾ ਹੋ ਗਿਆ। ਲੋਕ



ਲਾਂਘਾ ਔਖਾ ਹੋ ਗਿਆ। ਲੋਕਾਂ ਨੂੰ ਅੰਤ ਦੀ ਪੈ ਰਹੀ ਗਰਮੀ ਤੋਂ ਵੀ ਰਾਹਤ ਮਿਲੀ। ਉਧਰ ਕਿਸਾਨਾਂ ਨੇ ਇਹ ਮੀਂਹ ਨੂੰ ਲਾਹੇਵੰਦ ਦੱਸਦੇ ਹੋਏ ਕਿਹਾ ਕਿ ਝੋਨੇ ਦੀ ਫਸਲ ਦੀ ਤਿਆਰੀ ਲਈ ਖੇਤਾਂ ਨੂੰ ਪਾਣੀ ਦੀ ਲੋੜ ਸੀ ਜੋ ਇਹ ਵਰਖਾ ਨੇ ਪੂਰੀ ਕਰ ਦਿੱਤੀ ਹੈ। ਬਿਜਲੀ ਦੀ ਵੀ ਭਾਰੀ ਬੱਚਤ ਹੋਈ ਹੈ। ਫਿਲੌਰ ਤੋਂ ਇਲਾਵਾ ਨੇੜਲੇ ਪਿੰਡਾਂ ਰਾਮਗੜ੍ਹ, ਨੰਗਲ, ਖਹਿਰਾ ਡੱਕਾਂ, ਬੁਰਜ ਪੁਖਤਾ, ਨਗਰ, ਆਲੋਵਾਲ, ਭੋਲੇਵਾਲ, ਗੰਨਾ ਪਿੰਡ ਭੱਟੀਆਂ, ਸ਼ਾਹਪੁਰ, ਤੇਹਿੰਗ, ਬਕਾਪੁਰ, ਆਸ਼ਾ ਹੁਰ, ਇੰਦਰਾ ਕਲੋਨੀ ਆਦਿ ਤੋਂ ਵੀ ਭਾਰੀ ਮੀਂਹ ਦੇ ਸਮਾਚਾਰ ਮਿਲੇ ਹਨ। ਫਿਲੌਰ ਸ਼ਹਿਰ ਵਿਖੇ ਸੀਵਰੇਜ ਜੋ ਕਿ ਅੱਜ ਤੋਂ 25-30 ਸਾਲ ਪਹਿਲਾਂ ਪਾਇਆ ਸੀ ਉਸ ਵਕਤ ਸ਼ਹਿਰ ਦੀ ਆਬਾਦੀ ਘੱਟ ਸੀ, ਬਹੁਤ ਛੋਟਾ ਹੈ ਜੋ ਅੱਜਕੱਲ ਬਰਸਾਤੀ ਪਾਣੀ ਨਹੀਂ ਖਿੱਚ ਰਿਹਾ। ਫਿਲੌਰ ਨਿਵਾਸੀ ਬੇਹੱਦ ਪ੍ਰੇਸ਼ਾਨ ਹਨ। ਮੰਗ ਹੈ ਕਿ ਅਬਾਦੀ ਵਧੀ ਹੋਈ ਹੈ ਨੂੰ ਧਿਆਨ ਵਿੱਚ ਰੱਖਦੇ ਹੋਏ ਆਬਾਦੀ ਮੁਤਾਬਿਕ ਨਵਾਂ ਸੀਵਰੇਜ ਪਾਇਆ ਜਾਵੇ ਤਾਂ ਜੋ ਸ਼ਹਿਰ ਨਿਵਾਸੀਆਂ ਨੂੰ ਪੇਸ਼ ਆ ਰਹੀ ਮੁਸ਼ਕਲ ਸਦਾ ਲਈ ਹੱਲ ਹੋ ਸਕੇ।

# ਵਾਤਾਵਰਨ ਤੇ ਧਰਤੀ ਦੀ ਸੰਭਾਲ ਲਈ ਹਰ ਮਨੁੱਖ ਲਾਵੇ ਇੱਕ ਰੁੱਖ : ਸੰਤ ਪਰਮਜੀਤ

**ਹੁਸ਼ਿਆਰਪੁਰ (ਓ ਪੀ ਰਾਣਾ)**- ਧਰਤੀ ਹੇਠਾਂ ਸੁੱਕ ਰਿਹਾ ਪਾਣੀ ਅਤੇ ਜ਼ਹਿਰੀਲਾ ਹੋ ਰਿਹਾ ਵਾਤਾਵਰਣ ਜਿਥੇ ਗਹਿਰੀ ਚਿੰਤਾ ਦਾ ਵਿਸ਼ਾ ਹੈ ਉਥੇ ਆਉਣ ਵਾਲੀਆਂ ਨਸਲਾਂ ਲਈ ਘਾਤਕ ਤੇ ਮਾਰੂ ਸਿੱਧ ਹੋਣ ਦਾ ਗੰਭੀਰ ਖਤਰਾ ਵੀ ਹੈ। ਇਸ ਲਈ ਵਾਤਾਵਰਣ ਨੂੰ ਸ਼ੁੱਧ ਤੇ ਸਾਫ ਰੱਖਣ ਅਤੇ ਧਰਤੀ ਨੂੰ ਹਰੀ ਭਰੀ ਤੇ ਉਪਜਾਊ ਰੱਖਣ ਲਈ ਹਰ ਮਨੁੱਖ ਇਕ ਰੁੱਖ ਜ਼ਰੂਰ ਲਗਾਵੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੰਤ ਪਰਮਜੀਤ ਦਾਸ ਗੱਦੀ ਨਸ਼ੀਨ ਡੇਰਾ ਸੰਤ ਮੇਲਾ ਰਾਮ ਨਗਰ ਕੈਸ਼ੀਅਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ ਪੰਜਾਬ ਨੇ ਕਿਹਾ ਕਿ ਗੁਰੂ ਸਾਹਿਬ ਦੀ ਬਾਣੀ 'ਪਉਣ ਗੁਰੂ ਪਾਣੀ ਪਿਤਾ ਮਾਤਾ, ਧਰਤਿ ਸੰਜੋਗੀ ਧਰਤੀ ਮਾਤਾ' ਹਵਾ ਜੋ ਸਰੀਰਾਂ ਲਈ ਇਸ ਤਰ੍ਹਾਂ ਹੈ ਜਿਵੇਂ ਗੁਰੂ ਜੀਵਾਂ ਦੀ ਆਤਮਾ ਵਾਸਤੇ ਹੈ ਅਤੇ ਪਾਣੀ ਜੋ ਸਭ ਜੀਵਾਂ ਦਾ ਪਿਓ ਹੈ ਇਹ ਭੀ ਪ੍ਰਭੂ ਆਪ ਹੀ ਹੈ। ਉਨ੍ਹਾਂ ਕਿਹਾ ਕਿ ਧਰਤੀ ਜਿਹੜੀ ਇਸ ਕਰਕੇ ਜੀਵਾਂ ਦੀ ਮਾਂ ਕਹਿਲਾਉਣ ਦੇ ਜੋਗ ਹੈ ਕਿਉਂਕਿ ਇਹ ਮਾਂ ਵਾਂਗ ਸਭ ਚੀਜ਼ਾਂ ਨੂੰ ਆਪਣੇ ਪੇਟ ਵਿੱਚ ਰੱਖਦੀ ਹੈ ਅਤੇ ਪੇਟ ਵਿੱਚੋਂ ਹੀ ਪੈਦਾ ਕਰਦੀ ਹੈ, ਇਹ ਵੀ ਪ੍ਰਮਾਤਮਾ ਆਪ ਹੀ ਹੈ ਕਿਉਂਕਿ ਸਭ ਕੁੱਝ ਪ੍ਰਮਾਤਮਾ ਨੇ ਆਪਣੇ ਆਪ ਤੋਂ ਪੈਦਾ ਕੀਤਾ ਹੈ। 'ਪਹਿਲਾ ਪਾਣੀ ਜੀਓ ਹੈ ਜਿਤੁ ਹਰਿਆ ਸਭੁ ਕੋਇ' ਤੋਂ ਇਹ ਹੀ ਸਿੱਖਿਆ ਮਿਲਦੀ ਹੈ ਕਿ ਹਵਾ, ਪਾਣੀ, ਧਰਤੀ ਨੂੰ ਮਾਤਾ ਪਿਤਾ ਸਮਾਨ ਸਮਝ ਕੇ ਸੰਭਾਲ ਕਰਨੀ ਚਾਹੀਦੀ ਹੈ। ਸੰਤ ਪਰਮਜੀਤ ਦਾਸ ਨੇ ਕਿਹਾ ਕਿ ਮਨੁੱਖ ਈਰਖਾ, ਵੈਰ ਵਿਰੋਧ ਕਰਕੇ ਝਗੜੀ ਤਰਕ ਵਿੱਚ ਸੜਦਾ ਰਹਿੰਦਾ ਹੈ ਪਰ ਪ੍ਰਭੂ ਸਿਮਰਨ ਨਾਲ ਆਤਮਿਕ ਸ਼ਾਂਤੀ ਪ੍ਰਾਪਤ ਕਰਕੇ ਸ਼ਾਂਤ ਤੇ ਠੰਢੇ ਸੁਭਾਅ ਦਾ ਹੋ ਜਾਂਦਾ ਹੈ। ਇਸੇ ਤਰਾਂ ਧਰਤੀ ਮਾਂ ਦੀ ਗੋਦ ਹੈ ਜੋ ਪਾਣੀ ਅਤੇ ਰੁੱਖਾਂ ਨਾਲ ਹਰਿਆਵਲ ਰਹਿੰਦੀ ਹੈ ਅਤੇ ਸੰਸਾਰ ਦੇ ਜੀਵਾਂ ਨੂੰ ਚੰਗਾ, ਸਾਫ ਅਤੇ ਤੰਦਰੁਸਤ ਜੀਵਨ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਜੰਗਲਾਂ ਦੀ ਘਟ ਰਹੀ ਗਿਣਤੀ ਅਤੇ ਅੰਨ੍ਹੇਵਾਹ ਕਟਾਈ ਨਾਲ ਜਿਥੇ ਮਨੁੱਖੀ ਜੀਵਨ ਲਈ ਖਤਰਾ ਪੈਦਾ ਹੋਇਆ ਹੈ, ਓਥੇ ਬਹੁਤ ਸਾਰੀਆਂ ਜੀਵ ਜੰਤੂਆਂ ਦੀਆਂ ਨਸਲਾਂ ਖਤਮ ਤੇ ਅਲੋਪ ਹੋ ਰਹੀਆਂ ਹਨ। ਇਸ ਕਰਕੇ ਵੱਧ ਤੋਂ ਵੱਧ ਰੁੱਖ ਲਗਾ ਕੇ ਸੁੰਦਰ ਸੰਸਾਰ ਤੇ ਕੁਦਰਤੀ ਸਰੋਤਾਂ ਤੇ ਜੀਵਾਂ ਦੀ ਰੱਖਿਆ ਵੱਲ ਧਿਆਨ ਦੇਣਾ ਚਾਹੀਦਾ ਹੈ।



# ਮਿਉਂਸਪਲ ਚੋਣਾਂ 'ਚ ਲੋਕਾਂ 'ਆਪ' ਦੇ ਕੰਮਾਂ 'ਤੇ ਲਾਈ ਮੋਹਰ : ਸੁਰੇਸ਼ ਗੋਇਲ

### ਪੰਜਾਬੀਆਂ ਨੇ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਦਾ ਸਫ਼ਾਇਆ ਕੀਤਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ)**- ਪੰਜਾਬ ਵਿੱਚ ਹਾਲ ਹੀ ਵਿੱਚ ਹੋਈਆਂ ਨਗਰ ਨਿਗਮ/ਨਗਰ ਕੌਂਸਲ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਵੱਲੋਂ ਦਰਜ ਕੀਤੀ ਗਈ ਵੱਡੀ ਅਤੇ ਸ਼ਾਨਦਾਰ ਜਿੱਤ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਖ਼ਜ਼ਾਨਚੀ ਸੁਰੇਸ਼ ਗੋਇਲ ਨੇ ਸਮੂਹ ਪੰਜਾਬੀਆਂ, ਜੇਤੂ ਉਮੀਦਵਾਰਾਂ ਅਤੇ ਪਾਰਟੀ ਵਰਕਰਾਂ ਨੂੰ ਦਿਲੋਂ ਮੁਬਾਰਕਬਾਦ ਦਿੱਤੀ ਹੈ।ਸੁਰੇਸ਼ ਗੋਇਲ ਨੇ ਪੰਜਾਬ ਦੇ ਸਮੂਹ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਜਿੱਤ ਆਮ ਲੋਕਾਂ ਦੀ ਜਿੱਤ ਹੈ ਅਤੇ ਪੰਜਾਬ ਦੇ ਲੋਕਾਂ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਉਹ ਵਿਕਾਸ, ਪਾਰਦਰਸ਼ੀ ਪ੍ਰਸ਼ਾਸਨ ਅਤੇ ਇਮਾਨਦਾਰ ਰਾਜਨੀਤੀ ਦੇ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ-ਹਿਤੈਸ਼ੀ ਕੰਮਾਂ 'ਤੇ ਲੋਕਾਂ ਨੇ ਮੋਹਰ ਲਗਾਈ ਹੈ।ਸੂਬਾ ਖਜ਼ਾਨਚੀ ਨੇ ਜੇਤੂਆਂ ਨੂੰ ਅਪੀਲ ਕੀਤੀ ਕਿ ਉਹ ਹੁਣ ਬਿਨਾਂ ਕਿਸੇ ਦੇਰੀ ਦੇ ਹਲਕੇ ਦੇ ਵਿਕਾਸ ਕਾਰਜਾਂ ਵਿੱਚ ਵੱਧ-ਚੜ੍ਹ ਕੇ ਜੁਟ ਜਾਣ। ਜਿਨ੍ਹਾਂ ਉਮੀਦਾਂ ਨਾਲ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਇਹ ਵੱਡੀ ਜਿੱਤ ਦਵਾਈ ਹੈ, ਸਾਨੂੰ ਉਨ੍ਹਾਂ ਉਮੀਦਾਂ 'ਤੇ ਖਰਾ ਉਤਰਨਾ ਪਵੇਗਾ, ਤਾਂ ਜੋ 2027 'ਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣ ਸਕੇ। ਸੁਰੇਸ਼ ਗੋਇਲ ਨੇ ਪੰਜਾਬ ਵਾਸੀਆਂ ਨੂੰ ਵਿਸ਼ਵਾਸ ਦਵਾਇਆ ਕਿ ਸ਼ਹਿਰਾਂ ਦੇ ਵਿਕਾਸ ਨੂੰ ਨਵੀਂ ਗਤੀ ਦਿੱਤੀ ਜਾਵੇਗੀ। ਲੋਕਾਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਪਹਿਲ ਦੇ ਅਧਾਰ 'ਤੇ ਕੀਤਾ ਜਾਵੇਗਾ।ਮੁੱਖ ਮੰਤਰੀ ਮਾਨ ਦੀ ਸਰਕਾਰ ਲੋਕ ਪੱਖੀ ਸਰਕਾਰ ਹੈ ਜੋ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦੀਆਂ ਜ਼ਰੂਰਤਾਂ ਨੂੰ ਸਮਝਦੀ ਹੈ।ਸੁਰੇਸ਼ ਗੋਇਲ ਨੇ ਆਖਿਆ ਕਿ ਸਾਬਕਾ ਸਰਕਾਰਾਂ ਦੇ ਨੁਮਾਇੰਦਿਆਂ ਨੇ ਵਿਕਾਸ ਦੇ ਨਾਂਅ 'ਤੇ ਲੋਕਾਂ ਨੂੰ ਸਿਰਫ ਗੁਮਰਾਹ ਕੀਤਾ ਅਤੇ ਦੂਜੇ ਪਾਸੇ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਚੋਣਾਂ ਸਮੇਂ ਜੋ ਵੀ ਸੂਬਾ ਵਾਸੀਆਂ ਨੂੰ ਗਰੰਟੀਆਂ ਦਿੱਤੀਆਂ ਉਹਨਾਂ ਨੂੰ ਇੱਕ-ਇੱਕ ਕਰਕੇ ਪੂਰਾ ਕਰਨ ਦਾ ਵਾਅਦਾ ਨਿਭਾਇਆ ਹੈ। ਉਹਨਾਂ ਕਿਹਾ ਕਿ ਅੱਜ ਸੂਬੇ ਭਰ ਵਿੱਚ ਮੁਫਤ ਬਿਜਲੀ, ਮੈਡੀਕਲ, ਐਜੂਕੇਸ਼ਨ ਦੇ ਨਾਲ - ਨਾਲ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹਈਆ ਕਰਵਾਈਆਂ ਜਾ ਰਹੀਆਂ ਹਨ।



## ਸਿਲਵਰ ਓਕ ਸਕੂਲ ਨੇ ਛਬੀਲ ਲਗਾਈ

**ਟਾਂਡਾ ਉੜਮੁੜ (ਜਸਵਿੰਦਰ ਸਿੰਘ ਸੇਠੂ, ਪੰਡਿਤ ਮਿਲਖੇਸ਼)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਝਾਂਵਾਂ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਤ ਛਬੀਲ ਦਾ ਲੰਗਰ ਲਗਾਇਆ ਗਿਆ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮਨੀਸ਼ਾ ਸੰਗਰ ਦੀ ਅਗਵਾਈ ਹੇਠ ਸਮੁੱਚੇ ਟੀਚਿੰਗ, ਨਾਨ ਟੀਚਿੰਗ ਅਤੇ ਟਰਾਂਸਪੋਰਟ ਸਟਾਫ ਵੱਲੋਂ ਮਿਲ ਕੇ ਇਹ ਛਬੀਲ ਦਾ ਲੰਗਰ ਲਗਾਇਆ ਗਿਆ। ਪ੍ਰਿੰਸੀਪਲ ਸੰਗਰ ਨੇ ਦੱਸਿਆ ਕਿ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਤ ਹਰ ਸਾਲ ਇਹ ਛਬੀਲ ਦਾ ਲੰਗਰ ਲਗਾਇਆ ਜਾਂਦਾ ਹੈ ਤੇ ਇਸ ਸਾਲ ਵੀ ਪੂਰੇ ਸਟਾਫ ਨੇ ਸ਼ਰਧਾ ਭਾਵਨਾ ਦੇ ਨਾਲ ਇਹ ਉਪਰਾਲਾ ਕੀਤਾ। ਉਹਨਾਂ ਦੱਸਿਆ ਕਿ ਸਾਨੂੰ ਗੁਰੂ ਅਰਜਨ ਦੇਵ ਜੀ ਦੀਆਂ ਸਿੱਖਿਆਵਾਂ ਆਪਣੀ ਜ਼ਿੰਦਗੀ ਵਿੱਚ ਧਾਰਨ ਕਰਕੇ ਅਸੀਂ ਜੀਵਨ ਨੂੰ ਸਫਲਾ ਕਰ ਸਕਦੇ ਹਾਂ। ਇਸ ਮੌਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਕੇ ਇਹ ਛਬੀਲ ਦਾ ਲੰਗਰ ਸ਼ੁਰੂ ਕੀਤਾ ਗਿਆ। ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ, ਬਿਕਰਮਜੀਤ ਸਿੰਘ, ਵਿਸ਼ਾਲੀ, ਅਮਰਜੀਤ ਕੌਰ, ਜਗਬੰਧਨ ਸਿੰਘ, ਰਾਜਵੀਰ, ਰਾਜਵਿੰਦਰ ਕੌਰ, ਗੁਰਪ੍ਰੀਤ, ਗੁਰਦੇਵ ਸਿੰਘ ਜਗਜੀਤ, ਕੁਲਵਿੰਦਰ, ਸਤਨਾਮ, ਸਰਬਜੀਤ, ਯੋਗਰਾਜ, ਹਰਵਿੰਦਰ, ਕੁਲਬੀਰ, ਗੁਰਦੇਵ, ਹਰਜੀਤ, ਅਜੇ, ਕਮਲ, ਅਮਰੀਕ, ਮਨਦੀਪ, ਸ਼ੈਲੀ ਅਤੇ ਬਾਕੀ ਸਟਾਫ ਮੌਜੂਦ ਸੀ।



## ਤੀਰਥ ਯਾਤਰਾ ਬੱਸਾਂ ਸ਼ਰਧਾਲੂਆਂ ਨੂੰ ਲੈ ਕੇ ਅੰਮ੍ਰਿਤਸਰ ਲਈ ਰਵਾਨਾ

**ਡੇਰਾਬੱਸੀ (ਵਿਨੇ ਕੁਮਾਰ ਜੈਨ)**- ਪੰਜਾਬ ਸਰਕਾਰ ਦੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਿੰਡ ਭਾਂਖਰਪੁਰ ਤੋਂ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸ਼ਰਧਾਲੂਆਂ ਦੀਆਂ ਦੋ ਬੱਸਾਂ (49ਵੀਂ ਅਤੇ 50ਵੀਂ) ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਧਾਰਮਿਕ ਅਤੇ ਇਤਿਹਾਸਕ ਅਸਥਾਨਾਂ ਦੇ ਦਰਸ਼ਨਾਂ ਲਈ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ



ਬਜ਼ੁਰਗਾਂ ਅਤੇ ਹੋਰ ਸ਼ਰਧਾਲੂਆਂ ਵਿੱਚ ਖਾਸਾ ਉਤਸ਼ਾਹ ਵੇਖਣ ਨੂੰ ਮਿਲਿਆ। ਤਿੰਨ ਦਿਨਾਂ ਦੀ ਇਸ ਧਾਰਮਿਕ ਯਾਤਰਾ ਦੌਰਾਨ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਣਾ ਮੰਦਰ, ਸ੍ਰੀ ਵਾਲਮੀਕਿ ਤੀਰਥ ਸਥਲ, ਜਲ੍ਹਿਆਂਵਾਲਾ ਬਾਗ਼ ਅਤੇ ਵਾਹਗਾ ਸਰਹੱਦ ਸਮੇਤ ਕਈ ਮਹੱਤਵਪੂਰਨ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਨਗੇ।ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦਾ ਉਦੇਸ਼ ਬਜ਼ੁਰਗਾਂ ਅਤੇ ਸ਼ਰਧਾਲੂਆਂ ਨੂੰ ਬਿਨਾਂ ਕਿਸੇ ਆਰਥਿਕ ਬੋਝ ਦੇ ਪ੍ਰਮੁੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣਾ ਹੈ। ਉਨ੍ਹਾਂ ਦੱਸਿਆ ਕਿ ਇਸ ਯਾਤਰਾ ਲਈ ਸ਼ਰਧਾਲੂਆਂ ਤੋਂ ਕੋਈ ਵੀ ਫੀਸ ਨਹੀਂ ਲਈ ਜਾਂਦੀ ਅਤੇ ਰਹਿਣ-ਸਹਿਣ ਤੇ ਖਾਣ-ਪੀਣ ਦਾ ਸਮੁੱਚਾ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਕੀਤਾ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਯੋਜਨਾ ਅਧੀਨ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀ ਯਾਤਰਾ ਲਈ ਯੋਗ ਹਨ।

## ਕੌਫੀ ਵਿਦ ਮੋਮ ਯਾਦਗਾਰੀ ਰਿਹਾ

**ਮਾਹਿਲਪੁਰ (ਸਫ਼ਰੀ)**- ਇਲਾਕੇ ਦੀ ਸਿਰਮੌਰ ਵਿਦਿਅਕ ਸੰਸਥਾ ਦੋਆਬਾ ਪਬਲਿਕ ਸਕੂਲ ਦੋਹਲਰੋਂ (ਮਾਹਿਲਪੁਰ) ਜੋ ਕਿ ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਗਿੱਲ ਅਤੇ ਚੇਅਰਪਰਸਨ ਹਰਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ ਹੇਠ ਚੱਲ ਰਹੀ ਹੈ, ਵਿੱਚ ਮੈਨੇਜਰ ਇਸ਼ਮੀਤ ਸਿੰਘ ਦੀ ਯੋਗ ਅਗਵਾਈ ਹੇਠ (ਕੌਫੀ ਵਿਦ ਮੋਮ) ਪ੍ਰੋਗਰਾਮ ਬਹੁਤ ਉਤਸ਼ਾਹ ਅਤੇ ਸ਼ਾਨਦਾਰ



ਢੰਗ ਨਾਲ ਆਯੋਜਿਤ ਕੀਤਾ ਗਿਆ। ਇਸ ਵਿਸ਼ੇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਬਾਲ ਰੋਗ ਮਾਹਰ ਡਾਕਟਰ ਯੈਸ਼ਾ ਪਟੇਲ ਸ਼ਾਮਲ ਹੋਏ। ਉਹਨਾਂ ਬੱਚਿਆਂ ਦੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਵਿਕਾਸ ਨਾਲ ਸੰਬੰਧਤ ਅਹਿਮ ਵਿਸ਼ਿਆਂ 'ਤੇ ਚਾਨਣਾ ਪਾਇਆ। ਉਹਨਾਂ ਵੱਲੋਂ ਵੱਧਦੀ ਉਮਰ ਦੌਰਾਨ ਬੱਚਿਆਂ ਵਿੱਚ ਆਉਣ ਵਾਲੀਆਂ ਤਬਦੀਲੀਆਂ, ਉਹਨਾਂ ਦੇ ਪ੍ਰਭਾਵ, ਸਹੀ ਅਤੇ ਸੰਤੁਲਿਤ ਖੁਰਾਕ ਦੀ ਮਹੱਤਤਾ ਬਾਰੇ ਬਹੁਤ ਹੀ ਲਾਹੇਵੰਦ ਜਾਣਕਾਰੀ ਬੱਚਿਆਂ ਦੀਆਂ ਮਾਤਾਵਾਂ ਨਾਲ ਸਾਂਝੀ ਕੀਤੀ।ਸਕੂਲ ਪ੍ਰਿੰਸੀਪਲ ਅਰੁਨ ਗੁਪਤਾ ਨੇ ਮੁੱਖ ਮਹਿਮਾਨ ਅਤੇ ਸਮਾਗਮ ਵਿੱਚ ਸ਼ਾਮਲ ਹੋਈਆਂ ਸਾਰੀਆਂ ਮਾਤਾਵਾਂ ਦਾ ਸਵਾਗਤ ਕਰਦਿਆਂ ਉਹਨਾਂ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਸਕੂਲ ਮੈਨੇਜਮੈਂਟ ਵਲੋਂ ਕੀਤੇ ਅਜਿਹੇ ਉਪਰਾਲੇ ਮਾਪਿਆਂ ਤੇ ਸਕੂਲ ਵਿਚਕਾਰ ਸਾਂਝ ਨੂੰ ਹੋਰ ਮਜ਼ਬੂਤ ਬਣਾਉਂਦੇ ਹਨ ਅਤੇ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਸਹਾਇਕ ਸਾਬਿਤ ਹੁੰਦੇ ਹਨ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਅਤੇ ਵੱਡੀ ਗਿਣਤੀ ਵਿੱਚ ਮਾਤਾਵਾਂ ਹਾਜ਼ਰ ਸਨ।

# ਸਬਜ਼ੀ ਮੰਡੀ 'ਚ ਸਵੱਛਤਾ ਕਾਗਜ਼ਾਂ ਤੱਕ ਹੀ ਸੀਮਤ : ਧੀਮਾਨ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਅਜ਼ਾਦੀ ਦੇ 78 ਸਾਲ ਬਾਅਦ ਵੀ ਗੈਰ ਮਨੁੱਖਤਾ ਭਰੇ ਮਾਹੌਲ ਵਿਚ ਵਿਕਰੀ ਹੋ ਰਹੇ ਭੋਜਨ ਪਦਾਰਥ ਹੁਸ਼ਿਆਰਪੁਰ ਵਾਸੀ ਖਾਣ ਨੂੰ ਮਨੁੱਖ ਹੋ ਕੇ ਗੰਦਗੀ ਭਰੇ ਬਦਬੂ ਮਾਰਦੇ ਮੱਖੀਆਂ, ਮੱਛਰਾਂ, ਧੂੜ ਭਰੇ ਮਾਹੌਲ ਵਿਚ ਵਿਰਕੀ ਹੋ ਰਹੇ ਭੋਜਨ ਪ੍ਰਦਾਰਥਾਂ ਨੂੰ ਅੱਜ ਅਗਿਆਨਤਾ ਦੇ ਸ਼ਿਕਾਰ ਹੋ ਕੇ ਕਿਸ ਤਰ੍ਹਾਂ ਖਰੀਦ ਕੇ ਘਰਾਂ ਵਿਚ ਖਾ ਕੇ ਬਿਮਾਰੀਆਂ ਸਹੇੜ ਰਹੇ ਹਾਂ ਤੇ ਏਹੀ ਗੰਦਗੀ ਡੇਂਗੂ, ਮਲੇਰੀਆ, ਕੈਂਸਰ, ਦਮਾ, ਚਮੜੀ ਰੋਗਾਂ ਨੂੰ ਸੱਦਾ ਦੇ ਰਹੀਆਂ ਹਨ। ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਮੰਡੀ ਬੋਰਡ, ਨਗਰ ਨਿਗਮ ਅਤੇ ਸਿਹਤ ਵਿਭਾਗ ਦੇ ਮਾਹਿਰਾਂ ਦੇ ਪੜ੍ਹੇ ਲਿਖੇ ਅਧਿਕਾਰੀਆਂ ਦੇ ਨੱਕ ਦੇ ਥੱਲੇ ਗੈਰ ਮਨੁੱਖਤਾ ਵਾਲਾ ਵਤੀਰਾ ਹੋਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਮੰਡੀ ਦਾ ਮਾਹੌਲ ਅਨੇਕਾਂ ਸਵਾਲ ਖੜ੍ਹੇ ਕਰ ਰਿਹਾ ਹੈ।ਸਾਰੀਆਂ ਰਾਜਨੀਤਕ ਪਾਰਟੀਆਂ ਦੇ ਸਾਬਕਾਂ ਮੰਤਰੀ ਅਤੇ ਮੌਜੂਦਾ ਸਰਕਾਰ ਦੇ ਵਿਧਾਇਕ ਆਦਿ ਸਭ ਸ਼ਹਿਰ ਵਿਚ ਮੌਜੂਦ ਹਨ। ਧੀਮਾਨ ਨੇ ਕਿਹਾ ਕਿ ਇਹ ਮੰਡੀ ਕਰੋੜਾਂ ਰੁਪਿਆ ਟੈਕਸ ਦੇ ਰੂਪ ਵਿਚ ਕਿਸਾਨਾਂ, ਸਬਜ਼ੀ ਵਿਕਰੇਤਾਵਾਂ ਅਤੇ ਆੜ੍ਹਤ ਆਦਿ ਤੋਂ ਇਕੱਠਾ ਕਰਦੀ ਹੈ।ਪਰ ਇੰਝ ਲਗਦਾ ਸਾਰਾ ਕੁਝ ਭ੍ਰਿਸ਼ਟਾਚਾਰ ਦੇ ਮਗਰਮੱਛ ਦੇ ਮੂੰਹ ਵਿਚ ਜਾ ਰਿਹਾ ਹੈ। ਧੀਮਾਨ ਨੇ ਦੱਸਿਆ ਕਿ ਮੰਡੀ ਵਿਚ ਸਫਾਈ ਦਾ ਨਾਮੋਂ ਨਿਸ਼ਾਨ ਵੇਖਣ ਨੂੰ ਨਹੀਂ ਮਿਲ ਰਿਹਾ। ਧੀਮਾਨ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਸਬੰਧੀ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਵੀ ਇਕ ਪਟੀਸ਼ਨ ਪਾਈ ਹੋਈ ਹੈ ਪਰ ਹਾਲੇ ਮੰਡੀ ਬੋਰਡ ਤੋਂ ਜਵਾਬ ਹੀ ਮੰਗਣ ਤੱਕ ਸੀਮਤ ਹੈ।ਧੀਮਾਨ ਨੇ ਕਿਹਾ ਕਿ ਮੰਡੀ ਦੇ ਹਲਾਤ ਮੂਲ ਸੰਵਿਧਾਨਕ ਅਧਿਕਾਰਾਂ ਦੀ ਧਾਰਾ 21 ਰਾਇਟ ਟੂ ਹੈਲਥ, ਮਨੁੱਖੀ ਅਧਿਕਾਰਾਂ, ਸਵੱਛਤਾ ਮਿਸ਼ਨ ਆਦਿ ਸਭ ਦਾ ਉਲੰਘਣਾ ਹੈ।ਧੀਮਾਨ ਨੇ ਦਸਿਆ ਕਿ ਉਹ ਪਹਿਲਾਂ ਵੀ ਕਈ ਵਾਰ ਮੰਡੀ ਸਬੰਧੀ ਡਿਪਟੀ ਕਮਿਸ਼ਨਰ ਜੀ ਨੂੰ ਲਿਖ ਕੇ ਧਿਆਨ ਦਵਾ ਚੁੱਕੇ ਹਨ। ਮੰਡੀ ਦੀਆਂ ਤਸਵੀਰਾਂ ਕੇਂਦਰ ਸਰਕਾਰ ਅਤੇ ਵਿਸ਼ਵ ਸਿਹਤ ਸੰਸਥਾ ਨੂੰ ਭੇਜੀਆਂ ਜਾ ਰਹੀਆਂ ਹਨ ਤੇ ਐਕਸ ਅਕਾਊਂਟ ਦੁਆਰਾ ਅਨੇਕਾਂ ਥਾਵਾਂ ਅਤੇ ਪ੍ਰਧਾਨ ਮੰਤਰੀ ਦਫਤਰ ਨੂੰ ਵੀ ਭੇਜੀਆਂ ਜਾ ਚੁੱਕੀਆਂ ਹਨ। ਸਵੱਛਤਾ ਸਿਰਫ ਕਾਗਜ਼ਾਂ ਤੱਕ ਹੀ ਸੀਮਤ ਹੋ ਕੇ ਰਹਿ ਰਹੀ ਹੈ।



# ਭਾਜਪਾ ਸਰਕਾਰ ਮਹਿੰਗਾਈ 'ਚ ਵਾਧਾ ਕਰ ਲੋਕਾਂ ਦਾ ਜਿਉਣਾ ਕਰ ਰਹੀ ਮੁਸ਼ਕਲ : ਅਜੇ ਮੰਗੂਪੁਰ

**ਬਲਾਚੌਰ (ਜਸਵਿੰਦਰ ਬੈਂਸ)**- ਭਾਜਪਾ ਸਰਕਾਰ ਸਿਰਫ ਆਪਣੇ ਹਿਤ ਬਾਰੇ ਹੀ ਸੋਚਦੀ ਹੈ, ਆਮ ਲੋਕਾਂ ਦੀਆਂ ਦਿੱਕਤਾਂ ਔਕੜਾਂ ਨਾਲ ਇਨ੍ਹਾਂ ਨੂੰ ਕੋਈ ਮਤਲਬ ਨਹੀਂ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਭਾਜਪਾ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਦੌਰਾਨ ਕੀਤਾ ਗਿਆ। ਪੈਟਰੋਲ, ਡੀਜ਼ਲ ਅਤੇ ਗੈਸ ਦੇ ਰੇਟਾਂ ਵਿੱਚ ਹੋ ਰਹੇ ਦਿਨੋ ਦਿਨ ਵਾਧੇ ਅਤੇ ਮਹਿੰਗਾਈ ਨੂੰ ਕਾਬੂ ਕਰਨ ਵਿੱਚ ਕੇਂਦਰ ਸਰਕਾਰ ਦੀ ਨਾਕਾਮੀ ਦੇ ਖਿਲਾਫ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਅਤੇ ਸਾਥੀਆਂ ਵੱਲੋਂ ਦਾਣਾ ਮੰਡੀ ਬਲਾਚੌਰ ਤੋਂ ਮੇਨ ਚੌਂਕ ਬਲਾਚੌਰ ਤੋਂ ਭੱਦੀ ਰੋਡ ਤੋਂ ਹੁੰਦਿਆਂ ਮੰਡੀਆਂ ਤੱਕ ਰੋਸ ਪ੍ਰਦਰਸ਼ਨ ਕੀਤਾ ਗਿਆ। ਭਾਰੀ ਬਰਸਾਤ ਪੈਣ ਦੇ ਬਾਵਜੂਦ ਕਾਂਗਰਸੀ ਵਰਕਰਾਂ ਵੱਲੋਂ ਵੱਧ ਚੜ੍ਹ ਕੇ ਇਸ ਰੋਸ ਪ੍ਰਦਰਸ਼ਨ ਵਿੱਚ ਹਿੱਸਾ ਲੈਂਦਿਆਂ ਕੇਂਦਰ ਸਰਕਾਰ ਦਾ ਵਿਰੋਧ ਕੀਤਾ ਗਿਆ। ਅਜੇ ਮੰਗੂਪੁਰ ਵੱਲੋਂ ਡੀਜ਼ਲ ਅਤੇ ਪੈਟਰੋਲ ਦੇ ਵਧਦੇ ਰੇਟਾਂ ਨੂੰ ਦਰਸਾਉਂਦਿਆਂ ਬੈਲ-ਗੱਡੀ ਉੱਤੇ ਚੜ੍ਹ ਭਾਜਪਾ ਸਰਕਾਰ ਮੁਰਦਾਬਾਦ ਦੇ ਨਾਅਰੇ ਲਗਾਏ ਗਏ। ਅਜੇ ਮੰਗੂਪੁਰ ਨੇ ਕਿਹਾ ਕਿ ਜਦੋਂ ਤੱਕ ਤਾਨਾਸ਼ਾਹੀ ਭਾਜਪਾ ਸਰਕਾਰ ਤੋਂ ਦੇਸ਼ ਨੂੰ ਆਜ਼ਾਦੀ ਨਹੀਂ ਮਿਲ ਜਾਂਦੀ ਕਾਂਗਰਸ ਪਾਰਟੀ ਦਾ ਇਹ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ, ਬਲਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਪੰਚਾਇਤੀ ਰਾਜ ਸੰਗਠਨ, ਕਮਲਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ, ਰਾਜਿੰਦਰ ਸਿੰਘ ਸ਼ਿੰਦੀ ਦਫ਼ਤਰ ਸਕੱਤਰ, ਹਰਜੀਤ ਸਿੰਘ ਜਾਡਲੀ ਮੀਤ ਪ੍ਰਧਾਨ, ਤਿਲਕ ਰਾਜ ਸੂਦ ਬਲਾਕ ਪ੍ਰਧਾਨ ਸੜੋਆ, ਧਰਮਪਾਲ ਚੇਅਰਮੈਨ, ਕੁਲਦੀਪ ਕੁਮਾਰ ਪ੍ਰਧਾਨ ਕਿਸਾਨ ਵਿੰਗ, ਸੋਮਨਾਥ ਤੱਕਲਾ ਸੀਨੀਅਰ ਆਗੂ, ਰਾਕੇਸ਼ ਰਾਣੀ ਜਨਰਲ ਸਕੱਤਰ, ਨਰੇਸ਼ ਕੁਮਾਰ ਚੇਚੀ ਕੌਂਸਲਰ, ਅਵਤਾਰ ਸਿੰਘ ਪ੍ਰਧਾਨ ਓ ਬੀ ਸੀ ਸੈੱਲ, ਰਾਮ ਨਾਥ ਸਰਪੰਚ, ਸੁਰੇਸ਼ ਸਿਆਣਾਂ, ਦਿਨੇਸ਼ ਕੁਮਾਰ, ਪਰਮਿੰਦਰ ਮੇਨਕਾ, ਵਿਜੇ ਮੋਹਨ ਚੇਅਰਮੈਨ, ਬਲਬੀਰ ਸਿੰਘਪੁਰ ਵਾਈਸ ਪ੍ਰਧਾਨ ਬਲਾਕ ਸੰਮਤੀ ਸੜੋਆ, ਕੇਵਲ ਕ੍ਰਿਸ਼ਨ ਸੀਨੀਅਰ ਮੀਤ ਪ੍ਰਧਾਨ, ਨਰਿੰਦਰ ਘਈ ਸਾਬਕਾ ਪ੍ਰਧਾਨ ਸ਼ਹਿਰੀ, ਸੁਰਿੰਦਰ ਸ਼ਿੰਦਾ ਬੁਲਾਰਾ, ਪਰਮਜੀਤ ਕੌਰ ਪੰਮੀ ਸ਼ਹਿਰੀ ਪ੍ਰਧਾਨ, ਰਿੱਕੀ ਬਜਾਜ ਸਾਬਕਾ ਕੌਂਸਲਰ, ਜਿੰਦਰ ਕੁਮਾਰ ਬਲਾਕ ਪ੍ਰਧਾਨ ਆਰ ਸੀ ਸੈੱਲ, ਆਤਮਾ ਰਾਮ ਸੀਨੀਅਰ ਆਗੂ, ਲਾਲ ਬਹਾਦੁਰ ਗਾਂਧੀ ਸਾਬਕਾ ਕੌਂਸਲਰ, ਹਰਪ੍ਰੀਤ ਹੈਰੀ ਯੂਥ ਪ੍ਰਧਾਨ ਸ਼ਹਿਰੀ, ਅਮ੍ਰਿਤ ਮੰਗੂਪੁਰ, ਗੁਰਿੰਦਰ ਗਿੰਦੀ, ਕੁਲਵਿੰਦਰ ਮੰਡ ਇੰਚਾਰਜ ਸੋਸ਼ਲ ਮੀਡੀਆ, ਹਰਮੇਸ਼ ਕੁਮਾਰ ਬਿੱਲਾ, ਤਰਲੋਚਨ ਸਿੰਘ ਰੱਕੜ ਬਲਾਕ ਕਮੇਟੀ ਮੈਂਬਰ, ਧਰਮ ਪਾਲ, ਗੁਰਿੰਦਰ ਗਿੰਦੀ ਸੋਸ਼ਲ ਮੀਡੀਆ ਕੋਆਰਡੀਨੇਟਰ, ਕਾਲਾ ਜੱਟ, ਪਰਮਾਨੰਦ ਸਾਬਕਾ ਸਰਪੰਚ, ਜਸਵਿੰਦਰ ਸੋਨੂੰ ਮੀਤ ਪ੍ਰਧਾਨ, ਮੋਹਿੰਦਰ ਪਾਲ ਰਾਣਾ, ਸ਼ੇਖਰ ਕੁਮਾਰ ਸਾਬਕਾ ਸਰਪੰਚ, ਸੰਜੀਵ ਕੁਮਾਰ, ਦੀਪੂ, ਵਿੱਕੀ, ਸੰਜੀਵ, ਨਰੇਸ਼ ਚੇਚੀ ਕੌਂਸਲਰ, ਪ੍ਰਿੰਸ ਪਵਾਰ ਯੂਥ, ਸੀਮਾ ਰਾਣੀ, ਲਕਸ਼ਮੀ ਦੇਵੀ, ਬਿਮਲਾ ਦੇਵੀ, ਬਲਵੀਰ ਕੁਮਾਰ ਢੌਸਾ ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।



# ਛੋਟੇਵਾਲ ਤੋਂ ਅੰਮ੍ਰਿਤਸਰ ਸਾਹਿਬ ਲਈ ਬੱਸ ਰਵਾਨਾ



**ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ)** ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਅਧੀਨ ਪਿੰਡ ਛੋਟੇਵਾਲ ਤੋਂ ਸ਼ਰਧਾਲੂਆਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਕਰਵਾਉਣ ਲਈ ਵਿਸ਼ੇਸ਼ ਬੱਸ ਰਵਾਨਾ ਕੀਤੀ ਗਈ। ਇਹ ਬੱਸ ਸਵੇਰੇ ਧਾਰਮਿਕ ਜਜ਼ਬੇ ਅਤੇ ਉਤਸ਼ਾਹ ਭਰੇ ਮਾਹੌਲ ਵਿੱਚ ਰਵਾਨਾ ਹੋਈ। ਇਸ ਮੌਕੇ ਸੋਹਣ ਸਿੰਘ ਬੈਂਸ ਨੇ ਹਰੀ ਝੰਡੀ ਦਿਖਾ ਕੇ ਬੱਸ ਨੂੰ ਰਵਾਨਾ ਕੀਤਾ। ਸਮਾਗਮ ਦੌਰਾਨ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਲੋਕਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਸੁਵਿਧਾਜਨਕ ਢੰਗ ਨਾਲ ਕਰਵਾਉਣ ਲਈ ਇਕ ਵੱਡਾ ਕਦਮ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਯੋਜਨਾਵਾਂ ਨਾਲ ਲੋਕਾਂ ਵਿੱਚ ਆਧਿਆਤਮਿਕਤਾ ਨੂੰ ਮਜ਼ਬੂਤੀ ਮਿਲਦੀ ਹੈ।ਇਸ ਦੌਰਾਨ ਸ਼ਾਮ ਲਾਲ ਹਲਕਾ ਕੋਆਰਡੀਨੇਟਰ ਮੁੱਖ ਮੰਤਰੀ ਤੀਰਥ ਯਾਤਰਾ ਹਨ, ਸਰਪੰਚ ਸੁਰੇਸ਼ ਕੁਮਾਰ ਅਤੇ ਬੀ.ਐੱਲ.ਓ ਅਮਨ ਕੁਮਾਰ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਸਾਰੇ ਹੀ ਹਾਜ਼ਰੀਨ ਨੇ ਯਾਤਰੀਆਂ ਨੂੰ ਸੁਖਮਈ ਯਾਤਰਾ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਇਸ ਯੋਜਨਾ ਦੀ ਭਰਪੂਰ ਪ੍ਰਸ਼ੰਸਾ ਕੀਤੀ।ਪਿੰਡ ਵਾਸੀਆਂ ਨੇ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਵਿਸ਼ੇਸ਼ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਯੋਜਨਾ ਨਾਲ ਆਮ ਲੋਕਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਵੱਡਾ ਮੌਕਾ ਮਿਲਿਆ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਇਸ ਉਪਰਾਲੇ ਨਾਲ ਇਲਾਕੇ ਵਿੱਚ ਖੁਸ਼ੀ ਅਤੇ ਉਤਸ਼ਾਹ ਦਾ ਮਾਹੌਲ ਬਣਿਆ ਹੋਇਆ ਹੈ।

# ਡਾ. ਅੰਬੇਡਕਰ ਨੇ ਦੇਸ਼ ਦੇ ਹਰ ਵਰਗ ਨੂੰ ਬਰਾਬਰ ਦੇ ਹੱਕ ਦੇ ਕੇ ਭਾਰਤ ਦੀ ਨੀਂਹ ਰੱਖੀ : ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਆਦਿ ਧਰਮ ਸਾਧੂ ਸਮਾਜ ਦੇ ਰਾਸ਼ਟਰੀ ਪ੍ਰਧਾਨ ਸੰਤ ਸਰਵਣ ਦਾਸ ਸਲੇਮਪੁਰ ਟਾਬਰੀ ਲੁਧਿਆਣਾ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਰਜਿ. ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਰਹਿਬਰ-ਏ-ਕੌਮ, ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਨਾਰੀ ਮੁਕਤੀ ਦਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੇ ਮਹਾਨ ਜੀਵਨ ਅਤੇ ਉਨ੍ਹਾਂ ਦੇ ਇਤਿਹਾਸਕ ਯੋਗਦਾਨ ਨੂੰ ਸਜਦਾ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਸਿਰਫ਼ ਕਿਸੇ ਇੱਕ ਵਰਗ ਦੇ ਨੇਤਾ ਨਹੀਂ ਸਨ, ਬਲਕਿ ਉਹ ਸਮੁੱਚੀ ਮਨੁੱਖਤਾ ਦੇ ਰਹਿਬਰ ਸਨ, ਜਿਨ੍ਹਾਂ ਨੇ ਭਾਰਤ ਵਿੱਚ ਵੱਸਦੇ ਹਰ ਧਰਮ, ਜਾਤ ਅਤੇ ਵਰਗ ਦੇ ਲੋਕਾਂ ਲਈ ਬਰਾਬਰ ਦੇ ਹੱਕ ਯਕੀਨੀ ਬਣਾਏ। ਅੱਜ ਭਾਰਤ ਦਾ ਹਰ ਨਾਗਰਿਕ ਆਜ਼ਾਦੀ, ਸਮਾਨਤਾ ਅਤੇ ਸਨਮਾਨ ਦੀ ਜ਼ਿੰਦਗੀ ਜੀ ਰਿਹਾ ਹੈ, ਤਾਂ ਇਸ ਦਾ ਪੂਰਾ ਸਿਹਰਾ ਬਾਬਾ ਸਾਹਿਬ ਵੱਲੋਂ ਲਿਖੇ ਪਵਿੱਤਰ ਸੰਵਿਧਾਨ ਨੂੰ ਜਾਂਦਾ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ ਬਾਬਾ ਸਾਹਿਬ ਨੇ ਭਾਰਤੀ ਨਾਰੀ ਨੂੰ ਸਦੀਆਂ ਦੀ ਗੁਲਾਮੀ ਅਤੇ ਕੁਰੀਤੀਆਂ ਦੀਆਂ ਜ਼ੰਜੀਰਾਂ ਵਿੱਚੋਂ ਮੁਕਤ ਕਰਵਾਇਆ। ਹਿੰਦੂ ਕੋਡ ਬਿੱਲ ਰਾਹੀਂ ਉਨ੍ਹਾਂ ਨੇ ਔਰਤਾਂ ਨੂੰ ਸਿੱਖਿਆ, ਜਾਇਦਾਦ ਵਿੱਚ ਹਿੱਸਾ ਅਤੇ ਵੋਟ ਪਾਉਣ ਵਰਗੇ ਇਤਿਹਾਸਕ ਅਧਿਕਾਰ ਦੇ ਕੇ ਮਰਦਾਂ ਦੇ ਬਰਾਬਰ ਖੜ੍ਹਾ ਕੀਤਾ। ਅੱਜ ਜੇਕਰ ਸਾਡੀਆਂ ਧੀਆਂ ਹਰ ਖੇਤਰ ਵਿੱਚ ਦੇਸ਼ ਦਾ ਨਾਂ ਰੌਸ਼ਨ ਕਰ ਰਹੀਆਂ ਹਨ, ਤਾਂ ਉਹ ਬਾਬਾ ਸਾਹਿਬ ਦੀ ਹੀ ਬਦੌਲਤ ਹੈ। ਉਹਨਾਂ ਕਿਹਾ ਕਿ ਬਾਬਾ ਸਾਹਿਬ ਨੇ ਸੰਵਿਧਾਨ ਵਿੱਚ ਅਜਿਹੀਆਂ ਧਾਰਾਵਾਂ ਸ਼ਾਮਲ ਕੀਤੀਆਂ, ਜਿਸ ਨਾਲ ਦੱਬੇ-ਕੁਚਲੇ, ਪਛੜੇ, ਮਜ਼ਦੂਰਾਂ, ਕਿਸਾਨਾਂ ਅਤੇ ਮੁਲਾਜ਼ਮਾਂ ਸਮੇਤ ਹਰ ਵਰਗ ਦੇ ਹਿੱਤਾਂ ਦੀ ਰਾਖੀ ਹੋਈ। ਉਨ੍ਹਾਂ ਨੇ ਦੇਸ਼ ਵਿੱਚ ਇੱਕ ਵੋਟ, ਇੱਕ ਮੁੱਲ ਦਾ ਸਿਧਾਂਤ ਲਾਗੂ ਕਰਕੇ ਲੋਕਤੰਤਰ ਦੀ ਅਸਲ ਪਰਿਭਾਸ਼ਾ ਤੈਅ ਕੀਤੀ। ਉਹਨਾਂ ਸਮੂਹ ਸੰਗਤਾਂ ਅਤੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਬਾਬਾ ਸਾਹਿਬ ਦੇ ਦੱਸੇ ਹੋਏ ਮਾਰਗ 'ਪੜ੍ਹੋ, ਜੁੜੋ ਅਤੇ ਸੰਘਰਸ਼ ਕਰੋ' 'ਤੇ ਚੱਲਣ। ਉਨ੍ਹਾਂ ਕਿਹਾ ਕਿ ਸੰਵਿਧਾਨ ਅਤੇ ਇਸ ਵਿੱਚ ਮਿਲੇ ਅਧਿਕਾਰਾਂ ਦੀ ਰਾਖੀ ਕਰਨਾ ਸਾਡਾ ਸਾਰਿਆਂ ਦਾ ਪਰਮ ਕਰਤੱਵ ਹੈ।



## ਸੋਮਨਾਥ ਬੰਗੜ ਲਗਾਤਾਰ 7ਵੀਂ ਵਾਰ ਬਣੇ ਕੌਂਸਲਰ

**ਗੜ੍ਹਸ਼ੰਕਰ, (ਫੂਲਾ ਸਿੰਘ ਬੀਰਮਪੁਰ)**- ਨਗਰ ਕੌਂਸਲ ਚੋਣਾਂ 'ਚ ਸੋਮਨਾਥ ਬੰਗੜ ਨੇ ਲਗਾਤਾਰ 7ਵੀਂ ਵਾਰ ਜਿੱਤ ਹਾਸਲ ਕਰਕੇ ਨਵਾਂ ਰਿਕਾਰਡ ਕਾਇਮ ਕਰ ਦਿੱਤਾ ਹੈ। ਵਾਰਡ ਵਾਸੀਆਂ ਨੇ ਇਕ ਵਾਰ ਫਿਰ ਉਨ੍ਹਾਂ 'ਤੇ ਭਰੋਸਾ ਜਤਾਉਂਦਿਆਂ ਭਾਰੀ ਵੋਟਾਂ ਨਾਲ ਜਿਤਾਇਆ। ਚੋਣ ਨਤੀਜਾ ਐਲਾਨ ਹੁੰਦੇ ਹੀ ਸਮਰਥਕਾਂ 'ਚ ਖੁਸ਼ੀ ਦੀ ਲਹਿਰ ਦੌੜ ਗਈ। ਢੋਲ-ਨਗਾਰਿਆਂ ਨਾਲ ਜਸ਼ਨ ਮਨਾਇਆ ਗਿਆ ਤੇ ਘਰ-ਘਰ ਲੱਡੂ ਵੰਡੇ ਗਏ। ਸੋਮਨਾਥ ਬੰਗੜ ਨੂੰ ਫੁੱਲਾਂ ਦੇ ਹਾਰ ਪਾ ਕੇ ਸਨਮਾਨਤ ਕੀਤਾ ਗਿਆ। ਸੋਮਨਾਥ ਬੰਗੜ ਨੇ ਵਾਰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਉਨ੍ਹਾਂ ਦੀ ਨਹੀਂ ਸਗੋਂ ਸ਼ਹਿਰ ਦੇ ਹਰੇਕ ਨਾਗਰਿਕ ਦੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਜੋ ਮਾਣ-ਸਨਮਾਨ ਦਿੱਤਾ ਹੈ, ਉਸ ਲਈ ਉਹ ਸਦਾ ਰਿਣੀ ਰਹਿਣਗੇ। ਬੰਗੜ ਨੇ ਵਾਅਦਾ ਕੀਤਾ ਕਿ ਵਾਰਡ 'ਚ ਸਾਫ਼-ਸਫ਼ਾਈ, ਪੀਣ ਵਾਲੇ ਪਾਣੀ, ਸਟਰੀਟ ਲਾਈਟਾਂ ਤੇ ਗਲੀਆਂ-ਨਾਲੀਆਂ ਦੇ ਕੰਮਾਂ ਨੂੰ ਪਹਿਲਾਂ ਦੀ ਤਰ੍ਹਾਂ ਪਹਿਲ ਦੇ ਆਧਾਰ 'ਤੇ ਕਰਵਾਉਂਦੇ ਰਹਿਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਦਰਵਾਜ਼ਾ 24 ਘੰਟੇ ਲੋਕਾਂ ਲਈ ਖੁੱਲ੍ਹਾ ਹੈ।



## ਸ਼ਾਮਚੁਰਾਸੀ ਨਗਰ ਕੌਂਸਲ ਦੀਆਂ ਚੋਣਾਂ 13 ਨੂੰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਾਜ ਚੋਣ ਕਮਿਸ਼ਨ ਵਲੋਂ ਨਗਰ ਕੌਂਸਲ ਸ਼ਾਮਚੁਰਾਸੀ ਦੀਆਂ ਵੋਟਾਂ ਲਈ ਜਾਰੀ ਵੇਰਵਿਆਂ ਅਨੁਸਾਰ 30 ਮਈ (ਸ਼ਨੀਵਾਰ) ਤੋਂ ਨਾਮਜ਼ਦਗੀ ਪੱਤਰ ਪ੍ਰਾਪਤ ਕੀਤੇ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ- ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਵਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਅਨੁਸਾਰ ਨਗਰ ਕੌਂਸਲ ਸ਼ਾਮਚੁਰਾਸੀ ਦੀਆਂ ਵੋਟਾਂ 13 ਜੂਨ ਨੂੰ ਪੈਣਗੀਆਂ। ਉਨ੍ਹਾਂ ਦੱਸਿਆ ਕਿ 30 ਮਈ ਤੋਂ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਦੇ ਹਨ। ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖਰੀ ਮਿਤੀ 3 ਜੂਨ ਬਾਅਦ ਦੁਪਹਿਰ 3:00 ਵਜੇ ਤੱਕ ਹੋਵੇਗੀ। ਉਨ੍ਹਾਂ ਦੱਸਿਆ ਕਿ 4 ਜੂਨ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਕੀਤੀ ਜਾਵੇਗੀ ਅਤੇ 5 ਜੂਨ ਨੂੰ ਬਾਅਦ ਦੁਪਹਿਰ 3:00 ਵਜੇ ਤੱਕ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਵੋਟਾਂ 13 ਜੂਨ ਨੂੰ ਸਵੇਰੇ 8:00 ਵਜੇ ਤੋਂ ਸ਼ਾਮ 4:00 ਵਜੇ ਤੱਕ ਪੈਣਗੀਆਂ ਅਤੇ ਇਸੇ ਦਿਨ ਵੋਟਾਂ ਪੈਣ ਉਪਰੰਤ ਵੋਟਾਂ ਦੀ ਗਿਣਤੀ ਸ਼ੁਰੂ ਹੋਵੇਗੀ। ਜ਼ਿਕਰਯੋਗ ਹੈ ਕਿ ਸ਼ਾਮਚੁਰਾਸੀ ਨਗਰ ਕੌਂਸਲ ਦੇ 9 ਵਾਰਡਾਂ ਲਈ ਹੋਣ ਵਾਲੀਆਂ ਚੋਣਾਂ ਦੀਆਂ ਨਾਮਜ਼ਦਗੀਆਂ ਨਗਰ ਕੌਂਸਲ ਵਿਚ ਕਾਰਜ ਸਾਧਕ ਅਫ਼ਸਰ ਦੇ ਕਮਰਾ ਨੰਬਰ 3 ਵਿਚ ਪ੍ਰਾਪਤ ਕੀਤੀਆਂ ਜਾਣਗੀਆਂ।

# ਸਿਹਤ ਵਿਭਾਗ 'ਚ ਅਮਿੱਟ ਪੈੜਾਂ ਛੱਡ ਕੇ ਜਾ ਰਹੇ ਡਾ. ਚੀਮਾ

**ਮੋਹਾਲੀ (ਗੁਰਜੀਤ ਬਿੱਲਾ)**- ਕਰੀਬ ਤਿੰਨ ਦਹਾਕਿਆਂ ਤਕ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਮਗਰੋਂ ਜ਼ਿਲ੍ਹਾ ਹਸਪਤਾਲ ਮੋਹਾਲੀ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਹਰਮਿੰਦਰਜੀਤ ਸਿੰਘ ਚੀਮਾ 31 ਮਈ ਨੂੰ ਸੇਵਾਮੁਕਤ ਹੋ ਰਹੇ ਹਨ। ਆਪਣੇ ਲੰਮੇ ਅਤੇ ਸ਼ਾਨਦਾਰ ਕਾਰਜਕਾਲ ਦੌਰਾਨ ਉਨ੍ਹਾਂ ਨੇ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਅਨੇਕਾਂ ਯੋਗਦਾਨ ਪਾਏ ਜਿਨ੍ਹਾਂ ਸਦਕਾ ਉਹ ਸਿਹਤ ਵਿਭਾਗ ਵਿੱਚ ਅਮਿੱਟ ਪੈੜਾਂ ਛੱਡ ਕੇ ਜਾ ਰਹੇ ਹਨ।ਡਾ. ਚੀਮਾ ਫ਼ਰਵਰੀ 1997 ਵਿੱਚ ਪ੍ਰਾਇਮਰੀ ਹੈਲਥ ਸੈਂਟਰ ਰਮਦਾਸ (ਅੰਮ੍ਰਿਤਸਰ) ਵਿਖੇ ਮੈਡੀਕਲ ਅਫ਼ਸਰ ਵਜੋਂ ਸਿਹਤ ਵਿਭਾਗ ਵਿੱਚ ਭਰਤੀ ਹੋਏ ਸਨ। ਸਾਲ 2012 ਵਿੱਚ ਉਹ ਸਰਕਾਰੀ ਹਸਪਤਾਲ ਡੇਰਾਬੱਸੀ ਵਿਖੇ ਤਾਇਨਾਤ ਹੋਏ। ਇਸ ਤੋਂ ਇਲਾਵਾ, ਉਨ੍ਹਾਂ ਨੇ ਸਿਹਤ ਵਿਭਾਗ ਦੇ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਮੁੱਖਡਾਇਰੈਕਟਰ ਦੇ ਓ.ਐਸ.ਡੀ. ਵਜੋਂ ਵੀ ਦੋ ਵਾਰ ਸੇਵਾਵਾਂ ਨਿਭਾਈਆਂ।ਜਨਵਰੀ 2021 ਵਿਚ ਤਰੱਕੀ ਮਗਰੋਂ ਉਹ ਸੀਨੀਅਰ ਮੈਡੀਕਲ ਅਫ਼ਸਰ ਬਣੇ ਅਤੇ ਜ਼ਿਲ੍ਹਾ ਹਸਪਤਾਲ ਮੋਹਾਲੀ ਦਾ ਚਾਰਜ ਸੰਭਾਲਿਆ। ਇਸ ਦੌਰਾਨ ਉਨ੍ਹਾਂ ਨੇ ਹਸਪਤਾਲ ਵਿਚ ਕਈ ਪ੍ਰਸ਼ਾਸਨਿਕ ਅਤੇ ਸਿਹਤ ਸੇਵਾ ਸੁਧਾਰ ਲਾਗੂ ਕੀਤੇ। ਕੋਵਿਡ-19 ਮਹਾਮਾਰੀ ਦੌਰਾਨ ਉਨ੍ਹਾਂ ਦੀ ਭੂਮਿਕਾ ਵਿਸ਼ੇਸ਼ ਤੌਰ 'ਤੇ ਸ਼ਲਾਘਾਯੋਗ ਰਹੀ। ਡੇਰਾਬੱਸੀ ਖੇਤਰ ਵਿੱਚ ਉਨ੍ਹਾਂ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਲੋਕਾਂ ਦੀ ਸਿਹਤ ਸੁਰੱਖਿਆ ਲਈ ਦਿਨ-ਰਾਤ ਕੰਮ ਕੀਤਾ।ਚਰਚਿਤ ਕਿਸਾਨ ਅੰਦੋਲਨ ਦੌਰਾਨ ਵੀ ਉਨ੍ਹਾਂ ਨੇ ਸਵੈ-ਇੱਛਾ ਨਾਲ ਦਿੱਲੀ ਜਾ ਕੇ ਆਪਣੀ ਟੀਮ ਸਮੇਤ ਕਿਸਾਨਾਂ ਦੇ ਕੋਵਿਡ ਟੀਕਾਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਦੀਆਂ ਵੱਡੀਆਂ ਪ੍ਰਾਪਤੀਆਂ ਵਿਚ ਜ਼ਿਲ੍ਹਾ ਹਸਪਤਾਲ ਮੋਹਾਲੀ ਵਿਚ 150 ਬਿਸਤਰਿਆਂ ਵਾਲੇ ਕੋਵਿਡ ਹਸਪਤਾਲ ਦੀ ਸਥਾਪਨਾ ਅਤੇ ਸਫਲ ਸੰਚਾਲਨ ਵੀ ਸ਼ਾਮਲ ਹੈ।ਕੋਵਿਡ ਦੇ ਸ਼ੁਰੂਆਤੀ ਦਿਨਾਂ ਵਿਚ ਜਦੋਂ ਡੇਰਾਬੱਸੀ ਦੇ ਪਿੰਡ ਜਵਾਹਰਪੁਰ ਵਿੱਚ ਪਹਿਲਾ ਮਾਮਲਾ ਸਾਹਮਣੇ ਆਇਆ ਤਾਂ ਡਾ. ਚੀਮਾ ਨੇ ਸੀਨੀਅਰ ਅਧਿਕਾਰੀਆਂ ਦੀ ਅਗਵਾਈ ਹੇਠ ਖ਼ੁਦ ਮੌਕੇ 'ਤੇ ਪਹੁੰਚ ਕੇ ਮਰੀਜ਼ ਦੇ ਪਰਵਾਰ ਅਤੇ ਪਿੰਡ ਵਾਸੀਆਂ ਦੇ ਟੈਸਟ ਕਰਵਾਏ ਅਤੇ ਸਰਵੇ ਕਾਰਜ ਦੀ ਅਗਵਾਈ ਕੀਤੀ। ਉਨ੍ਹਾਂ ਦੇ ਧਰਮ ਪਤਨੀ ਹਰਕੀਰਤ ਕੌਰ ਮੋਹਾਲੀ ਈ. ਐਸ. ਆਈ. ਹਸਪਤਾਲ ਵਿਚ ਸੀਨੀਅਰ ਮੈਡੀਕਲ ਅਫ਼ਸਰ ਵਜੋਂ ਤਾਇਨਾਤ ਹਨ ਤੇ ਇਕਲੌਤਾ ਬੇਟਾ ਡਾਕਟਰੀ ਦੀ ਪੜ੍ਹਾਈ ਕਰ ਰਿਹਾ ਹੈ। ਉਨ੍ਹਾਂ ਦੀਆਂ ਬੇਮਿਸਾਲ ਸੇਵਾਵਾਂ ਦੇ ਸਨਮਾਨ ਹਿੱਤ ਜ਼ਿਲ੍ਹਾ ਹਸਪਤਾਲ ਮੋਹਾਲੀ ਵਿਖੇ ਸਮੁੱਚੇ ਸਟਾਫ਼ ਵੱਲੋਂ ਵਿਦਾਇਗੀ ਸਮਾਗਮ ਰੱਖਿਆ ਗਿਆ ਹੈ।

# ਤਲਵੰਡੀ ਜੱਟਾਂ ਵਿਖੇ ਸਾਲਾਨਾ ਮੇਲਾ ਮਨਾਇਆ

**ਬੰਗਾ (ਅਵਤਾਰ ਕਲੇਰ)** ਦਰਬਾਰ ਬਾਬਾ ਜਿੰਦਾ ਸ਼ਾਹ ਮਦਾਰ ਤਲਵੰਡੀ ਜੱਟਾਂ ਵਿਖੇ ਸਾਲਾਨਾ ਜੋੜ ਮੇਲਾ ਗੱਦੀਨਸ਼ੀਨ ਬਾਬਾ ਸੁਰਜੀਤ ਸਿੰਘ ਦੀ ਅਗਵਾਈ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਦੋ ਦਿਨਾ ਮੇਲੇ ਦੌਰਾਨ ਪਹਿਲੇ ਦਿਨ ਚਿਰਾਗਾਂ ਦੀ ਰਸਮ ਉਪਰੰਤ ਕਵਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਮੇਲੇ ਦੇ ਦੂਸਰੇ ਦਿਨ ਝੰਡੇ ਦੀ ਰਸਮ ਉਪਰੰਤ ਸਟੇਜ ਸਜਾਈ ਗਈ ਜਿਸ ਪੰਜਾਬ ਦੇ ਮਸ਼ਹੂਰ ਕਲਾਕਾਰਾਂ ਤੋਂ ਇਲਾਵਾ ਕਵਾਲ ਅਤੇ ਨਕਾਲ ਪਾਰਟੀਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਵੱਖ ਵੱਖ ਦਰਬਾਰਾਂ ਤੋਂ ਸੰਤ ਪੁਰਸ਼ਾਂ ਨੇ ਸ਼ਿਰਕਤ ਕੀਤੀ। ਗੱਦੀਨਸ਼ੀਨ ਸੰਤ ਸੁਰਜੀਤ ਸਿੰਘ ਨੇ ਪਹੁੰਚੇ ਹੋਏ ਮਹਾਂਪੁਰਸ਼ਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਹਰਦੀਪ ਕਲਸੀ ਪੰਚ ਨੇ ਨਿਭਾਈ। ਦਰਬਾਰ ਤੇ ਠੰਢਾ ਮਿੱਠਾ ਜਲ, ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਬਾਬਾ ਸੁਰਜੀਤ ਸਿੰਘ, ਬਾਬਾ ਸਤਨਾਮ ਸ਼ਾਹ, ਰਾਮ ਕੁਮਾਰ, ਸੁਰਿੰਦਰ ਪਾਲ ਫੌਜੀ, ਇੰਸਪੈਕਟਰ ਪ੍ਰੇਮ ਸਿੰਘ ਕਲਸੀ, ਵਿਜੇ ਕੁਮਾਰ, ਰਾਮ ਲਾਲ, ਮਨਪ੍ਰੀਤ, ਮੰਗਲ ਸਿੰਘ, ਹਰਬੰਸ ਪਠਲਾਵਾ, ਬੀਬੀ ਰਸ਼ਪਾਲ ਕੌਰ,ਪਰਮਜੀਤ ਬਹਿਰਾਮ, ਗੁਰਮੀਤ ਰਾਮ, ਦੇਸ ਰਾਜ, ਮਦਨ ਲਾਲ, ਧਰਮਪਾਲ, ਹਰਭਜਨ ਰਾਮ, ਗੋਪੀ, ਵਿਜੇ , ਕੁਲਦੀਪ, ਹਰਵਿੰਦਰ, ਜੋਨੀ, ਮਨਰਾਜ ਕਲਸੀ, ਬਲਜਿੰਦਰ ਰਾਮ, ਗੌਤਮ ਕਲਸੀ, ਹਰਮੇਸ਼ ਲਾਲ, ਅਨਿਲ ਕਲਸੀ, ਬਹਾਦਰ, ਕੁਲਵਿੰਦਰ, ਜਸਵਿੰਦਰ, ਇੰਦਰਜੀਤ, ਵਿਪਨ, ਜੱਸ ਕਲਸੀ ਆਦਿ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।



# ਜ਼ਿਲ੍ਹੇ ਦੇ ਸਰਕਾਰੀ ਸਕੂਲਾਂ 'ਚ ਮੈਗਾ ਮਾਪੇ-ਅਧਿਆਪਕ ਮਿਲਣੀ ਤੇ ਵਰਕਸ਼ਾਪ

**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ 'ਚ ਹੋਈ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਸਿੱਖਿਆ ਦੇਸ਼ ਵਿੱਚ ਨੰਬਰ-1 ਆਉਣ ਦੀ ਨੀਤੀ ਆਯੋਗ ਦੀ ਰਿਪੋਰਟ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ 'ਸਿੱਖਿਆ ਦਾ ਮਹਾਂ ਜਸ਼ਨ' ਮਨਾਇਆ ਗਿਆ, ਜਿਸ ਤਹਿਤ ਮੈਗਾ ਮਾਪੇ-ਅਧਿਆਪਕ ਮਿਲਣੀ ਅਤੇ ਵਰਕਸ਼ਾਪ ਕਰਵਾਈ ਗਈ, ਜਿਸ ਨੂੰ ਮਾਪਿਆਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ।ਬਾਰਿਸ਼ ਦੇ ਬਾਵਜੂਦ ਜਲੰਧਰ ਜ਼ਿਲ੍ਹੇ ਦੇ ਕਰੀਬ 1377 ਸਕੂਲਾਂ ਵਿਚ ਭਾਰੀ ਗਿਣਤੀ ਮਾਪਿਆਂ ਨੇ ਮਿਲਣੀ ਅਤੇ ਵਰਕਸ਼ਾਪ ਵਿੱਚ ਸ਼ਮੂਲੀਅਤ ਕਰਦਿਆਂ ਜਿਥੇ ਆਪਣੇ ਬੱਚਿਆਂ ਦੀ ਪੜ੍ਹਾਈ, ਹਾਜ਼ਰੀ, ਪ੍ਰੀਖਿਆ ਨਤੀਜਿਆਂ ਅਤੇ ਸਹਿ ਪਾਠਕ੍ਰਮ ਗਤੀਵਿਧੀਆਂ ਬਾਰੇ ਅਧਿਆਪਕਾਂ ਨਾਲ ਚਰਚਾ ਕੀਤੀ, ਉਥੇ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਦਾ ਸਨਮਾਨ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਡਾ. ਗੁਰਿੰਦਰਜੀਤ ਕੌਰ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਰਾਜੀਵ ਜੋਸ਼ੀ ਨੇ ਸਾਂਝੇ ਤੌਰ 'ਤੇ ਸਕੂਲ ਆਫ਼ ਐਮੀਨੈਂਸ ਲਾਡੋਵਾਲੀ ਰੋਡ, ਸਰਕਾਰੀ ਸਹਿ-ਸਿੱਖਿਆ ਮਾਡਲ ਸਕੂਲ ਲਾਡੋਵਾਲੀ ਰੋਡ, ਸਕੂਲ ਆਫ਼ ਐਮੀਨੈਂਸ ਆਦਮਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਜਾਰਾ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ, ਸਰਕਾਰੀ ਹਾਈ ਸਕੂਲ ਜੰਡੂ ਸਿੰਘਾ ਸਮੇਤ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦਾ ਦੌਰਾ ਕਰਕੇ ਮਾਪਿਆਂ ਨੂੰ ਬੱਚਿਆਂ ਦੀ ਪੜ੍ਹਾਈ ਤੇ ਸਰਵਪੱਖੀ ਵਿਕਾਸ ਲਈ ਜਾਗਰੂਕ ਕੀਤਾ। ਡਾ. ਗੁਰਿੰਦਰਜੀਤ ਕੌਰ ਨੇ ਨੀਤੀ ਆਯੋਗ ਦੀ ਸਕੂਲ ਸਿੱਖਿਆ ਗੁਣਵੱਤਾ ਰਿਪੋਰਟ-2026 ਵਿੱਚ ਪੰਜਾਬ ਵੱਲੋਂ ਪਹਿਲਾ ਰੈਂਕ ਹਾਸਲ ਕਰਨ 'ਤੇ ਮਾਪਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਯੋਗ ਅਗਵਾਈ ਵਿੱਚ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਕ੍ਰਾਂਤੀ ਆਈ ਹੈ। ਰਾਜੀਵ ਜੋਸ਼ੀ ਨੇ ਮਾਪਿਆਂ ਨੂੰ ਵਿਦਿਆਰਥੀਆਂ ਦੀ ਅਕਾਦਮਿਕ ਪ੍ਰਗਤੀ, ਸਕੂਲ ਵਿੱਚ ਚੱਲ ਰਹੀਆਂ ਨਵੀਨਤਮ ਗਤੀਵਿਧੀਆਂ, ਖੇਡਾਂ, ਵਿਗਿਆਨਕ ਤੇ ਸੱਭਿਆਚਾਰਕ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ। ਇਸ ਤੋਂ ਇਲਾਵਾ ਮਾਪਿਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਆਪਣੇ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਦੇ ਸੌਖੇ ਤਰੀਕਿਆਂ ਬਾਰੇ ਵੀ ਜਾਣੂ ਕਰਵਾਇਆ ਗਿਆ।ਇਸ ਦੌਰਾਨ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਅਧਿਆਪਕਾਂ ਨੂੰ ਵੀ ਸਨਮਾਨਤ ਕੀਤਾ ਗਿਆ। ਸਕੂਲਾਂ ਵਿੱਚ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਮਾਡਲਾਂ, ਪ੍ਰਾਜੈਕਟਾਂ ਅਤੇ ਹੋਰ ਰਚਨਾਤਮਕ ਵਸਤਾਂ ਦੀਆਂ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ, ਇਸ ਮੌਕੇ ਪ੍ਰਿੰਸੀਪਲ ਕੁਲਦੀਪ ਕੌਰ, ਅਧਿਆਪਕ ਹਰਜੀਤ ਸਿੰਘ ਤੋਂ ਇਲਾਵਾ ਹੋਰ ਅਧਿਆਪਕ, ਸਕੂਲ ਸਟਾਫ਼, ਵਿਦਿਆਰਥੀ ਅਤੇ ਵਿਦਿਆਰਥੀਆਂ ਦੇ ਵੱਡੀ ਗਿਣਤੀ ਮਾਪੇ ਮੌਜੂਦ ਸਨ।



# ਡੀ ਟੀ ਐੱਫ ਗੁਰਦਾਸਪੁਰ ਨੇ ਸੇਵਾਮੁਕਤ ਅਧਿਆਪਕਾ ਰਜਵੰਤ ਕੌਰ ਦਾ ਕੀਤਾ ਸਨਮਾਨ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਡੈਮੋਕਰੇਟਿਕ ਟੀਚਰਜ਼ ਫਰੰਟ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਬਲਾਕ ਡੇਰਾ ਬਾਬਾ ਨਾਨਕ ਅਧੀਨ ਆਉਂਦੇ ਸਰਕਾਰੀ ਹਾਈ ਸਕੂਲ, ਠੇਠਰਕੇ ਵਿਖੇ ਆਪਣੀ ਸ਼ਾਨਦਾਰ ਅਤੇ ਬੇਦਾਗ ਸੇਵਾ ਨਿਭਾਉਣ ਉਪਰੰਤ ਸੇਵਾ-ਮੁਕਤ ਹੋਏ ਡਰਾਇੰਗ ਅਧਿਆਪਕਾ ਰਜਵੰਤ ਕੌਰ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ।ਇਸ ਸ਼ੁਭ ਮੌਕੇ ਜਥੇਬੰਦੀ ਵੱਲੋਂ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਗਈ ਅਤੇ ਉਨ੍ਹਾਂ ਦੀ ਚੰਗੀ ਸਿਹਤ ਤੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਦੁਆ ਕੀਤੀ ਗਈ।ਇਸ ਮੌਕੇ ਡੈਮੋਕਰੇਟਿਕ ਟੀਚਰਜ਼ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਮਾਸਟਰ ਪਲਵਿੰਦਰ ਸਿੰਘ ਰੰਧਾਵਾ ਨੇ ਮੈਡਮ ਰਜਵੰਤ ਕੌਰ ਨੂੰ ਵਧਾਈ ਦਿੰਦਿਆਂ ਜਥੇਬੰਦੀ ਨੂੰ ਦਿੱਤੇ ਗਏ ਵਡਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ।ਮੈਡਮ ਰਜਵੰਤ ਕੌਰ ਨੇ ਜਥੇਬੰਦੀ ਪ੍ਰਤੀ ਆਪਣੀ ਅਥਾਹ ਹਮਦਰਦੀ ਅਤੇ ਸਨੇਹ ਦਾ ਪ੍ਰਗਟਾਵਾ ਕਰਦਿਆਂ ਡੈਮੋਕਰੇਟਿਕ ਟੀਚਰਜ਼ ਫਰੰਟ ਗੁਰਦਾਸਪੁਰ ਨੂੰ ਦੋ ਹਜ਼ਾਰ ਰੁਪਏ ਦਾ ਆਰਥਿਕ ਫੰਡ ਸਹਿਯੋਗ ਵਜੋਂ ਭੇਟ ਕੀਤਾ।ਇਸ ਮੌਕੇ ਜ਼ਿਲ੍ਹਾ ਕਮੇਟੀ ਡੀ ਟੀ ਐੱਫ ਗੁਰਦਾਸਪੁਰ ਦੇ ਆਗੂਆਂ ਨੇ ਮੈਡਮ ਰਜਵੰਤ ਕੌਰ ਵੱਲੋਂ ਅਧਿਆਪਕ ਸੰਘਰਸ਼ਾਂ ਵਿੱਚ ਪਾਏ ਗਏ ਵਡਮੁੱਲੇ ਯੋਗਦਾਨ ਅਤੇ ਇਸ ਮਾਲੀ ਸਹਾਇਤਾ ਲਈ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਜਥੇਬੰਦੀ ਵੱਲੋਂ ਮੈਡਮ ਦੇ ਸੁਖਾਵੇਂ, ਤੰਦਰੁਸਤ ਅਤੇ ਖੁਸ਼ਹਾਲ ਭਵਿੱਖ ਦੀ ਕਾਮਨਾ ਕੀਤੀ ਗਈ।ਸਮਾਗਮ ਦੇ ਸ਼ਾਨਦਾਰ ਪ੍ਰਬੰਧਾਂ ਲਈ ਸਰਕਾਰੀ ਹਾਈ ਸਕੂਲ ਠੇਠਰਕੇ ਦੇ ਇੰਚਾਰਜ ਰਮਨਪ੍ਰੀਤ ਕੌਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਇਸ ਮੌਕੇ ਪ੍ਰੋਗਰਾਮ 'ਚ ਸੁਰਪ੍ਰੀਤ ਕੌਰ (ਹੈੱਡ ਮਿਸਟ੍ਰੈੱਸ, ਸਰਕਾਰੀ ਹਾਈ ਸਕੂਲ ਪਸਨਾਵਾਲ ਕਲਾਂ ਅਤੇ ਠੇਠਰਕੇ), ਮੁੱਖ ਅਧਿਆਪਕ ਸੁਖਦੀਪ ਸਿੰਘ ਮਾਲੇਵਾਲ, ਰਾਜ ਕੁਮਾਰ, ਗੁਰਪ੍ਰੀਤ ਸਿੰਘ (ਡੀ.ਪੀ.), ਗੁਰਪ੍ਰੀਤ ਸਿੰਘ, ਦੀਪਕ ਸ਼ਰਮਾ, ਰਾਮ ਕੁਮਾਰ ਗੋਂਦ, ਵਿਜੇ ਕੁਮਾਰ, ਰਜਿੰਦਰ ਸਿੰਘ, ਦਿਲਬਾਗ ਸਿੰਘ, ਹਰਪ੍ਰੀਤ ਕੌਰ, ਕੰਵਲਜੀਤ, ਨੀਰੂ ਬਾਲਾ ਅਤੇ ਸੰਗੀਤਾ ਬੇਦੀ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਸਾਥੀ ਹਾਜ਼ਰ ਸਨ।

# ਸੇਵਾ ਕੇਂਦਰ ਮੁਲਾਜ਼ਮਾਂ ਵੱਲੋਂ ਆਰ-ਪਾਰ ਦੇ ਸੰਘਰਸ਼ ਦਾ ਬਿਗਲ, 3 ਜੂਨ ਨੂੰ ਰੁਜ਼ਗਾਰ ਮੇਲਿਆਂ ਦਾ ਬਾਈਕਾਟ

## * 6 ਜੂਨ ਨੂੰ ਸੁਨਾਮ ਵਿਖੇ ਸੂਬਾ ਪੱਧਰੀ ਮਹਾਂ-ਰੈਲੀ ਦਾ ਐਲਾਨ

ਡੇਰਾ ਬੱਸੀ (ਵਿਨੈ ਕੁਮਾਰ ਜੈਨ)-ਪੰਜਾਬ ਦੇ ਸੇਵਾ ਕੇਂਦਰਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਸੇਵਾਵਾਂ ਨਿਭਾ ਰਹੇ ਆਊਟਸੋਰਸ ਮੁਲਾਜ਼ਮਾਂ ਵੱਲੋਂ ਸਰਕਾਰ ਅਤੇ ਨਿੱਜੀ ਠੇਕੇਦਾਰਾਂ ਦੇ ਕਥਿਤ ਸ਼ੋਸ਼ਣ ਖ਼ਿਲਾਫ਼ ਆਰ-ਪਾਰ ਦੀ ਲੜਾਈ ਦਾ ਬਿਗਲ ਵਜਾ ਦਿੱਤਾ ਗਿਆ ਹੈ। 'ਸੇਵਾ ਕੇਂਦਰ ਮੁਲਾਜ਼ਮ ਵੈਲਫੇਅਰ ਐਸੋਸੀਏਸ਼ਨ ਪੰਜਾਬ' ਦੀ ਅਗਵਾਈ ਹੇਠ ਇੱਥੋਂ ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਵਿਖੇ ਪੂਰੇ ਪੰਜਾਬ ਦੇ ਅਹੁਦੇਦਾਰਾਂ ਦੀ ਇੱਕ ਹੰਗਾਮੀ ਅਤੇ ਅਹਿਮ ਸੂਬਾ ਪੱਧਰੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਸਰਕਾਰ ਦੇ ਮੁਲਾਜ਼ਮ ਵਿਰੋਧੀ ਵਤੀਰੇ ਖ਼ਿਲਾਫ਼ ਗੁੱਸੇ ਦਾ ਪ੍ਰਗਟਾਵਾ ਕਰਦਿਆਂ ਐਸੋਸੀਏਸ਼ਨ ਨੇ ਅਗਲੇ ਤਿੱਖੇ ਸੰਘਰਸ਼ਾਂ ਦੀ ਰੂਪ-ਰੇਖਾ ਉਲੀਕੀ ਹੈ, ਜਿਸ ਤਹਿਤ 3 ਜੂਨ ਨੂੰ ਪੰਜਾਬ ਭਰ ਵਿੱਚ ਲੱਗਣ ਵਾਲੇ ਸਰਕਾਰੀ ਰੁਜ਼ਗਾਰ ਮੇਲਿਆਂ ਦੇ ਬਾਈਕਾਟ ਅਤੇ 6 ਜੂਨ ਨੂੰ ਕੈਬਨਿਟ ਮਾਲ ਮੰਤਰੀ ਅਮਨ ਅਰੋੜਾ ਦੇ ਗ੍ਰਹਿ ਜ਼ਿਲ੍ਹੇ ਸੁਨਾਮ ਵਿਖੇ ਸੂਬਾ ਪੱਧਰੀ ਵਿਸ਼ਾਲ ਰੋਸ ਰੈਲੀ ਕਰਨ ਦਾ ਐਲਾਨ ਕੀਤਾ ਗਿਆ ਹੈ।ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਮਾਝਾ, ਜਨਰਲ ਸੈਕਟਰੀ ਗੁਰਸੇਵਕ ਸਿੰਘ ਚਹਿਲ ਅਤੇ ਉਪ ਪ੍ਰਧਾਨ ਮੋਹਿਨੀ ਸ਼ਰਮਾ ਨੇ ਸਾਂਝੇ ਤੌਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਲ 2016 ਵਿੱਚ ਤਤਕਾਲੀ ਸਰਕਾਰ ਵੱਲੋਂ ਆਮ ਲੋਕਾਂ ਦੀ ਸਹੂਲਤ ਲਈ ਸੇਵਾ ਕੇਂਦਰਾਂ ਨੂੰ ਇੱਕ 'ਡਰੀਮ ਪ੍ਰੋਜੈਕਟ' ਵਜੋਂ ਸ਼ੁਰੂ ਕੀਤਾ ਗਿਆ ਸੀ। ਹਾਲਾਂਕਿ ਇਸ ਤੋਂ ਬਾਅਦ ਆਈ ਕਾਂਗਰਸ ਸਰਕਾਰ ਵੱਲੋਂ ਕਈ ਸੇਵਾ ਕੇਂਦਰ ਬੰਦ ਕਰ ਦਿੱਤੇ ਗਏ ਸਨ, ਪਰ ਮੌਜੂਦਾ ਸਮੇਂ ਚੱਲ ਰਹੇ ਕੇਂਦਰਾਂ ਵਿੱਚ ਤਕਰੀਬਨ 1850 ਕਰਮਚਾਰੀ ਪਿਛਲੇ 10 ਸਾਲਾਂ ਤੋਂ ਲਗਾਤਾਰ, ਪੂਰੀ ਇਮਾਨਦਾਰੀ, ਤਨਦੇਹੀ ਅਤੇ ਲਗਨ ਨਾਲ ਜਨਤਾ ਨੂੰ ਸਰਕਾਰੀ ਸੇਵਾਵਾਂ ਪ੍ਰਦਾਨ ਕਰ ਰਹੇ ਹਨ।ਆਗੂਆਂ ਦੋਸ਼ ਲਾਇਆ ਕਿ ਮੁਲਾਜ਼ਮਾਂ ਨੇ ਆਪਣੀ ਜਵਾਨੀ ਦੇ ਸਭ ਤੋਂ ਕੀਮਤੀ 10 ਸਾਲ ਇਸ ਨੌਕਰੀ ਦੇ ਲੇਖੇ ਲਗਾ ਦਿੱਤੇ ਹਨ। ਪਰ ਹੁਣ ਮੌਜੂਦਾ ਸਰਕਾਰ ਇਹਨਾਂ ਤਜਰਬੇਕਾਰ ਕਰਮਚਾਰੀਆਂ ਨੂੰ ਪੱਕਾ ਕਰਨ ਦੀ ਬਜਾਏ ਨੌਕਰੀਓਂ ਕੱਢਣ ਦੇ ਰਾਹ ਪੈ ਗਈ ਹੈ। ਉਹਨਾਂ ਕਿਹਾ ਕਿ ਸਰਕਾਰ ਪੁਰਾਣੇ ਮੁਲਾਜ਼ਮਾਂ ਨੂੰ ਬਾਹਰ ਦਾ ਰਸਤਾ ਦਿਖਾ ਕੇ ਉਹਨਾਂ ਦੀ ਜਗ੍ਹਾ ਨਵੇਂ ਨੌਜਵਾਨਾਂ ਦੀ ਭਰਤੀ ਕਰਨ ਦੀ ਸਾਜ਼ਿਸ਼ ਰਚ ਰਹੀ ਹੈ। ਇਸ ਭਿਆਨਕ ਮਹਿੰਗਾਈ ਦੇ ਦੌਰ ਵਿੱਚ ਮਹਿਜ਼ 10 ਤੋਂ 12 ਹਜ਼ਾਰ ਰੁਪਏ ਮਹੀਨਾ ਦੀ ਨਾਮਾਤਰ ਤਨਖਾਹ ਨਾਲ ਪਰਵਾਰਾਂ ਦਾ ਗੁਜ਼ਾਰਾ ਕਰਨਾ ਬਿਲਕੁਲ ਅਸੰਭਵ ਹੋ ਚੁੱਕਾ ਹੈ। ਜਦੋਂ ਮੁਲਾਜ਼ਮ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਹਨ ਤਾਂ ਨਿੱਜੀ ਠੇਕੇਦਾਰਾਂ ਵੱਲੋਂ ਉਹਨਾਂ ਨੂੰ ਨੌਕਰੀ ਤੋਂ ਬਰਖਾਸਤ ਕਰਨ ਦੇ ਗੈਰ-ਕਾਨੂੰਨੀ ਹੁਕਮ ਜਾਰੀ ਕਰ ਦਿੱਤੇ ਜਾਂਦੇ ਹਨ, ਜੋ ਕਿ ਲੇਬਰ ਕਾਨੂੰਨਾਂ ਦੀ ਸਰਾਸਰ ਉਲੰਘਣਾ ਹੈ।ਇਸੇ ਸ਼ੋਸ਼ਣ ਅਤੇ ਧੱਕੇਸ਼ਾਹੀ ਖ਼ਿਲਾਫ਼ ਸੇਵਾ ਕੇਂਦਰਾਂ ਦੇ ਕਰਮਚਾਰੀ ਬੀਤੀ 26 ਮਈ ਤੋਂ ਪੂਰੇ ਪੰਜਾਬ ਵਿੱਚ 'ਕਲਮ ਛੋੜ ਹੜਤਾਲ' ਕਰਕੇ ਜ਼ਿਲ੍ਹਾ ਪੱਧਰ 'ਤੇ ਲਗਾਤਾਰ ਧਰਨੇ ਦੇ ਰਹੇ ਹਨ। ਇਸ ਸੂਬਾ ਪੱਧਰੀ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਪੰਜਾਬ ਏਟਕ ਦੇ ਪ੍ਰਧਾਨ ਕਾਮਰੇਡ ਬੰਤ ਸਿੰਘ ਬਰਾੜ, ਸੂਬਾ ਮੀਤ ਪ੍ਰਧਾਨ ਵਿਨੋਦ ਚੁੱਘ ਅਤੇ ਕੁਲ ਹਿੰਦ ਕਿਸਾਨ ਸਭਾ ਦੇ ਆਗੂ ਕਾਮਰੇਡ ਜਸਪਾਲ ਸਿੰਘ ਦੱਪਰ ਨੇ ਸਰਕਾਰ ਦੇ ਇਸ ਮੁਲਾਜ਼ਮ ਵਿਰੋਧੀ ਅਤੇ ਅੜੀਅਲ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।ਉਹਨਾਂ ਐਲਾਨ ਕੀਤਾ ਕਿ ਏਟਕ ਅਤੇ ਸਮੁੱਚੀਆਂ ਜਨਤਕ ਜਥੇਬੰਦੀਆਂ ਇਹਨਾਂ ਮੁਲਾਜ਼ਮਾਂ ਦੀ ਪਿੱਠ 'ਤੇ ਚੱਟਾਨ ਵਾਂਗ ਖੜ੍ਹੀਆਂ ਹਨ ਅਤੇ ਉਹਨਾਂ ਦੇ ਸੰਘਰਸ਼ ਨੂੰ ਹਰ ਪੱਧਰ 'ਤੇ ਲੜਿਆ ਜਾਵੇਗਾ। ?ਜਥੇਬੰਦੀ ਨੇ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਆਪਣੇ ਅਗਲੇ ਤਿੱਖੇ ਐਕਸ਼ਨਾਂ ਦਾ ਐਲਾਨ ਕੀਤਾ ਹੈ। ਯੂਨੀਅਨ ਆਗੂਆਂ ਨੇ ਦੱਸਿਆ ਕਿ 3 ਜੂਨ ਨੂੰ ਪੰਜਾਬ ਭਰ ਵਿੱਚ ਜਿੱਥੇ ਵੀ ਸਰਕਾਰ ਵੱਲੋਂ 'ਰੁਜ਼ਗਾਰ ਮੇਲੇ' ਲਗਾਏ ਜਾਣਗੇ, ਮੁਲਾਜ਼ਮ ਉੱਥੇ ਪਹੁੰਚ ਕੇ ਉਹਨਾਂ ਦੇ ਬਾਹਰ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕਰਨਗੇ।



# ਮਾਮੂਲੀ ਜਿਹੀ ਬਾਰਸ਼ ਨਾਲ ਰੇਲਵੇ ਅੰਡਰ ਬ੍ਰਿਜ ਤੇ ਭਾਈ ਲਾਲੋ ਚੌਕ 'ਚ ਹੋਇਆ ਪਾਣੀ-ਪਾਣੀ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਸ਼ਹਿਰ ਅੰਦਰ ਮਾਮੂਲੀ ਜਿਹੀ ਬਾਰਸ਼ ਨਾਲ ਰੇਲਵੇ ਅੰਡਰ ਬ੍ਰਿਜ ਅਤੇ ਭਾਈ ਲਾਲੋ ਚੌਕ ਸਮੇਤ ਤਿੱਬੜੀ 'ਤੇ ਇੰਨਾ ਜ਼ਿਆਦਾ ਪਾਣੀ ਇਕੱਠਾ ਹੋ ਜਾਂਦਾ ਹੈ ਕਿ ਲੋਕਾਂ ਦਾ ਲੰਘਣਾ ਮੁਸ਼ਕਲ ਹੋ ਜਾਂਦਾ ਹੈ ਅਤੇ ਪਾਣੀ ਜ਼ਿਆਦਾ ਇਕੱਠਾ ਹੋਣ ਨਾਲ ਛੋਟੇ ਵਾਹਨ ਪਾਣੀ ਵਿਚ ਬੰਦ ਹੋ ਜਾਂਦੇ ਹਨ ਜਿਸ ਨਾਲ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ਹਿਰ ਗੁਰਦਾਸਪੁਰ ਦੀਆਂ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਤੇ ਕਿਸਾਨ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਰੋੜਾਂ ਰੁਪਏ ਖ਼ਰਚ ਕਰਕੇ ਸੜਕਾਂ ਬਣਾਈਆਂ ਜਾ ਰਹੀਆਂ ਹਨ ਅਤੇ ਪਾਣੀ ਸ਼ਹਿਰ ਅੰਦਰ ਮਾਮੂਲੀ ਜਿਹੀ ਬਾਰਸ਼ ਨਾਲ ਰੇਲਵੇ ਅੰਡਰ ਬ੍ਰਿਜ ਅਤੇ ਭਾਈ ਲਾਲੋ ਚੌਕ ਸੜਕ ਤਿੱਬੜੀ 'ਤੇ ਇੰਨਾ ਜ਼ਿਆਦਾ ਪਾਣੀ ਇਕੱਠਾ ਹੋ ਜਾਂਦਾ ਹੈ ਕਿ ਲੋਕਾਂ ਦਾ ਉਲੰਘਣਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਪਾਣੀ ਜ਼ਿਆਦਾ ਇਕੱਠਾ ਹੋਣ ਨਾਲ ਛੋਟੇ ਵਾਹਨ ਪਾਣੀ ਵਿਚ ਬੰਦ ਹੋ ਜਾਂਦੇ ਹਨ ਜਿਸ ਨਾਲ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਅੰਡਰ ਬ੍ਰਿਜ ਅੰਦਰ ਇਕੱਠਾ ਹੋਇਆ ਪਾਣੀ ਅੰਡਰ ਬ੍ਰਿਜ ਦੇ ਬਾਹਰ ਵਾਸਤੇ ਮੋਟਰਾਂ ਵੀ ਲਗਾਉਣ ਦੇ ਨਾਲ ਨਾਲ ਹੋਜ਼ ਵੀ ਬਣਾਏ ਹੋਏ ਹਨ ਪਰ ਉਨ੍ਹਾਂ ਦੀ ਸਾਫ਼ ਸਫ਼ਾਈ ਨਾ ਹੋਣ ਕਰਕੇ ਦੋ-ਦੋ ਫੁੱਟ ਅੰਡਰ ਬ੍ਰਿਜ ਅੰਦਰ ਦੋ-ਦੋ ਫੁੱਟ ਪਾਣੀ ਖੜ੍ਹਾ ਹੋ ਜਾਂਦਾ ਹੈ ਜਦੋਂ ਕਿ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਸਭ ਕੁੱਝ ਜਾਣਦਾ ਹੋਇਆ ਵੀ ਅੱਖਾਂ ਬੰਦ ਕੀ ਕਰੀ ਬੈਠਾ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਅੰਦਰੋਂ ਅਜੇ ਤੱਕ ਕੂੜੇ ਦੀ ਬਦਬੂ ਨਹੀਂ ਗਈ ਅਤੇ ਕੂੜਾ ਸੜਕਾਂ 'ਤੇ ਬਾਹਰਲੇ ਹਿੱਸਿਆਂ ਉੱਤੇ ਆਮ ਦੇਖਿਆ ਜਾ ਰਿਹਾ ਹੈ।

# ਲੇਖਾਕਾਰ 15,000 ਰੁਪਏ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਪੀਐੱਸਪੀਸੀਐੱਲ ਡਵੀਜ਼ਨ ਗੁਰਦਾਸਪੁਰ ਦੇ ਇੰਚਾਰਜ ਲੇਖਾ ਸ਼ਾਖਾ ਅੰਮ੍ਰਿਤਪਾਲ ਸਿੰਘ ਨੂੰ 15,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਇਸਲਾਮਾਬਾਦ ਜ਼ਿਲ੍ਹਾ ਗੁਰਦਾਸਪੁਰ ਦੇ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਪੀਐੱਸਪੀਸੀਐੱਲ ਵਿੱਚ ਸਹਾਇਕ ਇੰਜੀਨੀਅਰ ਵਜੋਂ ਸੇਵਾਮੁਕਤ ਹੋਇਆ ਸੀ ਅਤੇ ਸੇਵਾਮੁਕਤੀ ਤੋਂ ਬਾਅਦ ਮਹਿੰਗਾਈ ਭੱਤੇ ਅਤੇ ਤਨਖ਼ਾਹ ਫਿਕਸੇਸ਼ਨ ਦੇ ਬਕਾਏ ਵਿਭਾਗ ਕੋਲ ਬਕਾਇਆ ਸਨ। ਇਸ ਸਬੰਧੀ ਉਹ ਆਪਣੇ ਬਕਾਏ ਲੈਣ ਲਈ ਪੀਐੱਸਪੀਸੀਐੱਲ ਡਵੀਜ਼ਨ ਗੁਰਦਾਸਪੁਰ ਦੇ ਇੰਚਾਰਜ ਲੇਖਾ ਸ਼ਾਖਾ ਅੰਮ੍ਰਿਤਪਾਲ ਸਿੰਘ ਨੂੰ ਮਿਲੇ।ਉਨ੍ਹਾਂ ਅੱਗੇ ਦੱਸਿਆ ਕਿ ਦੋਸ਼ੀ ਲੇਖਾਕਾਰ ਨੇ ਸ਼ਿਕਾਇਤਕਰਤਾ ਦੇ ਬਕਾਏ ਕਲੀਅਰ ਕਰਨ ਲਈ 15,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ।ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਮੁਲਜ਼ਮ ਲੇਖਾਕਾਰ ਉਸ ਨੂੰ ਪਿਛਲੇ ਡੇਢ ਸਾਲਾਂ ਤੋਂ ਤੰਗ ਪ੍ਰੇਸ਼ਾਨ ਕਰ ਰਿਹਾ ਸੀ। ਸ਼ਿਕਾਇਤਕਰਤਾ ਨੇ ਰਿਸ਼ਵਤ ਦੀ ਮੰਗ ਕਰਦਿਆਂ ਸਾਰੀ ਗੱਲਬਾਤ ਦੀ ਰਿਕਾਰਡ ਕਰ ਲਈ।ਸ਼ਿਕਾਇਤ ਨਾ ਦੇਣ ਦੀ ਇੱਛਾ ਸਦਕਾ ਸ਼ਿਕਾਇਤਕਰਤਾ ਨੇ ਵੀਬੀ ਰੇਂਜ ਅੰਮ੍ਰਿਤਸਰ ਕੋਲ ਪਹੁੰਚ ਕੀਤੀ।ਉਸਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਦੋਸ਼ੀ ਲੇਖਾਕਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 15,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।ਇਸ ਸਬੰਧੀ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਵਿਖੇ ਮੁਲਜ਼ਮ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।

# 2027 'ਚ ਸਰਕਾਰ-ਏ-ਖਾਲਸਾ ਦੀ ਸਥਾਪਨਾ ਕਰਨਾ ਭਾਜਪਾ ਦਾ ਟੀਚਾ : ਕੇਵਲ ਸਿੰਘ ਢਿੱਲੋਂ





ਫਗਵਾੜਾ (ਡਾ. ਰਮਨ)-ਪੰਜਾਬ ਭਾਜਪਾ ਦੇ ਨਵ-ਨਿਯੁਕਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਦਾ ਸ਼ਨੀਵਾਰ ਫਗਵਾੜਾ ਪੁੱਜਣ 'ਤੇ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੀ ਕੋਠੀ ਵਿਖੇ ਭਾਜਪਾ ਵਰਕਰਾਂ ਅਤੇ ਸਮਰਥਕਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਭਾਜਪਾ ਕਿਸਾਨ ਮੋਰਚਾ ਦੇ ਕੌਮੀ ਸਕੱਤਰ ਅਵਤਾਰ ਸਿੰਘ ਮੰਡ, ਸਾਬਕਾ ਮੇਅਰ ਅਰੁਣ ਖੋਸਲਾ ਅਤੇ ਹੋਰਨਾਂ ਨੇ ਫੁੱਲਾਂ ਦੇ ਹਾਰ ਪਾ ਕੇ ਨਵ-ਨਿਯੁਕਤ ਪੰਜਾਬ ਪ੍ਰਧਾਨ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਉਨ੍ਹਾਂ ਦੇ ਵੱਡੇ ਭਰਾ ਹਨ ਅਤੇ ਉਨ੍ਹਾਂ ਦੇ ਮਾਰਗ ਦਰਸ਼ਨ ਵਿੱਚ ਪੰਜਾਬ ਭਾਜਪਾ ਨੂੰ ਮਜ਼ਬੂਤ ਕੀਤਾ ਜਾਵੇਗਾ ਤਾਂ ਜੋ ਅਗਲੇ ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਸ਼ਾਨਦਾਰ ਜਿੱਤ ਹਾਸਲ ਕਰਦੇ ਹੋਏ ਸੂਬੇ ਵਿੱਚ ਸਰਕਾਰ-ਏ-ਖਾਲਸਾ ਦੀ ਸਥਾਪਨਾ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਭਾਜਪਾ ਵਿਰੋਧੀ ਸਰਕਾਰਾਂ ਨੇ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਹੈ ਅਤੇ ਹੁਣ ਪੰਜਾਬ ਦੇ ਲੋਕ ਵੀ ਇਸ ਗੱਲ ਦੇ ਹਾਮੀ ਹਨ ਕਿ ਜੇਕਰ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਪਾਉਣਾ ਹੈ ਤਾਂ ਭਾਜਪਾ ਦੀ ਡਬਲ ਇੰਜਣ ਸਰਕਾਰ ਬਣਾਉਣੀ ਪਵੇਗੀ।ਇੱਕ ਸਵਾਲ ਦੇ ਜਵਾਬ ਵਿੱਚ ਢਿੱਲੋਂ ਨੇ ਕਿਹਾ ਕਿ ਕਿਸੇ ਵੀ ਸਿਆਸੀ ਧਿਰ ਦੇ ਨਾਲ ਗਠਜੋੜ ਕਰਨ ਦਾ ਫੈਸਲਾ ਕੇਂਦਰ ਦੀ ਲੀਡਰਸ਼ਿਪ ਨੇ ਲੈਣਾ ਹੈ। ਫਿਰ ਵੀ ਜੇਕਰ ਭਾਜਪਾ ਇੱਕਲੇ ਚੋਣ ਲੜਨ ਦਾ ਫੈਸਲਾ ਕਰਦੀ ਹੈ ਤਾਂ ਪਾਰਟੀ ਦੇ ਸਮੂਹ ਵਰਕਰ ਦੁੱਗਣੇ ਉਤਸ਼ਾਹ ਦੇ ਨਾਲ ਚੋਣ ਮੈਦਾਨ ਵਿੱਚ ਨਿਤਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਕਿਸਾਨਾਂ ਦੇ ਵਿਕਾਸ 'ਤੇ ਬਿਨਾਂ ਪੰਜਾਬ ਦਾ ਵਿਕਾਸ ਸੰਭਵ ਨਹੀਂ ਹੈ ਅਤੇ ਮੋਦੀ ਸਰਕਾਰ ਕਿਸਾਨਾਂ ਨੂੰ ਆਰਥਕ ਰੂਪ ਨਾਲ ਮਜ਼ਬੂਤ ਕਰਨ ਲਈ ਪੂਰੀ ਵਚਨਬੱਧਤਾ ਦੇ ਨਾਲ ਕੰਮ ਕਰ ਰਹੀ ਹੈ।ਇਸ ਦੌਰਾਨ ਕੌਮੀ ਸਕੱਤਰ ਅਵਤਾਰ ਸਿੰਘ ਮੰਡ ਨੇ ਦੱਸਿਆ ਕਿ ਪੰਜਾਬ ਪ੍ਰਧਾਨ ਢਿੱਲੋਂ ਦੀ ਅਗਵਾਈ ਹੇਠ ਪੰਜਾਬ ਦੇ ਹਰ ਵਿਧਾਨ ਸਭਾ ਖੇਤਰ 'ਚ ਪਾਰਟੀ ਨੂੰ ਬੂਥ ਪੱਧਰ 'ਤੇ ਮਜ਼ਬੂਤ ਕੀਤਾ ਜਾ ਰਿਹਾ ਹੈ। ਪਰਮਜੀਤ ਪੰਮਾ ਚਾਚੋਕੀ ਨੇ ਕਿਹਾ ਕਿ ਭਾਜਪਾ ਦੀ ਵਜ਼ਾਰਤ ਵਾਲੇ ਹੋਰਨਾਂ ਰਾਜਾਂ ਦੀ ਤਰ੍ਹਾਂ ਹੀ ਪੰਜਾਬ ਵਿੱਚ ਵੀ ਸਰਕਾਰ ਬਣਨ ਦੀ 'ਤੇ ਜਿਮੀਂਦਾਰਾਂ ਨੂੰ 21 ਫਸਲਾਂ ਤੇ ਐਮ.ਐਸ.ਪੀ. ਦੀ ਸੁਵਿਧਾ ਮਿਲੇਗੀ। ਸਾਬਕਾ ਮੇਅਰ ਅਰੁਣ ਖੋਸਲਾ ਨੇ ਕਿਹਾ ਕਿ ਪੰਜਾਬ ਪ੍ਰਧਾਨ ਵੱਲੋਂ ਮਿਲੀ ਹੌਸਲਾ ਅਫਜ਼ਾਈ ਦੇ ਨਾਲ ਫਗਵਾੜਾ ਦੇ ਸਮੂਹ ਭਾਜਪਾ ਵਰਕਰਾਂ 'ਚ ਨਵੇਂ ਜੋਸ਼ ਦਾ ਸੰਚਾਰ ਹੋਇਆ ਹੈ। ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਤੋਂ ਇਲਾਵਾ ਅਨੀਤਾ ਸੋਮ ਪ੍ਰਕਾਸ਼, ਤੀਕਸ਼ਣ ਸੂਦ ਸਾਬਕਾ ਮੰਤਰੀ ਪੰਜਾਬ ਅਤੇ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ ਨੇ ਕਿਹਾ ਕਿ ਇਸ ਸਮੇਂ ਪੂਰੇ ਦੇਸ਼ ਵਿੱਚ ਭਾਜਪਾ ਦੀ ਲਹਿਰ ਚੱਲ ਰਹੀ ਹੈ।ਇਸ ਮੌਕੇ ਪਰਮਿੰਦਰ ਸਿੰਘ ਬਰਾੜ ਜਨਰਲ ਸਕੱਤਰ ਪੰਜਾਬ, ਅਜੇ ਕੋਸ਼ਲ ਸੋਨੂ ਜ਼ਿਲ੍ਹਾ ਪ੍ਰਧਾਨ ਮੁਕੇਰੀਆਂ, ਸੁਸ਼ੀਲ ਪਿੰਕੀ ਤਲਵਾੜਾ, ਸੰਗਠਨ ਇੰਚਾਰਜ ਰਾਜੀਵ ਪਾਹਵਾ, ਅਸ਼ੋਕ ਸੇਠੀ, ਪਿਯੂਸ਼ ਮਨਚੰਦਾ, ਦਿਨੇਸ਼ ਦੁੱਗਲ, ਨਿਤਿਨ ਚੱਢਾ, ਰਮਨ ਨਹਿਰਾ, ਵਿਸ਼ਾਲ ਲਾਲ, ਰਾਜੂ, ਬੱਲੂ ਵਾਲੀਆ, ਜੀਤਾ ਪੰਡਵਾ, ਨਰੇਸ਼ ਕੋਟਰਾਨੀ, ਰਣਜੀਤ ਪਾਲ ਪਾਬਲਾ, ਰਾਜਕੁਮਾਰ ਗੁਪਤਾ, ਬੀਰਾ ਰਾਮ ਵਲਜੋਤ ਕੌਂਸਲਰ, ਹੈਪੀ ਬਰੋਕਰ, ਹਰਮੇਸ਼ ਨਵੀਂ ਅਬਾਦੀ, ਗੀਨਾ ਖੋਸਲਾ, ਨਿੱਕੀ ਸ਼ਰਮਾ, ਮਨਿੰਦਰ ਕੌਰ, ਜਸਵਿੰਦਰ ਕੌਰ, ਵੀਵਾ ਠਾਕੁਰ, ਸੰਗੀਤਾ, ਚੰਦਰੇਸ਼ ਕੌਲ, ਕਿਰਨ ਗੁਪਤਾ, ਕਮਲਜੀਤ ਵੱਡੀ ਗਿਣਤੀ ਵਿੱਚ ਭਾਜਪਾ ਆਗੂ ਅਤੇ ਵਰਕਰ ਹਾਜ਼ਰ ਸਨ।

# ਰਵਿਪਾਲ ਸਿੰਘ ਨੇ ਆਲ ਇੰਡੀਆ ਰੈਂਕ 37 ਹਾਸਲ ਕਰਕੇ ਪ੍ਰਤਾਪ ਵਰਲਡ ਸਕੂਲ ਦਾ ਮਾਣ ਵਧਾਇਆ



ਪਠਾਨਕੋਟ (ਦਵਿੰਦਰ ਸਿੰਘ)-ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਦੇ ਹੋਣਹਾਰ ਵਿਦਿਆਰਥੀ ਰਵਿਪਾਲ ਸਿੰਘ ਨੇ ਇੱਕ ਵਾਰ ਫਿਰ ਸਕੂਲ ਦਾ ਨਾਮ ਰੌਸ਼ਨ ਕਰਦਿਆਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਆਯੋਜਿਤ 5 ਸਾਲਾ ਇੰਟੀਗ੍ਰੇਟਿਡ ਐੱਲ. ਐੱਲ. ਬੀ. ਪ੍ਰੋਗਰਾਮ ਦੀ ਦਾਖਲਾ ਪ੍ਰੀਖਿਆ ਵਿੱਚ ਆਲ ਇੰਡੀਆ ਰੈਂਕ 37 ਹਾਸਲ ਕਰਕੇ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ।ਉਸ ਨੇ ਇਸ ਤੋਂ ਪਹਿਲਾਂ ਕਾਮਨ ਲਾਅ ਐਡਮਿਸ਼ਨ ਟੈਸਟ ਵਿੱਚ ਵੀ ਸਟੇਟ ਰੈਂਕ 52 ਪ੍ਰਾਪਤ ਕਰਕੇ ਸਫਲਤਾ ਹਾਸਲ ਕੀਤੀ ਸੀ। ਰਵਿਪਾਲ ਦੀ ਇਸ ਸ਼ਾਨਦਾਰ ਸਫਲਤਾ 'ਤੇ ਪ੍ਰਤਾਪ ਵਰਲਡ ਸਕੂਲ ਦੇ ਪ੍ਰਬੰਧਨ, ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਖੁਸ਼ੀ ਪ੍ਰਗਟ ਕੀਤੀ।ਉਹ ਹੋਰ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਹੈ।

ਇਸ ਮੌਕੇ ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ ਨੇ ਰਵਿਪਾਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਰਵਿਪਾਲ ਦੀ ਸਫਲਤਾ ਉਸ ਦੀ ਕਠੋਰ ਮਿਹਨਤ, ਦ੍ਰਿੜ ਸੰਕਲਪ ਅਤੇ ਆਪਣੇ ਟੀਚੇ ਪ੍ਰਤੀ ਕੇਂਦ੍ਰਿਤ ਤਿਆਰੀ ਦਾ ਨਤੀਜਾ ਹੈ।ਸਾਨੂੰ ਉਸ ਦੀ ਇਸ ਪ੍ਰਾਪਤੀ 'ਤੇ ਬੇਹੱਦ ਮਾਣ ਹੈ ਅਤੇ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਭਵਿੱਖ ਵਿੱਚ ਵੀ ਕਾਨੂੰਨ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰੇਗਾ।ਸਕੂਲ ਦੀ ਪ੍ਰਿੰਸੀਪਲ ਸ਼ੁਭਰਾ ਰਾਣੀ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਰਵਿਪਾਲ ਇੱਕ ਮਿਹਨਤੀ, ਅਨੁਸ਼ਾਸਿਤ ਅਤੇ ਪ੍ਰਤਿਭਾਸ਼ਾਲੀ ਵਿਦਿਆਰਥੀ ਰਿਹਾ।ਪੰਜਾਬ ਯੂਨੀਵਰਸਿਟੀ ਲਾਅ ਦਾਖਲਾ ਪ੍ਰੀਖਿਆ 'ਚ ਉਸ ਦੀ ਸਫਲਤਾ ਵਾਕਈ ਸ਼ਲਾਘਾਯੋਗ ਹੈ।ਅਸੀਂ ਉਸ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਦਿਲੋਂ ਵਧਾਈ ਦਿੰਦੇ ਹਾਂ ਅਤੇ ਉਸ ਦੇ ਉੱਜਲ ਭਵਿੱਖ ਦੀ ਕਾਮਨਾ ਕਰਦੇ ਹਾਂ।


## SARUP INDUSTRIES LIMITED

SIL

Web: www.sarupindustries.com, E-mail: shareholders@bawastl.com, Ph: 0181-5021037

31 ਮਾਰਚ 2026 ਨੂੰ ਖਤਮ ਹੋਈ ਤਿਮਾਹੀ ਦੇ ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ (ਰੁਪਏ ਲੱਖਾਂ 'ਚ)

| ਵੇਰਵੇ | ਤਿਮਾਹੀ ਖਤਮ | | | ਸਾਲ ਖਤਮ | |
|---|---|---|---|---|---|
| | 31.03.26 (ਪੜਤਾਲੇ) | 31.12.25 (ਅਣ-ਪੜਤਾਲੇ) | 31.03.25 (ਪੜਤਾਲੇ) | 31.03.26 (ਪੜਤਾਲੇ) | 31.03.25 (ਪੜਤਾਲੇ) |
| ਕਾਰੋਬਾਰਾਂ ਤੋਂ ਕੁੱਲ ਆਮਦਨ | 482.38 | 353.85 | 489.49 | 1656.62 | 1602.53 |
| ਮਿਆਦ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਖਾਸ ਅਤੇ/ਜਾਂ ਅਸਧਾਰਨ ਆਈਟਮਾਂ ਮਗਰੋਂ #) | 7.00 | 5.41 | 22.80 | 36.63 | 45.15 |
| ਮਿਆਦ ਲਈ ਸ਼ੁੱਧ ਲਾਭ/(ਹਾਨੀ) ਟੈਕਸ ਤੋਂ ਪਹਿਲਾਂ (ਖਾਸ ਅਤੇ/ਜਾਂ ਅਸਧਾਰਨ ਆਈਟਮਾਂ ਮਗਰੋਂ #) | 7.00 | 5.41 | 22.80 | 36.63 | 45.15 |
| ਮਿਆਦ ਲਈ ਸ਼ੁੱਧ ਲਾਭ/(ਹਾਨੀ) ਟੈਕਸ ਤੋਂ ਬਾਅਦ (ਖਾਸ ਅਤੇ ਜਾਂ ਅਸਧਾਰਨ ਆਈਟਮਾਂ ਮਗਰੋਂ #) ਕੰਪਨੀ ਦੇ ਮਾਲਕਾਂ ਦੇ ਫਲਸਰੂਪ | 27.20 | 5.41 | 42.54 | 56.83 | 478.87 |
| ਮਿਆਦ ਲਈ ਕੁੱਲ ਵਿਆਪਕ ਆਮਦਨ [ਸ਼ਾਮਲ ਲਾਭ/(ਹਾਨੀ) ਮਿਆਦ ਵਾਸਤੇ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)] | 27.20 | 5.41 | 42.54 | 56.83 | 478.87 |
| ਇਕੁਇਟੀ ਸ਼ੇਅਰ ਕੈਪੀਟਲ | 325.24 | 325.24 | 325.24 | 325.24 | 325.24 |
| ਰਿਜ਼ਰਵਜ਼ (ਰੀਵੈਲੁਏਸ਼ਨ ਰਿਜ਼ਰਵ ਤੋਂ ਬਿਨਾਂ) ਜਿਵੇਂ ਕਿ ਪਿਛਲੇ ਸਾਲ ਦੀ ਪੜਤਾਲੀ ਬੈਲੇਂਸ ਸ਼ੀਟ 'ਚ ਦਰਸਾਇਆ ਗਿਆ | -565.52 | -626.42 | -626.42 | -565.52 | -626.42 |
| ਪ੍ਰਤੀ ਸ਼ੇਅਰ ਕਮਾਈ (ਰੁਪਏ 10/- ਹਰੇਕ) (ਚਾਲੂ ਅਤੇ ਬੰਦ ਕਾਰੋਬਾਰਾਂ ਲਈ) (1) ਬੇਸਿਕ | 0.84 | 0.17 | 1.31 | 1.75 | 14.72 |
| (2) ਡਲਿਊਟਿਡ | 0.84 | 0.17 | 1.31 | 1.75 | 14.72 |

(ਏ) ਉਪਰੋਕਤ 31 ਮਾਰਚ 2026 ਨੂੰ ਖਤਮ ਹੋਈ ਤਿਮਾਹੀ ਦੇ ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ ਹੈ, ਜੋ ਸੇਬੀ (ਲਿਸਟਿੰਗ ਅਤੇ ਹੋਰ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015 ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜ ਕੋਲ ਦਾਇਰ ਕੀਤਾ ਗਿਆ ਹੈ। ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟਸ ਸਟਾਕ ਐਕਸਚੇਂਜ ਦੀ ਵੈੱਬਸਾਈਟ (www.bseindia.com) ਅਤੇ ਸੂਚੀਬੱਧ ਇਕਾਈ (www.sarupindustries.com) 'ਤੇ ਉਪਲੱਬਧ ਹੈ।

(ਬੀ) ਉਪਰੋਕਤ ਵਿੱਤੀ ਨਤੀਜੇ ਆਡਿਟ ਕਮੇਟੀ ਵੱਲੋਂ ਰੀਵਿਊ ਕੀਤੇ ਜਾ ਚੁੱਕੇ ਹਨ ਅਤੇ ਬੋਰਡ ਦੇ ਡਾਇਰੈਕਟਰਾਂ ਵੱਲੋਂ 30 ਮਈ 2026 ਨੂੰ ਹੋਈ ਮੀਟਿੰਗ 'ਚ ਇਸ ਨੂੰ ਅਪਣਾਇਆ ਗਿਆ ਹੈ।

(ਸੀ) ਕੰਪਨੀ ਸਿੰਗਲ ਖੰਡ 'ਚ ਕੰਮ ਕਰ ਰਹੀ ਹੈ, ਜਿਵੇਂ ਕਿ ਸ਼ੂਅਜ਼ /ਸ਼ੂਜ਼ ਅੱਪਰਜ਼ ਦੀ ਮੈਨੂਫੈਕਚਰਿੰਗ ਹੈ।

(ਡੀ) ਉਪਰੋਕਤ ਵਿੱਤੀ ਨਤੀਜੇ ਇੰਡੀਅਨ ਅਕਾਊਂਟਿੰਗ ਸਟੈਂਡਰਜ਼ (ਇੰਡ-ਏ ਐੱਸ) ਦੇ ਅਨੁਸਾਰ ਤਿਆਰ ਕੀਤੇ ਗਏ ਹਨ ਅਤੇ ਕੰਪਨੀਜ਼ ਐਕਟ 2013 ਦੇ ਸੈਕਸ਼ਨ 133 ਅਨੁਸਾਰ ਨਿਰਧਾਰਤ ਕੰਪਨੀਜ਼ (ਇੰਡੀਅਨ ਅਕਾਊਂਟਿੰਗ ਸਟੈਂਡਰਜ਼) ਰੂਲਜ਼ 2015 ਅਧੀਨ ਨੋਟੀਫਾਈਡ ਹਨ।

ਵਾਸਤੇ ਸਰੂਪ ਇੰਡਸਟਰੀਜ਼ ਲਿਮਟਿਡ
ਸਹੀ/-
ਸਿਮਰਜੀਤ ਸਿੰਘ ਬਾਵਾ
ਮੈਨੇਜਿੰਗ ਡਾਇਰੈਕਟਰ ਡੀ ਆਈ ਐੱਨ : 00851651

ਸਥਾਨ : ਜਲੰਧਰ
ਮਿਤੀ : 30 .05.2026

## MONTGOMERY GURU NANAK PUBLIC SCHOOL

ADARSH NAGAR, JALANDHAR (0181-2254463,64)

Date of Publishing of Tender = 31.05.2026,
Last date of submission of Tender = 06.06.2026, 10 AM
Date of Opening of the Sealed Tenders = 06.06.2026, 11 AM
Place of submission – Main Office of the School

**SEALED TENDERS/ QUOTATIONS ( WITH MATERIAL & LABOUR or MATERIAL / LABOUR SEPARATELY) ARE INVITED FOR FOLLOWING ITEMS** within 7 days after publishing of this advertisement from reputed, experienced and authorized contractors / suppliers, electrical firms & branded AC Companies/dealers.

**1. Electrical Installation Work for 1000 KVA Dry Type Transformer**

Supply, installation, testing and commissioning of various electrical materials/items required for installation of 1000 KVA Dry Type Transformer of Kirloskar Company.

| MATERIAL | BRAND / COMPANY | QTY. |
|---|---|---|
| Electrical Cables for transformer | Polycab/ Havells | Please refer to our School website for details |
| Electrical Panels with Switchgear etc. for Transformer | Legrand / Schneider | -Do- |

The scope of work includes supply and installation of:

HT/LT Cables, Electrical Panels, Switchgear & Switches , Cable Trays , Drawings & Allied Electrical Accessories and connected works.

**Note: Transformer and VCB Switch have already been purchased and are available at site.**

**2. Estimate & Project Report for Complete Air Conditioning System**

Preparation of detailed estimate, project report, supply, installation, testing and commissioning of complete centralized Air Conditioning System for School Building Blocks using VRV / VRF Technology. The work includes:

Design & Planning of VRV / VRF System, Indoor & Outdoor Units, Copper Piping & Insulation, Drainage & Testing, Commissioning & Warranty Support

**Preference will be given to authorized dealers/companies of reputed brands only such as::**

| MATERIAL | BRAND / COMPANY | QTY. |
|---|---|---|
| AIR CONDITIONING SYSTEM with VRV/VRF technology | Mitsubishi Electrical / O'General / Daikin | Please refer to our School website for details |

**Imp. Note :**

- It will be the sole responsibility of shortlisted companies/ dealer for installation of related equipments as mentioned above with proper care keeping in mind the safety and security of the building, infrastructure, students and staff as per requirement of School
- AC companies /dealers shall quote the rates for Supply, Installation, Testing and Commissioning of VRF/VRV systems with warranty period of minimum 5 years from the date of commissioning. They also need to submit Heat load calculation, Electrical Load of Indoor & Outdoor Units with BOQ. Theyalso need to mention ISSER Ratio (minimum 7.3) .
- Electrical Company can collect BOQ and Electrical Load of Indoor & Outdoor units sheet of AC from School Main Office.
- Interested firm/companies should submit their company profile, GST/PAN details, authorization certificates, previous work experience, technical specifications and Sealed quotations.
- The management reserves the right to accept or reject any tender/quotation wholly or partly or change any contents of this advertisement if so required without assigning any reason.
- **For detail please visit School Website mgnadarshnagar.org-more- advertisement-tender or School premises for proper estimates to meet technical expert and undersigned.**

Principal


# ਕਲਾਸੀਫਾਈਡ ਇਸ਼ਤਿਹਾਰ


### Disinherit Notice

**We, Baldev Singh and Kulvir Kaur R/o H.No. 14, Rose Garden Colony, Basti Peerdaad, Jalandhar, do hereby solemnly affirm and declare that our Son Sukhjit Singh, daughter-in-law Lovepreet Kaur and Grand minor daughter Harsehaj Kaur are not in our control. Due to this reason we disinherit them from all our movable and immovable Properties. Anyone doing with them will be at their risk and cost.**

### ਆਮ ਸੂਚਨਾ

ਸਰੈਣ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਰਾਊਕੇ ਕਲਾਂ, ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਵਾਕਿਆ ਰਕਬਾ ਰਾਉਕੇ ਕਲਾਂ, ਜ਼ਿਲ੍ਹਾ ਮੋਗਾ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰ. 3003693458, 20 ਹਾਰਸ ਪਾਵਰ ਨੂੰ ਹਰਜੀਤ ਕੌਰ ਪਤਨੀ ਬੂਟਾ ਸਿੰਘ ਵਾਸੀ ਮਾਛੀਕੇ, ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ-ਅੰਦਰ ਦਫਤਰ ਪੀ ਐੱਸ ਪੀ ਸੀ ਐੱਲ ਬੱਧਨੀ ਕਲਾਂ, ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰ. ਬੀ 2/112 (2 ਬੀ ਐੱਚ ਪੀ), ਜੋ ਕਿ ਗਿਆਨ ਕੌਰ ਪਤਨੀ ਜੋਗਿੰਦਰ ਸਿੰਘ ਰਕਬਾ ਮੋਟਰ ਪਿੰਡ ਚੱਕ ਟੋਡਰਵਾਲ ਕਪੂਰਥਲਾ ਦੇ ਨਾਂਅ 'ਤੇ ਚੱਲ ਰਹੀ ਹੈ, ਨੂੰ ਸਵਰਨ ਸਿੰਘ ਪੁੱਤਰ ਮੋਹਿੰਦਰ ਸਿੰਘ ਵਾਸੀ ਠੱਠਾ ਨਵਾਂ ,ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ ਕਰਵਾਉਣ ਲਈ ਅਰਜ਼ੀ ਦਿੱਤੀ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ -ਅੰਦਰ ਪਾਵਰਕਾਮ ਦੇ ਦਫਤਰ ਟਿੱਬਾ ਸ/ਡ ਕਪੂਰਥਲਾ ਵਿਖੇ ਇਤਰਾਜ਼ ਕਰੇ।

ਅਸੀਂ, ਭਾਗ ਸਿੰਘ ਪੁੱਤਰ ਸੁੰਦਰ ਸਿੰਘ ਅਤੇ ਕੁਲਦੀਪ ਕੌਰ ਪਤਨੀ ਭਾਗ ਸਿੰਘ ਵਾਸੀਆਨ ਪਿੰਡ ਪੰਡੋਰੀ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਕਾਲਾ ਸਿੰਘ ਨੂੰ ਕਹਿਣੇਕਾਰ ਨਾ ਹੋਣ ਕਾਰਨ ਮਿਤੀ 11-11-2023 ਨੂੰ 'ਨਵਾਂ ਜ਼ਮਾਨਾ' ਅਖਬਾਰ ਰਾਹੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਸਾਡਾ ਲੜਕਾ ਕਾਲਾ ਸਿੰਘ ਸਾਡੇ ਕਹਿਣੇ ਵਿੱਚ ਹੈ। ਅਸੀਂ ਆਪਣੇ ਲੜਕੇ ਕਾਲਾ ਸਿੰਘ ਨੂੰ ਦਿੱਤੀ ਹੋਈ ਬੇਦਖਲੀ ਕੈਂਸਲ ਕਰਦੇ ਹਾਂ। ਹੁਣ ਸਾਡਾ ਲੜਕਾ ਕਾਲਾ ਸਿੰਘ ਸਾਡੀ ਚੱਲ-ਅਚੱਲ ਜਾਇਦਾਦ ਵਿੱਚ ਹਰ ਤਰ੍ਹਾਂ ਨਾਲ ਹਿੱਸੇਦਾਰ ਹੈ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਘਨਈਆ ਲਾਲ ਪੁੱਤਰ ਸ੍ਰੀ ਕਾਲੂ ਰਾਮ ਵਾਸੀ ਮਕਾਨ ਨੰ. 1021/22, ਤੱਕੀਆ ਚਾਨਣ ਸ਼ਾਹ, ਬਾਹਰਵਾਰ ਲੋਹਗੜ੍ਹ ਗੇਟ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਵੱਡਾ ਲੜਕਾ ਰਾਜਨ ਅਤੇ ਉਸ ਦੀ ਪਤਨੀ ਸਲੋਨੀ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ, ਲੜਾਈ-ਝਗੜਾ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ, ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਵਾਰ ਦਾ ਉਨ੍ਹਾਂ ਨਾਲ ਕੋਈ ਤਾਲੁਕ-ਵਾਸਤਾ ਨਹੀਂ ਰਿਹਾ।

ਮੈਂ, ਕੁਲਦੀਪ ਸਿੰਘ ਪੁੱਤਰ ਅਮਰ ਸਿੰਘ ਵਾਸੀ ਨੇੜੇ ਬਾਬਾ ਜੋਧ ਸਿੰਘ ਗੁਰਦੁਆਰਾ ਪਿੰਡ ਰਣੀਆਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਪਰਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਨਰਿੰਦਰਜੀਤ ਸਿੰਘ ਢਿੱਲੋਂ ਪੁੱਤਰ ਮਹਿੰਦਰ ਸਿੰਘ ਵਾਸੀ ਕਾਹਨ ਸਿੰਘ ਵਾਲਾ, ਤਹਿਸੀਲ ਤੇ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਪਰਮਵੀਰ ਸਿੰਘ ਢਿੱਲੋਂ ਅਤੇ ਉਸ ਦੀ ਪਤਨੀ ਸਿਮਰਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਵਿਜੇ ਕੁਮਾਰ ਪੁੱਤਰ ਮੁਨਸ਼ੀ ਵਾਸੀ ਪਿੰਡ ਕੋਟ ਖਾਨ ਮੁਹੰਮਦ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰੀ ਪੋਤਰੀ ਪਾਇਲ ਮਨਹਾਸ ਪੁੱਤਰੀ ਪਰਸੋਤਮ, ਜੋ ਕਿ ਗੌਰਵ ਨਾਂਅ ਦੇ ਲੜਕੇ ਨਾਲ ਘਰੋਂ ਚਲੇ ਗਈ ਹੈ ਅਤੇ ਮੇਰੀ ਪੋਤਰੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੋਵਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਅਸੀ ਜਗਤਾਰ ਸਿੰਘ ਪੁੱਤਰ ਧਰਮਪਾਲ ਅਤੇ ਕਵਲਜੀਤ ਕੌਰ ਪਤਨੀ ਜਗਤਾਰ ਸਿੰਘ ਵਾਸੀ ਪਿੰਡ ਪੂੰਦਰ, ਤਹਿਸੀਲ ਬਟਾਲਾ, ਜਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਰਵਿੰਦਰ ਸਿੰਘ ਜੋ ਸਾਡੇ ਕਹਿਣੇ ਤੋਂ ਬਾਹਰ ਹੈ, ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ।ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਸਾਡਾ ਅਤੇ ਸਾਡੇ ਪਰਿਵਾਰ ਦੀ ਕੋਈ ਲੈਣ-ਦੇਣ ਨਹੀ ਹੋਵੇਗਾ।

ਮੈਂ ਮੇਜਰ ਸਿੰਘ ਪੁੱਤਰ ਚੂਹੜ ਸਿੰਘ ਵਾਸੀ ਪਿੰਡ ਤਲਵੰਡੀ ਭਿੰਡਰ, ਤਹਿਸੀਲ ਬਟਾਲਾ, ਜਿਲ੍ਹਾ ਗੁਰਦਾਸਪੁਰ ਆਪਣੀ ਪੋਤਰੀ ਜਸਵਿੰਦਰ ਕੌਰ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਕਿਉਂਕਿ ਇਹ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਨਮਰਜੀ ਕਰਦੀ ਹੈ ਅਤੇ ਮੇਰੇ ਨਾਲ ਨਜਾਇਜ ਲੜਾਈ ਝਗੜਾ ਕਰਦੀ ਹੈ।ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਮੇਰਾ ਅਤੇ ਮੇਰੇ ਪਰਿਵਾਰ ਦੀ ਕੋਈ ਲੈਣ-ਦੇਣ ਨਹੀ ਹੋਵੇਗਾ।

ਮੈਂ ਸੁਖਦੇਵ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਮਾੜੀ ਉਧੋਕੇ ਤਹਿਸੀਲ ਭਿੱਖੀਵਿੰਡ ਜ਼ਿਲਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਸੁਖਵਿੰਦਰ ਕੌਰ ਮੇਰੇ ਕੰਟਰੋਲ ਤੋਂ ਬਾਹਰ ਹੈ । ਮੈਂ ਉਸ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਪਰਮਜੀਤ ਸਰੋਆ ਪੁੱਤਰ ਅਮਰ ਸਿੰਘ ਨਿਵਾਸੀ ਪਿੰਡ ਅਤੇ ਡਾਕਖਾਨਾ ਹੇਲਰ, ਜ਼ਿਲ੍ਹਾ ਜਲੰਧਰ, ਐਲਾਨ ਕਰਦਾ ਹਾਂ ਕਿ ਮੇਰਾ ਪੁੱਤਰ ਅੰਕੁਸ਼ ਸਰੋਆ, ਨੂੰਹ ਕਿਰਨ ਅਤੇ ਪੋਤੀ ਸੋਫੀਆ ਸਰੋਆ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਤਿੰਨਾਂ ਨੂੰ ਪਰਿਵਾਰ ਸਮੇਤ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜ਼ਿੰਮੇਵਾਰ ਹੋਵੇਗਾ।

ਮੈਂ, ਨਿਰਮਲ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਗੰਡੀਵਿੰਡ (ਸਰਾਂ) ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਕਾਸ਼ਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਟਿੱਕਾ ਸਿੰਘ ਪੁੱਤਰ ਮੰਗਲ ਸਿੰਘ ਅਤੇ ਸਵਰਨ ਕੌਰ ਪਤਨੀ ਟਿੱਕਾ ਸਿੰਘ, ਵਾਸੀਆਨ ਪਿੰਡ ਤੇ ਡਾਕਖਾਨਾ ਫੱਤੂਢੀਂਗਾ, ਜਿਲ੍ਹਾ ਕਪੂਰਥਲਾ, ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਲਖਵਿੰਦਰ ਸਿੰਘ ਅਤੇ ਨੂੰਹ ਕਸ਼ਮੀਰ ਕੌਰ, ਸਾਡੇ ਕਹਿਣੇਕਾਰ ਵਿੱਚ ਨਹੀਂ ਹਨ, ਜਿਸ ਕਰਕੇ ਮੈਂ ਉਕਤ ਲੜਕੇ ਅਤੇ ਨੂੰਹ ਨੂੰ ਆਪਣੀ ਤਮਾਮ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਦੋਵਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਰੇ ਸਬੰਧਤ ਨੋਟ ਕਰਨ।

ਮੈਂ ਮਲਕੀਤ ਸਿੰਘ ਪੁੱਤਰ ਸ੍ਰੀ ਓਮ ਪ੍ਰਕਾਸ਼, ਵਾਸੀ ਪਿੰਡ ਨੁਕੇਰੀਆਂ, ਤਹਿਸੀਲ ਅਤੇ ਜ਼ਿਲ੍ਹਾ ਫਾਜ਼ਿਲਕਾ (ਪੰਜਾਬ) ਆਪਣੀ ਪਤਨੀ ਬਲਵਿੰਦਰ ਕੌਰ ਅਤੇ ਲੜਕੀ ਗੁਰਸਿਮਰਤ ਕੌਰ ਨਾਲ ਅੱਜ ਤੋਂ ਆਪਣੇ ਸਾਰੇ ਸਮਾਜਿਕ ਅਤੇ ਪਰਿਵਾਰਕ ਸੰਬੰਧ ਖਤਮ ਕਰਦਾ ਹਾਂ। ਮੇਰੀ ਪਤਨੀ ਬਲਵਿੰਦਰ ਕੌਰ ਆਪਣੀ ਮਰਜ਼ੀ ਨਾਲ ਰਹਿ ਰਹੀ ਹੈ ਅਤੇ ਆਪਣੀ ਲੜਕੀ ਗੁਰਸਿਮਰਤ ਕੌਰ ਨੂੰ ਆਪਣੇ ਨਾਲ ਲੈ ਕੇ ਚਲੀ ਗਈ ਹੈ। ਇਸ ਲਈ ਅੱਜ ਤੋਂ ਬਾਅਦ ਜੇਕਰ ਮੇਰੀ ਪਤਨੀ ਆਪਣਾ ਜਾਂ ਲੜਕੀ ਗੁਰਸਿਮਰਤ ਕੌਰ ਦਾ ਬੁਰਾ-ਭਲਾ ਕਰਦੀ ਹੈ ਤਾਂ ਉਸ ਦੀ ਉਹ ਖੁਦ ਜ਼ਿੰਮੇਵਾਰ ਹੋਵੇਗੀ। ਮੇਰਾ ਜਾਂ ਮੇਰੇ ਪਰਿਵਾਰਕ ਮੈਂਬਰਾਂ ਦਾ ਕੋਈ ਤਾਲੁੱਕ ਨਹੀਂ ਹੋਵੇਗਾ।

### ਨਾਂਅ ਦੀ ਬਦਲੀ

ਮੈਂ, ਸੋਹਨ ਸਿੰਘ ਦਲੇਹ ਪੁੱਤਰ ਗੁਰਦੇਵ ਸਿੰਘ ਵਾਸੀ ਛਾਪਾ (ਬਰਨਾਲਾ) ਨੇ ਆਪਣਾ ਨਾਂਅ ਬਦਲ ਕੇ ਸੋਹਣ ਸਿੰਘ ਰੱਖ ਲਿਆ ਹੈ।

ਮੈਂ ਰਿਕੀ ਪੁਤਰ ਸਵਰਨ ਮਸੀਹ ਵਾਸੀ ਮਕਾਨ ਨੰ: 629 ਫਕੀਰ ਸਿੰਘ ਕਲੋਨੀ ਗੇਟ ਹਕੀਮਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਬੇਟੇ ਦਾ ਨਾਮ ਐਰਿਕ (ARIC) ਤੋ ਬਦਲ ਕੇ ਇੰਮਾਨੂਏਲ (AMANUYAL) ਰੱਖ ਲੀਆ ਹੈ।

### Change of Name

I Rajesh Chadha S/o Ved Mitter R/o VPO. Khambra, Distt. Jalandhar hve changed my name as Rajesh Chadha to Rajesh Kumar

I,Rachhpal Singh S/O Jagir Singh R/O Saido Lehal, Distt. Amritsar,Punjab have changed my name from Rachhpal Singh to Rashpal Singh . Concerned note.

I, Gurbaj Singh S/o Kashmir Singh R/o Village Puhla, PO Singhpura, Tehsil Patti District Tarn Taran have declare that Gurbaj is my Given name and Singh is my Surname

I, Kaluvindra Kaur W/o Rajinder Singh R/O VPO Jhander, Teh. Ajnala, Distt. Amritsar I have changed my name Kaluvindra Kaur to Kulwinder Kaur

I, Bou Singh S/o Sucha Singh R/o Vill. Taragarh Distt. Amritsar, Punjab-143115, (India) have changed my name from Bou Singh to Santokh Singh. Concerned Note.

I Harbinder Singh Sethi S/o Ravinder Singh R/o 310, D-Block, Ranjit Avenue Amritsar have changed my name from Harbinder Singh Sethi To Harbinder Singh. All Please Note.

I Komaldeep Sethi W/o Harbinder Singh R/o 310, D-Block, Ranjit Avenue Amritsar have changed my name from Komaldeep Sethi To Komaldeep Kaur. All Please Note.

I, Seema Rani W/o Rajesh Suri R/o Mohalla Garhi Gate, Distt. Hoshiarpur Punjab have changed my name from Seema Suri to Seema Rani. Concerned note.

I, Aryan Singh son of Sh. Bhagwant Singh R/o Village Khwaja Vardag, Distt. Gurdaspur, Punjab-143605 have changed my name from Aryan Singh to Singh Aryan. Concerned Note.

I Manpreet D/O Ram Diyal R/O H.No 180 Khambra , Jalandhar, Punjab Have Changed my Name From Manpreet To Manpreet Dhillon.All Concerned Please Note.

I Khushpreet Kaur D/o. Rajwinder Singh, VPO. Wadala Kalan, Tehsil Baba Bakala Sahib (Amritsar) have changed my name from Khushpreet Kaur to KRITIKA. Concerned Note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਜ਼ਿਲ੍ਹਾ ਗਾਈਡੈਂਸ ਕੌਂਸਲਰ ਮੁਕੇਸ਼ ਵਰਮਾ ਨੇ ਵੱਖ-ਵੱਖ ਸਕੂਲਾਂ 'ਚ ਪੀ ਟੀ ਐੱਮ ਦਾ ਲਿਆ ਜਾਇਜ਼ਾ


## * ਮਾਪਿਆਂ ਨੂੰ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਦਿੱਤੀਆਂ ਅਹਿਮ ਸਲਾਹਾਂ



ਧਾਰੀਵਾਲ, (ਮਨਦੀਪ ਵਿੱਕੀ)- ਸੱਖਿਆ ਵਿਭਾਗ ਪੰਜਾਬ ਵੱਲੋਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਬਿਹਤਰ ਸਿੱਖਿਆ, ਨੈਤਿਕ ਕਦਰਾਂ-ਕੀਮਤਾਂ ਅਤੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਕਰਵਾਈਆਂ ਜਾ ਰਹੀਆਂ ਪੇਰੈਂਟਸ-ਟੀਚਰ ਮੀਟਿੰਗਾਂ (ਪੀ.ਟੀ.ਐਮ.) ਦੇ ਤਹਿਤ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ) ਪਰਮਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਗਾਈਡੈਂਸ ਕੌਂਸਲਰ ਮੁਕੇਸ਼ ਵਰਮਾ ਵੱਲੋਂ ਬਲਾਕ ਕਾਦੀਆਂ-1 ਅਤੇ ਬਲਾਕ ਕਾਦੀਆਂ-2 ਅਧੀਨ ਪੈਂਦੇ ਵੱਖ-ਵੱਖ ਸਕੂਲਾਂ ਦਾ ਦੌਰਾ ਕਰਕੇ ਪੀ.ਟੀ.ਐੱਮ. ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਬਲਾਕ ਕਾਦੀਆਂ-1 ਦੇ ਨੋਡਲ ਅਫ਼ਸਰ ਵਿਜੇ ਕੁਮਾਰ ਵੀ ਉਨ੍ਹਾਂ ਦੇ ਨਾਲ ਮੌਜੂਦ ਰਹੇ।ਦੌਰੇ ਦੌਰਾਨ ਉਨ੍ਹਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁਜਾਲਾ, ਸਰਕਾਰੀ ਹਾਈ ਸਕੂਲ ਊਧਨਵਾਲ, ਸਰਕਾਰੀ ਹਾਈ ਸਕੂਲ ਬਸਰਾਵਾਂ ਅਤੇ ਸਰਕਾਰੀ ਹਾਈ ਸਕੂਲ ਤੁਗਲਵਾਲ ਵਿਖੇ ਪਹੁੰਚ ਕੇ ਮਾਪਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਰੂਬਰੂ ਗੱਲਬਾਤ ਕੀਤੀ।ਉਨ੍ਹਾਂ ਨੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਹਾਜ਼ਰੀ, ਅਕਾਦਮਿਕ ਪ੍ਰਗਤੀ, ਸਹਿ-ਪਾਠਕ੍ਰਮ ਗਤੀਵਿਧੀਆਂ, ਕਰੀਅਰ ਮਾਰਗਦਰਸ਼ਨ ਅਤੇ ਸਕੂਲਾਂ ਵਿੱਚ ਉਪਲਬਧ ਸਹੂਲਤਾਂ ਸਬੰਧੀ ਜਾਣਕਾਰੀ ਹਾਸਲ ਕੀਤੀ ਅਤੇ ਮਾਪਿਆਂ ਦੇ ਸੁਝਾਵ ਵੀ ਸੁਣੇ।ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁਜਾਲਾ ਵਿਖੇ ਸਕੂਲ ਦੀ ਪ੍ਰਿੰ. ਸ਼ਸ਼ੀ ਕਿਰਨ, ਅਧਿਆਪਕ ਵਿਪਨ ਪਰਾਸ਼ਰ, ਯੂਨੀਸ਼ ਮਹਾਜਨ, ਪੂਨਮ ਅਤੇ ਹੋਰ ਸਟਾਫ ਮੈਂਬਰਾਂ ਨੇ ਮਾਪਿਆਂ ਨਾਲ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ।ਇਸੇ ਤਰ੍ਹਾਂ ਸਰਕਾਰੀ ਹਾਈ ਸਕੂਲ ਊਧਨਵਾਲ ਵਿਖੇ ਹੈੱਡਮਿਸਟ੍ਰੈੱਸ ਵਰਿੰਦਰ ਪਾਲ ਕੌਰ, ਰਜਿੰਦਰ ਸਿੰਘ ਰੰਧਾਵਾ ਅਤੇ ਸਮੂਹ ਸਟਾਫ ਦੀ ਮੌਜੂਦਗੀ ਵਿੱਚ ਮੀਟਿੰਗ ਆਯੋਜਿਤ ਕੀਤੀ ਗਈ।

ਇਸ ਮੌਕੇ ਸਮਾਜ ਸੇਵੀ ਸਤਨਾਮ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ ਅਤੇ ਉਨ੍ਹਾਂ ਨੇ ਮਾਪਿਆਂ ਨੂੰ ਬੱਚਿਆਂ ਦੀ ਸਿੱਖਿਆ ਪ੍ਰਤੀ ਹੋਰ ਜਾਗਰੂਕ ਹੋਣ ਲਈ ਪ੍ਰੇਰਿਤ ਕੀਤਾ।ਮੁਕੇਸ਼ ਵਰਮਾ ਨੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੇਰੈਂਟਸ-ਟੀਚਰ ਮੀਟਿੰਗਾਂ ਸਿਰਫ਼ ਇੱਕ ਰਸਮੀ ਪ੍ਰੋਗਰਾਮ ਨਹੀਂ ਸਗੋਂ ਬੱਚਿਆਂ ਦੇ ਭਵਿੱਖ ਨੂੰ ਸੁਨਹਿਰਾ ਬਣਾਉਣ ਲਈ ਸਕੂਲ ਅਤੇ ਪਰਿਵਾਰ ਵਿਚਕਾਰ ਮਜ਼ਬੂਤ ਸਾਂਝ ਸਥਾਪਿਤ ਕਰਨ ਦਾ ਪ੍ਰਭਾਵਸ਼ਾਲੀ ਮੰਚ ਹਨ। ਉਨ੍ਹਾਂ ਕਿਹਾ ਕਿ ਜੇਕਰ ਮਾਪੇ ਅਤੇ ਅਧਿਆਪਕ ਮਿਲ ਕੇ ਬੱਚਿਆਂ ਦੀ ਪੜ੍ਹਾਈ, ਵਿਹਾਰ ਅਤੇ ਰੁਚੀਆਂ 'ਤੇ ਨਿਰੰਤਰ ਧਿਆਨ ਦੇਣ ਤਾਂ ਹਰ ਵਿਦਿਆਰਥੀ ਆਪਣੀ ਮੰਜ਼ਿਲ ਤੱਕ ਪਹੁੰਚ ਸਕਦਾ ਹੈ।ਉਨ੍ਹਾਂ ਇਹ ਵੀ ਕਿਹਾ ਕਿ ਹਰ ਬੱਚੇ ਵਿੱਚ ਵੱਖਰੀ ਪ੍ਰਤਿਭਾ ਅਤੇ ਯੋਗਤਾ ਹੁੰਦੀ ਹੈ, ਇਸ ਲਈ ਮਾਪਿਆਂ ਨੂੰ ਆਪਣੇ ਸੁਪਨਿਆਂ ਦਾ ਬੋਝ ਬੱਚਿਆਂ 'ਤੇ ਪਾਉਣ ਦੀ ਬਜਾਏ ਉਨ੍ਹਾਂ ਦੀ ਰੁਚੀ ਅਤੇ ਸਮਰੱਥਾ ਅਨੁਸਾਰ ਕਰੀਅਰ ਚੁਣਨ ਲਈ ਮਾਰਗਦਰਸ਼ਨ ਕਰਨਾ ਚਾਹੀਦਾ ਹੈ।ਉਨ੍ਹਾਂ ਨੇ ਮਾਪਿਆਂ ਨੂੰ ਸਕੂਲ ਨਾਲ ਲਗਾਤਾਰ ਸੰਪਰਕ ਵਿੱਚ ਰਹਿਣ ਅਤੇ ਸਕੂਲ ਦੀਆਂ ਗਤੀਵਿਧੀਆਂ ਵਿੱਚ ਸਰਗਰਮ ਭਾਗੀਦਾਰੀ ਨਿਭਾਉਣ ਦੀ ਅਪੀਲ ਵੀ ਕੀਤੀ।ਬਲਾਕ ਨੋਡਲ ਅਫ਼ਸਰ ਵਿਜੇ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਵਿੱਚ ਗੁਣਵੱਤਾ ਭਰਪੂਰ ਸਿੱਖਿਆ, ਆਧੁਨਿਕ ਸਹੂਲਤਾਂ ਅਤੇ ਕਰੀਅਰ ਮਾਰਗਦਰਸ਼ਨ ਮੁਹੱਈਆ ਕਰਵਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਮਾਪਿਆਂ ਅਤੇ ਅਧਿਆਪਕਾਂ ਦੀ ਸਾਂਝੀ ਭੂਮਿਕਾ ਹੀ ਵਿਦਿਆਰਥੀਆਂ ਨੂੰ ਜੀਵਨ ਵਿੱਚ ਸਫਲਤਾ ਦੀਆਂ ਉੱਚਾਈਆਂ ਤੱਕ ਪਹੁੰਚਾ ਸਕਦੀ ਹੈ।ਮੀਟਿੰਗਾਂ ਦੌਰਾਨ ਮਾਪਿਆਂ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ ਪੇਰੈਂਟਸ-ਟੀਚਰ ਮੀਟਿੰਗਾਂ ਦੀ ਭਰਪੂਰ ਸ਼ਲਾਘਾ ਕੀਤੀ। ਮਾਪਿਆਂ ਨੇ ਕਿਹਾ ਕਿ ਅਜਿਹੇ ਉਪਰਾਲਿਆਂ ਨਾਲ ਨਾ ਸਿਰਫ਼ ਬੱਚਿਆਂ ਦੀ ਪੜ੍ਹਾਈ ਬਾਰੇ ਜਾਣਕਾਰੀ ਮਿਲਦੀ ਹੈ, ਸਗੋਂ ਉਨ੍ਹਾਂ ਦੇ ਵਿਹਾਰ, ਰੁਚੀਆਂ ਅਤੇ ਭਵਿੱਖ ਸਬੰਧੀ ਬਿਹਤਰ ਫੈਸਲੇ ਲੈਣ ਵਿੱਚ ਵੀ ਮਦਦ ਮਿਲਦੀ ਹੈ।ਉਨ੍ਹਾਂ ਕਿਹਾ ਕਿ ਇਹ ਮੀਟਿੰਗਾਂ ਸਕੂਲਾਂ ਅਤੇ ਮਾਪਿਆਂ ਵਿਚਕਾਰ ਭਰੋਸੇ ਅਤੇ ਸਹਿਯੋਗ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ।

# ਕੇਂਦਰ ਸਰਕਾਰ ਡੀਜ਼ਲ ਕੀਮਤਾਂ 'ਚ ਕੀਤੇ ਵਾਧੇ ਨੂੰ ਤੁਰੰਤ ਵਾਪਸ ਲਵੇ : ਮਾਣੂਕੇ



ਮੋਗਾ (ਇਕਬਾਲ ਸਿੰਘ ਖਹਿਰਾ)- ਕੇਂਦਰ ਸਰਕਾਰ ਵੱਲੋਂ ਡੀਜ਼ਲ ਦੀਆਂ ਕੀਮਤਾਂ ਵਿੱਚ ਕੀਤੇ ਲਗਾਤਾਰ ਵਧਦੇ ਕਾਰਨ ਸਮੁੱਚਾ ਦੇਸ਼ ਡੀਜ਼ਲ ਦੇ ਨਾਲ ਨਾਲ ਘਰੇਲੂ ਵਸਤਾਂ ਵੀ ਮਹਿੰਗੇ ਮੁੱਲ ਦੀਆਂ ਲੈਣ ਲਈ ਮਜਬੂਰ ਹੈ।

ਇੱਕ ਹਫਤੇ ਵਿੱਚ ਡੀਜ਼ਲ ਦੀ ਕੀਮਤ ਵਿੱਚ 8 ਰੁਪਏ ਤੋਂ ਵੀ ਵਧੇਰੇ ਹੋਏ ਵਾਧੇ ਨੇ ਜਿੱਥੇ ਸਾਮਾਨ ਦੀ ਢੋਆ ਢੁਆਈ ਦੇ ਰੇਟਾਂ ਚ ਵਾਧਾ ਹੋਇਆ ਹੈ, ਉੱਥੇ ਹੀ ਦੇਸ਼ ਦਾ ਕਿਸਾਨ ਵੀ ਇਸ ਦਾ ਸ਼ਿਕਾਰ ਹੋਇਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਾਣੂਕੇ ਨੇ ਕੀਤਾ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਆਪਣੇ ਨੇੜਲੇ ਕਾਰਪੋਰੇਟਰਾਂ ਨੂੰ ਮੁਨਾਫਾ ਪਹੁੰਚਾਉਣ ਲਈ ਦੇਸ਼ ਵਿੱਚ ਲਗਾਤਾਰ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਕਰ ਰਹੇ ਹਨ, ਜਿਸ ਕਾਰਨ ਪਹਿਲਾਂ ਹੀ ਮੰਦਹਾਲੀ ਦਾ ਸ਼ਿਕਾਰ ਕਿਸਾਨ ਹੋਰ ਕਰਜ਼ਿਆਂ ਦੇ ਬੋਝ ਥੱਲੇ ਆ ਜਾਵੇਗਾ।

ਉਨ੍ਹਾਂ ਕਿਹਾ ਕਿ ਇਹ ਵਾਧਾ ਰਾਜਨੀਤੀ ਤੋਂ ਵੀ ਪ੍ਰੇਰਿਤ ਤੇ ਬੇ-ਮੌਕਾ ਹੈ, ਕਿਉਂਕਿ ਇਸ ਸਮੇਂ ਦੇਸ਼ ਦਾ ਕਿਸਾਨ ਸਾਉਣੀ ਦੀ ਫ਼ਸਲ ਦੀ ਬਿਜਾਈ ਵਾਸਤੇ ਜ਼ਮੀਨਾਂ ਤਿਆਰ ਕਰ ਰਿਹਾ ਹੈ ਅਤੇ ਮਸ਼ੀਨਰੀ ਵਿੱਚ ਡੀਜ਼ਲ ਦੀ ਖਪਤ ਆਮ ਤੋਂ ਜ਼ਿਆਦਾ ਹੋ ਰਹੀ ਹੈ, ਜਿਸ ਕਰਕੇ ਖੇਤੀ ਦੀ ਲਾਗਤ ਵਿੱਚ ਵਾਧਾ ਹੋਵੇਗਾ, ਪ੍ਰੰਤੂ ਭਾਰਤ ਸਰਕਾਰ ਵਲੋ ਝੋਨੇ ਦੀ ਫ਼ਸਲ ਦੇ ਰੇਟ ਵਿਚ ਸਿਰਫ 72/- ਪੈਸੇ ਪ੍ਰਤੀ ਕਿੱਲੋ ਦਾ ਹੀ ਵਾਧਾ ਕੀਤਾ ਹੈ, ਜਦੋਂ ਕਿ ਡੀਜ਼ਲ ਦੀ ਕੀਮਤ 'ਚ 8/- ਰੁਪਏ ਪ੍ਰਤੀ ਲਿਟਰ ਵਾਧਾ ਕੀਤਾ ਹੈ, ਜੋ ਦੇਸ਼ ਦੇ ਕਿਸਾਨਾਂ ਲਈ ਅਤਿਅੰਤ ਮੰਦਭਾਗਾ ਹੈ।

ਜਥੇਬੰਦੀ ਵੱਲੋਂ ਸਰਕਾਰ ਨੂੰ ਮੰਗ ਕੀਤੀ ਕਿ ਟੈਕਸ ਵਿੱਚ ਛੋਟ ਕਰਕੇ ਡੀਜ਼ਲ ਦੇ ਰੇਟ ਵਿੱਚ ਕੀਤਾ ਗਿਆ ਵਾਧਾ ਵਾਪਸ ਲਿਆ ਜਾਵੇ ਤਾਂ ਜੋਂ ਪੰਜਾਬ ਸਮੇਤ ਦੇਸ਼ ਦੀ ਕਿਸਾਨੀ ਸੁਖ ਦਾ ਸਾਹ ਲੇ ਕੇ ਆਪਣੀ ਗੁਜ਼ਰ ਬਸਰ ਕਰ ਸਕੇ।

# ਅੰਗੋਲ ਮੀਟਿੰਗ 'ਚ ਪੰਜਾਬ ਦੇ ਛੇ ਕੌਮੀ ਕੌਂਸਲ ਮੈਂਬਰ ਸ਼ਾਮਲ




**ਅੰਗੋਲ (ਗਿਆਨ ਸੈਦਪੁਰੀ)** ਮਜ਼ਦੂਰ ਯੂਨੀਅਨ ਦੀ ਕੌਮੀ ਕੌਂਸਲ ਦੀ ਇੱਥੇ ਚੱਲ ਰਹੀ ਮੀਟਿੰਗ ਵਿਚ ਭਰ ਵਿੱਚੋਂ ਲਗਭਗ ਇੱਕ ਸੌ ਮੈਂਬਰ ਸ਼ਾਮਲ ਹੋਏ। ਮੀਟਿੰਗ ਵਿੱਚ ਸਭ ਤੋਂ ਵੱਧ ਮੈਂਬਰ ਮੇਜ਼ਬਾਨ ਆਂਧਰਾ ਪ੍ਰਦੇਸ਼ ਦੇ ਹਨ। ਪੰਜਾਬ ਵਿੱਚ ਕੌਮੀ ਕੌਂਸਲ ਦੇ ਮੈਂਬਰਾਂ ਦੀ ਗਿਣਤੀ ਤਾਂ ਵੱਧ ਹੈ, ਪਰ ਇੱਥੇ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਸਮੇਤ 6 ਮੈਂਬਰ ਪਹੁੰਚੇ ਹਨ। ਇਨ੍ਹਾਂ ਵਿੱਚ ਦੇਵੀ ਕੁਮਾਰੀ ਸਰਹਾਲੀ ਕਲਾਂ, ਰਿਸ਼ੀਪਾਲ ਖੁੱਭਣ, ਨਿਰੰਜਣ ਦਾਸ ਮੇਹਲੀ, ਨਾਨਕ ਚੰਦ ਬਜਾਜ (ਮੁਕਤਸਰ) ਅਤੇ ਗਿਆਨ ਸੈਦਪੁਰੀ (ਜਲੰਧਰ) ਸ਼ਾਮਲ ਹਨ। ਪੰਜਾਬ ਦਾ ਡੈਲੀਗੇਸ਼ਨ ਮੀਟਿੰਗ ਵਿੱਚ ਪੂਰੇ ਉਤਸ਼ਾਹ ਤੇ ਸੰਜੀਦਗੀ ਨਾਲ ਭਾਗ ਲੈ ਰਿਹਾ ਹੈ।

# ਡੇਰਾਬੱਸੀ ਨਗਰ ਕੌਂਸਲ ਚੋਣਾਂ 'ਚ 'ਆਪ' ਦੀ ਇਤਿਹਾਸਿਕ ਜਿੱਤ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਨਗਰ ਕੌਂਸਲ ਚੋਣਾਂ ਵਿੱਚ ਆਮ ਆਦਮੀ ਪਾਰਟੀ ਵੱਲੋਂ ਦਰਜ ਕੀਤੀ ਗਈ ਇਤਿਹਾਸਿਕ ਜਿੱਤ ਉਪਰੰਤ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਆਪਣੇ ਮੁੱਖ ਦਫ਼ਤਰ ਡੇਰਾਬੱਸੀ ਵਿਖੇ ਵੱਖ-ਵੱਖ ਵਾਰਡਾਂ ਤੋਂ ਜੇਤੂ ਉਮੀਦਵਾਰਾਂ ਅਤੇ ਪਾਰਟੀ ਵਰਕਰਾਂ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਵਿਧਾਇਕ ਰੰਧਾਵਾ ਨੇ ਕਿਹਾ ਕਿ ਡੇਰਾਬੱਸੀ ਦੇ ਲੋਕਾਂ ਵੱਲੋਂ ਦਿੱਤਾ ਗਿਆ ਭਰਪੂਰ ਸਮਰਥਨ ਅਤੇ ਭਰੋਸਾ ਆਮ ਆਦਮੀ ਪਾਰਟੀ ਪ੍ਰਤੀ ਲੋਕਾਂ ਦੇ ਵਿਸ਼ਵਾਸ ਦਾ ਪ੍ਰਤੀਕ ਹੈ। ਉਨ੍ਹਾਂ ਇਸ ਸ਼ਾਨਦਾਰ ਜਿੱਤ ਲਈ ਸਮੂਹ ਜੇਤੂ ਉਮੀਦਵਾਰਾਂ, ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਜਿੱਤ ਲੋਕਾਂ ਦੇ ਵਿਸ਼ਵਾਸ, ਪਾਰਟੀ ਵਰਕਰਾਂ ਦੀ ਅਣਥੱਕ ਮਿਹਨਤ ਅਤੇ ਲੋਕ-ਪੱਖੀ ਨੀਤੀਆਂ ਦੀ ਜਿੱਤ ਹੈ।ਉਨ੍ਹਾਂ ਡੇਰਾਬੱਸੀ ਦੇ ਸਮੂਹ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਲੋਕਾਂ ਨੇ ਵਿਕਾਸ, ਇਮਾਨਦਾਰ ਰਾਜਨੀਤੀ ਅਤੇ ਪਾਰਦਰਸ਼ੀ ਪ੍ਰਸ਼ਾਸਨ ਦੇ ਹੱਕ ਵਿੱਚ ਆਪਣਾ ਫ਼ਤਵਾ ਦਿੱਤਾ ਹੈ।



ਵਿਧਾਇਕ ਰੰਧਾਵਾ ਨੇ ਭਰੋਸਾ ਦਿਵਾਇਆ ਕਿ ਡੇਰਾਬੱਸੀ ਦੇ ਸਰਵਪੱਖੀ ਵਿਕਾਸ, ਬਿਹਤਰ ਨਾਗਰਿਕ ਸਹੂਲਤਾਂ ਅਤੇ ਲੋਕ ਭਲਾਈ ਦੇ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਦਿਆਂ ਸੇਵਾ ਅਤੇ ਵਿਕਾਸ ਦਾ ਇਹ ਸਫ਼ਰ ਨਿਰੰਤਰ ਜਾਰੀ ਰੱਖੇਗੀ।

# ਕਸਬਾ ਕਾਲਾ ਸੰਘਿਆਂ 'ਚ ਨਹੀਂ ਰੁਕ ਰਹੀਆਂ ਚੋਰੀਆਂ ਤੇ ਲੁੱਟਾਂ-ਖੋਹਾਂ

**ਕਾਲਾ ਸੰਘਿਆਂ (ਮਨਜੀਤ ਮਾਨ)**- ਸਥਾਨਕ ਕਸਬਾ ਕਾਲਾ ਸੰਘਿਆਂ ਜ਼ਿਲ੍ਹਾ ਕਪੂਰਥਲਾ ਵਿਖੇ ਤੜਕਸਾਰ 12 ਤੋਂ 15 ਦੇ ਕਰੀਬ ਔਰਤਾਂ ਦੇ ਵੱਡੇ ਗ੍ਰੋਹ ਨੇ ਬੱਗਾ ਇਲੈਕਟ੍ਰੀਕਲ ਮੇਨ ਬੱਸ ਸਟੈਂਡ ਦੇ ਸ਼ਟਰ ਦੇ ਜ਼ਿੰਦਰੇ ਤੋੜਨ ਦੀ ਕੋਸ਼ਿਸ਼ ਕੀਤੀ। ਖੁਸ਼ਕਿਸਮਤੀ ਨਾਲ ਸ਼ਟਰ ਦੇ ਜ਼ਿੰਦਰੇ ਤਾਂ ਨਹੀਂ ਟੁੱਟੇ, ਔਰਤਾਂ ਦੇ ਗ੍ਰੋਹ ਨੇ ਸੱਬਲ ਨਾਲ ਸ਼ਟਰ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਸ਼ਟਰ ਨੂੰ ਥੋੜ੍ਹਾ ਉਪਰ ਚੁੱਕ ਕੇ ਦੁਕਾਨ ਅੰਦਰੋਂ ਸਮਾਨ ਚੋਰੀ ਕਰਨ ਦੀ ਕੋਸ਼ਿਸ਼ ਕੀਤੀ। ਰਾਹਗੀਰਾਂ ਅਨੁਸਾਰ 12 ਤੋਂ 15 ਦੇ ਕਰੀਬ ਔਰਤਾਂ ਦੇ ਲੁਟੇਰਾ ਗਰੋਹ ਨੇ ਬੱਗਾ ਇਲੈਕਟ੍ਰੀਕਲ ਸਟੋਰ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਔਰਤਾਂ ਦਾ ਲੁਟੇਰਾ ਗਰੋਹ ਬੱਗਾ ਇਲੈਕਟ੍ਰੀਕਲ ਸਟੋਰ ਨੂੰ ਨਿਸ਼ਾਨਾ ਬਣਾਉਣ ਵਿੱਚ ਸਫਲ ਨਹੀਂ ਹੋ ਸਕਿਆ। 12 ਤੋਂ 13 ਦੇ ਕਰੀਬ ਔਰਤਾਂ ਭੱਜਣ ਵਿੱਚ ਸਫ਼ਲ ਹੋ ਗਈਆ ਜਿਨ੍ਹਾਂ ਵਿੱਚੋਂ ਰਾਹਗੀਰਾਂ ਨੇ ਦੋ ਔਰਤਾਂ ਨੂੰ ਕਾਬੂ ਕਰ ਲਿਆ ਤੇ ਪੁਲਸ ਹਵਾਲੇ ਕਰ ਦਿੱਤਾ। ਸਰਬਜੀਤ ਸਿੰਘ ਵਾਸੀ ਕਾਲਾ ਸੰਘਿਆਂ ਨੇ ਦੱਸਿਆ ਕਿ 12 ਤੋਂ 15 ਦੇ ਕਰੀਬ ਲੁਟੇਰਾ ਔਰਤਾਂ ਦਾ ਗਰੋਹ ਉਨ੍ਹਾਂ ਦੇ ਖੂਹਾਂ ਉਪਰ ਸ਼ਰੇਆਮ ਬੇਖੌਫ ਘੁੰਮ ਰਿਹਾ ਹੈ ਤੇ ਲੋਕਾਂ ਦੇ ਖੂਹਾਂ, ਡੇਰਿਆਂ ਤੋਂ ਜਬਰੀ ਹਦਵਾਣੇ, ਮੱਕੀ ਦੀਆਂ ਛੱਲੀਆਂ ਚੋਰੀ ਕਰ ਰਹੇ ਹਨ। ਜਦੋਂ ਉਨ੍ਹਾਂ ਨੂੰ ਲੋਕਾਂ ਦੇ ਖੂਹਾਂ 'ਤੇ ਆਉਣ ਦਾ ਕਾਰਨ ਪੁੱਛਿਆ ਤਾਂ ਔਰਤਾਂ ਦਾ ਲੁਟੇਰਾ ਗਰੋਹ ਕੋਈ ਠੋਸ ਜਵਾਬ ਨਹੀਂ ਦੇ ਸਕਿਆ। ਜਦੋਂ ਸਰਬਜੀਤ ਸਿੰਘ ਨੇ ਇਨ੍ਹਾਂ ਲੁਟੇਰਾ ਗਰੋਹ ਦਾ ਵਿਰੋਧ ਕੀਤਾ ਤਾਂ ਉਹ ਅੱਗੇ ਅੱਗੇ ਦੌੜ ਪਈਆਂ ਤੇ ਇੰਨੇ ਨੂੰ ਪਿੰਡ ਕਾਲਾ ਸੰਘਿਆਂ ਦੀਆਂ ਜੋੜੀਆਂ ਮੋਟਰਾਂ ਤੇ ਇੱਕ ਕੈਂਟਰ ਗੱਡੀ ਆ ਗਈ ਜਿਹੜੀ ਔਰਤਾਂ ਦੇ ਗਰੋਹ ਨੂੰ ਬਿਠਾ ਕੇ ਨਕੋਦਰ ਵੱਲ ਨੂੰ ਫ਼ਰਾਰ ਹੋ ਗਏ। ਦੋ ਲੁਟੇਰਾ ਗਰੋਹ ਦੀਆਂ ਔਰਤਾਂ ਕੋਲੋਂ ਕੈਂਟਰ ਗੱਡੀ ਵਿੱਚ ਬੱਚੇ ਸਮੇਤ ਚੜ੍ਹ ਨਹੀਂ ਹੋਇਆ, ਅੱਗੋਂ ਦੋ ਔਰਤਾਂ ਨੇ ਸਰਬਜੀਤ ਸਿੰਘ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿਤੀਆਂ ਕਿ ਅਸੀਂ ਆਪਣੇ ਕੱਪੜੇ ਪਾੜ ਕੇ ਤੇਰੇ 'ਤੇ ਕਾਰਵਾਈ ਕਰਵਾ ਦੇਣੀ ਹੈ। ਸਰਬਜੀਤ ਸਿੰਘ ਨੇ ਪਿਆਰਾ ਸਿੰਘ ਖਾਲਸਾ ਪਿੰਡ ਜੱਲੋਵਾਲ ਨੂੰ ਸਾਰੀ ਘਟਨਾ ਸਬੰਧੀ ਜਾਣਕਾਰੀ ਦਿੱਤੀ। ਪਿਆਰਾ ਸਿੰਘ ਖਾਲਸਾ ਨੇ ਆਪਣੇ ਪਿੰਡ ਵਾਸੀਆਂ ਨੂੰ ਟੈਲੀਫੋਨ ਕਰ ਕੇ ਬੁਲਾ ਲਿਆ ਤੇ ਪੈਦਲ ਜਾ ਰਹੀਆਂ ਔਰਤਾਂ ਨੂੰ ਫੜ ਕੇ ਪੁਲਸ ਹਵਾਲੇ ਕਰ ਦਿੱਤਾ। ਪਿੰਡ ਤੇ ਇਲਾਕੇ ਦੇ ਲੋਕਾਂ ਨੇ ਮੌਜੂਦਾ ਸਰਕਾਰ ਤੇ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਾਲਾ ਸੰਘਿਆਂ ਨੂੰ ਚੋਰਾਂ ਤੇ ਲੁਟੇਰਿਆਂ ਤੋਂ ਬਚਾਇਆ ਜਾਵੇ।

## ਜਨਮ ਦਿਨ ਮੁਬਾਰਕ



ਗਰਨੂਰ ਕੌਰ
ਰੂਪਨਗਰ

# ਨਾਇਬ ਸਿੰਘ ਸੈਣੀ ਨੇ ਚੌ. ਸਹੀਰਾਮ ਬਿਸ਼ਨੋਈ ਨੂੰ ਦਿੱਤੀ ਸ਼ਰਧਾਂਜਲੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਜ਼ਿਲ੍ਹਾ ਸਿਰਸਾ ਦੇ ਪਿੰਡ ਸਕਤਾਖੇੜਾ ਪਹੁੰਚੇ ਅਤੇ ਹਿੰਦੀ ਅੰਦੋਲਨ ਸੈਨਾਨੀ ਅਤੇ ਸੰਯੁਕਤ ਪੰਜਾਬ ਦੇ ਅਬੋਹਰ ਖੇਤਰ ਤੋਂ ਪੂਰਵ ਵਿਧਾਇਕ ਸਵਰਗੀ ਚੌਧਰੀ ਸਹੀਰਾਮ ਬਿਸ਼ਨੋਈ ਦੀ ਯਾਦਗਾਰੀ ਸਭਾ ਵਿੱਚ ਸ਼ਾਮਲ ਹੋ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਦੌਰਾਨ ਉਨ੍ਹਾਂ ਨੇ ਦੁਖੀ ਪਰਵਾਰ ਪ੍ਰਤੀ ਆਪਣੀ ਹਮਦਰਦੀ ਪ੍ਰਗਟ ਕੀਤੀ।

ਮੁੱਖ ਮੰਤਰੀ ਨੇ ਸਵ. ਚੌ. ਸਹੀਰਾਮ ਬਿਸ਼ਨੋਈ ਦੇ ਪਰਵਾਰਕ ਮੈਂਬਰਾਂ ਨੂੰ ਹੌਸਲਾ ਦਿੱਤਾ ਅਤੇ ਹਰ ਸੰਭਵ ਮਦਦ ਦਾ ਭਰੋਸਾ ਦਿਵਾਇਆ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਵ. ਚੌਧਰੀ ਸਹੀਰਾਮ ਬਿਸ਼ਨੋਈ ਇੱਕ ਮਹਾਨ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਸਮਾਜ ਸੇਵਾ, ਤਿਆਗ ਅਤੇ ਦੇਸ਼ ਭਗਤੀ ਲਈ ਸਮਰਪਿਤ ਕਰ ਦਿੱਤਾ। ਉਨ੍ਹਾਂ ਦਾ ਜੀਵਨ ਸੰਘਰਸ਼, ਸੇਵਾ ਅਤੇ ਸਮਰਪਣ ਦੀ ਇੱਕ ਅਦਭੁਤ ਮਿਸਾਲ ਰਿਹਾ ਹੈ। ਮੁੱਖ ਮੰਤਰੀ ਨੇ ਇੱਕ ਹਸਪਤਾਲ ਦਾ ਨਾਮ ਸਵ. ਚੌਧਰੀ ਸਹੀਰਾਮ ਬਿਸ਼ਨੋਈ ਦੇ ਨਾਂਅ 'ਤੇ ਰੱਖਣ ਦਾ ਐਲਾਨ ਕੀਤਾ।

# ਮਾਂਗੇਵਾਲ 'ਚ ਸਲਾਨਾ ਮੇਲਾ ਧੂਮਧਾਮ ਨਾਲ ਮਨਾਇਆ



**ਕਪੂਰਥਲਾ (ਮਨਜੀਤ ਮਾਨ)**- ਬਾਬਾ ਮਾਮਦੀਨ ਮੇਲਾ ਪ੍ਰਬੰਧਕ ਕਮੇਟੀ ਮਾਂਗੇਵਾਲ ਵੱਲੋਂ ਸਮੂਹ ਪਿੰਡ ਵਾਸੀਆਂ ਅਤੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਸਲਾਨਾ ਮੇਲਾ ਪਿੰਡ ਮਾਂਗੇਵਾਲ ਵਿਖੇ ਧੂਮਧਾਮ ਨਾਲ ਮਨਾਇਆ ਗਿਆ। ਮੇਲਾ ਪ੍ਰਬੰਧਕ ਕਮੇਟੀ ਵੱਲੋਂ ਸਭ ਤੋਂ ਪਹਿਲਾਂ ਸਵੇਰੇ ਬਾਬਾ ਜੀ ਦੇ ਪਵਿੱਤਰ ਅਸਥਾਨ 'ਤੇ ਝੰਡਾ ਚੜ੍ਹਾਇਆ ਗਿਆ, ਉਪਰੰਤ ਪ੍ਰਸਿੱਧ ਗਾਇਕ ਬਾਈ ਅਮਰਜੀਤ, ਪ੍ਰਸਿੱਧ ਗਾਇਕ ਜ਼ਫ਼ਰ ਨੇ ਅਪਣੇ ਪ੍ਰਸਿੱਧ ਗੀਤ ਸੁਣਾ ਕੇ ਸੰਗਤਾਂ ਨੂੰ ਝੂਮਣ ਲਾ ਦਿੱਤਾ। ਇਸ ਮੌਕੇ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਮੇਲੇ ਨੂੰ ਸਹਿਯੋਗ ਦੇਣ ਵਾਲੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਗਾਇਕਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਬਾਬਾ ਜੀ ਦਾ ਲੰਗਰ ਅਤੇ ਠੰਢੇ ਮਿੱਠੇ ਜਲ ਦੀ ਛਬੀਲ ਵਰਤਾਈ ਗਈ।

# ਟਿਕਾਊ ਖੇਤੀਬਾੜੀ ਅਭਿਆਸਾਂ ਬਾਰੇ ਜਾਗਰੂਕਤਾ ਪ੍ਰੋਗਰਾਮ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਐਗਰੋ ਕੈਮ ਫੈਡਰੇਸ਼ਨ ਆਫ ਇੰਡੀਆ (ਏ.ਸੀ.ਐਫ.ਆਈ) ਨੇ ਸ਼ੁੱਕਰਵਾਰ ਨੂੰ 'ਟਿਕਾਊ ਖੇਤੀਬਾੜੀ' 'ਤੇ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ ਜਿਸ ਵਿੱਚ ਬਦਲਦੀਆਂ ਰੈਗੂਲੇਟਰੀ ਜ਼ਰੂਰਤਾਂ ਦੇ ਵਿਚਕਾਰ ਜ਼ਿੰਮੇਵਾਰ ਉਤਪਾਦ ਵਰਤੋਂ, ਕਿਸਾਨ ਜਾਗਰੂਕਤਾ, ਪ੍ਰਬੰਧਨ ਪਹਿਲਕਦਮੀਆਂ ਅਤੇ ਸੁਰੱਖਿਅਤ ਖੇਤੀਬਾੜੀ ਅਭਿਆਸਾਂ ਵਰਗੇ ਮਹੱਤਵਪੂਰਨ ਵਿਸ਼ਿਆਂ 'ਤੇ ਚਰਚਾ ਕੀਤੀ ਗਈ।ਪ੍ਰੋਗਰਾਮ ਦਾ ਧਿਆਨ ਜ਼ਿੰਮੇਵਾਰ ਸਲਾਹਕਾਰੀ ਅਭਿਆਸਾਂ ਰਾਹੀਂ ਕਿਸਾਨਾਂ ਦਾ ਵਿਸ਼ਵਾਸ ਵਧਾਉਣ, ਕੀਟਨਾਸ਼ਕਾਂ ਦੀ ਵਰਤੋਂ ਬਾਰੇ ਗਲਤ ਧਾਰਨਾਵਾਂ ਨੂੰ ਦੂਰ ਕਰਨ, ਉਦਯੋਗ ਅਤੇ ਵੰਡ ਨੈੱਟਵਰਕਾਂ ਵਿਚਕਾਰ ਤਾਲਮੇਲ ਨੂੰ ਮਜ਼ਬੂਤ ਕਰਨ ਅਤੇ ਜ਼ਮੀਨੀ ਪੱਧਰ 'ਤੇ ਕਿਸਾਨ ਜਾਗਰੂਕਤਾ ਵਧਾਉਣ 'ਤੇ ਸੀ। ਏ ਸੀ ਐਫ ਆਈ ਦੇ ਡਾਇਰੈਕਟਰ ਜਨਰਲ ਕਲਿਆਣ ਗੋਸਵਾਮੀ ਨੇ ਕਿਹਾ, ਉਦਯੋਗ ਅਤੇ ਚੈਨਲ ਭਾਈਵਾਲਾਂ ਵਿਚਕਾਰ ਮਜ਼ਬੂਤ ਸਹਿਯੋਗ ਲੰਬੇ ਸਮੇਂ ਦੀ ਖੇਤੀਬਾੜੀ ਸਥਿਰਤਾ ਦਾ ਸਮਰਥਨ ਕਰਨ, ਸੁਰੱਖਿਅਤ ਵਰਤੋਂ ਪ੍ਰਤੀ ਜਾਗਰੂਕਤਾ ਵਧਾਉਣ, ਅਤੇ ਵਿਕਸਤ ਹੋ ਰਹੇ ਪ੍ਰਬੰਧਨ ਅਤੇ ਰੈਗੂਲੇਟਰੀ ਢਾਂਚੇ ਦੀ ਪਾਲਣਾ ਨੂੰ ਮਜ਼ਬੂਤ ਕਰਨ ਲਈ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵ ਪੂਰਨ ਹੋ ਗਿਆ ਹੈ। ਪ੍ਰੋਗਰਾਮ ਨੇ ਗਿਆਨ ਸਾਂਝਾ ਕਰਨ, ਤਕਨੀਕੀ ਸਿਖਲਾਈ ਅਤੇ ਆਧੁਨਿਕ ਖੇਤੀਬਾੜੀ ਅਭਿਆਸਾਂ ਨੂੰ ਅਪਣਾਉਣ 'ਤੇ ਵੀ ਜ਼ੋਰ ਦਿੱਤਾ ਤਾਂ ਜੋ ਵਾਤਾਵਰਣ ਜ਼ਿੰਮੇਵਾਰੀ ਅਤੇ ਉਪਭੋਗਤਾ ਸੁਰੱਖਿਆ ਨੂੰ ਸੰਤੁਲਿਤ ਕਰਦੇ ਹੋਏ ਉਤਪਾਦਕਤਾ ਨੂੰ ਵਧਾਇਆ ਜਾ ਸਕੇ। ਪ੍ਰੋਗਰਾਮ ਵਿੱਚ ਜ਼ਿੰਮੇਵਾਰ ਖੇਤੀਬਾੜੀ-ਇਨਪੁਟ ਪ੍ਰਚੂਨ ਵਿੱਚ ਸਭ ਤੋਂ ਵਧੀਆ ਅਭਿਆਸਾਂ, ਨਕਲੀ ਉਤਪਾਦਾਂ ਦੀ ਰੋਕਥਾਮ, ਵਾਤਾਵਰਣ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਉਤਪਾਦਕਤਾ ਵਧਾਉਣ ਅਤੇ ਖੇਤੀ ਪੱਧਰ 'ਤੇ ਸੂਚਿਤ ਫੈਸਲੇ ਲੈਣ ਨੂੰ ਉਤਸ਼ਾਹਿਤ ਕਰਨ ਵਰਗੇ ਵਿਸ਼ਿਆਂ 'ਤੇ ਵੀ ਚਰਚਾ ਕੀਤੀ ਗਈ। ਇਸ ਸਮਾਗਮ ਵਿੱਚ ਖੇਤੀਬਾੜੀ ਡੀਲਰਾਂ, ਵਿਤਰਕਾਂ, ਪ੍ਰਚੂਨ ਵਿਕਰੇਤਾਵਾਂ, ਖੇਤਰੀ ਪੱਧਰ ਦੇ ਸਲਾਹਕਾਰਾਂ ਅਤੇ ਖੇਤੀਬਾੜੀ ਮੁੱਲ ਲੜੀ ਦੇ ਵਿਕਰੀ ਅਤੇ ਮਾਰਕੀਟਿੰਗ ਪੇਸ਼ੇਵਰਾਂ ਨੇ ਭਾਗ ਲਿਆ।



# ਜ਼ਿਲ੍ਹੇ ਦੇ ਸਰਕਾਰੀ ਸਕੂਲਾਂ 'ਚ ਮਨਾਇਆ ਸਿੱਖਿਆ ਦਾ ਮਹਾਂ-ਜਸ਼ਨ

**ਬੰਗਾ (ਅਵਤਾਰ ਕਲੇਰ)**- ਨੀਤੀ ਆਯੋਗ ਦੀ ਸਿੱਖਿਆ ਗੁਣਵੱਤਾ ਰਿਪੋਰਟ 2026 ਵਿੱਚ ਪੰਜਾਬ ਵੱਲੋਂ ਦੇਸ਼ ਭਰ ਵਿੱਚ ਪਹਿਲਾ ਸਥਾਨ ਹਾਸਲ ਕਰਨ ਦੀ ਸ਼ਾਨਦਾਰ ਪ੍ਰਾਪਤੀ ਨੂੰ ਅਧਿਆਪਕਾਂ, ਮਾਪਿਆਂ ਅਤੇ ਵਿਦਿਆਰਥੀਆਂ ਨਾਲ ਸਾਂਝਾ ਕਰਨ ਲਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਮੂਹ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਮੈਗਾ ਪੀ.ਟੀ.ਐਮ ਅਤੇ ਮਾਪਿਆਂ ਦੀ ਵਰਕਸ਼ਾਪ ਰਾਹੀਂ ਸਿੱਖਿਆ ਦਾ ਮਹਾਂ ਜਸ਼ਨ ਮਨਾਇਆ ਗਿਆ। ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ/ਐਲੀਮੈਂਟਰੀ) ਅਨੀਤਾ ਸ਼ਰਮਾ ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਲਖਵੀਰ ਸਿੰਘ ਨੇ ਦੱਸਿਆ ਕਿ ਮੈਗਾ ਪੀ.ਟੀ.ਐਮ ਅਤੇ ਮਾਪਿਆਂ ਦੀ ਵਰਕਸ਼ਾਪ ਰਾਹੀਂ ਪੰਜਾਬ ਦੀ ਸਿੱਖਿਆ ਖੇਤਰ ਵਿੱਚ ਪ੍ਰਾਪਤ ਕੀਤੀ ਗਈ ਇਸ ਇਤਿਹਾਸਕ ਸਫਲਤਾ ਨੂੰ ਲੋਕਾਂ ਤੱਕ ਪਹੁੰਚਾਇਆ ਗਿਆ। ਸਕੂਲਾਂ ਵਿੱਚ ਕੰਮ ਕਰਦੇ ਸਮੂਹ ਸਟਾਫ ਦੀ ਮਿਹਨਤ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਬੋਰਡ ਪ੍ਰੀਖਿਆਵਾਂ ਵਿੱਚ ਸਕੂਲ ਪੱਧਰ 'ਤੇ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਕਿਸੇ ਵੀ ਵਿਸ਼ੇ ਵਿੱਚ 100 ਫੀਸਦੀ ਅੰਕ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਜੇ.ਈ.ਈ, ਕਲੇਟ ਅਤੇ ਹੋਰ ਪ੍ਰਤੀਯੋਗੀ ਪ੍ਰੀਖਿਆਵਾਂ ਕਲੀਅਰ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ। ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਹੁਨਰ ਸਿੱਖਿਆ ਨਾਲ ਜੁੜੇ ਇੰਟਰਨਸ਼ਿਪ ਲਈ ਜਾ ਰਹੇ ਵਿਦਿਆਰਥੀਆਂ ਨੂੰ ਗੁੱਡ ਲੱਕ ਸਰਟੀਫਿਕੇਟ ਦਿੱਤੇ ਗਏ। ਇਸੇ ਤਰ੍ਹਾਂ ਇੰਗਲਿਸ਼ ਐਜ ਪ੍ਰੋਗਰਾਮ ਅਧੀਨ ਘੱਟੋ-ਘੱਟ ਇਕ ਪ੍ਰੋਫੀਸ਼ੈਂਸੀ ਲੈਵਲ ਤੱਕ ਪ੍ਰਗਤੀ ਕਰਨ ਵਾਲੇ ਵਿਦਿਆਰਥੀਆਂ ਨੂੰ ਮਾਪੇ ਵਰਕਸ਼ਾਪ ਦੌਰਾਨ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਵਰਕਸ਼ਾਪ ਦੌਰਾਨ ਮਾਪਿਆਂ ਨੂੰ ਗਰਮੀ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਨੂੰ ਛੁੱਟੀਆਂ ਦੇ ਕੰਮ ਰਾਹੀਂ ਸਿੱਖਿਆ ਨਾਲ ਜੋੜ ਕੇ ਰੱਖਣ ਅਤੇ ਛੁੱਟੀਆਂ ਤੋਂ ਬਾਅਦ ਬੱਚਿਆਂ ਨੂੰ ਮੁੜ ਸਕੂਲ ਵਾਪਸੀ ਲਈ ਪ੍ਰੇਰਿਤ ਕਰਨ ਸਬੰਧੀ ਵੀ ਜਾਗਰੂਕ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਫਸਰ ਨੇ ਦੱਸਿਆ ਕਿ ਇਸ ਸਿੱਖਿਆ ਦਾ ਮਹਾਂ ਜਸ਼ਨ ਵਿੱਚ ਸਮੂਹ ਮਾਪਿਆਂ ਅਤੇ ਪਤਵੰਤਿਆ ਨੇ ਭਰਵੀਂ ਸਮੂਲੀਅਤ ਕੀਤੀ ਅਤੇ ਬੱਚਿਆਂ ਦੇ ਮਾਪਿਆ ਨੂੰ ਉਹਨਾਂ ਦੇ ਬੱਚਿਆਂ ਦੀ ਪ੍ਰਗਤੀ ਬਾਰੇ ਦੱਸਿਆ।ਇਸ ਸਿੱਖਿਆ ਦਾ ਮਹਾਂ ਜਸ਼ਨਦੌਰਾਨ ਜਿਲ੍ਹਾ ਪੱਧਰੀ ਟੀਮਾਂ ਵਲੋਂ ਵੀ ਨਿਰੀਖਣ ਕੀਤਾ ਗਿਆ।



# ਪ੍ਰੋ. ਜਯਾ ਪ੍ਰਕਾਸ਼ ਸ਼ਰਮਾ ਦੀ ਯਾਦ 'ਚ ਸਮ੍ਰਿਤੀ ਉਤਸਵ

**ਚੰਡੀਗੜ੍ਹ (ਸੁਰਜੀਤ ਸੁਮਨ)**- ਚੰਡੀਗੜ੍ਹ ਸਾਹਿਤ ਅਕਾਦਮੀ ਵੱਲੋਂ ਉੱਘੇ ਕਵੀ, ਆਲੋਚਕ ਤੇ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਜਯਾ ਪ੍ਰਕਾਸ਼ ਸ਼ਰਮਾ ਦੀ ਯਾਦ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਰਾਜੀਵ ਗਾਂਧੀ ਭਵਨ ਵਿਖੇ ਸਮ੍ਰਿਤੀ ਉਤਸਵ ਦਾ ਆਯੋਜਨ ਕੀਤਾ ਗਿਆ। ਡਾ. ਸ਼ਮੀਰ ਸਿੰਘ ਨੇ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਸਾਹਿਤ ਅਕਾਦਮੀ ਨਵੀਂ ਦਿੱਲੀ ਦੇ ਪ੍ਰਧਾਨ ਡਾ. ਮਾਧਵ ਕੌਸ਼ਿਕ ਨੇ ਸਮਾਰੋਹ ਦੀ ਪ੍ਰਧਾਨਗੀ ਕੀਤੀ। ਸਮਾਗਮ ਦੇ ਸ਼ੁਰੂ ਵਿੱਚ ਚੰਡੀਗੜ੍ਹ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਮਨਮੋਹਨ ਨੇ ਆਪਣੇ ਉਦਘਾਟਨੀ ਭਾਸ਼ਣ ਵਿੱਚ ਅਕਾਦਮੀ ਵੱਲੋਂ ਸਾਹਿਤ, ਭਾਸ਼ਾ ਅਤੇ ਸੱਭਿਆਚਾਰ ਦੇ ਵਿਕਾਸ ਲਈ ਚਲਾਏ ਜਾ ਰਹੇ ਪ੍ਰੋਗਰਾਮਾਂ ਅਤੇ ਗਤੀਵਿਧੀਆਂ 'ਤੇ ਚਾਨਣਾ ਪਾਇਆ। ਪ੍ਰੋ. ਯੋਜਨਾ ਰਾਵਤ, ਪ੍ਰੋ. ਮੀਰਾ ਗੌਤਮ ਅਤੇ ਪ੍ਰੋ. ਰਾਕੇਸ਼ ਪ੍ਰੇਮ ਨੇ ਪ੍ਰੋ. ਜਯਾ ਪ੍ਰਕਾਸ਼ ਸ਼ਰਮਾ ਦੇ ਜੀਵਨ, ਸਾਹਿਤਕ ਯੋਗਦਾਨ ਅਤੇ ਸਮੇਂ ਬਾਰੇ ਵਿਚਾਰ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਹਿੰਦੀ ਕਵਿਤਾ ਅਤੇ ਆਲੋਚਨਾ 'ਤੇ ਉਨ੍ਹਾਂ ਦੇ ਡੂੰਘੇ ਪ੍ਰਭਾਵ ਅਤੇ ਵਿਦਿਆਰਥੀਆਂ ਦੀਆਂ ਪੀੜ੍ਹੀਆਂ ਦੇ ਮਾਰਗਦਰਸ਼ਕ ਵਜੋਂ ਉਨ੍ਹਾਂ ਦੀ ਭੂਮਿਕਾ ਨੂੰ ਯਾਦ ਕੀਤਾ।ਪ੍ਰੋਗਰਾਮ ਵਿੱਚ ਪ੍ਰੋ. ਸ਼ਰਮਾ ਦੀ ਪਤਨੀ ਮੰਜੂ ਸ਼ਰਮਾ ਸਮੇਤ ਪਰਵਾਰ ਦੇ ਹੋਰ ਮੈਂਬਰ ਵੀ ਹਾਜ਼ਰ ਸਨ। ਵੱਡੀ ਗਿਣਤੀ ਵਿੱਚ ਲੇਖਕਾਂ, ਕਵੀਆਂ, ਵਿਦਵਾਨਾਂ ਅਤੇ ਵਿਦਿਆਰਥੀਆਂ ਦੇ ਨਾਲ-ਨਾਲ ਲਗਭਗ 150 ਖੋਜ ਵਿਦਿਆਰਥੀ ਵੀ ਸ਼ਰਧਾਂਜਲੀ ਦੇਣ ਲਈ ਸਮਾਗਮ ਵਿੱਚ ਹਾਜ਼ਰ ਰਹੇ। ਡਾ. ਰਾਜ ਕੁਮਾਰ ਮਲਿਕ ਦੁਆਰਾ ਪ੍ਰੋ. ਜਯਾ ਪ੍ਰਕਾਸ਼ ਸ਼ਰਮਾ ਦੀ ਕਵਿਤਾ 'ਤੇ ਲਿਖੀਆਂ ਚਾਰ ਪੁਸਤਕਾਂ ਦਾ ਲੋਕ ਅਰਪਣ ਕੀਤਾ ਗਿਆ। ਇਹ ਹਨ; ਪਾਰਸਮਣੀ, ਖ਼ਾਮੋਸ਼ੀ ਕੀ ਚੀਖ਼, ਮੁਝੇ ਏਕ ਭਾਸ਼ਾ ਚਾਹੀਏ ਅਤੇ ਰੰਗ ਖ਼ਤਰੇ ਮੇਂ ਹੈ। ਇਸ ਮੌਕੇ ਚੰਡੀਗੜ੍ਹ ਸਾਹਿਤ ਅਕਾਦਮੀ ਦੇ ਉਪ-ਪ੍ਰਧਾਨ ਡਾ. ਅਨੀਸ਼ ਗਰਗ ਵੀ ਮੌਜੂਦ ਰਹੇ। ਸਮਾਗਮ ਦੇ ਅੰਤ ਵਿੱਚ ਅਕਾਦਮੀ ਦੇ ਸਕੱਤਰ ਸੁਭਾਸ਼ ਭਾਸਕਰ ਨੇ ਸਾਰੇ ਮਹਿਮਾਨਾਂ, ਬੁਲਾਰਿਆਂ, ਸਾਹਿਤਕਾਰਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਹੋਰਨਾਂ ਹਾਜ਼ਰ ਸ਼ਖ਼ਸੀਅਤਾਂ ਵਿੱਚ ਜੰਗ ਬਹਾਦਰ ਗੋਇਲ, ਵਿਜੈ ਕਪੂਰ, ਰੇਖਾ ਮਿੱਤਲ, ਪ੍ਰੇਮ ਵਿਜ, ਡਾ. ਵਿਨੋਦ ਸ਼ਰਮਾ, ਡਾ. ਯੋਗ ਰਾਜ, ਪਰਵੀਨ ਸ਼ੇਰੋਂ, ਜਗਦੀਪ ਸਿੱਧੂ, ਸੀਮਾ ਗੁਪਤਾ, ਨਿਰਮਲ ਸੂਦ, ਸੁਭਾਸ਼ ਸ਼ਰਮਾ, ਅਸ਼ਵਨੀ ਸ਼ਾਂਡਿਲਿਆ, ਪਰਮਜੀਤ ਮਾਨ, ਸੁਰਜੀਤ ਸੁਮਨ, ਦੀਪਤੀ ਬਬੂਟਾ, ਗੁਰਮੀਤ ਸਿੰਗਲ, ਡਾ. ਅਵਤਾਰ ਸਿੰਘ ਪਤੰਗ ਅਤੇ ਹੋਰ ਉੱਘੀਆਂ ਸ਼ਖ਼ਸੀਅਤਾਂ ਸ਼ਾਮਲ ਸਨ।



# ਗੜ੍ਹਸ਼ੰਕਰ ਨਗਰ ਕੌਂਸਲ 'ਚ ਆਪ ਦੀ ਵੱਡੀ ਜਿੱਤ

**ਜੇਜੋ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਨਗਰ ਕੌਂਸਲ ਗੜ੍ਹਸ਼ੰਕਰ ਦੀਆਂ ਚੋਣਾਂ ਵਿੱਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 13 ਵਿੱਚੋਂ 8 ਵਾਰਡਾਂ ਵਿੱਚ ਜਿੱਤ ਦਰਜ ਕਰਕੇ ਸਿਆਸੀ ਬੜ੍ਹਤ ਹਾਸਲ ਕੀਤੀ ਹੈ। ਚੋਣ ਨਤੀਜਿਆਂ ਤੋਂ ਬਾਅਦ ਪਾਰਟੀ ਵਰਕਰਾਂ ਅਤੇ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਇਕ-ਦੂਜੇ ਨੂੰ ਮਿਠਾਈਆਂ ਵੰਡ ਕੇ ਜਿੱਤ ਦਾ ਜਸ਼ਨ ਮਨਾਇਆ ਗਿਆ। ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨਿਕਾਸ ਕੁਮਾਰ ਵੱਲੋਂ ਜਾਰੀ ਨਤੀਜਿਆਂ ਅਨੁਸਾਰ ਵਾਰਡ ਨੰਬਰ 1 ਤੋਂ ਬਿਮਲਾ ਦੇਵੀ, ਵਾਰਡ ਨੰਬਰ 3 ਤੋਂ ਜਸਵੀਰ ਕੌਰ, ਵਾਰਡ ਨੰਬਰ 4 ਤੋਂ ਪ੍ਰਿੰਸ, ਵਾਰਡ ਨੰਬਰ 5 ਤੋਂ ਨੀਰਜ ਖੰਨਾ, ਵਾਰਡ ਨੰਬਰ 6 ਤੋਂ ਹਰਪ੍ਰੀਤ ਸਿੰਘ, ਵਾਰਡ ਨੰਬਰ 8 ਤੋਂ ਸੋਮਨਾਥ ਬੰਗੜ, ਵਾਰਡ ਨੰਬਰ 9 ਤੋਂ ਜਸਵਿੰਦਰ ਕੌਰ ਅਤੇ ਵਾਰਡ ਨੰਬਰ 12 ਤੋਂ ਉਪਕਰਨ ਸਿੰਘ ਬੰਗੜ ਨੇ ਜਿੱਤ ਦਰਜ ਕੀਤੀ। ਚੋਣ ਨਤੀਜਿਆਂ ਤੋਂ ਬਾਅਦ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਗੜ੍ਹਸ਼ੰਕਰ ਦੇ ਵੋਟਰਾਂ ਅਤੇ ਪਾਰਟੀ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਆਮ ਲੋਕਾਂ ਦੀ ਜਿੱਤ ਹੈ ਅਤੇ ਲੋਕਾਂ ਨੇ ਵਿਕਾਸ ਦੀ ਰਾਜਨੀਤੀ 'ਤੇ ਆਪਣੀ ਮੋਹਰ ਲਗਾਈ ਹੈ।ਡਿਪਟੀ ਸਪੀਕਰ ਨੇ ਭਰੋਸਾ ਦਿਵਾਇਆ ਕਿ ਨਗਰ ਕੌਂਸਲ ਵਿੱਚ ਲੋਕਾਂ ਦੀਆਂ ਮੁਢਲੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾ ਕੇ ਗੜ੍ਹਸ਼ੰਕਰ ਨੂੰ ਵਿਕਾਸ ਪੱਖੋਂ ਨਵੀਆਂ ਉਚਾਈਆਂ 'ਤੇ ਲਿਜਾਇਆ ਜਾਵੇਗਾ।



# ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ 'ਚ ਵਾਲੀਬਾਲ ਮੁਕਾਬਲੇ




**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਸਕੂਲ ਸੁਸਾਇਟੀ ਵੱਲੋਂ ਅੰਡਰ 17 ਲੜਕੀਆਂ ਅਤੇ ਲੜਕਿਆਂ ਦੇ ਅੰਤਰ ਸਕੂਲ ਵਾਲੀਬਾਲ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਮੇਜ਼ਬਾਨ ਸਕੂਲ ਤੋਂ ਇਲਾਵਾ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਅਤੇ ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦੀਆਂ ਟੀਮਾਂ ਨੇ ਹਿੱਸਾ ਲਿਆ। ਲੜਕੀਆਂ ਦੇ ਗਰੁੱਪ ਵਿੱਚ ਮੇਜ਼ਬਾਨ ਸਕੂਲ ਅਤੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦੀਆਂ ਟੀਮਾਂ ਵਿਚਕਾਰ ਮੁਕਾਬਲਾ ਹੋਇਆ, ਜਿਸ ਵਿੱਚ ਮੇਜ਼ਬਾਨ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਆਰ.ਸੀ.ਐਫ ਜੇਤੂ ਰਿਹਾ। ਲੜਕਿਆਂ ਦੇ ਗਰੁੱਪ ਵਿੱਚ ਮੇਜ਼ਬਾਨ ਸਕੂਲ ਤੋਂ ਇਲਾਵਾ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਅਤੇ ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦੀਆਂ ਟੀਮਾਂ ਨੇ ਭਾਗ ਲਿਆ ਅਤੇ ਮੇਜ਼ਬਾਨ ਆਰ ਸੀ ਐੱਫ ਸਕੂਲ ਦੀ ਟੀਮ ਜੇਤੂ ਰਹੀ। ਜੇਤੂ ਰਹੇ ਵਿਦਿਆਰਥੀਆਂ ਨੂੰ ਸਪਾਇਕ ਏਸ ਕੱਪ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਕੂਲ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਨੇ ਕਿਹਾ ਕਿ ਖੇਡਾਂ ਸਦਾ ਹੀ ਖਿਡਾਰੀਆਂ ਦਾ ਮਨੋਬਲ ਵਧਾਣ ਦੇ ਨਾਲ ਸਰੀਰ ਨੂੰ ਸਿਹਤਮੰਦ, ਰਿਸ਼ਟ ਪੁਸ਼ਟ ਅਤੇ ਦਿਮਾਗ ਨੂੰ ਤਰੋ ਤਾਜ਼ਾ ਰੱਖਦੀਆਂ ਹਨ। ਉਹਨਾਂ ਨੇ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਟੂਰਨਾਮੈਂਟ ਵਿੱਚ ਹਿੱਸਾ ਲੈਣਾ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਡਾਇਰੈਕਟਰ ਇੰਜ. ਹਰਨਿਆਮਤ ਕੌਰ, ਪ੍ਰਸ਼ਾਸਕ ਇੰਜ. ਨਿਮਰਤਾ ਕੌਰ, ਪ੍ਰਿੰਸੀਪਲ ਡਿੰਪਲ ਸ਼ਰਮਾ, ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ ।

# ਐੱਮ ਏ ਅੰਗਰੇਜ਼ੀ ਦੇ ਸਮੈਸਟਰ ਪਹਿਲਾ ਤੇ ਤੀਜਾ ਦਾ ਨਤੀਜਾ ਸ਼ਾਨਦਾਰ

**ਮਾਹਿਲਪੁਰ (ਸ.ਫ਼ਰੀ)** - ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚਲਦੇ ਕੋਰਸ ਐੱਮ ਏ ਅੰਗਰੇਜ਼ੀ ਦੇ ਸਮੈਸਟਰ ਪਹਿਲਾ ਅਤੇ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਬਾਰੇ ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਅਤੇ ਵਿਭਾਗ ਦੇ ਮੁਖੀ ਪ੍ਰੋ. ਪਵਨਦੀਪ ਚੀਮਾ ਨੇ ਦੱਸਿਆ ਕਿ ਐਮ ਏ ਅੰਗਰੇਜ਼ੀ ਦੇ ਸਮੈਸਟਰ ਪਹਿਲਾ ਦੇ ਨਤੀਜੇ ਵਿੱਚ ਵਿਦਿਆਰਥਣ ਬੇਬੀ ਬਾਸੀ ਨੇ 69 ਫੀਸਦੀ ਅੰਕਾਂ ਨਾਲ ਪਹਿਲਾ,ਅੰਮ੍ਰਿਤ ਕੌਰ ਨੇ 67 ਫੀਸਦੀ ਅੰਕਾਂ ਨਾਲ ਦੂਜਾ ਅਤੇ ਦਿਵਯਾ ਰਾਣਾ ਨੇ 62 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਇਸੇ ਕੋਰਸ ਦੇ ਸਮੈਸਟਰ ਤੀਜਾ ਦੇ ਨਤੀਜੇ ਵਿੱਚ ਪਰਮਿੰਦਰ ਕੌਰ ਨੇ 64 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਲਵਪ੍ਰੀਤ ਕੌਰ ਨੇ 61 ਫੀਸਦੀ ਅੰਕਾਂ ਨਾਲ ਦੂਜਾ ਅਤੇ ਨੇਹਾ ਨੇ 60 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਐੱਮ ਏ ਅੰਗਰੇਜੀ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਨੇ ਇਨ੍ਹਾਂ ਵਿਦਿਆਰਥਣਾਂ ਨੂੰ ਚੰਗੇ ਨਤੀਜੇ 'ਤੇ ਮੁਬਾਰਕਬਾਦ ਦਿੱਤੀ।



# ਮਲਕਪੁਰ 'ਚ ਸ਼ਾਨੋ-ਸ਼ੌਕਤ ਨਾਲ ਕਰਵਾਇਆ ਸਾਲਾਨਾ ਜੋੜ ਮੇਲਾ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਦਰਬਾਰ ਬਾਬਾ ਖੇੜੀ ਵਾਲੀ ਸਰਕਾਰ ਪਿੰਡ ਮਲਕਪੁਰ ਤਹਿਸੀਲ ਫਗਵਾੜਾ ਵਿਖੇ ਦੋ ਰੋਜ਼ਾ ਸਲਾਨਾ ਜੋੜ ਮੇਲਾ ਕਮੇਟੀ ਪ੍ਰਧਾਨ ਪਰਮਿੰਦਰ ਸਿੰਘ ਘੁੰਮਣ ਦੀ ਅਗਵਾਈ ਹੇਠ ਸਮੂਹ ਗ੍ਰਾਮ ਪੰਚਾਇਤ, ਐਨ.ਆਰ.ਆਈ. ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਪਹਿਲੇ ਦਿਨ ਸਵੇਰੇ ਝੰਡੇ ਤੇ ਚਾਦਰ ਦੀ ਰਸਮ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਹੋਈ। ਸ਼ਾਮ ਨੂੰ ਚਿਰਾਗ਼ ਰੁਸ਼ਨਾਏ ਗਏ ਅਤੇ ਮਹਿੰਦੀ ਦੀ ਰਸਮ ਹੋਈ। ਰਾਤ ਨੂੰ ਨੱਕਾਲ ਪਾਰਟੀ ਨੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ। ਦੂਸਰੇ ਦਿਨ ਬਾਅਦ ਦੁਪਹਿਰ ਨਕਲਾਂ ਦੇ ਪ੍ਰੋਗਰਾਮ ਤੋਂ ਬਾਅਦ ਸੂਫੀ ਗਾਇਕ ਪਰਵੇਜ਼ ਆਲਮ ਵਲੋਂ ਸੂਫੀਆਨਾ ਕਲਾਮਾਂ ਦੀ ਮਹਿਫਿਲ ਸਜਾਈ ਗਈ। ਕਮੇਟੀ ਪ੍ਰਧਾਨ ਪਰਮਿੰਦਰ ਸਿੰਘ ਘੁੰਮਣ ਨੇ ਹਾਜ਼ਰੀਨ ਸੰਗਤਾਂ ਨੂੰ ਸਲਾਨਾ ਜੋੜ ਮੇਲੇ ਦੀ ਵਧਾਈ ਦਿੱਤੀ। ਪ੍ਰਬੰਧਕਾਂ ਵਲੋਂ ਪ੍ਰਮੁੱਖ ਸ਼ਖਸੀਅਤਾਂ, ਕਲਾਕਾਰਾਂ, ਸੇਵਾਦਾਰਾਂ ਅਤੇ ਸਹਿਯੋਗੀਆਂ ਨੂੰ ਸਨਮਾਨਤ ਕੀਤਾ ਗਿਆ। ਉਹਨਾਂ ਖਾਸ ਤੌਰ ਤੇ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਦੀ ਸ਼ਲਾਘਾ ਕੀਤੀ। ਜੋੜ ਮੇਲੇ ਦੌਰਾਨ ਠੰਢੇ ਮਿੱਠੇ ਜਲ, ਕੋਲਡ ਡਰਿੰਕ ਅਤੇ ਲੰਗਰ ਦੀ ਸੇਵਾ ਅਤੁੱਟ ਵਰਤਾਈ ਗਈ। ਸ਼ਾਮ ਨੂੰ ਛਿੰਝ ਮੇਲੇ ਵਿਚ ਉੱਭਰਦੇ ਪਹਿਲਵਾਨਾਂ ਨੇ ਭਾਗ ਲਿਆ। ਇਸ ਮੌਕੇ ਭੁਪਿੰਦਰ ਸਿੰਘ ਭਿੰਦਾ, ਸੰਤੋਖ ਸਿੰਘ, ਬਿੰਦਰ ਪਾਲ, ਹਰਦੀਪ ਸਿੰਘ ਘੁੰਮਣ, ਗੁਰਮਿੰਦਰ ਸਿੰਘ ਘੁੰਮਣ, ਜੋਗਾ ਸਿੰਘ, ਹਰਦੀਪ ਸਿੰਘ, ਗੁਰਪ੍ਰੀਤ ਸਿੰਘ, ਸੰਦੀਪ ਸਿੰਘ, ਗੁਰਨਾਮ ਸਿੰਘ, ਮਨਪ੍ਰੀਤ ਸਿੰਘ ਅਤੇ ਲਾਲੀ ਪਹਿਲਵਾਨ ਆਦਿ ਹਾਜ਼ਰ ਸਨ।



# ਗੁਰਦੀਪ ਮਹੌਣ ਦੀ ਕਹਾਣੀ 'ਬੂਹਾ ਖੁੱਲ੍ਹਾ ਰੱਖੀਂ' 'ਤੇ ਵਿਚਾਰ-ਚਰਚਾ

**ਚੰਡੀਗੜ੍ਹ (ਸੁਰਜੀਤ ਸੁਮਨ)**- ਕਹਾਣੀ ਸੰਗਤ ਚੰਡੀਗੜ੍ਹ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਨੌਜਵਾਨ ਕਹਾਣੀਕਾਰ ਗੁਰਦੀਪ ਮਹੌਣ ਦੀ ਕਹਾਣੀ 'ਬੂਹਾ ਖੁੱਲ੍ਹਾ ਰੱਖੀਂ' ਉੱਪਰ ਵਿਚਾਰ-ਚਰਚਾ ਕਰਵਾਈ ਗਈ, ਜਿਸ ਦੀ ਪ੍ਰਧਾਨਗੀ ਡਾ. ਲਖਵਿੰਦਰ ਕੌਰ ਵਿਰਕ ਨੇ ਕੀਤੀ। ਕਹਾਣੀ ਪਾਠ ਉਪਰੰਤ ਵਿਚਾਰ ਚਰਚਾ ਦਾ ਆਰੰਭ ਕਰਦਿਆਂ ਡਾ. ਅਵਤਾਰ ਸਿੰਘ ਪਤੰਗ ਨੇ ਕਹਾਣੀ ਦੇ ਵਿਸ਼ੇ ਅਤੇ ਮੁੱਖ ਪਾਤਰ ਦੇ ਵਿਅਕਤੀਤਵ ਬਾਰੇ ਗੱਲ ਕੀਤੀ। ਸਤਨਾਮ ਸਿੰਘ ਸ਼ੋਕਰ ਨੇ ਕਹਾਣੀ ਦੇ ਤਕਨੀਕੀ ਪੱਖਾਂ ਵੱਲ ਧਿਆਨ ਦਿਵਾਉਂਦਿਆਂ ਕਈ ਸੁਝਾਅ ਦਿੱਤੇ। ਸਰੂਪ ਸਿਆਲਵੀ ਨੇ ਕਿਹਾ ਕਿ ਭਾਵੇਂ ਇਹ ਲੇਖਕ ਦੀ ਮੁਢਲੇ ਦੌਰ ਦੀ ਕਹਾਣੀ ਹੈ, ਫਿਰ ਵੀ ਇਸ ਵਿੱਚ ਇੱਕ ਚੰਗੀ ਕਹਾਣੀ ਬਣਨ ਦੀ ਸਮਰੱਥਾ ਮੌਜੂਦ ਹੈ। ਯਤਿੰਦਰ ਮਾਹਲ ਨੇ ਕਹਾਣੀ ਵਿੱਚ ਕਥਾ-ਰਸ ਦੀ ਘਾਟ ਅਤੇ ਕਈ ਥਾਵਾਂ 'ਤੇ ਟਾਕੀਆਂ ਲੱਗਣ ਦੀ ਗੱਲ ਕੀਤੀ। ਪਾਲ ਅਜਨਬੀ ਨੇ ਭਾਸ਼ਾ ਦੀ ਸ਼ੁੱਧਤਾ ਵੱਲ ਧਿਆਨ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ। ਸੁਰਜੀਤ ਸੁਮਨ ਅਨੁਸਾਰ ਇਹ ਮੁੱਖ ਤੌਰ 'ਤੇ ਇੱਕ ਕਿਤਾਬ-ਪ੍ਰੇਮੀ ਦੀ ਕਹਾਣੀ ਹੈ ਜੋ ਵਿਹਾਰਕ ਜੀਵਨ ਨਾਲ ਟਕਰਾਅ ਵਿੱਚ ਨਜ਼ਰ ਆਉਂਦੀ ਹੈ। ਗੁਰਮੀਤ ਸਿੰਗਲ ਨੇ ਮਹੌਣ ਨੂੰ ਇਸ ਕਹਾਣੀ 'ਤੇ ਨਿੱਠ ਕੇ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਕਹਾਣੀ ਸੰਗਤ ਦੇ ਕਨਵੀਨਰ ਪਰਮਜੀਤ ਮਾਨ ਨੇ ਕਿਹਾ ਕਿ 'ਕਹਾਣੀ ਸੰਗਤ' ਦਾ ਮੂਲ ਉਦੇਸ਼ ਰਚਨਾਤਮਕ ਵਿਕਾਸ ਹੈ। ਇਸ ਲਈ ਲੇਖਕਾਂ ਨੂੰ ਆਲੋਚਨਾ ਦਾ ਬੁਰਾ ਮਨਾਉਣ ਦੀ ਬਜਾਇ ਆਪਣੀ ਲਿਖਤ ਨੂੰ ਨਿਖਾਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਕਹਾਣੀ ਸੰਗਤ ਦੀ ਪ੍ਰਧਾਨ ਦੀਪਤੀ ਬਬੂਟਾ ਨੇ ਕਹਾਣੀ ਦੇ ਵਿਸ਼ੇ ਦੀ ਪ੍ਰਸ਼ੰਸਾ ਕੀਤੀ, ਪਰ ਉਹਨਾਂ ਭਾਸ਼ਾ ਅਤੇ ਤਕਨੀਕ, ਦੋਹਾਂ ਪੱਖਾਂ ਉੱਤੇ ਸਵਾਲ ਉਠਾਏ। ਪੀਜੀ ਕਾਲਜ ਦੇ ਵਿਦਿਆਰਥੀ ਬਲਰਾਜ ਨੇ ਵੀ ਕਹਾਣੀ 'ਤੇ ਸਾਰਥਕ ਗੱਲਾਂ ਕੀਤੀਆਂ ਤੇ ਸੁਝਾਅ ਦਿੱਤੇ। ਡਾ. ਲਖਵਿੰਦਰ ਕੌਰ ਵਿਰਕ ਨੇ ਪੂਰੀ ਬਹਿਸ ਨੂੰ ਸਮੇਟਦਿਆਂ ਕਿਹਾ ਕਿ ਭਰਪੂਰ ਚਰਚਾ ਤੋਂ ਇਹ ਨਤੀਜਾ ਸਾਹਮਣੇ ਆਇਆ ਹੈ ਕਿ ਕਹਾਣੀ ਦਾ ਵਿਸ਼ਾ ਨਿਵੇਕਲਾ ਤੇ ਪ੍ਰਭਾਵਸ਼ਾਲੀ ਹੈ, ਪਰ ਤਕਨੀਕੀ ਪੱਖੋਂ ਕਹਾਣੀ ਅਜੇ ਕਮਜ਼ੋਰ ਹੈ।ਭਾਸ਼ਾ ਦੀ ਸ਼ੁੱਧਤਾ ਅਤੇ ਸ਼ਬਦ-ਜੋੜਾਂ ਦੀਆਂ ਗਲਤੀਆਂ ਵੱਲ ਵੀ ਗੰਭੀਰ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਅੰਤ ਵਿੱਚ ਗੁਰਦੀਪ ਮਹੌਣ ਨੇ ਹਾਜ਼ਰ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਹਾਣੀ ਸੰਗਤ ਨੇ ਇਹ ਵਧੀਆ ਪਰੰਪਰਾ ਸ਼ੁਰੂ ਕੀਤੀ ਹੈ, ਜਿੱਥੇ ਲੇਖਕ ਨੂੰ ਆਪਣੀ ਲਿਖਤ ਸੁਧਾਰਨ ਵਿੱਚ ਮਦਦ ਮਿਲਦੀ ਹੈ। ਅੱਜ ਦੀ ਮੀਟਿੰਗ ਵਿੱਚ ਸਭ ਨੇ ਸੰਗਤ ਦੇ ਸਰਪ੍ਰਸਤ ਡਾ. ਲਾਭ ਸਿੰਘ ਖੀਵਾ, ਜੋ ਸੱਟ ਲੱਗਣ ਕਾਰਨ ਨਹੀਂ ਆ ਸਕੇ, ਦੀ ਜਲਦੀ ਸਿਹਤਯਾਬੀ ਦੀ ਕਾਮਨਾ ਕੀਤੀ।



# ਬਾਬਾ ਹਾਥੀ ਰਾਮ ਦਾ ਸਲਾਨਾ ਜੋੜ ਮੇਲਾ 16 ਤੋਂ



**ਫਿਲੌਰ (ਨਿਰਮਲ)**- ਧੰਨ ਧੰਨ ਬਾਬਾ ਹਾਥੀ ਰਾਮ ਮਹਾਰਾਜ ਦਾ ਸਲਾਨਾ ਮੇਲਾ 16-17-18-19 ਜੂਨ ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾਕਟਰ ਕੁਲਵੰਤ ਰਾਮਾ ਨਗਰ ਵੱਲੋਂ ਦੱਸਿਆ ਗਿਆ ਕਿ ਇਸ ਵਾਰ ਸਲਾਨਾ ਜੋੜ ਮੇਲੇ ਸਬੰਧੀ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਖਜ਼ਾਨਾ ਮੰਤਰੀ ਪੰਜਾਬ ਅਤੇ ਰੋਬੀ ਕੰਗ ਵਾਈਸ ਯੂਥ ਪ੍ਰਧਾਨ ਪੰਜਾਬ ਨਾਲ ਚੰਡੀਗੜ੍ਹ ਵਿਖੇ ਮੁਲਾਕਾਤ ਕੀਤੀ ਗਈ ਅਤੇ ਉਨ੍ਹਾਂ ਨੂੰ ਬਾਬਾ ਜੀ ਦੇ 48ਵੇਂ ਸਲਾਨਾ ਜੋੜ ਮੇਲੇ ਲਈ ਸੱਦਾ ਪੱਤਰ ਦਿੱਤਾ ਗਿਆ। ਵਿੱਤ ਮੰਤਰੀ ਚੀਮਾ ਵੱਲੋਂ ਗੁਰੂ ਘਰ ਨੂੰ 10 ਲੱਖ ਦੀ ਗ੍ਰਾਂਟ ਦਿੱਤੀ ਗਈ ਸੀ ਜਿਸ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪ੍ਰਬੰਧਕ ਕਮੇਟੀ ਪ੍ਰਧਾਨ ਡਾਕਟਰ ਕੁਲਵੰਤ ਸਿੰਘ ਰਾਮਾ ਨਗਰ ਅਤੇ ਚੇਅਰਮੈਨ ਪਰਮਜੀਤ ਕੁਲਥਮ ਅਤੇ ਸਮੂਹ ਕਮੇਟੀ ਮੈਂਬਰਾਂ ਵੱਲੋਂ ਪਿਛਲੇ ਢਾਈ ਸਾਲਾਂ ਵਿੱਚ ਬਾਬਾ ਹਾਥੀ ਰਾਮ ਦੇ ਸਥਾਨ 'ਤੇ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਜੋੜ ਮੇਲੇ 'ਚ ਸੰਗਤਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ ਗਈ। ਇਸ ਮੌਕੇ ਹਰਪਾਲ ਚੀਮਾ ਨੇ ਆਉਣ ਵਾਲੇ ਸਮੇਂ ਵਿੱਚ ਵੀ ਗੁਰੂ ਘਰ ਨੂੰ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

# ਆਦਮਪੁਰ ਨਗਰ ਕੌਂਸਲ 'ਤੇ ਆਪ ਦਾ ਬਹੁਮਤ

**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਨਗਰ ਕੌਂਸਲ ਚੋਣਾਂ ਦੇ ਨਤੀਜੇ ਵਿੱਚ ਆਮ ਆਦਮੀ ਪਾਰਟੀ ਨੇ 13 ਵਾਰਡਾਂ ਵਿੱਚੋਂ 10 ਵਾਰਡਾਂ 'ਚ ਆਪਣੀ ਜਿੱਤ ਹਾਸਲ ਕਰ ਨਗਰ ਕੌਂਸਲ 'ਤੇ ਕਬਜ਼ਾ ਕਰ ਲਿਆ ਜਦਕਿ 3 ਆਜ਼ਾਦ ਉਮੀਦਵਾਰ (ਕਾਂਗਰਸ ਸਮਰਥਕ) ਜੇਤੂ ਰਹੇ। ਇਨ੍ਹਾਂ ਵਿੱਚ ਵਾਰਡ ਨੰਬਰ 1 ਤੋਂ ਸੁਸ਼ਮਾ ਕੁਮਾਰੀ (ਆਜ਼ਾਦ), ਵਾਰਡ ਨੰਬਰ 2 ਤੋਂ ਜੋਗਿੰਦਰ ਪਾਲ (ਆਪ), ਵਾਰਡ ਨੰਬਰ 3 ਤੋਂ ਆਸ਼ਾ ਰਾਣੀ (ਆਜ਼ਾਦ), ਵਾਰਡ ਨੰਬਰ 4 ਤੋਂ ਚਰਨਜੀਤ ਸਿੰਘ ਸ਼ੈਰੀ (ਆਪ), ਵਾਰਡ ਨੰਬਰ ਤੋਂ 5 ਵੀਨਾ ਚੋਡਾ (ਆਜ਼ਾਦ), ਵਾਰਡ ਨੰਬਰ 6 ਤੋਂ ਦਵਿੰਦਰ ਸਿੰਘ ਸੂਰੀ (ਆਪ), ਵਾਰਡ ਨੰਬਰ 7 ਤੋਂ ਕੰਨੂ ਬਾਂਸਲ (ਆਪ), ਵਾਰਡ ਨੰਬਰ 8 ਤੋਂ ਪਵਿੱਤਰ ਸਿੰਘ (ਆਪ), ਵਾਰਡ ਨੰਬਰ 9 ਤੋਂ ਰੀਨਾ ਅਗਰਵਾਲ (ਆਪ), ਵਾਰਡ ਨੰਬਰ 10 ਤੋਂ ਬਿਕਰਮ ਬੰਧਨ (ਆਪ), ਵਾਰਡ ਨੰਬਰ 11 ਤੋਂ ਹਰਵਿੰਦਰ ਸਿੰਘ ਗਰੇਵਾਲ (ਆਪ), ਵਾਰਡ ਨੰਬਰ 12 ਤੋਂ ਸੁਮਿੱਤਰਾ ਦੇਵੀ (ਆਪ), ਵਾਰਡ ਨੰਬਰ 13 ਤੋਂ ਅਮਰੀਕ ਸਿੰਘ (ਆਪ) ਚੋਣ ਜਿੱਤੇ। ਪਵਨ ਕੁਮਾਰ ਟੀਨੂੰ ਨੇ ਆਦਮਪੁਰ ਦੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਆਦਮਪੁਰ ਦੇ ਆਮ ਲੋਕਾਂ ਦੀ ਜਿੱਤ ਹੈ। ਇਸ ਤੋਂ ਬਾਅਦ 'ਆਪ' ਸਮਰਥਕਾਂ ਤੇ ਉਮੀਦਵਾਰਾਂ ਵੱਲੋਂ ਪਵਨ ਕੁਮਾਰ ਟੀਨੂੰ ਦੀ ਅਗਵਾਈ ਹੇਠ ਜੇਤੂ ਰੈਲੀ ਕੀਤੀ ਗਈ ਅਤੇ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਦਮਪੁਰ ਨੂੰ ਮਾਡਲ ਸ਼ਹਿਰ ਬਣਾਉਣਗੇ। ਦੱਸਣਯੋਗ ਹੈ ਕਿ ਨਗਰ ਕੌਂਸਲ ਦੇ ਦੋ ਵਾਰ ਪ੍ਰਧਾਨ ਰਹਿ ਚੁੱਕੇ ਪ੍ਰਧਾਨ ਦਰਸ਼ਨ ਸਿੰਘ ਕਰਵਲ ਦੇ ਪਰਵਾਰ ਦੇ ਪੰਜ ਮੈਂਬਰ ਚੋਣ ਮੈਦਾਨ ਵਿੱਚ ਸਨ ਅਤੇ ਪੰਜੇ ਹੀ ਚੋਣ ਹਾਰ ਗਏ।



# ਲਾਇਲਪੁਰ ਖ਼ਾਲਸਾ ਕਾਲਜ ਦੇ ਐੱਮ ਏ (ਮਿਊਜ਼ਿਕ ਵੋਕਲ) ਤੀਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ

**ਜਲੰਧਰ (ਸ਼ੈਲੀ ਅਲਬਰਟ)**- ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਐਮ.ਏ. (ਮਿਊਜ਼ਿਕ ਵੋਕਲ) ਤੀਜਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਵਿਦਿਆਰਥਣ ਰਵਲੀਨ ਕੌਰ ਨੇ 10 ਐਸ.ਜੀ.ਪੀ.ਏ. ਵਿਚੋਂ 10.00 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਪਹਿਲਾ ਸਥਾਨ, ਅਮਰਜੀਤ ਸਿੰਘ ਨੇ 9.75 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਦੂਜਾ ਸਥਾਨ, ਗੁਰਬਖ਼ਸ਼ ਕੌਰ, ਅਜੀਤ ਸਿੰਘ ਭਸੀਨ, ਨੇਹਾ, ਸ਼ਾਲੂ ਅਤੇ ਦੀਪਕ ਕੁਮਾਰ ਨੇ 9.50 ਐਸ.ਜੀ.ਪੀ.ਏ. ਅੰਕ ਪ੍ਰਾਪਤ ਕਰਕੇ ਸਾਂਝੇ ਰੂਪ ਵਿਚ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਉਨ੍ਹਾਂ ਇਹ ਵੀ ਕਿਹਾ ਕਿ ਕਾਲਜ ਇਨ੍ਹਾਂ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰੇਗਾ ਅਤੇ ਆਉਣ ਵਾਲਿਆਂ ਨਤੀਜਿਆਂ ਵਿਚੋਂ ਵੀ ਜਿਹੜੇ ਵਿਦਿਆਰਥੀ ਯੂਨੀਵਰਸਿਟੀ ਵਿਚੋਂ ਵਿਸ਼ੇਸ਼ ਸਥਾਨ ਜਾਂ ਮੈਰਿਟ ਵਿਚ ਆਉਣਗੇ, ਉਨ੍ਹਾਂ ਨੂੰ ਵੀ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਪ੍ਰੋ. ਸੁਖਦੇਵ ਸਿੰਘ ਮੁਖੀ ਸੰਗੀਤ ਵਿਭਾਗ ਵੀ ਹਾਜ਼ਰ ਸਨ।



# ਗੰਭੋਵਾਲ ਵਿਖੇ 18ਵੇਂ ਸੂਫੀ ਤੇ ਸੱਭਿਆਚਾਰਕ ਮੇਲੇ ਦਾ ਪੋਸਟਰ ਜਾਰੀ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- ਪਿੰਡ ਗੰਭੋਵਾਲ ਵਿਖੇ ਸਥਿਤ ਦਰਗਾਹ ਸਥਿਤ ਸਈਯਦ ਬਾਬਾ ਪੀਰ ਗਾਜੀ ਜੀ ਦੇ ਅਸਥਾਨ 'ਤੇ 7 ਜੂਨ ਨੂੰ ਹੋਣ ਵਾਲੇ ਸਲਾਨਾ 18ਵੇਂ ਸੂਫੀ ਤੇ ਸੱਭਿਆਚਾਰਕ ਮੇਲੇ ਦਾ ਪ੍ਰਬੰਧਕਾਂ ਵੱਲੋਂ ਪੋਸਟਰ ਜਾਰੀ ਕੀਤਾ ਗਿਆ। ਦਰਗਾਹ ਦੀ ਪ੍ਰਬੰਧਕ ਕਮੇਟੀ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਮੇਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਕਮੇਟੀ ਮੇਲਾ ਸਰਪ੍ਰਸਤ ਨਰੋਤਮ ਕੁਮਾਰ, ਪ੍ਰਧਾਨ ਜਗਤਾਰ ਸਿੰਘ, ਸੈਕਟਰੀ ਤੇ ਗਾਇਕ ਨਿੱਕ ਨਿਸ਼ੂ, ਮਾਸਟਰ ਰਣਵੀਰ ਸਿੰਘ, ਸੇਵਾਦਾਰ ਕਰਮਜੀਤ ਸਿੰਘ ਕਮੇਟੀ ਮੈਂਬਰ ਸੁਰਿੰਦਰ ਸਿੰਘ, ਗੁਰਪ੍ਰੀਤ ਸਿੰਘ, ਲੱਖਾ ਸਿੰਘ, ਸੁਰਿੰਦਰ ਸਿੰਘ, ਗੁਰਜੀਤ ਸਿੰਘ, ਕੁਲਦੀਪ ਸਿੰਘ, ਬਲਵਿੰਦਰ ਸਿੰਘ, ਭਗਵਤੀ ਵਸੂਦੇਵਾ, ਪ੍ਰੀਤਪਾਲ ਸਿੰਘ ਟਿੱਕੂ ਨੇ ਦੱਸਿਆ ਕਿ 7 ਜੂਨ ਨੂੰ ਸਭ ਤੋਂ ਪਹਿਲਾਂ ਸਵੇਰੇ ਪੀਰਾਂ ਦੀ ਪਵਿੱਤਰ ਦਰਗਾਹ 'ਤੇ ਚਾਦਰ 'ਤੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ, ਉਪਰੰਤ ਕਰਵਾਏ ਜਾ ਰਹੇ ਸੱਭਿਆਚਾਰਕ ਮੇਲੇ ਵਿੱਚ ਪੰਜਾਬੀ ਗਾਇਕ ਸਤਵਿੰਦਰ ਬੁੱਗਾ, ਗਾਇਕ ਨਿੱਕ ਨਿਸ਼ੂ, ਹਸਨ ਮਾਣਕ, ਗੁਰਮੀਤ ਗੈਰੀ, ਕਬਾਲ ਦਿਲਜਾਨੀ ਸਾਬਰੀ, ਅਮਨ ਪਾਬਲਾ, ਲੱਕੀ ਚੱਕ ਮਹਿਰੀਆ ਤੇ ਹੋਰ ਕਲਾਕਾਰ ਆਪਣੇ ਫਨ ਦਾ ਮੁਜ਼ਾਹਰਾ ਕਰਨਗੇ। ਪ੍ਰਬੰਧਕਾਂ ਨੇ ਦੱਸਿਆ ਕਿ ਸੱਭਿਆਚਾਰਕ ਮੇਲੇ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਸਾਈਂ ਮਧੂ ਜੀ ਜਲੰਧਰ ਵਾਲੇ, ਪੰਜਾਬੀ ਗੀਤਕਾਰ ਹਰਵਿੰਦਰ ਓਹੜਪੁਰੀ, ਗੀਤਕਾਰ ਸੁਖਜੀਤ ਝਾਂਸਾ ਵਾਲਾ ਤੇ ਗੀਤਕਾਰ ਹੇਮਰਾਜ ਦੀਵਾਨਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਵੇਗਾ। ਪ੍ਰਬੰਧਕਾਂ ਨੇ ਹੋਰ ਦੱਸਿਆ ਕਿ ਸਮੁੱਚੇ ਸੱਭਿਆਚਾਰਕ ਮੇਲੇ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਰਾਜ ਅਹੀਆਪੁਰ ਵੱਲੋਂ ਨਿਭਾਈ ਜਾਵੇਗੀ।



ਅਜੇ ਤਨਵੀਰ
(ਆਖਰੀ ਸਫ਼ੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ

ਐਨੇ ਥਾਈਂ ਵਗਦਾ ਹੈ ਜੋ,
ਸੂਹੇ ਰੰਗ ਦਾ ਪਾਣੀ।
ਹੋ ਸਕਦੈ ਸਿਆਸਤ ਨੇ,
ਆਪਣਾ ਚਿਹਰਾ ਧੋਇਆ ਹੋਵੇ।
- ਰਣਜੀਤ ਸਰਾਂਵਾਲੀ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 31 ਮਈ 2026 www.nawanzamana.in ਕੀਮਤ 5.00 ਰੁਪਏ


## ਲੋਕ ਲਹਿਰਾਂ ਦਾ ਜਥੇਬੰਦਕ, ਲਾਮਬੰਦਕ

# ਰੋਜ਼ਾਨਾ ਨਵਾਂ ਜ਼ਮਾਨਾ



ਰੋਜ਼ਾਨਾ— ਜਲੰਧਰ

ਨਵਾਂ ਜ਼ਮਾਨਾ

ਐਡੀਟਰ ਸੋਹਨ ਸਿੰਘ ਜੋਸ਼

ਸਾਲ ੧ ] ਬੁਧਵਾਰ ੨੫ ਅਪ੍ਰੈਲ [ ਨੰ: ੧

### ਗੁਰਮੀਤ

'ਨਵਾਂ ਜ਼ਮਾਨਾ' ਜਮਹੂਰੀ ਕਦਰਾਂ-ਕੀਮਤਾਂ ਦਾ ਬੇਖ਼ੌਫ਼ ਤਰਜਮਾਨ ਹੈ। ਇਹ ਮਿਹਨਤੀ ਲੋਕਾਂ ਦੀ ਆਵਾਜ਼ ਹੈ। ਇਹ ਉਨ੍ਹਾਂ ਦੀਆਂ ਅੱਖਾਂ ਤੇ ਕੰਨਾਂ ਦਾ ਰੋਲ ਅਦਾ ਕਰਦਾ ਹੈ। ਇਹ ਸਾਰੀਆਂ ਸੁੱਚੀਆਂ ਤਹਿਰੀਕਾਂ ਦਾ ਭਾਵੇਂ ਉਹ ਸੱਭਿਆਚਾਰਕ ਹੋਣ, ਸਿਆਸੀ ਹੋਣ, ਸਮਾਜੀ ਹੋਣ, ਔਰਤਾਂ, ਨੌਜੁਆਨਾਂ ਤੇ ਵਿਦਿਆਰਥੀਆਂ ਦੀਆਂ ਹੋਣ, ਕਿਸਾਨਾਂ, ਖੇਤ ਮਜ਼ਦੂਰਾਂ, ਮਜ਼ਦੂਰਾਂ, ਕਿਰਤੀ ਬੁੱਧੀਜੀਵੀਆਂ ਦੀਆਂ ਹੋਣ, ਸਨਅਤਾਂ, ਦਫ਼ਤਰਾਂ ਜਾਂ ਖੇਤਾਂ ਦੇ ਕਾਮਿਆਂ ਦੀਆਂ ਹੋਣ ਜਾਂ ਮਿਹਨਤੀ ਲੋਕਾਂ ਦੇ ਕਿਸੇ ਵੀ ਹੋਰ ਹਿੱਸੇ ਦੀਆਂ-ਜਥੇਬੰਦਕ ਹੈ, ਲਾਮਬੰਦਕ ਹੈ। ਹਰ ਖੇਤਰ ਵਿੱਚ ਇਸ ਵੱਲੋਂ ਨਿਭਾਈ ਗਈ ਭੂਮਿਕਾ 'ਤੇ ਥੀਸਸ ਲਿਖੇ ਜਾ ਸਕਦੇ ਹਨ। 'ਨਵਾਂ ਜ਼ਮਾਨਾ' ਨੂੰ ਆਪਣੇ ਜੀਵਨ-ਕਾਲ ਵਿੱਚ ਇਹੋ ਜਿਹੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ਹੈ, ਜਿਨ੍ਹਾਂ ਦਾ ਜੇ ਕਿਸੇ ਵੱਡੇ ਸਾਧਨ-ਸੰਪੰਨ ਅਖਬਾਰ ਨੂੰ ਵੀ ਕਰਨਾ ਪਵੇ ਤਾਂ ਉਹ ਦਿਨਾਂ ਵਿੱਚ ਦਮ ਤੋੜ ਜਾਵੇ, ਪਰ 'ਨਵਾਂ ਜ਼ਮਾਨਾ' ਸਭ ਵੰਗਾਰਾਂ ਦਾ ਸਾਹਮਣਾ ਕਰਦਾ ਅਤੇ ਸਭ ਕਠਿਨਾਈਆਂ ਉਤੇ ਵਿਜੈ ਪਾਂਦਾ ਨਿਰੰਤਰ ਅੱਗੇ ਵਧਦਾ ਜਾ ਰਿਹਾ ਹੈ...

ਰੋਜ਼ਾਨਾ 'ਨਵਾਂ ਜ਼ਮਾਨਾ' ਅੱਜ ਆਪਣੇ ਨਿਰੰਤਰ ਸਫ਼ਰ ਦੌਰਾਨ 75ਵਾਂ ਮੀਲ ਪੱਥਰ ਪਾਰ ਕਰ ਰਿਹਾ ਹੈ....। ਇਸ ਦੀ ਸ਼ੁਰੂਆਤ 1952 ਦੌਰਾਨ ਉਰਦੂ ਵਿੱਚ 'ਨਇਆ ਜ਼ਮਾਨਾ' ਦੇ ਰੂਪ ਵਿੱਚ ਸ਼ੁਰੂ ਹੋਈ ਸੀ, ਜਿਸ ਦੀ ਪ੍ਰਕਾਸ਼ਨਾ 31 ਮਾਰਚ 1956 ਤੱਕ ਹੁੰਦੀ ਰਹੀ। ਇਸ ਤੋਂ ਅੱਗੇ ਸ਼ੁਰੂ ਹੋਇਆ ਰੋਜ਼ਾਨਾ 'ਨਵਾਂ ਜ਼ਮਾਨਾ' ਦਾ ਸਫ਼ਰ, ਜਿਸ ਦੀਆਂ ਜੜ੍ਹਾਂ 'ਗ਼ਦਰ' ਅਖ਼ਬਾਰ ਨਾਲ ਜੁੜਦੀਆਂ ਹਨ। 'ਗ਼ਦਰ' ਦੇ ਪਹਿਲੇ ਅੰਕ ਦਾ ਐਲਾਨਨਾਮਾ ਸੀ :-

'ਅੱਜ ਪਹਿਲੀ ਨਵੰਬਰ 1913 ਨੂੰ ਭਾਰਤ ਦੀ ਤਵਾਰੀਖ਼ ਵਿੱਚ ਇੱਕ ਨਵਾਂ ਸੰਮਤ ਚਲਦਾ ਹੈ, ਕਿਉਂਕਿ ਅੱਜ ਅੰਗਰੇਜ਼ੀ ਰਾਜ ਦੇ ਵਿਰੁੱਧ ਪ੍ਰਦੇਸ ਵਿੱਚੋਂ ਦੇਸੀ ਜ਼ੁਬਾਨ ਵਿੱਚ ਜੰਗ ਛੇੜਦਾ ਹੈ...।'

ਏਸੇ ਪਰਚਮ ਨੂੰ ਬੁਲੰਦ ਰੱਖਦੇ ਹੋਏ ਸਾਮਰਾਜੀ ਲੁਟੇਰੀਆਂ ਤਾਕਤਾਂ ਵਿਰੁੱਧ ਨਿਧੜਕ ਹੋ ਕੇ ਕਿਰਤੀ ਵਰਗ ਦੇ ਸੰਘਰਸ਼ਾਂ ਦੀ ਆਵਾਜ਼ 'ਤੇ ਅਗਵਾਈ ਦਿੰਦੇ ਹੋਏ ਵੱਖ-ਵੱਖ ਸਮੇਂ 'ਤੇ ਚੱਲੀਆਂ ਲਹਿਰਾਂ 'ਚ 'ਗ਼ਦਰ' ਤੋਂ ਬਾਅਦ ਅਗਲੀ ਕੜੀ 'ਚ 1922 ਵਿੱਚ 'ਦੇਸ਼ ਸੇਵਕ', 1926 ਵਿੱਚ 'ਕਿਰਤੀ', 1931 ਵਿੱਚ 'ਮਜ਼ਦੂਰ ਕਿਸਾਨ', 1939 ਵਿੱਚ 'ਕਿਰਤੀ ਲਹਿਰ', 'ਅਕਾਲੀ ਤੇ ਪ੍ਰਦੇਸੀ', 'ਜੰਗਿ-ਏ-ਆਜ਼ਾਦੀ', 'ਪਰਵਾਨਾ', 'ਲਾਲ ਢੰਡੋਰਾ' ਤੇ 'ਲੋਕ ਜੁਗ' ਅਖ਼ਬਾਰਾਂ ਪੰਜਾਬ ਦੇ ਪੱਤਰਕਾਰੀ ਦੇ ਇਤਿਹਾਸ 'ਚ ਅਜਿਹੇ ਮੀਲ ਪੱਥਰ ਹਨ, ਜਿਹੜੇ ਅੱਜ ਵੀ 'ਕਿਰਤੀ ਲਹਿਰ' ਦੇ ਸੰਘਰਸ਼ਾਂ ਲਈ ਪ੍ਰੇਰਨਾ ਦਾ ਸੋਮਾ ਹਨ...।

...ਤੇ ਏਸੇ ਲੜੀ 'ਚ 1952 'ਚ ਰੋਜ਼ਾਨਾ 'ਨਯਾ ਜ਼ਮਾਨਾ' ਉਰਦੂ ਦੀ ਪ੍ਰਕਾਸ਼ਨਾ ਸ਼ੁਰੂ ਹੋਈ। ਇਹ ਬੂਟਾ ਵੀ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਦੇ ਹੱਥੀਂ ਲੱਗਾ। 17 ਜੂਨ 1952 ਨੂੰ ਰੋਜ਼ਾਨਾ ਉਰਦੂ 'ਨਯਾ ਜ਼ਮਾਨਾ' ਦਾ ਬਕਾਇਦਾ ਪ੍ਰਕਾਸ਼ਨ ਸ਼ੁਰੂ ਹੋਇਆ। ਸ੍ਰ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਇਸ ਦੇ ਮੁੱਖ ਸੰਪਾਦਕ ਅਤੇ ਕਾਮਰੇਡ ਟੀਕਾ ਰਾਮ 'ਸੁਖਨ' ਸੰਪਾਦਕ ਬਣੇ।

ਰੋਜ਼ਾਨਾ 'ਨਯਾ ਜ਼ਮਾਨਾ' ਤੋਂ ਸਾਲ-ਦੋ ਸਾਲ ਬਾਅਦ ਕਮਿਊਨਿਸਟ ਪਾਰਟੀ ਪੈਪਸੂ ਪੰਜਾਬ ਸੂਬਾ ਕਮੇਟੀ ਵੱਲੋਂ ਸਪਤਾਹਿਕ 'ਲੋਕ ਜੁਗ' ਦੀ ਪੰਜਾਬੀ ਵਿੱਚ ਪ੍ਰਕਾਸ਼ਨਾ ਸ਼ੁਰੂ ਹੋਈ। ਇਸ ਦੇ ਐਡੀਟਰ ਕਾਮਰੇਡ ਸੋਹਨ ਸਿੰਘ ਜੋਸ਼ ਬਣੇ ਅਤੇ ਮਾਰਚ 1956 ਤੱਕ ਇਹ ਬਕਾਇਦਾ ਛਪਦਾ ਰਿਹਾ। 24 ਫਰਵਰੀ 1956 ਨੂੰ ਕਮਿਊਨਿਸਟ ਪਾਰਟੀ ਦੀ ਪੰਜਾਬ ਪੈਪਸੂ ਸੂਬਾ ਕਮੇਟੀ ਨੇ ਸਾਰੇ ਜ਼ਿਲ੍ਹਿਆਂ ਦੇ ਸਕੱਤਰਾਂ ਦੀ ਮੀਟਿੰਗ 'ਚ ਪੰਜਾਬੀ ਵਿੱਚ ਰੋਜ਼ਾਨਾ ਅਖ਼ਬਾਰ ਕੱਢਣ ਦਾ ਫੈਸਲਾ ਕੀਤਾ। ਪਹਿਲਾਂ ਫੈਸਲਾ ਹੋਇਆ ਕਿ ਸਪਤਾਹਿਕ 'ਲੋਕ ਜੁਗਨੂੰ' ਰੋਜ਼ਾਨਾ ਕਰ ਦਿੱਤਾ ਜਾਏ, ਪਰ ਬਾਅਦ ਵਿੱਚ ਰੋਜ਼ਾਨਾ 'ਨਇਆ ਜ਼ਮਾਨਾ' ਉਰਦੂ ਨੂੰ ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਤਬਦੀਲ ਕਰਨ ਦਾ ਫੈਸਲਾ ਹੋਇਆ।

5 ਮਾਰਚ 1956 ਦੇ ਸਪਤਾਹਿਕ 'ਲੋਕ ਜੁਗ' ਦੇ ਅੰਕ ਵਿੱਚ ਕਾਮਰੇਡ ਸੋਹਨ ਸਿੰਘ ਜੋਸ਼ ਵੱਲੋਂ ਐਲਾਨ ਛਾਪਿਆ ਗਿਆ:

ਪੰਜਾਬੀ ਦਾ ਰੋਜ਼ਾਨਾ 'ਨਵਾਂ ਜ਼ਮਾਨਾ'

ਪਿਆਰੇ ਪਾਠਕੋ,

ਵਧਾਈਆਂ ਹੋਣ! ਤੁਹਾਡੀ ਦਿਲੀ ਖਾਹਿਸ਼ ਪੂਰੀ ਹੋਣ ਵਾਲੀ ਹੈ। ਪੰਜਾਬੀ ਵਿੱਚ ਰੋਜ਼ਾਨਾ ਅਖਬਾਰ ਕੱਢਣ ਦਾ ਪ੍ਰਬੰਧ ਸ਼ੁਰੂ ਹੋ ਗਿਆ ਹੈ। ਰੋਜ਼ਾਨਾ ਦਾ ਨਾਂਅ 'ਨਵਾਂ ਜ਼ਮਾਨਾ' ਹੋਵੇਗਾ ਅਤੇ ਇਸ ਦਾ ਪਹਿਲਾ ਪਰਚਾ ਅਗਲੇ ਮਹੀਨੇ ਦੇ ਸ਼ੁਰੂ ਵਿੱਚ ਹੀ ਨਿਕਲ ਕੇ ਤੁਹਾਡੇ ਹੱਥਾਂ ਵਿੱਚ ਪਹੁੰਚ ਜਾਵੇਗਾ। 'ਲੋਕ ਜੁਗ' ਦੇ ਪਾਠਕਾਂ ਲਈ ਇਸ ਤੋਂ ਵੱਧ ਖੁਸ਼ੀ ਦੀ ਗੱਲ ਹੋਰ ਕੋਈ ਨਹੀਂ ਹੋ ਸਕਦੀ।

ਇਹ ਰੋਜ਼ਾਨਾ ਪਰਚਾ 'ਨਯਾ ਜ਼ਮਾਨਾ' ਦੇ ਪ੍ਰਬੰਧਕ ਕੱਢ ਰਹੇ ਹਨ। 'ਨਯਾ ਜ਼ਮਾਨਾ' ਰੋਜ਼ਾਨਾ ਉਰਦੂ 31 ਮਾਰਚ 1956 ਨੂੰ ਬੰਦ ਕੀਤਾ ਜਾ ਰਿਹਾ ਹੈ ਅਤੇ ਇਸ ਦੀ ਥਾਂ ਬੜੀ ਸੱਜ-ਧੱਜ ਨਾਲ ਪੰਜਾਬੀ 'ਨਵਾਂ ਜ਼ਮਾਨਾ' ਲੈ ਰਿਹਾ ਹੈ।

ਇਸ ਦੇ ਨਾਲ ਹੀ 'ਲੋਕ ਜੁਗ' ਨੂੰ ਵੀ 'ਨਵਾਂ ਜ਼ਮਾਨਾ' ਵਿੱਚ ਹੀ ਲੀਨ ਕਰ ਦੇਣ ਦਾ ਮਤਾ ਪਾਸ ਕੀਤਾ ਗਿਆ ਹੈ। 'ਲੋਕ ਜੁਗ' ਦੀ ਥਾਂ 'ਨਵਾਂ ਜ਼ਮਾਨਾ' ਦਾ ਹਫ਼ਤਾਵਾਰ ਨੰਬਰ ਨਿਕਲਿਆ ਕਰੇਗਾ...।

ਏਸੇ ਦੌਰਾਨ ਫਰਵਰੀ 1956 ਵਿੱਚ ਪੰਜਾਬ ਪੈਪਸੂ ਕਮਿਊਨਿਸਟ ਪਾਰਟੀ ਅਤੇ 'ਲੋਕ ਜੁਗ' ਦਾ ਦਫ਼ਤਰ ਸੈਂਟਰਲ ਟਾਊਨ ਤੋਂ ਬਦਲ ਕੇ ਹੁਣ ਵਾਲੀ ਥਾਂ ਨਹਿਰੂ ਗਾਰਡਨ ਰੋਡ, ਜੋ ਪਹਿਲਾਂ ਐੱਮ ਐੱਕਸ ਗਾਰਡਨ ਰੋਡ ਵਜੋਂ ਜਾਣੀ ਜਾਂਦੀ ਸੀ, 'ਤੇ ਤਬਦੀਲ ਹੋ ਗਿਆ। ਏਥੋਂ ਹੀ ਪਹਿਲਾਂ ਰੋਜ਼ਾਨਾ 'ਨਵਾਂ ਜ਼ਮਾਨਾ' ਮਈ ਅੰਕ ਦੇ ਰੂਪ ਵਿੱਚ ਸ਼ੁਰੂ ਕਰਨ ਦਾ ਪ੍ਰੋਗਰਾਮ ਬਣਿਆ, ਪਰ ਇਸ ਦੀ ਡੈਕਲਾਰੇਸ਼ਨ ਅਤੇ ਡਾਕਖਾਨੇ ਤੋਂ ਰਜਿਸਟਰਡ ਨੰਬਰ ਲੈਣ ਦੀਆਂ ਤਕਨੀਕੀ ਕਾਰਵਾਈਆਂ ਪੂਰੀਆਂ ਕਰਨ 'ਚ ਅੜਚਨਾਂ ਕਾਰਨ ਲੇਟ ਹੁੰਦਾ ਗਿਆ ਅਤੇ 25 ਅਪ੍ਰੈਲ 1956 ਤੇ 27 ਅਪ੍ਰੈਲ 1956 ਨੂੰ ਦੋ ਅੰਕ ਤਜਰਬੇ ਦੇ ਤੌਰ 'ਤੇ ਛਾਪੇ ਗਏ ਅਤੇ ਬਾਅਦ 'ਚ 1 ਜੂਨ ਤੋਂ ਬਕਾਇਦਾ ਇਸ ਦੀ ਰੋਜ਼ਾਨਾ ਪ੍ਰਕਾਸ਼ਨਾ ਸ਼ੁਰੂ ਹੋ ਗਈ।

'ਨਵਾਂ ਜ਼ਮਾਨਾ' ਹਰ ਮੋੜ ਉੱਤੇ ਜਨਤਕ ਸੰਘਰਸ਼ਾਂ ਦੇ ਨਾਲ ਖੜਾ ਰਿਹਾ ਹੈ। ਕੈਰੋਂਸ਼ਾਹੀ ਨੇ 1958-59 ਵਿੱਚ ਖੁਸ਼-ਹੈਸੀਅਤ ਟੈਕਸ ਦੇ ਨਾਂਅ ਉੱਤੇ ਕਿਸਾਨਾਂ ਸਿਰ 104 ਕਰੋੜ ਦਾ ਬੋਝ ਲੱਦ ਦਿੱਤਾ ਸੀ। ਇਸ ਵਿਰੁੱਧ ਲੱਗੇ ਕਿਸਾਨ ਮੋਰਚੇ ਦੌਰਾਨ 'ਨਵਾਂ ਜ਼ਮਾਨਾ' ਮੋਹਰਲੀਆਂ ਸਫ਼ਾਂ ਵਿੱਚ ਹੋ ਕੇ ਲੜਿਆ। ਇਸ ਦੇ ਸੰਪਾਦਕ ਜਗਜੀਤ ਸਿੰਘ ਆਨੰਦ ਅਤੇ ਸਾਰੇ ਸਟਾਫ਼ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਆਖਰ ਮੋਰਚੇ ਦੀ ਜਿੱਤ ਹੋਈ ਤੇ ਕੈਰੋਂ ਸਰਕਾਰ ਨੂੰ ਟੈਕਸ ਵਾਪਸ ਲੈਣਾ ਪਿਆ।

ਆਪਣੇ ਲੰਮੇ ਸਫ਼ਰ ਦੌਰਾਨ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਫਗਵਾੜਾ ਸਮੇਤ ਜਿਥੇ ਵੀ ਮਜ਼ਦੂਰਾਂ ਨੇ ਆਪਣੇ ਹੱਕਾਂ ਲਈ ਜੱਦੋ-ਜਹਿਦ ਕੀਤੀ, 'ਨਵਾਂ ਜ਼ਮਾਨਾ' ਹਮੇਸ਼ਾ ਉਨ੍ਹਾਂ ਨਾਲ ਖੜਾ ਹੋਇਆ। 'ਨਵਾਂ ਜ਼ਮਾਨਾ' ਵਿਦਿਆਰਥੀਆਂ, ਇਸਤਰੀਆਂ, ਨੌਜਵਾਨਾਂ, ਕਿਸਾਨਾਂ ਤੇ ਖੇਤ ਮਜ਼ਦੂਰਾਂ ਸਮੇਤ ਹੱਕ ਮੰਗਦੇ ਹਰ ਤਬਕੇ ਦੀ ਅਵਾਜ਼ ਬਣਿਆ ਹੈ। ਦਹਿਸ਼ਤਗਰਦੀ ਦੇ ਦੌਰ ਦੀਆਂ ਮੁਸ਼ਕਲ ਹਾਲਤਾਂ ਵਿੱਚ ਵੀ ਇਸ ਨੇ ਅਮਨ ਤੇ ਫਿਰਕੂ ਭਾਈਚਾਰੇ ਦਾ ਨਿੱਡਰ ਹੋ ਕੇ ਹੋਕਾ ਦਿੱਤਾ।

ਪਿਛਲੇ ਦਹਾਕੇ ਤੋਂ ਜਦੋਂ ਤੋਂ ਏਕਾਅਧਿਕਾਰਵਾਦੀ ਸ਼ਕਤੀਆਂ ਕੇਂਦਰ ਦੀ ਸੱਤਾ ਉੱਤੇ ਕਾਬਜ਼ ਹੋਈਆਂ ਹਨ, 'ਨਵਾਂ ਜ਼ਮਾਨਾ' ਨੇ ਨਿੱਧੜਕ ਹੋ ਕੇ ਇਨ੍ਹਾਂ ਦਾ ਵਿਰੋਧ ਕੀਤਾ ਹੈ। ਫਾਸ਼ੀਵਾਦ ਦਾ ਵਿਰੋਧ ਕਰਨ ਲਈ ਮੈਦਾਨ ਮੱਲ ਰਹੀਆਂ ਸਭ ਧਿਰਾਂ ਦੀ ਏਕਤਾ ਲਈ ਇਹ ਹਮੇਸ਼ਾ ਯਤਨਸ਼ੀਲ ਰਿਹਾ ਹੈ। ਖੱਬੀਆਂ ਸ਼ਕਤੀਆਂ ਦੀ ਏਕਤਾ 'ਨਵਾਂ ਜ਼ਮਾਨਾ' ਦਾ ਮਿਸ਼ਨ ਹੈ। ਲੋਕਤੰਤਰੀ ਕਦਰਾਂ-ਕੀਮਤਾਂ ਦੀ ਰਾਖੀ ਲਈ ਇਹ ਸਦਾ ਵਚਨਬੱਧ ਰਹੇਗਾ। 'ਨਵਾਂ ਜ਼ਮਾਨਾ' ਤਰਕਸ਼ੀਲ ਤੇ ਵਿਗਿਆਨਕ ਦ੍ਰਿਸ਼ਟੀਕੋਣ ਦਾ ਧਾਰਨੀ ਹੈ। ਅੰਧ-ਵਿਸ਼ਵਾਸੀ ਤੇ ਗੈਰ-ਵਿਗਿਆਨਕ ਨਜ਼ਰੀਏ ਲਈ ਇਸ ਵਿੱਚ ਕੋਈ ਥਾਂ ਨਹੀਂ। ਵੰਡ-ਪਾਊ, ਨਫ਼ਰਤੀ ਵਿਚਾਰਾਂ ਵਿਰੁੱਧ ਇਹ ਭਾਈਚਾਰੇ ਦਾ ਸੰਦੇਸ਼ ਦਿੰਦਾ ਰਹੇਗਾ। ਇਸ ਵੇਲੇ ਸਭ ਤੋਂ ਵੱਧ ਖਤਰਾ ਦੇਸੀ-ਵਿਦੇਸ਼ੀ ਕਾਰਪੋਰੇਟਾਂ ਤੋਂ ਹੈ, ਜਿਹੜੇ ਦੇਸ਼ ਦੇ ਸਾਰੇ ਕੁਦਰਤੀ ਸੋਮਿਆਂ ਨੂੰ ਲੁੱਟ ਕੇ ਆਪਣੀਆਂ ਤਿਜੌਰੀਆਂ ਭਰ ਰਹੇ ਹਨ। ਇਹ ਵਾਤਾਵਰਨ ਨੂੰ ਵਿਗਾੜ ਕੇ ਮਨੁੱਖਤਾ ਲਈ ਖਤਰਾ ਬਣ ਚੁੱਕੇ ਹਨ। ਮਨੁੱਖਤਾ ਨੂੰ ਬਚਾਉਣ ਦੀ ਇਸ ਲੜਾਈ ਵਿੱਚ 'ਨਵਾਂ ਜ਼ਮਾਨਾ' ਹਮੇਸ਼ਾ ਮੋਹਰੀ ਰੋਲ ਅਦਾ ਕਰਦਾ ਰਹੇਗਾ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਅਗਵਾਈ ਵਿੱਚ ਦੇਸ਼ ਭਰ ਦੇ ਕਿਸਾਨਾਂ ਨੇ ਇਸੇ ਕਾਰਪੋਰੇਟ ਲੁੱਟ ਵਿਰੁੱਧ ਦਿੱਲੀ ਦੀਆਂ ਬਰੂਹਾਂ 'ਤੇ ਲੰਮਾ ਸੰਘਰਸ਼ ਲੜ ਕੇ ਜਿੱਤ ਪ੍ਰਾਪਤ ਕੀਤੀ ਸੀ। ਇਸ ਸੰਘਰਸ਼ ਵਿੱਚ ਵੀ 'ਨਵਾਂ ਜ਼ਮਾਨਾ' ਨੇ ਮੋਹਰੀ ਭੂਮਿਕਾ ਨਿਭਾਈ ਸੀ। ਇਹ ਲੜਾਈ ਖਤਮ ਨਹੀਂ ਹੋਈ, ਸਗੋਂ ਹੋਰ ਤਿੱਖੀ ਹੋਵੇਗੀ ਤੇ 'ਨਵਾਂ ਜ਼ਮਾਨਾ' ਲੜ ਰਹੇ ਲੋਕਾਂ ਨਾਲ ਖੜਾ ਰਹੇਗਾ।

'ਨਵਾਂ ਜ਼ਮਾਨਾ' ਨੂੰ ਇਹ ਮਾਣ ਰਹੇਗਾ ਕਿ ਇਸ ਨੇ ਪੰਜਾਬੀ ਮਾਂ ਬੋਲੀ ਦੇ ਮਹਾਨ ਸਪੂਤਾਂ ਦੀ ਸੰਗਤ ਦਾ ਨਿੱਘ ਮਾਣਿਆ ਹੈ। ਇਸ ਦੇ ਸੰਪਾਦਕ ਗੁਰਬਖਸ਼ ਸਿੰਘ ਪ੍ਰੀਤਲੜੀ, ਟੀਕਾ ਰਾਮ ਸੁਖਨ, ਸੋਹਣ ਸਿੰਘ ਜੋਸ਼, ਅਰਜਨ ਸਿੰਘ ਗੜਗੱਜ ਤੇ ਜਗਜੀਤ ਸਿੰਘ ਆਨੰਦ ਤੇ ਉਨ੍ਹਾਂ ਦੇ ਸਹਾਇਕ ਸਾਥੀ ਗੁਰਬਖ਼ਸ਼ ਸਿੰਘ ਬੰਨੋਆਣਾ, ਸੁਰਜਣ ਜ਼ੀਰਵੀ, ਸੁਰਜੀਤ ਖੁਰਸ਼ੀਦੀ, ਸਰਵਣ ਜ਼ਫਰ, ਭੁਪਿੰਦਰ ਸਾਂਬਰ ਤੇ ਹੋਰ ਕਿਸੇ ਜਾਣ-ਪਛਾਣ ਦੇ ਮੁਥਾਜ਼ ਨਹੀਂ ਹਨ। 'ਨਵਾਂ ਜ਼ਮਾਨਾ' ਨੂੰ ਇਹ ਵੀ ਮਾਣ ਰਹੇਗਾ ਕਿ ਇਸ ਦੇ ਸਮਾਚਾਰ ਸੰਪਾਦਕ ਸੁਰਜਣ ਸਿੰਘ ਜ਼ੀਰਵੀ ਦੇ ਚੰਡੇ ਹੋਏ ਪੂਰਾਂ ਦੇ ਪੂਰ ਨੌਜਵਾਨਾਂ ਨੇ ਪੱਤਰਕਾਰੀ ਦੇ ਖੇਤਰ ਵਿੱਚ ਅਹਿਮ ਮੱਲਾਂ ਮਾਰੀਆਂ। ਇਹ ਉਹ ਸਮਾਂ ਸੀ, ਜਦੋਂ ਪੰਜਾਬੀ ਵਿੱਚ ਪੱਤਰਕਾਰੀ ਦਾ ਕੋਈ ਕੋਰਸ ਨਹੀਂ ਸੀ ਹੁੰਦਾ। ਪੰਜਾਬੀ ਦੇ ਨਵੇਂ ਨਿਕਲ ਰਹੇ ਅਖਬਾਰਾਂ ਵਿੱਚ ਨੌਕਰੀ ਲਈ ਇਹੋ ਯੋਗਤਾ ਕਾਫ਼ੀ ਸਮਝੀ ਜਾਂਦੀ ਸੀ ਕਿ ਉਹ 'ਨਵਾਂ ਜ਼ਮਾਨਾ' ਦੇ ਸਮਾਚਾਰ ਵਿਭਾਗ ਦੀ ਮੇਜ਼ ਤੋਂ ਉੱਠ ਕੇ ਆਇਆ ਹੈ।

...ਅਤੇ ਇਨ੍ਹਾਂ ਪ੍ਰੰਪਰਾਵਾਂ ਨੂੰ ਕਾਇਮ ਰੱਖਣ ਦਾ ਅੱਜ 75ਵੀਂ ਵਰ੍ਹੇਗੰਢ 'ਤੇ ਅਹਿਦ ਲੈਂਦਾ ਹੋਇਆ ਆਪਣੇ ਪਾਠਕਾਂ ਨਾਲ ਇਹ ਜਾਣਕਾਰੀ ਸਾਂਝੀ ਕਰਦਾ ਖੁਸ਼ੀ ਮਹਿਸੂਸ ਕਰਦਾ ਹੈ ਕਿ ਅਖ਼ਬਾਰ ਦੇ ਨਾਲ ਯੂਟਿਊਬ 'ਨਵਾਂ ਜ਼ਮਾਨਾ ਟੀ ਵੀ' ਦੀ ਵੀ ਸ਼ੁਰੂਆਤ ਹੋ ਚੁੱਕੀ ਹੈ। ਤੁਹਾਨੂੰ ਸਭ ਨੂੰ ਅਪੀਲ ਹੈ ਕਿ 'ਨਵਾਂ ਜ਼ਮਾਨਾ ਟੀ ਵੀ' ਦਾ ਵੀ ਘੇਰਾ ਵਿਸ਼ਾਲ ਕਰੋ...।

ਸੰਪਰਕ : 98149-64455

# ਇੱਕ ਯੁੱਗ ਦੀ ਧੜਕਣ

### ਵਰਿਆਮ ਸਿੰਘ ਸੰਧੂ

ਮੈਂ 'ਨਵਾਂ ਜ਼ਮਾਨਾ' ਅਖ਼ਬਾਰ ਦਾ ਚੜ੍ਹਦੀ ਜਵਾਨੀ ਤੋਂ ਹੀ ਪਾਠਕ ਸਾਂ। ਕਾਮਰੇਡ ਉਜਾਗਰ ਸਿੰਘ ਬੀਰ ਸਾਡੇ ਪਿੰਡ ਆਉਂਦਾ। ਚਿੱਟੇ ਖੱਦਰ ਦੇ ਕੱਪੜੇ। ਚਿੱਟੀ ਪੱਗ। ਬਾਂਹ ਉੱਤੇ ਕਮਿਊਨਿਸਟ ਲਹਿਰ ਨਾਲ ਜੁੜੇ ਅਖ਼ਬਾਰਾਂ ਤੇ ਰਸਾਲੇ। ਸੋਵੀਅਤ ਦੇਸ਼ ਤੇ ਨਵਾਂ ਜ਼ਮਾਨਾ ਵਗ਼ੈਰਾ। ਕਮਿਊਨਿਸਟ ਸਾਡੇ ਪਿੰਡਾਂ ਵਿੱਚ ਜਲਸੇ ਤੇ ਡਰਾਮੇ ਕਰਨ ਆਉਂਦੇ। ਕਾਮਰੇਡ ਰੂੜ ਸਿੰਘ ਇਨਕਲਾਬ ਸਿੱਧ ਪੱਧਰੇ ਜਟਕੇ ਅੰਦਾਜ਼ ਵਿੱਚ ਗਾਉਂਦਾ:-

ਟਾਟੇ ਬਾਟੇ ਪੀਣ ਵਿਸਕੀਆਂ
ਕਾਮੇ ਭੁੱਖੇ ਮਰਦੇ
ਡਰਾਮਾ ਸੁਕਐਡ ਵਾਲੇ ਗਾਉਂਦੇ-
ਸੁਣ ਨਹਿਰੂ ਸਰਕਾਰੇ, ਸੁਣ ਕੈਰੋਂ ਸਰਕਾਰੇ
ਗੋਰੇ ਦੀ ਥਾਂ ਕਾਲਾ ਆਇਆ
ਉਹ ਵੀ ਛੜੀਆਂ ਮਾਰੇ
ਸਾਡੀ ਚਿੱਕੜ 'ਚ ਗੱਡ ਫਸ ਗਈ
ਸਾਰਾ ਦਿਨ ਓਥੇ ਲੰਘਿਆ
ਤਾਂ ਹੀ ਆਉਣ ਵਿੱਚ ਝੱਟ ਲੱਗ ਗਈ।

ਜਦੋਂ ਕਮਿਊਨਿਸਟ ਸਰਕਾਰ ਦੇ ਵਿਤਕਰੇ ਨੂੰ ਆਰਥਿਕ ਆਧਾਰ ਨਾਲ ਜੋੜ ਕੇ ਆਰਥਿਕ ਕਾਣੀ-ਵੰਡ ਦੂਰ ਕਰਨ ਦਾ ਪ੍ਰਚਾਰ ਕਰਦੇ ਤਾਂ ਉਹਨਾਂ ਦੀਆਂ ਗੱਲਾਂ ਮਨ ਨੂੰ ਟੁੰਬਦੀਆਂ। ਦੇਸ਼, ਪੰਜਾਬ ਤੇ ਖ਼ਾਸ ਤੌਰ 'ਤੇ ਇਲਾਕੇ ਦੇ ਧਾਕੜ ਸਿਆਸੀ ਲੋਕਾਂ ਵੱਲੋਂ ਕੀਤੀਆਂ ਵਧੀਕੀਆਂ ਬਾਰੇ ਗੱਜ ਕੇ ਬੋਲਦੇ, ਜਿਹੜੇ ਸੀ ਆਈ ਡੀ ਵਾਲੇ ਵਿੱਚ ਬੈਠੇ ਨੇ, ਉਹ ਵੀ ਨੋਟ ਕਰ ਲੈਣ!

ਇਹ ਉਹ ਦਿਨ ਸਨ ਜਦੋਂ ਪਿੰਡ ਵਿੱਚ ਇੱਕ ਸਿਪਾਹੀ ਵੇਖ ਲੈਂਦੇ ਤਾਂ ਲੋਕ ਡਰ ਜਾਂਦੇ; ਪਰ ਇਹ ਕੈਸੇ ਲੋਕ ਸਨ, ਜਿਨ੍ਹਾਂ ਦੀ ਖਲੜੀ ਵਿੱਚ ਕੋਈ ਡਰ-ਭੈਅ ਹੀ ਨਹੀਂ ਸੀ। ਸਿੱਧਾ ਸਰਕਾਰਾਂ ਨੂੰ ਵੰਗਾਰ ਰਹੇ ਸਨ। ਸੋਹਨ ਸਿੰਘ ਜੋਸ਼, ਕਾਮਰੇਡ ਅੱਛਰ ਸਿੰਘ ਛੀਨਾ ਅਤੇ ਦਲੀਪ ਸਿੰਘ ਟਪਿਆਲਾ ਤੇ ਹੋਰ ਲੀਡਰਾਂ ਦੀਆਂ ਤਕਰੀਰਾਂ ਹੋਸ਼ ਵੀ ਦਿੰਦੀਆਂ ਅਤੇ ਜੋਸ਼ ਵੀ।

ਮੈਨੂੰ ਕਮਿਊਨਿਸਟ ਚੰਗੇ ਲੱਗਣ ਲੱਗੇ। ਨਵਾਂ ਜ਼ਮਾਨਾ ਅਖ਼ਬਾਰ ਵਿਚ ਵੀ ਅਜਿਹੀਆਂ ਖ਼ਬਰਾਂ ਹੀ ਹੁੰਦੀਆਂ। ਲੋਕ ਭਲਾਈ ਦੀਆਂ, ਲੋਕ ਸੰਘਰਸ਼ਾਂ ਦੀਆਂ। ਜ਼ੁਲਮ ਵਿਰੁੱਧ ਡਟ ਜਾਣ ਦੀਆਂ। ਇਹ ਅਖ਼ਬਾਰ ਆਪਣੇ ਮਨ ਦੀ ਆਵਾਜ਼ ਲੱਗਦਾ। ਮੈਂ ਪਿੰਡ ਵਿੱਚ 'ਸ਼ਹੀਦ ਯਾਦਗਾਰ ਲਾਇਬ੍ਰੇਰੀ' ਬਣਾਈ ਤੇ ਉਸ ਵਿਚ ਅਜਿਹੀਆਂ ਅਖ਼ਬਾਰਾਂ-ਰਸਾਲੇ ਲਵਾਏ।

ਨਵਾਂ ਜ਼ਮਾਨਾ ਵਿਚ ਲਗਾਤਾਰ ਅਖ਼ਬਾਰ ਦੀ ਅਠਾਰ੍ਹਵੀਂ ਸਾਲ-ਗ੍ਰਹਿ ਮਨਾਏ ਜਾਣ ਦੀਆਂ ਖ਼ਬਰਾ ਲੱਗ ਰਹੀਆਂ ਸਨ। ਸਾਡੇ ਪਿੰਡ ਪਸ਼ੂਆਂ ਦੇ ਹਸਪਤਾਲ ਵਿੱਚ ਕੰਮ ਕਰਦਾ ਡਾਕਟਰ ਇੰਦਰ ਸਿੰਘ (ਗਾਇਕ ਤੇ ਕਲਾਕਾਰ ਅਮਰਿੰਦਰ ਗਿੱਲ ਦਾ ਪਿਤਾ) ਮੇਰਾ ਦੋਸਤ ਸੀ। ਨਵਾਂ ਜ਼ਮਾਨਾ ਦਾ ਮੇਰੇ ਵਾਂਗ ਪਾਠਕ ਤੇ ਕਦਰਦਾਨ। ਮੈਂ ਉਹਨੂੰ ਇਸ ਸਮਾਗਮ 'ਤੇ ਜਾਣ ਲਈ ਕਿਹਾ। ਉਸ ਕੋਲ ਰਾਜਦੂਤ ਮੋਟਰ ਸਾਈਕਲ ਸੀ। ਅਸੀਂ ਸਵੇਰ ਵੇਲੇ ਸਿਰ ਪਿੰਡੋਂ ਤੁਰ ਪਏ ਤੇ ਸਮਾਗਮ ਸ਼ੁਰੂ ਹੋਣ ਵੇਲੇ ਤੱਕ ਜਲੰਧਰ ਦੇ ਹੰਸ ਰਾਜ ਸਟੇਡੀਅਮ ਵਿਚ ਪਹੁੰਚ ਗਏ।

ਸ਼ਾਇਦ 1968 ਦੀਆਂ ਗਰਮੀਆਂ ਦਾ ਕੋਈ ਦਿਨ ਸੀ। ਹੰਸ ਰਾਜ ਸਟੇਡੀਅਮ ਦੇ ਅੰਦਰ-ਬਾਹਰ ਚਹਿਲ-ਪਹਿਲ ਸੀ। ਉਹ ਦਿਨ ਮੇਰੀ ਜ਼ਿੰਦਗੀ ਦੇ ਉਹਨਾਂ ਯਾਦਗਾਰੀ ਪਲਾਂ ਵਿੱਚੋਂ ਇੱਕ ਹੈ, ਜੋ ਸਮੇਂ ਦੀ ਧੁੰਦ ਵਿੱਚ ਕਿਤੇ ਦੂਰ ਲੁਕ ਗਿਆ ਹੈ, ਪਰ ਉਸ ਦੀ ਗਰਮੀ ਅਜੇ ਵੀ ਦਿਲ ਵਿੱਚ ਮਹਿਸੂਸ ਹੁੰਦੀ ਹੈ। ਜਦੋਂ ਮੈਂ ਉਹ ਸ਼ਾਮ ਯਾਦ ਕਰਦਾ ਹਾਂ ਤਾਂ ਸਭ ਤੋਂ ਪਹਿਲਾਂ ਹੰਸ ਰਾਜ ਸਟੇਡੀਅਮ ਦੀ ਰੌਣਕ ਅੱਖਾਂ ਅੱਗੇ ਤਰਦੀ ਹੈ- ਲੋਕਾਂ ਦੀ ਭੀੜ, ਮੰਚ 'ਤੇ ਲਾਲ ਬੈਨਰ, ਉੱਪਰ ਲੱਗੀਆਂ ਪੀਲੀਆਂ ਬੱਤੀਆਂ ਅਤੇ ਹਵਾ ਵਿੱਚ ਇੱਕ ਅਜਿਹਾ ਜੋਸ਼ ਜੋ ਸਿਰਫ਼ ਪ੍ਰਗਤੀਸ਼ੀਲ ਪੰਜਾਬੀ ਲਹਿਰ ਹੀ ਪੈਦਾ ਕਰ ਸਕਦੀ ਸੀ।

ਅਸੀਂ ਸਟੇਡੀਅਮ ਵਿੱਚ ਦਾਖ਼ਲ ਹੋਏ ਤਾਂ ਇੱਕ ਅਜਿਹਾ ਅਹਿਸਾਸ ਸੀ, ਜਿਵੇਂ ਅਸੀਂ ਕਿਸੇ ਵੱਡੇ ਇਤਿਹਾਸਕ ਪਲ ਦਾ ਹਿੱਸਾ ਬਣ ਰਹੇ ਹੋਈਏ। ਉਸ ਸਮੇਂ ਨਵਾਂ ਜ਼ਮਾਨਾ ਸਿਰਫ਼ ਇੱਕ ਅਖ਼ਬਾਰ ਨਹੀਂ ਸੀ-ਉਹ ਇੱਕ ਵਿਚਾਰ ਸੀ, ਇੱਕ ਲਹਿਰ ਸੀ, ਇੱਕ ਦੌਰ ਦੀ ਆਵਾਜ਼ ਸੀ ਅਤੇ ਉਸ ਆਵਾਜ਼ ਦੇ ਕੇਂਦਰ ਵਿੱਚ ਸਨ ਜਗਜੀਤ ਸਿੰਘ ਆਨੰਦ-ਅਖ਼ਬਾਰ ਦੇ ਮੁੱਖ ਸੰਪਾਦਕ, ਪ੍ਰਗਤੀਸ਼ੀਲ ਵਿਚਾਰਧਾਰਾ ਦਾ ਮਜ਼ਬੂਤ ਸਤੰਭ।

ਹੁਣ ਯਾਦ ਨਹੀਂ ਕਿਹੜੇ-ਕਿਹੜੇ ਕਮਿਊਨਿਸਟ ਲੇਖਕ ਤੇ ਆਗੂ ਨੇ ਸੰਬੋਧਨ ਕੀਤਾ, ਪਰ ਏਨਾ ਯਾਦ ਹੈ ਕਿ ਜਦ ਵੀ ਕੋਈ ਬੋਲਦਾ ਤਾੜੀਆਂ ਨਾਲ ਵਾਰ ਵਾਰ ਹਾਲ ਗੂੰਜਦਾ। ਤਾੜੀਆਂ ਤੋਂ ਬਾਅਦ ਸਟੇਡੀਅਮ ਵਿੱਚ ਇੱਕ ਖਾਸ ਕਿਸਮ ਦੀ ਖਾਮੋਸ਼ੀ ਛਾ ਜਾਂਦੀ। ਉਹ ਖਾਮੋਸ਼ੀ ਜੋ ਸਤਿਕਾਰ ਨਾਲ ਭਰੀ ਹੁੰਦੀ ਹੈ। ਬੋਲਣ ਵਾਲਿਆਂ ਦੀ ਗੱਲਬਾਤ ਵਿੱਚ ਇੱਕ ਸਾਦਗੀ ਸੀ, ਪਰ ਉਸ ਸਾਦਗੀ ਵਿੱਚ ਹੀ ਤਾਕਤ ਸੀ। ਉਹ ਬੋਲਦੇ ਨਹੀਂ ਸਨ-ਉਹ ਸਮੇਂ ਦੀ ਧੜਕਣ ਨੂੰ ਸ਼ਬਦਾਂ ਵਿੱਚ ਬੁਣਦੇ ਸਨ।

ਹੁਣ ਯਾਦ ਨਹੀਂ ਕਿ ਕਿਸ ਨੇ ਇਹ ਗੱਲ ਆਖੀ, ਪਰ ਗੱਲ ਯਾਦ ਹੈ। ਉਸ ਆਖਿਆ, ਅੱਜ ਨਵਾਂ ਜ਼ਮਾਨਾ ਅਠਾਰਾਂ ਵਰ੍ਹਿਆਂ ਦੀ ਮੁਟਿਆਰ ਹੋ ਗਈ ਹੈ। ਵਿਆਹੁਣ ਯੋਗ ਹੋ ਗਈ ਏ!

ਹਾਲ ਹਾਸੇ ਨਾਲ ਗੂੰਜ ਪਿਆ। ਲੋਕਾਂ ਨੇ ਬੜੀਆਂ ਤਾੜੀਆਂ ਮਾਰੀਆਂ। ਜਿਨ੍ਹਾਂ ਕਲਾਕਾਰਾਂ ਨੇ ਉਸ ਦਿਨ ਬੁਲਾਰਿਆਂ ਦੇ ਬੋਲਣ ਵਿੱਚ ਮਿਲੇ ਵਕਫ਼ੇ ਨੂੰ ਆਪਣੀ ਕਲਾ ਨਾਲ ਸ਼ਿੰਗਾਰਿਆ, ਉਹਨਾਂ ਵਿਚੋਂ ਇਸ ਵੇਲੇ ਜਗਜੀਤ ਜ਼ੀਰਵੀ ਤੇ ਰੰਜਨਾ ਦੇ ਨਾਂਅ ਯਾਦ ਆ ਰਹੇ ਨੇ। ਉਨ੍ਹਾਂ ਦੀ ਆਵਾਜ਼ ਵਿੱਚ ਇੱਕ ਅਜਿਹਾ ਲਹਿਰਦਾਰ ਸੁਰ ਸੀ, ਜੋ ਸਿੱਧਾ ਦਿਲ ਵਿੱਚ ਉਤਰਦਾ ਸੀ। ਉਹ ਗੀਤ, ਉਹ ਤਰੰਗ, ਜਿਵੇਂ ਮੰਚ ਤੋਂ ਉੱਡ ਕੇ ਸਿੱਧੇ ਸਾਡੇ ਅੰਦਰ ਵੱਸ ਰਹੀ ਹੋਵੇ। ਉਨ੍ਹਾਂ ਦੇ ਗੀਤਾਂ ਵਿੱਚ ਮਜ਼ਦੂਰਾਂ ਦੀ ਧੜਕਣ ਸੀ, ਧਰਤੀ ਦੀ ਮਿੱਟੀ ਦੀ ਖੁਸ਼ਬੂ ਸੀ ਅਤੇ ਨੌਜਵਾਨੀ ਦੀ ਬਗਾਵਤ ਸੀ।

ਜ਼ੀਰਵੀ ਦੇ ਬਾਅਦ ਰੰਜਨਾ ਨੇ ਮੰਚ ਸੰਭਾਲਿਆ। ਉਹਦੀ ਗਾਇਕੀ ਵਿੱਚ ਇੱਕ ਸਾਦਗੀ ਸੀ, ਪਰ ਉਹ ਸਾਦਗੀ ਹੀ ਸਭ ਤੋਂ ਵੱਡੀ ਤਾਕਤ ਸੀ। ਸੁਰਾਂ ਵਿੱਚ ਇੱਕ ਅੰਦਰੂਨੀ ਅੱਗ ਸੀ-ਉਹ ਅੱਗ ਜੋ ਉਸ ਸਮੇਂ ਦੇ ਪ੍ਰਗਤੀਸ਼ੀਲ ਲਹਿਰ ਦੀ ਪਹਿਚਾਣ ਸੀ।

ਉਹਨਾਂ ਨੇ ਰਾਤ ਨੂੰ ਹੋਏ ਸੱਭਿਆਚਾਰਕ ਪ੍ਰੋਗਰਾਮ ਵਿੱਚ ਵੀ ਸ਼ਾਨਦਾਰ ਗੀਤ ਗਾਏ। ਰੰਜਨਾ ਦਾ ਇੱਕ ਗੀਤ ਅੱਜ ਵੀ ਯਾਦ ਹੈ-

ਮੇਰੇ ਖਾਲੀ ਖਾਲੀ ਨੈਣ
ਡਾਢੇ ਚੁੱਪ ਚੁੱਪ ਰਹਿਣ
ਮੇਰਾ ਮਾਹੀ ਘਰ ਹੋਵੇ
ਤਾਂ ਪੁਆੜੇ ਕਾਹਨੂੰ ਪੈਣ

ਮੈਂ ਉਹ ਸ਼ਾਮ ਅਜੇ ਵੀ ਮਹਿਸੂਸ ਕਰ ਸਕਦਾ ਹਾਂ-ਲੋਕਾਂ ਦੀਆਂ ਤਾੜੀਆਂ, ਹਵਾ ਵਿੱਚ ਉੱਡਦੇ ਨਾਅਰੇ, ਮੰਚ ਤੋਂ ਉਤਰਦੀ ਰੌਸ਼ਨੀ ਅਤੇ ਮੇਰੇ ਦਿਲ ਵਿੱਚ ਇੱਕ ਅਜਿਹਾ ਅਹਿਸਾਸ ਕਿ ਮੈਂ ਇੱਕ ਯੁੱਗ ਦੀ ਧੜਕਣ ਦੇ ਬਿਲਕੁਲ ਨੇੜੇ ਬੈਠਾ ਹਾਂ। ਉਹ ਸਿਰਫ਼ ਇੱਕ ਸਮਾਗਮ ਨਹੀਂ ਸੀ, ਉਹ ਇੱਕ ਦੌਰ ਦੀ ਆਵਾਜ਼ ਸੀ। ਉਹ ਪੰਜਾਬੀ ਪ੍ਰਗਤੀਸ਼ੀਲਤਾ ਦਾ ਤਿਉਹਾਰ ਸੀ। ਉਹ ਮੇਰੀ ਜਵਾਨੀ ਦੀ ਇੱਕ ਅਮਰ ਯਾਦ ਸੀ। ਹੁਣ ਭਾਵੇਂ ਸਮੇਂ ਦੀ ਧੂੜ ਵਿੱਚ ਯਾਦ ਵਿੱਚੋਂ ਸਭ ਕੁਝ ਗਵਾਚ ਗਿਆ ਹੈ, ਪਰ ਇੱਕ ਰੌਸ਼ਨ ਜਿਹਾ ਅਹਿਸਾਸ ਅੱਜ ਵੀ ਮਨ ਵਿੱਚ ਲਿਸ਼ਕ ਰਿਹਾ ਹੈ।

ਸੰਪਰਕ : 98726-02296

**2 ਜੂਨ 1956**
ਨੂੰ 'ਨਵਾਂ ਜ਼ਮਾਨਾ' ਦਾ ਪੰਜਾਬੀ 'ਚ ਪਹਿਲਾ ਅੰਕ ਪ੍ਰਕਾਸ਼ਤ



**1990**
ਦਾ ਦਹਾਕਾ ਰੰਗੀਨ ਛਪਾਈ ਦੀ ਸ਼ੁਰੂਆਤ, ਪੇਜ ਡਿਜ਼ਾਇਨ 'ਚ ਹੋਰ ਕੁਆਲਟੀ



**22 ਜੂਨ 2002**
50 ਸਾਲ ਪੂਰੇ ਹੋਣ 'ਤੇ ਗੋਲਡਨ ਜੁਬਲੀ ਸਮਾਗਮ



**29 ਜੁਲਾਈ 2009**
ਵੈੱਬਸਾਈਟ ਦੀ ਸ਼ੁਰੂਆਤ, ਡਿਜੀਟਲ ਦੁਨੀਆ 'ਚ ਦਾਖ਼ਲਾ



**2022**
70 ਸਾਲ ਪੂਰੇ ਹੋਣ 'ਤੇ ਵਿਸ਼ੇਸ਼ ਯਾਦਗਾਰੀ ਅੰਕ ਪ੍ਰਕਾਸ਼ਤ



**2026**
ਨਵਾਂ ਜ਼ਮਾਨਾ
ਭਰੋਸੇਯੋਗਤਾ ਦੀ ਪ੍ਰੰਪਰਾ
ਨਵੀਂ ਸੋਚ ਨਾਲ
ਭਵਿੱਖ ਵੱਲ ਇੱਕ ਕਦਮ







'ਨਯਾ ਜ਼ਮਾਨਾ' 1952 'ਚ ਉਰਦੂ ਤੋਂ 1956 'ਚ 'ਨਵਾਂ ਜ਼ਮਾਨਾ' ਪੰਜਾਬੀ ਹੋ ਗਿਆ

# 'ਨਵਾਂ ਜ਼ਮਾਨਾ'

## ਅਤੀਤ, ਵਰਤਮਾਨ ਅਤੇ ਭਵਿੱਖ 'ਚ ਵੀ ਤੁਹਾਡੇ ਨਾਲ



# ਨਿਕੰਮੀ ਵਿਰੋਧੀ ਧਿਰ ਤੇ ਕੀਤੇ ਹੋਏ ਕੰਮਾਂ ਆਸਰੇ ਜਿੱਤੀ ਜਾਂਦੀ ਹੈ ਮਾਨ ਸਰਕਾਰ

ਇਸ ਵਾਰੀ ਹੱਦੋਂ ਵੱਧ ਨੀਝ ਨਾਲ ਸ਼ਹਿਰੀ ਚੋਣਾਂ ਦੇ ਜਿਨ੍ਹਾਂ ਨਤੀਜਿਆਂ ਦੀ ਉਡੀਕ ਕੀਤੀ ਜਾ ਰਹੀ ਸੀ, ਉਹ ਆਏ ਤਾਂ ਜਿਨ੍ਹਾਂ ਦੀ ਆਸ ਮੁਤਾਬਕ ਨਹੀਂ ਨਿਕਲੇ, ਉਹ ਹਰ ਵਾਰ ਵਾਂਗ ਅਗੇਤੇ ਘੜੇ ਬਹਾਨਿਆਂ ਨਾਲ ਆਪਣਾ ਪੱਲਾ ਛੁਡਾਉਣ ਦੇ ਯਤਨ ਕਰਦੇ ਨਜ਼ਰ ਆਉਂਦੇ ਹਨ। ਹਕੀਕਤ ਇਹ ਹੈ ਕਿ ਜਿਹੜੇ ਲੋਕ ਇਹ ਸੋਚਦੇ ਸਨ ਕਿ ਇਸ ਵੇਲੇ ਪੰਜਾਬ ਵਿੱਚ ਰਾਜ ਕਰਦੀ ਪਾਰਟੀ ਠੀਕ ਨਹੀਂ ਚੱਲ ਰਹੀ, ਇਸ ਨੇ ਵਾਅਦੇ ਪੂਰੇ ਨਹੀਂ ਕੀਤੇ ਅਤੇ ਸਵੱਛ ਰਾਜ ਦੇਣ ਤੋਂ ਵੀ ਨਾ ਸਿਰਫ ਨਾਕਾਮ ਹੋਈ, ਸਗੋਂ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਨ ਵਿੱਚ ਪਿਛਲੇ ਸਭ ਹਾਕਮਾਂ ਨੂੰ ਪਛਾੜ ਗਈ ਹੈ, ਆਪਸੀ ਗੱਲਬਾਤ ਵਿੱਚ ਉਹ ਵੀ ਮੰਨਦੇ ਸਨ ਕਿ ਜਿੱਤਣਾ ਫਿਰ ਏਸੇ ਪਾਰਟੀ ਨੇ ਹੈ। ਇਸ ਦਾ ਕਾਰਨ ਉਹ ਕਈ ਪਿਛਲੀਆਂ ਚੋਣਾਂ ਦੇ ਤਜਰਬੇ ਤੇ ਅਜੋਕੀ ਰਾਜਨੀਤਕ ਸਥਿਤੀ ਦੇ ਪੱਖੋਂ ਇਹ ਦੱਸਦੇ ਸਨ ਕਿ ਇਹ ਪਾਰਟੀ ਤਦੇ ਹਾਰੇਗੀ, ਜੇ ਕੋਈ ਇਸ ਨੂੰ ਹਰਾਉਣ ਵਾਲਾ ਬਦਲ ਪੇਸ਼ ਹੋਵੇਗਾ। ਆਮ ਆਦਮੀ ਪਾਰਟੀ ਨੂੰ ਗੱਦੀਉਂ ਲਾਹੁਣ ਵਾਲੀ ਸਮੁੱਚੀ ਵਿਰੋਧੀ ਧਿਰ ਦੀ ਹਾਲਤ ਇਹ ਹੈ ਕਿ ਇਨ੍ਹਾਂ ਵਿੱਚੋਂ ਕੋਈ ਉਸ ਦਾ ਬਦਲ ਨਹੀਂ ਦਿੱਸਦਾ। ਜਿਹੜੇ ਜ਼ੋਰ ਨਾਲ ਕਹਿੰਦੇ ਸਨ ਕਿ ਉਹ ਇਸ ਪਾਰਟੀ ਦਾ ਬਦਲ ਬਣਨ ਵਾਲੇ ਹਨ, ਉਹ ਇਹ ਵੀ ਕਹਿੰਦੇ ਸਨ ਕਿ ਉਨ੍ਹਾਂ ਕੋਲ ਕੋਈ ਲਾਲ ਡਾਇਰੀ ਹੈ, ਜਿਸ ਵਿੱਚ ਰਾਜ ਕਰ ਰਹੀ ਅਜੋਕੀ ਧਿਰ ਦੇ ਸਾਰੇ ਗੁਨਾਹ ਲਿਖੇ ਪਏ ਹਨ ਅਤੇ ਚੋਣਾਂ ਵਿੱਚ ਲੋਕਾਂ ਮੂਹਰੇ ਰੱਖ ਕੇ ਸਭ ਨੂੰ ਹੈਰਾਨ ਕਰ ਦੇਣਗੇ। ਉਹ ਏਦਾਂ ਦਾ ਕੋਈ ਤੀਰ ਨਹੀਂ ਚਲਾ ਸਕੇ, ਇੱਕ ਠੁੱਸ ਪਟਾਕਾ ਜਿਹਾ ਨਿਕਲੇ ਹਨ। ਇਨ੍ਹਾਂ ਦੇ ਨਾਲ ਜਿਹੜੇ ਦੂਸਰੇ ਇਹ ਮੰਨ ਬੈਠੇ ਸਨ ਕਿ ਕੇਂਦਰ ਵਾਲੀਆਂ ਏਜੰਸੀਆਂ ਦਾ ਦਬਾਅ ਵਧਾ ਕੇ ਇਸ ਪਾਰਟੀ ਨੂੰ ਪੈਰਾਂ ਤੋਂ ਕੱਢ ਦੇਣਗੇ, ਉਹ ਛਾਪੇ ਮਾਰਨ ਨਾਲ ਓਨਾ ਨੁਕਸਾਨ ਆਮ ਆਦਮੀ ਪਾਰਟੀ ਦਾ ਨਹੀਂ ਸਨ ਕਰ ਸਕੇ, ਜਿੰਨਾ ਇਸ ਨਾਲ ਲੋਕਾਂ ਵਿੱਚ ਆਪਣੇ ਬਾਰੇ ਗਲਤ ਤਰੀਕੇ ਵਰਤਣ ਵਾਲੀ ਇੱਕ ਖਾਸ ਧਿਰ ਮੰਨੇ ਜਾਣ ਦਾ ਪ੍ਰਭਾਵ ਪੈਦਾ ਕਰ ਬੈਠੇ ਹਨ। ਸਾਰੇ ਦੇਸ਼ ਦੀ ਅਜੋਕੀ ਰਾਜਨੀਤੀ ਦੇ ਵਹਿਣ ਵਿੱਚ ਪੰਜਾਬ ਦੇ ਸ਼ਹਿਰੀ ਚੋਣਾਂ ਦੇ ਨਤੀਜੇ ਅਜੇ ਤੱਕ ਦਾ ਨਿਵੇਕਲਾ ਪ੍ਰਭਾਵ ਦੇਣ ਵਾਲੇ ਨਿਕਲੇ ਜਾਪਦੇ ਹਨ।

ਸਥਿਤੀ ਬਾਰੇ ਇਹ ਮੰਨ ਲੈਣ ਤੋਂ ਕਿਸੇ ਨੂੰ ਝਿਜਕ ਨਹੀਂ ਚਾਹੀਦੀ ਕਿ ਆਮ ਆਦਮੀ ਪਾਰਟੀ ਨੇ ਇਸ ਵਾਰੀ ਇਹ ਚੋਣਾਂ ਬੜੀ ਅਣਸੁਖਾਵੀਂ ਸਥਿਤੀ ਵਿੱਚ ਲੜੀਆਂ ਅਤੇ ਜਿੱਤੀਆਂ ਹਨ। ਸਰਕਾਰੀ ਮਸ਼ੀਨਰੀ ਦਾ ਦੋਸ਼ ਪੰਜਾਬ ਸਰਕਾਰ ਦੇ ਸਿਰ ਲਾਇਆ ਜਾਂਦਾ ਸੀ, ਪਰ ਜਿੱਦਾਂ ਕੇਂਦਰ ਦੀਆਂ ਏਜੰਸੀਆਂ ਪੰਜਾਬ ਵਿੱਚ ਸ਼ਿਕਾਰ ਖੇਡਣ ਵਾਂਗ ਚੁਣਵੇਂ ਨਿਸ਼ਾਨੇ ਮਿਥ ਕੇ ਛਾਪੇ ਮਾਰਨ ਦਾ ਕੰਮ ਇਨ੍ਹਾਂ ਚੋਣਾਂ ਦੌਰਾਨ ਵੀ ਕਰੀ ਗਈਆਂ, ਉਨ੍ਹਾਂ ਦੇ ਨਾਲ ਵੋਟਰਾਂ ਵਿੱਚ ਇਹ ਪ੍ਰਭਾਵ ਕਿਧਰੇ ਨਹੀਂ ਬਣ ਸਕਿਆ ਕਿ ਇਹ ਸਰਕਾਰ ਬੜੀ ਮਾੜੀ ਹੈ ਅਤੇ ਇਸ ਕਾਰਨ ਬਦਲ ਦੇਣੀ ਬਣਦੀ ਹੈ। ਖਰੜ ਵਿੱਚ ਇੱਕ ਛਾਪਾ ਪਿਆ ਤਾਂ ਪਹਿਲੀ ਖਬਰ ਨਾਲ ਇਹ ਉਚੇਚੀ ਗੱਲ ਫੈਲਾਈ ਗਈ ਕਿ ਜਿਸ ਘਰ ਵਿੱਚ ਛਾਪਾ ਪਿਆ ਹੈ, ਉਸ ਦੇ ਸੰਬੰਧ ਮੁੱਖ ਮੰਤਰੀ ਦੇ ਇੱਕ ਨੇੜਲੇ ਅਹਿਲਕਾਰ ਨਾਲ ਹਨ, ਪਰ ਇਹ ਗੱਲ ਸ਼ਾਮ ਤੱਕ ਵੀ ਨਹੀਂ ਚੱਲੀ। ਫਿਰ ਦੂਜੀ ਅਫਵਾਹ ਨਹੀਂ, ਸਗੋਂ ਕੇਂਦਰੀ ਜਾਂਚ ਏਜੰਸੀ ਨੇ ਆਪਣੇ ਬਿਆਨ ਵਿੱਚ ਲਿਖ ਕੇ ਇਹ ਸ਼ੋਸ਼ਾ ਛੱਡ ਦਿੱਤਾ ਕਿ ਜਿਹੜੇ ਦੂਸਰੇ ਕਾਰੋਬਾਰੀ ਵਿਰੁੱਧ ਛਾਪਾ ਪਿਆ ਹੈ, ਉਹ ਆਮ ਆਦਮੀ ਪਾਰਟੀ ਦੇ ਇੱਕ ਸੀਨੀਅਰ ਮੰਤਰੀ ਦਾ ਨੇੜੂ ਹੈ। ਉਸ ਮੰਤਰੀ ਨੇ ਖੜੇ ਪੈਰ ਬਿਆਨ ਦੇ ਕੇ ਕਿਹਾ ਕਿ ਉਹ ਕਿਸੇ ਦੋਸਤ ਨੂੰ ਮੁਸ਼ਕਲ ਵਿੱਚ ਵੇਖ ਕੇ ਸੰਬੰਧਾਂ ਤੋਂ ਇਨਕਾਰ ਕਰਨ ਦਾ ਆਦੀ ਨਹੀਂ, ਸੰਬੰਧ ਹਨ ਅਤੇ ਇਹ ਅੱਗੋਂ ਵੀ ਰਹਿਣਗੇ, ਜਾਂਚ ਏਜੰਸੀ ਆਪਣਾ ਕੰਮ ਕਰਦੀ ਹੈ ਤਾਂ ਕਰੀ ਜਾਵੇ। ਪੰਜਾਬ ਦੇ ਲੋਕਾਂ ਨੂੰ ਅਗਲੇ ਦਿਨੀਂ ਇਹੋ ਜਿਹੀ ਕੋਈ ਗੱਲ ਮੀਡੀਏ ਦੇ ਕਿਸੇ ਇੱਕ ਵੀ ਹਿੱਸੇ ਵਿੱਚ ਪੜ੍ਹਨ ਜਾਂ ਸੁਣਨ ਦਾ ਸਬੱਬ ਨਹੀਂ ਮਿਲ ਸਕਿਆ ਕਿ ਉਸ ਮੰਤਰੀ ਦਾ ਏਦਾਂ ਦੇ ਕਾਰੋਬਾਰ ਨਾਲ ਕਿਸੇ ਕਿਸਮ ਦਾ ਕੋਈ ਸੰਬੰਧ ਕੇਂਦਰੀ ਜਾਂਚ ਏਜੰਸੀ ਨੂੰ ਲੱਭ ਗਿਆ ਹੈ ਅਤੇ ਮੰਤਰੀ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ। ਫਿਰ ਇਹ ਸ਼ੁਰਲੀ ਛੱਡਣ ਦਾ ਕੀ ਅਰਥ ਸੀ, ਕੋਈ ਵੀ ਸਮਝ ਨਹੀਂ ਸਕਿਆ ਤੇ ਲੋਕਾਂ ਵਿੱਚ ਇਹੋ ਜਿਹਾ ਪ੍ਰਭਾਵ ਬਣਦਾ ਗਿਆ ਕਿ ਸਿਰਫ ਬਦਨਾਮ ਕਰਨ ਦੀਆਂ ਖੇਡਾਂ ਲੱਗਦੀਆਂ ਹਨ। ਏਦਾਂ ਦੇ ਬੇਲੋੜੇ ਹੱਥਕੰਡੇ ਵਰਤਣ ਦਾ ਪੱਛਮੀ ਬੰਗਾਲ ਦਾ ਤਜਰਬਾ ਹਾਲ ਦੀ ਘੜੀ ਪੰਜਾਬ ਵਿੱਚ ਕਾਮਯਾਬ ਨਹੀਂ ਹੋ ਸਕਿਆ।

ਅਸੀਂ ਇਹ ਗੱਲ ਕਈ ਵਾਰੀ ਕਹੀ ਅਤੇ ਲਿਖੀ ਹੋਈ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦਾ ਬਦਲ ਬਣ ਸਕਦੀ ਹੈ ਤਾਂ ਮੌਜੂਦਾ ਹਾਲਾਤ ਵਿੱਚ ਇਹ ਸਮਰੱਥਾ ਸਿਰਫ ਕਾਂਗਰਸ ਕੋਲ ਹੈ, ਪਰ ਉਹ ਬੁਰੀ ਤਰ੍ਹਾਂ ਆਪਸੀ ਮੱਤਭੇਦਾਂ ਵਿੱਚ ਉਲਝੀ ਲੀਡਰਸ਼ਿਪ ਦੇ ਕਾਰਨ ਸਿੱਟੇ ਕੱਢਦੀ ਨਹੀਂ ਜਾਪਦੀ। ਇਸ ਵਾਰੀ ਫਿਰ ਉਹੀ ਹੋਇਆ ਹੈ, ਜਿਹੜਾ ਪਹਿਲਾਂ ਲੁਧਿਆਣੇ ਪੱਛਮੀ ਵਿਧਾਨ ਸਭਾ ਹਲਕੇ ਦੀ ਉੱਪ ਚੋਣ ਜਾਂ ਤਰਨ ਤਾਰਨ ਦੀ ਵਿਧਾਨ ਸਭਾ ਉੱਪ ਚੋਣ ਵਿੱਚ ਹੁੰਦਾ ਲੋਕਾਂ ਨੇ ਵੇਖਿਆ ਸੀ। ਦੋਵੀਂ ਥਾਂਈਂ ਲੀਡਰਾਂ ਦੇ ਦੋ ਨਹੀਂ, ਕਈ-ਕਈ ਧੜੇ ਇੱਕ-ਦੂਜੇ ਨਾਲ ਹੱਥ ਜਾਂ ਅੱਖ ਮਿਲਾਏ ਬਿਨਾਂ ਤੁਰੇ ਫਿਰਦੇ ਸਨ ਤੇ ਕਈ ਵਾਰੀ ਇੱਕ-ਦੂਸਰੇ ਨੂੰ ਫਸਾਉਣ ਵਾਲੇ ਬਿਆਨ ਨਾ ਸਿਰਫ ਦਾਗਦੇ ਸਨ, ਸਗੋਂ ਮੀਡੀਏ ਵਿੱਚ ਕੋਈ ਮੌਕਾ ਬਣ ਸਕਦਾ ਹੋਵੇ ਤਾਂ ਉਸ ਨੂੰ ਵੀ ਸ਼ਹਿ ਦੇਣ ਲੱਗ ਜਾਂਦੇ ਹੁੰਦੇ ਸਨ। ਸਾਨੂੰ ਮੀਡੀਏ ਵਿੱਚੋਂ ਏਦਾਂ ਦੀਆਂ ਗੱਲਾਂ ਸੁਣਨ ਨੂੰ ਲਗਾਤਾਰ ਮਿਲਦੀਆਂ ਸਨ ਤਾਂ ਅਸੀਂ ਸ਼ਹਿਰੀ ਚੋਣਾਂ ਦੀ ਵੋਟਿੰਗ ਤੋਂ ਕੁਝ ਦਿਨ ਪਹਿਲਾਂ ਕਹਿ ਦਿੱਤਾ ਸੀ ਕਿ ਇਹ ਇਸ ਵਕਤ ਕਾਫੀ ਚੰਗੇ ਨਤੀਜੇ ਦੇ ਸਕਦੇ ਹਨ, ਪਰ ਦੇਣਗੇ ਇਸ ਕਰ ਕੇ ਨਹੀਂ ਕਿ ਇਹ ਇੱਕ-ਦੂਸਰੇ ਵਿਰੁੱਧ ਗੋਲ ਦਾਗਣ ਲਈ ਵੱਧ ਸਰਗਰਮ ਹਨ, ਪਾਰਟੀ ਦਾ ਅਤੇ ਆਪਣਾ ਅਕਸ ਨਿਖਾਰਨ ਦੀ ਚਿੰਤਾ ਕਿਸੇ ਨੂੰ ਨਹੀਂ ਲੱਗਦੀ।

ਕਾਂਗਰਸ ਪਾਰਟੀ ਵਾਲਿਆਂ ਦੀਆਂ ਇਨ੍ਹਾਂ ਆਪਸੀ ਖਹਿਬੜਾਂ,

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਸਗੋਂ ਦੁਸ਼ਮਣੀਆਂ ਨੇ ਇਨ੍ਹਾਂ ਦਾ ਹਰਿਆਣੇ ਤੇ ਉਸ ਤੋਂ ਪਹਿਲਾਂ ਤਿੰਨ ਵਾਰ ਸਰਕਾਰ ਚਲਾ ਚੁੱਕੇ ਆਸਾਮ ਵਿੱਚ ਬੇੜਾ ਬਹਾਇਆ ਪਿਆ ਹੈ, ਛੱਤੀਸਗੜ੍ਹ ਜਾਂ ਰਾਜਸਥਾਨ ਵਿੱਚ ਇਹੋ ਕੁਝ ਕਰ ਕੇ ਸੜਕਾਂ ਉੱਤੇ ਘੁੰਮਦੇ ਫਿਰਦੇ ਹਨ, ਇਹ ਹੀ ਪੰਜਾਬ ਵਿੱਚ ਕਰਦੇ ਪਏ ਹਨ। ਇਨ੍ਹਾਂ ਦੀ ਪਾਰਟੀ ਹਾਈ ਕਮਾਂਡ ਕਦੀ ਬੜੀ ਤਾਕਤਵਰ ਹੁੰਦੀ ਸੀ ਤੇ ਰਾਜਾਂ ਦੇ ਕਾਂਗਰਸੀ ਆਗੂ ਉਸ ਦੇ ਦਬਕੇ ਤੋਂ ਡਰਦੇ ਨਾ ਸਿਰਫ ਜਨਤਕ ਤੌਰ ਉੱਤੇ, ਸਗੋਂ ਆਪੋ ਵਿੱਚ ਗੱਲ ਕਰਦੇ ਵੀ ਤ੍ਰਹਿਕਦੇ ਹੁੰਦੇ ਸਨ ਕਿ ਗੱਲ ਹਾਈ ਕਮਾਂਡ ਨੂੰ ਕਿਸੇ ਨੇ ਪੁੱਜਦੀ ਕਰ ਦਿੱਤੀ ਤਾਂ ਉਸ ਦਾ ਕਹਿਰ ਝੱਲਿਆ ਨਹੀਂ ਜਾਣਾ। ਅੱਜਕੱਲ੍ਹ ਇਹ ਹਾਲਤ ਹੈ ਕਿ ਹਾਈ ਕਮਾਂਡ ਮੂਹਰੇ ਏਦਾਂ ਦੀ ਦੂਸ਼ਣਬਾਜ਼ੀ ਕੀਤੀ ਜਾਂਦੀ ਹੈ ਕਿ ਕਿਸੇ ਦੀ ਕੋਈ ਪ੍ਰਵਾਹ ਹੀ ਨਹੀਂ ਦਿੱਸਦੀ। ਪੰਜਾਬ ਵਿੱਚ ਇਸ ਵਾਰ ਜਦੋਂ ਸ਼ਹਿਰੀ ਚੋਣਾਂ ਦੇ ਨਤੀਜੇ ਆ ਰਹੇ ਸਨ, ਕਾਂਗਰਸ ਹਾਈ ਕਮਾਂਡ ਓਦੋਂ ਪੰਜਾਬ ਦੇ ਕਾਂਗਰਸ ਲੀਡਰਾਂ ਨੂੰ ਦਿੱਲੀ ਬੁਲਾ ਕੇ ਮੀਟਿੰਗ ਲਾਈ ਬੈਠੀ ਅਤੇ ਸਿਰ ਜੋੜ ਕੇ ਚੱਲਣ ਲਈ ਸਮਝਾ ਰਹੀ ਸੀ। ਅਖਬਾਰਾਂ ਦੀਆਂ ਰਿਪੋਰਟਾਂ ਕਹਿੰਦੀਆਂ ਹਨ ਕਿ ਉਨ੍ਹਾਂ ਦੀ ਹਾਜ਼ਰੀ ਵਿੱਚ ਇੱਕ-ਦੂਸਰੇ ਉੱਤੇ ਉਂਗਲਾਂ ਚੁੱਕਣ ਦਾ ਦੌਰ ਓਥੇ ਇਹੋ ਜਿਹਾ ਸ਼ੁਰੂ ਹੋਇਆ ਕਿ ਹਾਈ ਕਮਾਂਡ ਕਿਸੇ ਵੀ ਸਿਰੇ ਗੱਲ ਲਾਉਣ ਤੋਂ ਬਗੈਰ ਇਸ ਲਈ ਉੱਠ ਗਈ ਕਿ ਪੰਜਾਬ ਦੇ ਲੀਡਰ ਉੱਠਣੇ ਸ਼ੁਰੂ ਹੋ ਗਏ ਸਨ। ਪੰਜਾਬ ਵਿਧਾਨ ਸਭਾ ਅੰਦਰ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਜਦੋਂ ਚੱਲਦੀ ਮੀਟਿੰਗ ਵਿੱਚੋਂ ਬਾਹਰ ਆ ਗਏ ਤੇ ਮੀਡੀਏ ਵਾਲਿਆਂ ਵੱਲੋਂ ਪੁੱਛੇ ਸਵਾਲਾਂ ਦਾ ਕੋਈ ਜਵਾਬ ਵੀ ਨਾ ਦਿੱਤਾ ਤਾਂ ਇਹੋ ਗੱਲ ਪਿੱਛੋਂ ਹਾਈ ਕਮਾਂਡ ਦੀ ਪ੍ਰੈੱਸ ਕਾਨਫਰੰਸ ਵਿੱਚ ਪੁੱਛੀ ਜਾਣ ਲੱਗ ਪਈ, ਪਰ ਹਾਈ ਕਮਾਂਡ ਵੀ ਕੋਈ ਸਪੱਸ਼ਟ ਕਾਰਨ ਨਹੀਂ ਸੀ ਦੱਸ ਸਕੀ। ਨਤੀਜਾ ਇਹ ਨਿਕਲਿਆ ਕਿ ਜਿਹੋ ਜਿਹੇ ਪੰਜਾਬ ਦੇ ਲੀਡਰ ਦਿੱਲੀ ਨੂੰ ਗਏ ਸਨ, ਉਸੇ ਤਰ੍ਹਾਂ ਦੇ ਸੁੱਚੇ ਮੂੰਹ ਵਾਪਸ ਆ ਗਏ ਤੇ ਲੋਕਾਂ ਵਿੱਚ ਪ੍ਰਭਾਵ ਹੋਰ ਜ਼ਿਆਦਾ ਪੱਕਾ ਹੋ ਗਿਆ ਕਿ ਇਹ ਰਾਜ ਕਰਨ ਨਾਲੋਂ ਵੱਧ ਪਹਿਲ ਆਪੋ-ਆਪਣੀ ਚੌਧਰ ਵਾਸਤੇ ਲੜਦੇ ਰਹਿਣ ਨੂੰ ਦੇਂਦੇ ਹਨ।

ਦੂਸਰਾ ਪੱਖ ਇਹ ਹੈ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਨੂੰ ਸਿਰਫ ਛੋਟਾਂ ਨਹੀਂ ਦਿੱਤੀਆਂ, ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਰਿਉੜੀਆਂ ਵੰਡਣਾ ਕਹਿੰਦੇ ਹਨ, ਸਗੋਂ ਕੁਝ ਏਹੋ ਜਿਹੇ ਕੰਮ ਕੀਤੇ ਹਨ, ਜਿਹੜੇ ਪਿਛਲੀ ਕਿਸੇ ਸਰਕਾਰ ਨੇ ਕਦੇ ਨਹੀਂ ਸਨ ਕੀਤੇ। ਮਾਲਵੇ ਦੇ ਬਠਿੰਡਾ, ਮੁਕਤਸਰ ਇਲਾਕਿਆਂ ਦੇ ਲੋਕਾਂ ਨੂੰ ਪੁੱਛੋ ਤਾਂ ਸਾਫ ਕਹਿੰਦੇ ਹਨ ਕਿ ਨਹਿਰਾਂ ਵਿੱਚ ਚਿਰਾਂ ਤੋਂ ਪਾਣੀ ਨਹੀਂ ਸੀ ਆਇਆ, ਟੇਲਾਂ ਤੱਕ ਏਸੇ ਰਾਜ ਵਿੱਚ ਪੁੱਜਾ ਹੈ। ਹਰਿਆਣੇ ਵਿਰੁੱਧ ਪੰਜਾਬ ਦੇ ਪਾਣੀਆਂ ਦੀ ਲੜਾਈ ਵਿੱਚ ਜਮਨਾ ਅਤੇ ਘੱਗਰ ਦੇ ਪਾਣੀ ਸ਼ਾਮਲ ਕਰ ਕੇ ਨਵੇਂ ਸਿਰੇ ਤੋਂ ਵੰਡ ਦਾ ਮੁੱਦਾ ਏਸੇ ਸਰਕਾਰ ਨੇ ਆਣ ਕੇ ਚੁੱਕਿਆ ਹੈ, ਜਿਹੜਾ ਵੱਖਰਾ ਹਰਿਆਣਾ ਬਣਨ ਵੇਲੇ ਚੁੱਕਿਆ ਜਾਣਾ ਚਾਹੀਦਾ ਸੀ। ਕਿਸੇ ਮੁੱਖ ਮੰਤਰੀ ਨੇ ਅੱਜ ਤੱਕ ਇਹ ਮੁੱਦਾ ਚੁੱਕਿਆ ਹੀ ਨਹੀਂ, ਸਿਰਫ ਪੰਜਾਬ ਦੇ ਤਿੰਨ ਦਰਿਆਵਾਂ ਵਿੱਚੋਂ ਹਰਿਆਣਾ ਦਾ ਪਾਣੀ ਦਾ ਹਿੱਸਾ ਕੱਢਣ ਦੀ ਗੱਲ ਹੀ ਚੱਲਦੀ ਰਹੀ। ਆਜ਼ਾਦੀ ਮਿਲਣ ਤੋਂ ਅੱਠ ਸਾਲ ਬਾਅਦ ਰਾਜਸਥਾਨ ਨੂੰ ਪਾਣੀ ਭੇਜਣ ਦਾ ਸਮਝੌਤਾ ਨਵੇਂ ਸਿਰਿਉਂ ਕੀਤਾ ਤਾਂ ਮੰਨਿਆ ਗਿਆ ਸੀ ਕਿ ਜਿੱਦਾਂ ਰਾਇਲਟੀ ਉਸ ਰਾਜ ਤੋਂ ਅੰਗਰੇਜ਼ਾਂ ਵੇਲੇ ਪੰਜਾਬ ਨੂੰ ਮਿਲਦੀ ਰਹੀ ਸੀ, ਉਹ ਅੱਗੇ ਤੋਂ ਵੀ ਮਿਲਿਆ ਕਰੇਗੀ, ਪਰ ਪ੍ਰਤਾਪ ਸਿੰਘ ਕੈਰੋਂ ਲੈ ਕੇ ਚਰਨਜੀਤ ਸਿੰਘ ਚੰਨੀ ਤੱਕ ਕਿਸੇ ਮੁੱਖ ਮੰਤਰੀ ਨੇ ਸਮਝੌਤਾ ਕੱਢ ਕੇ ਨਹੀਂ ਪੜ੍ਹਿਆ, ਲਾਗੂ ਕਰਵਾਉਣਾ ਬਾਅਦ ਦੀ ਗੱਲ ਸੀ। ਨੰਗਲ ਡੈਮ ਤੋਂ ਨਿਕਲਦੀ ਨਹਿਰ ਦੀ ਖਲਾਈ ਤੇ ਸੰਭਾਲ ਦਾ ਖਰਚਾ ਪੰਜਾਬ ਪਿਛਲੇ ਕਰੀਬ ਦੋ ਦਹਾਕਿਆਂ ਤੋਂ ਇਕੱਲਾ ਦੇਂਦਾ ਰਿਹਾ ਸੀ, ਕਿਸੇ ਦੂਸਰੇ ਰਾਜ ਤੋਂ ਲਿਖਤਾਂ ਦੇ ਮੁਤਾਬਕ ਬਣਦਾ ਇਹ ਹਿੱਸਾ ਕਿਸੇ ਨੇ ਮੰਗਿਆ ਹੀ ਨਹੀਂ ਸੀ, ਇਸ ਸਰਕਾਰ ਨੇ ਆ ਕੇ ਮੰਗਿਆ ਸੀ ਤਾਂ ਇਹ ਗੱਲ ਲੋਕਾਂ ਵਿੱਚ ਵੀ ਅਸਰ ਕਰਦੀ ਸੀ। ਇਹ ਮੁੱਦੇ ਇਹੋ ਜਿਹੇ ਸਨ, ਜਿਨ੍ਹਾਂ ਦੇ ਹੁੰਦਿਆਂ ਆਮ ਲੋਕਾਂ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਸੀ ਪੈਂਦਾ ਕਿ ਇਸ ਸਰਕਾਰ ਉੱਤੇ ਦੋਸ਼ ਕਿਹੜੇ ਤੇ ਕਿੰਨੇ ਲੱਗਦੇ ਸਨ, ਲੋਕਾਂ ਦੀ ਸਮਝ ਹੈ ਕਿ ਏਦਾਂ ਦੇ ਦੋਸ਼ ਤਾਂ ਹਰ ਕਿਸੇ ਸਰਕਾਰ ਉੱਤੇ ਲੱਗਦੇ ਰਹਿੰਦੇ ਹਨ, ਜਿਹੜੇ ਕੰਮ ਇਸ ਸਰਕਾਰ ਨੇ ਕੀਤੇ ਹਨ, ਇਹ ਕਿਸੇ ਵੀ ਸਰਕਾਰ ਨੇ ਪਹਿਲਾਂ ਨਹੀਂ ਸੀ ਕੀਤੇ। ਸਧਾਰਨ ਲੋਕ ਏਨੇ ਸਧਾਰਨ ਨਹੀਂ ਹੁੰਦੇ, ਜਿੰਨੇ ਕਈ ਵਾਰ ਅਸੀਂ ਲੋਕ ਮੰਨ ਲੈਂਦੇ ਹਾਂ। ਉਹ ਕਈ ਗੱਲਾਂ ਇਹੋ ਜਿਹੀਆਂ ਆਪਸ ਵਿੱਚ ਸੱਥਾਂ ਵਿੱਚ ਬੈਠੇ ਕਰਦੇ ਸੁਣੇ ਜਾ ਸਕਦੇ ਹਨ, ਜਿਹੜੀਆਂ ਮਿਥ ਕੇ ਕਰਵਾਏ ਜਾਂਦੇ ਸੈਮੀਨਾਰਾਂ ਜਾਂ ਗੋਸ਼ਟੀਆਂ ਵਿੱਚ ਕੁੰਜੀਵਤ ਭਾਸ਼ਣ ਪੇਸ਼ ਕਰਨ ਵਾਲੇ ਮਾਹਰਾਂ ਦੇ ਧਿਆਨ ਵਿੱਚ ਹੀ ਨਹੀਂ ਹੁੰਦੀਆਂ।

ਅਸੀਂ ਲੋਕ ਕਈ ਵਾਰੀ ਵਿਰੋਧੀ ਧਿਰਾਂ ਦਾ ਉਹ ਵਿਰੋਧ ਯਾਦ ਨਹੀਂ ਰੱਖਦੇ, ਜਿਹੜਾ ਕਿਸੇ ਯੋਗ ਕਾਰਨ ਦੇ ਬਗੈਰ ਸਿਰਫ ਵਿਰੋਧ ਕਰਨ ਦੀ ਖਾਤਰ ਕੀਤਾ ਜਾਂਦਾ ਹੈ। ਇਨ੍ਹਾਂ ਸਤਰਾਂ ਦੇ ਲੇਖਕ ਨੇ ਜਦੋਂ ਦੀ ਹੋਸ਼ ਸੰਭਾਲੀ ਹੈ, ਅੱਜ ਤੱਕ ਕਦੀ ਕਿਸੇ ਸਰਕਾਰ ਦੇ ਸਹੁੰ ਚੁੱਕਦੇ ਸਾਰ ਉਸ ਦਾ ਅਸਤੀਫਾ ਮੰਗਣ ਜਾਂ ਉਸ ਨੂੰ ਬਰਖਾਸਤ ਕੀਤੇ ਜਾਣ ਦੀ ਗੱਲ ਨਹੀਂ ਸੁਣੀ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਅਜੇ ਮੁੱਖ ਮੰਤਰੀ ਨੇ ਸਹੁੰ ਚੁੱਕੀ ਸੀ, ਮੰਤਰੀਆਂ ਨੇ ਕੁਝ ਦਿਨ ਬਾਅਦ ਇਹ ਸਹੁੰ ਚੁੱਕਣੀ ਸੀ, ਉਸ ਤੋਂ ਪਹਿਲਾਂ ਇੱਕ ਰਾਜਸੀ ਧਿਰ ਦੇ ਮੁਖੀ ਨੇ ਇਸ ਸਰਕਾਰ ਦਾ ਅਸਤੀਫਾ ਮੰਗ ਲਿਆ ਸੀ। ਸਿਰਫ ਅਸਤੀਫਾ ਨਹੀਂ ਮੰਗਿਆ, ਉਹ ਤਾਂ ਇਹ ਮੰਗ ਕਰਨਾ ਨਾ ਭੁੱਲਿਆ ਕਿ ਜੇ ਸਰਕਾਰ ਅਸਤੀਫਾ ਨਹੀਂ ਦਿੰਦੀ ਤਾਂ ਗਵਰਨਰ ਨੂੰ ਇਸ ਨੂੰ ਬਰਖਾਸਤ ਕਰ ਦੇਣਾ ਚਾਹੀਦਾ ਹੈ। ਉਹ ਸਰਕਾਰ ਅੱਜ ਤੱਕ ਚੱਲੀ ਜਾਂਦੀ ਹੈ ਅਤੇ ਕੋਈ ਕਾਰਨ ਨਹੀਂ ਲੱਗਦਾ ਕਿ ਬਾਕੀ ਬਚਦਾ ਸਮਾਂ ਪੂਰਾ ਨਾ ਕਰ ਸਕੇਗੀ, ਪਰ ਜਿਹੜੀ ਵਿਰੋਧੀ ਧਿਰ ਏਦਾਂ ਬਚਕਾਨਾ ਕਿਸਮ ਦੀਆਂ ਮੰਗਾਂ ਕਰਨ ਤੋਂ ਵੀ ਨਹੀਂ ਝਿਜਕਦੀ, ਉਹ ਕਰਨ ਵਾਲੇ ਕੰਮਾਂ ਦੇ ਲਈ ਬਣਦਾ ਧਿਆਨ ਕਦੇ ਨਹੀਂ ਦੇ ਸਕਦੀ ਅਤੇ ਅੰਦਰੋ-ਅੰਦਰ ਰਿੱਝਦੇ ਰਹਿਣ ਅਤੇ ਮੁੜ-ਮੁੜ ਧੋਬੀ ਪਟਕੇ ਖਾਣ ਲੱਗੀ ਰਹਿੰਦੀ ਹੈ। ਇਨ੍ਹਾਂ ਸ਼ਹਿਰੀ ਚੋਣਾਂ ਨੇ ਰਾਜ ਚਲਾ ਰਹੀ ਆਮ ਆਦਮੀ ਪਾਰਟੀ ਦੇ ਪੱਖ ਵਿੱਚ ਫਤਵਾ ਦਿੱਤਾ ਕੋਈ ਵੀ ਮੰਨੇ ਜਾਂ ਨਾ ਮੰਨੇ, ਵਿਰੋਧੀ ਧਿਰ ਦੇ ਨਿਕੰਮੇ ਹੋਣ ਵਾਲਾ ਫਤਵਾ ਦੇਣ ਤੋਂ ਕਸਰ ਨਹੀਂ ਛੱਡੀ। ਅਗਲੀਆਂ ਚੋਣਾਂ ਵਿੱਚ ਮਸਾਂ ਅੱਠ-ਨੌਂ ਮਹੀਨੇ ਸਮਾਂ ਬਚਿਆ ਹੈ, ਜੇ ਵਿਰੋਧੀ ਧਿਰ ਏਸੇ ਤਰ੍ਹਾਂ ਬਿਨਾਂ ਕਿਸੇ ਸੁਰ-ਸੇਧ ਤੋਂ ਚੱਲਦੀ ਤੇ ਮੀਡੀਏ ਵਿੱਚ ਬਹਿਜਾ-ਬਹਿਜਾ ਕਰਾਉਣ ਦੇ ਚਸਕੇ ਵਿੱਚ ਫਸੀ ਰਹੇਗੀ ਤਾਂ ਅਗਲੇ ਸਾਲ ਵੀ ਜੋ ਕੁਝ ਹੋ ਸਕਦਾ ਹੈ, ਉਹ ਕਿਸੇ ਮਾਹਰ ਸਿਆਸੀ ਟਿੱਪਣੀਕਾਰ ਨੂੰ ਦੱਸਣ ਦੀ ਲੋੜ ਨਹੀਂ ਰਹਿੰਦੀ।

# ‘ਸਾਡੇ ਸਮਿਆਂ ਦਾ ਉਮਰ ਖ਼ਾਲਿਦ’

**ਡਾ. ਜਸਬੀਰ ਸਿੰਘ ਔਲਖ**

‘ਸਾਨੂੰ ਉਹਨਾਂ ਸਮਿਆਂ ਤੋਂ ਆਪਣੀ ਗੱਲ ਸ਼ੁਰੂ ਕਰਨੀ ਚਾਹੀਦੀ ਹੈ, ਜਦੋਂ ਬੇਤੁਕਾ ਥੀਏਟਰ ਝੂਠ ਨੂੰ ਇਤਿਹਾਸ ਦਾ ਨਕਾਬ ਪਹਿਨਾ ਰਿਹਾ ਹੈ ਅਤੇ ਜਦੋਂ ਕਾਨੂੰਨ ਨੂੰ ਇਨਸਾਫ਼ ਤੋਂ ਇਨਕਾਰ ਕਰਨ ਲਈ ਵਰਤਿਆ ਜਾ ਰਿਹਾ ਹੈ। ਪੰਜ ਸਾਲ ਤੋਂ ਵੱਧ ਸਮਾਂ ਬੀਤ ਚੁੱਕਿਆ ਹੈ ਜਦੋਂ ਨਾਗਰਿਕਤਾ ਸੋਧ ਬਿੱਲ ਦਾ ਸ਼ਾਂਤੀਪੂਰਨ ਵਿਰੋਧ ਕਰਨ ਵਾਲੇ ਕਾਰਕੁੰਨ ਸੀਖਾਂ ਪਿੱਛੇ ਬੰਦ ਹਨ। ਅਸੀਂ ਹਰ ਉਸ ਘੜੀ ਦਾ ਸਾਹਮਣਾ ਕਰ ਰਹੇ ਹਾਂ ਜਦੋਂ ਆਜ਼ਾਦੀ ਨਾਲ ਜਿਉਣ ਦੀ ਤਾਂਘ ਤੋਂ ਇਨਸਾਫ਼ ਦੀ ਦੇਵੀ ਅੱਖ ਬਚਾ ਕੇ ਲੰਘ ਜਾਂਦੀ ਹੈ।’ ਇਹ ‘ਉਮਰ ਖ਼ਾਲਿਦ ਐਂਡ ਹਿਜ਼ ਵਰਲਡ’ ਕਿਤਾਬ ਦੇ ਸ਼ੁਰੂਆਤੀ ਸ਼ਬਦ ਹਨ।

ਪੰਜ ਸਾਲ ਤੋਂ ਵੱਧ ਸਮੇਂ ਤੋਂ ਉਮਰ ਖ਼ਾਲਿਦ ਸਲਾਖਾਂ ਪਿੱਛੇ ਹੈ। ਉਸ ਦਾ ਸਰੀਰ ਕੈਦ ਵਿੱਚ ਹੈ, ਪਰ ਉਸ ਦੀ ਸੋਚ ਆਜ਼ਾਦ ਹੈ। ਮਈ 2024 ਵਿੱਚ ਮੁਲਾਕਾਤ ਦੌਰਾਨ ਉਮਰ ਨੇ ਬੰਜੋਸਤਨਾ ਲਹਿਰੀ ਨੂੰ ਦੱਸਿਆ, ‘ਇਹ ਜੇਲ੍ਹ ਵਿੱਚ ਮੇਰਾ ਚੌਥਾ ਤਪਦਾ ਜੇਠ-ਹਾੜ੍ਹ ਹੈ, ਪਰ ਇਸ ਵਾਰ ਗਰਮੀ ਬਹੁਤ ਹੈ, ਬਾਕੀ ਕੈਦੀ ਵੀ ਦੱਸਦੇ ਹਨ ਕਿ ਅਜਿਹੀ ਗਰਮੀ ਉਹਨਾਂ ਕਦੇ ਪਹਿਲਾਂ ਮਹਿਸੂਸ ਨਹੀਂ ਕੀਤੀ। ਲੂ ਸਿੱਧੀ ਸਾਡੀ ਬੈਰਕ ਵਿੱਚ ਆ ਵੜਦੀ ਹੈ ਅਤੇ ਉੱਚੀ ਛੱਤ ’ਤੇ ਲਟਕਦੇ ਪੱਖੇ ਮਸੀਂ ਹੀ ਸਾਹ ਲੈਂਦੇ ਹਨ। ਕਈ ਵਾਰ ਛਿੜਕਾ ਨਾਲ ਬੈਰਕ ਵਿੱਚ ਚਿੱਕੜ ਵੀ ਹੋ ਜਾਂਦਾ ਹੈ ਅਤੇ ਅਕਸਰ ਪਾਣੀ ਦੀ ਵੀ ਤੋਟ ਪੈ ਜਾਂਦੀ ਹੈ। ਗਰਮੀ ਨਾਲ ਕਈ ਕੈਦੀ ਬਿਮਾਰ ਪੈ ਜਾਂਦੇ ਹਨ।’

ਕਈ ਗਰਮੀਆਂ-ਸਰਦੀਆਂ, ਮੌਨਸੂਨ, ਪੱਤਝੜ, ਬਸੰਤ ਰੁੱਤ ਬੀਤ ਗਈਆਂ, ਪਰ ਮੁਕੱਦਮਾ ਸ਼ੁਰੂ ਹੋਣ ਦੀ ਉਡੀਕ ਵਿੱਚ ਉਮਰ ਜੇਲ੍ਹ ਹੀ ਰਿਹਾ। ਇਸ ਸਾਲ ਪੰਜ ਜਨਵਰੀ ਨੂੰ ਸੁਪਰੀਮ ਕੋਰਟ ਦੇ ਇੱਕ ਦੋ ਮੈਂਬਰੀ ਬੈਂਚ ਨੇ ਉਮਰ ਖ਼ਾਲਿਦ ਅਤੇ ਸਰਜੀਲ ਇਮਾਮ ਨੂੰ ਫਰਵਰੀ 2020 ਦੇ ਦਿੱਲੀ ਦੰਗਿਆਂ ਦੇ ‘ਮਾਸਟਰਮਾਈਂਡ’ ਮੰਨਦਿਆਂ ਨਾ ਸਿਰਫ਼ ਜ਼ਮਾਨਤ ਤੋਂ ਇਨਕਾਰ ਕੀਤਾ, ਬਲਕਿ ਇੱਕ ਸਾਲ ਲਈ ਜ਼ਮਾਨਤ ਦੀ ਅਰਜ਼ੀ ਲਗਾਉਣ ਤੋਂ ਵੀ ਮਹਿਰੂਮ ਕਰ ਦਿੱਤਾ। ਇਹ ਵੀ ਇੱਕ ਤੱਥ ਹੈ ਕਿ ਉਸੇ ਪੰਜ ਜਨਵਰੀ ਨੂੰ ਹੀ ਉਸੇ ਬੈਂਚ ਨੇ ਅਡਾਨੀ ਪਾਵਰ ਲਿਮਟਿਡ ਨੂੰ ਗੁਜਰਾਤ ਹਾਈ ਕੋਰਟ ਦਾ ਫੈਸਲਾ ਉਲਟਾਉਂਦੇ ਹੋਈ ਵੱਡੀ ਰਾਹਤ ਦਿੱਤੀ ਸੀ।

ਅਠਾਰਾਂ ਮਈ ਨੂੰ ਸੁਪਰੀਮ ਕੋਰਟ ਦੇ ਇੱਕ ਹੋਰ ਦੋ ਮੈਂਬਰੀ ਬੈਂਚ ਨੇ ਉਮਰ ਅਤੇ ਸਰਜੀਲ ਦੀ ਤਰ੍ਹਾਂ ਪੰਜ ਸਾਲਾਂ ਤੋਂ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿੱਚ ਬੰਦ ਸਈਅਦ ਅੰਦਰਾਬੀ ਨੂੰ ਜ਼ਮਾਨਤ ਦਿੰਦਿਆਂ ਉਮਰ ਅਤੇ ਸਰਜੀਲ ਨੂੰ ਜ਼ਮਾਨਤ ਨਾ ਦੇਣ ਦੇ ਫੈਸਲੇ ’ਤੇ ਗੰਭੀਰ ਟਿੱਪਣੀ ਕਰਦੇ ਹੋਏ ਲਿਖਿਆ ਹੈ ਕਿ 2021 ਦੇ ਕੇ ਏ ਨਜੀਬ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਨੇ ‘ਬੰਧਨਕਾਰੀ ਕਾਨੂੰਨੀ ਸਿਧਾਂਤ’ ਤਹਿ ਕੀਤਾ ਸੀ, ਜਿਸ ਨੂੰ ਉਮਰ ਦੇ ਮਾਮਲੇ ਵਿੱਚ ਅਣਗੌਲਿਆਂ ਕੀਤਾ ਗਿਆ, ਜਿਸ ਵਿੱਚ ਸਾਫ਼ ਨਿਰਦੇਸ਼ ਹਨ ਕਿ ਜੇ ਕੋਈ ਮੁਲਜ਼ਮ ਲੰਮੇ ਸਮੇਂ ਤੋਂ ਜੇਲ੍ਹ ਵਿੱਚ ਬੰਦ ਹੈ ਤਾਂ ਸੰਵਿਧਾਨਕ ਅਦਾਲਤਾਂ ਯੂ ਏ ਪੀ ਏ ਦੀਆਂ ਸਖ਼ਤ ਧਾਰਾਵਾਂ ਦੇ ਬਾਵਜੂਦ ਜ਼ਮਾਨਤ ਦੇ ਸਕਦੀਆਂ ਹਨ। ਇਸ ਬੈਂਚ ਨੇ ਕਿਹਾ ਹੈ ਕਿ ਯੂ ਏ ਪੀ ਏ ਦੀ ਧਾਰਾ 434(5) ਦੀਆਂ ਕਾਨੂੰਨੀ ਪਾਬੰਦੀਆਂ ਆਰਟੀਕਲ 21 (ਜੀਵਨ ਅਤੇ ਨਿੱਜੀ ਆਜ਼ਾਦੀ ਦਾ ਅਧਿਕਾਰ) ਦੇ ਅਧੀਨ ਹੀ ਕੰਮ ਕਰਦੀ ਹੈ। ਇਸ ਤਰ੍ਹਾਂ ਜ਼ਮਾਨਤ ਇੱਕ ਨਿਯਮ ਹੈ ਅਤੇ ਜੇਲ੍ਹ ਅੱਪਵਾਦ। ਵੈਸੇ ਵੀ ਇੱਕ ਵੱਡੇ ਬੈਂਚ ਦਾ ਫੈਸਲਾ ਮੰਨਣ ਲਈ ਛੋਟਾ ਬੈਂਚ ਪਾਬੰਦ ਹੁੰਦਾ ਹੈ। ਵੀਹ ਮਈ ਦੇ ‘ਦ ਹਿੰਦੂ’ ਅਖ਼ਬਾਰ ਅਨੁਸਾਰ ਹੁਣ ਸਰਕਾਰ ਨੇ ਅਬਦੁਲ ਖ਼ਾਲਿਦ ਸੈਫ਼ੀ ਅਤੇ ਤਸਲੀਮ ਅਹਿਮਦ (ਇਹਨਾਂ ਨੂੰ ਵੀ ਦਿੱਲੀ ਦੰਗਿਆਂ ਦੇ ਕੇਸ ਵਿੱਚ ਜੇਲ੍ਹ ਵਿੱਚ ਸੁੱਟਿਆ ਹੋਇਆ ਹੈ) ਦੀ ਜ਼ਮਾਨਤ ਅਰਜ਼ੀ ਤੇ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਖਲ ਕਰਕੇ ਮੰਗ ਕੀਤੀ ਹੈ ਕਿ ਯੂਆਪਾ ਕੇਸਾਂ ਵਿੱਚ ਜ਼ਮਾਨਤ ਦਾ ਫੈਸਲਾ ਵੱਡੇ ਬੈਂਚ ਵੱਲੋਂ ਕੀਤਾ ਜਾਵੇ ਤਾਂ ਜੋ ਜਸਟਿਸ ਨਾਗਰਤਨਾ ਅਤੇ ਜਸਟਿਸ ਉਜਲ ਭੂਈਆ ਦੇ ਫੈਸਲੇ ਨੂੰ ਬੇਅਸਰ ਕਰਵਾਇਆ ਜਾ ਸਕੇ। ਇਸ ਦੇ ਨਾਲ ਦਿੱਲੀ ਦੀ ਇੱਕ ਸੈਸ਼ਨ ਅਦਾਲਤ ਨੇ ਉਮਰ ਖ਼ਾਲਿਦ ਨੂੰ ਇੱਕ ਰਿਸ਼ਤੇਦਾਰ ਦੀਆਂ ਅੰਤਿਮ ਰਸਮਾਂ ਵਿੱਚ ਸ਼ਾਮਲ ਹੋਣ ਅਤੇ ਉਸ ਦੀ ਮਾਂ ਦੀ ਸਰਜਰੀ ਕਰਵਾਉਣ ਲਈ ਵੀ ਅੰਤਰਿਮ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਉਮਰ ਖ਼ਾਲਿਦ ਨੂੰ ਗ੍ਰਿਫਤਾਰ ਕਿਉਂ ਕੀਤਾ ਗਿਆ? ਕਾਮੇਡੀਅਨ ਕੁਨਾਲ ਕਾਮਰਾ ਲਿਖਦੇ ਹਨ, ‘ਜਿੱਥੇ ਚੁੱਪ ਨੂੰ ਇਨਾਮ ਮਿਲਦਾ ਹੋਵੇ, ਉੱਥੇ ਉਮਰ ਨੇ ਬੋਲਣਾ ਚੁਣਿਆ।’ ਉਸ ਨੇ ਵਿਤਕਰੇ ਭਰਪੂਰ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕੀਤਾ ਅਤੇ ਸ਼ਾਹੀਨ ਬਾਗ ਦੇ ਆਜ਼ਾਦੀ ਤੋਂ ਬਾਅਦ ਸਭ ਤੋਂ ਵੱਡੇ ਸ਼ਾਂਤਮਈ ਸਤਿਆਗ੍ਰਹਿ ਦਾ ਹਿੱਸਾ ਵੀ ਬਣਿਆ।

ਉਮਰ ਨੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੀ, ਸੈਕੂਲਰ ਅਤੇ ਖੁੱਲ੍ਹੀ ਅਜੋਕੀ ਜਮਹੂਰੀਅਤ ਨੂੰ ਖਤਮ ਕਰਨ ਲੱਗੇ ਬਿਰਤਾਂਤ ਨੂੰ ਲਲਕਾਰਿਆ ਸੀ। ਉਹਨਾਂ ਜਮਹੂਰੀਅਤ ਅਤੇ ਭਾਰਤੀ ਸਮਾਜ ਦੇ ਭਵਿੱਖ ਨੂੰ ਸੰਵਾਰਨ ਲਈ ਡਾਇਲਾਗ ਦੀ ਵਕਾਲਤ ਕੀਤੀ ਸੀ। ਇਹ ਇਹਨਾਂ ਦੋ ਧਿਰਾਂ ਦੇ ਟਕਰਾਅ ਦਾ ਕੇਂਦਰ ਬਿੰਦੂ ਹੈ। ਉਮਰ ਖ਼ਾਲਿਦ ਦੀ ਹੋਣੀ ਸੰਖੇਪ ਵਿੱਚ ਇਸ ਹਕੀਕਤ ਦੀ ਹੀ ਚਿੱਤਰਕਾਰੀ ਹੈ। ਇੱਕ ਪਾਸੇ ਹਿੰਦੂਤਵ ਦੀ ਚੜ੍ਹਤ ਦੀ ਧਿਰ ਹੈ, ਜਿਹੜੀ ਨਾਗਰਿਕਤਾ ਨੂੰ ਵੀ ਧਾਰਮਿਕ ਵਿਤਕਰੇ ਦੇ ਟੀਰ ਨਾਲ ਵੇਖਦੀ ਹੈ। ਇਹ ਪਤਨਸ਼ੀਲ, ਪਰ ਬਹੁਤ ਸ਼ਕਤੀਸ਼ਾਲੀ ਜ਼ਾਲਮ ਸਮਾਜਿਕ ਵਰਤਾਰਾ ਹੈ। ਇਸ ਦੀ ਪਿੱਠ ’ਤੇ ਉਹ ਕਾਰਪੋਰੇਟ ਜਗਤ ਖੜ੍ਹਾ ਹੈ, ਜਿਹੜਾ ਵੱਖਰੇ-ਵੱਖਰੇ ਸਮਾਜਿਕ ਸਮੂਹਾਂ ਨੂੰ ਇੱਕ ਪਛਾਣ ਥੱਲੇ ਸਿਰ ਨਰੜ ਕਰਨਾ ਚਾਹੁੰਦਾ ਹੈ। ਇਹ ਸਮੂਹ ਰਾਜਤੰਤਰ, ਮਜ਼ਬੂਤ ਨੇਤਾ ਅਤੇ ਹਥਿਆਰਾਂ ਦੀ ਪੂਜਾ ਕਰਦੇ ਹੋਏ ਹਮੇਸ਼ਾ ਆਪਣੇ ਸ਼ਿਕਾਰ ਨਾਲ ਝੜਪਾਂ ਅਤੇ ਲੜਾਈ-ਝਗੜੇ ਲਈ ਤਿਆਰ ਰਹਿੰਦੇ ਹਨ। ਇਹ ਕਈ ਵਾਰ ਅਤੀਤ ਵਿੱਚ ਵਾਪਰੀਆਂ ਘਟਨਾਵਾਂ ਦਾ ਸਹਾਰਾ ਲੈ ਕੇ ਹੋਏ ਅਪਮਾਨ ਦੇ ਪਰਦੇ ਪਿੱਛੇ ‘ਵਿਚਾਰੇ’ ਹੋਣ ਦਾ ਕਾਰਡ (Victim Card) ਵੀ ਖੇਡਦੇ ਹਨ।

ਦੂਸਰੇ ਪਾਸੇ ਉਹ ਲੋਕ ਹਨ, ਜਿਹਨਾਂ ਦੇ ਦ੍ਰਿਸ਼ਟੀਕੋਣ ਵਿੱਚ ਇੱਕ ਅਜਿਹਾ ਜਮਹੂਰੀ ਸਮਾਜ ਜਿਸ ਵਿੱਚ ਹਰ ਤਰ੍ਹਾਂ ਦੀ ਜਾਤ, ਧਾਰਮਿਕ, ਨਸਲੀ ਅਤੇ ਭਾਸ਼ਾਈ ਘੱਟ ਗਿਣਤੀ ਸਮੇਤ ਹਰ ਲਈ ਜਗ੍ਹਾ ਹੋਵੇ ਅਤੇ ਇਹ ਘੱਟ-ਗਿਣਤੀਆਂ ਦੀ ਆਵਾਜ਼ ਵੀ ਸੁਣੀ ਜਾਵੇ, ਇਹ ਬਿਨਾਂ ਕਿਸੇ ਵਿਤਕਰੇ ਦੇ ਵਿਕਾਸ ਕਰ ਸਕਣ। ਵਿਸ਼ੇਸ਼ ਤੌਰ ’ਤੇ ਮੁਸਲਿਮ ਭਾਈਚਾਰੇ ਦੇ ਸੰਬੰਧ ਵਿੱਚ ਪ੍ਰੰਪਰਾਵਾਦੀ, ਰੂੜੀਵਾਦੀ ਅਤੇ ਔਰਤਾਂ ਪ੍ਰਤੀ ਵਿਤਕਰੇ ਵਾਲੀ ਵਿਵਸਥਾ ਨੂੰ ਰੱਦ ਕਰਕੇ ਨੌਜਵਾਨ, ਪੜ੍ਹੀਆਂ-ਲਿਖੀਆਂ ਅਤੇ ਅਗਾਂਹਵਧੂ ਔਰਤਾਂ ਲਈ ਜਗ੍ਹਾ ਬਣਾਵੇ, ਜਿਵੇਂ ਸ਼ਾਹੀਨ ਬਾਗ ਨੇ ਸਮਾਜ, ਸਿਆਸਤ ਅਤੇ ਸੱਭਿਆਚਾਰਕ ਤੌਰ ’ਤੇ ਪਿਛਾਂਹ ਸੁੱਟੀਆਂ ਔਰਤਾਂ ਨੂੰ ਕੇਂਦਰ ਵਿੱਚ ਲਿਆਂਦਾ ਸੀ। ਉਮਰ ਖ਼ਾਲਿਦ ਭਾਵੇਂ ਮਰਦ ਹੈ, ਪਰ ਸ਼ਾਹੀਨ ਬਾਗ ਦੀਆਂ ਔਰਤਾਂ ਨੂੰ ਸੁਣ ਕੇ ਹੀ ਉਸ ਦੀ ਚੇਤਨਤਾ ਨੂੰ ਖੰਭ ਲੱਗੇ ਸਨ। ਸ਼ਾਹੀਨ ਬਾਗ ਦੇ ਵਰਤਾਰੇ ਨੇ ਸੱਜੇ ਪੱਖੀ ਤਾਕਤਾਂ ਵੱਲੋਂ ਮੁਸਲਿਮ ਭਾਈਚਾਰੇ ਦੀ ਪਹਿਚਾਣ ਦੁਆਲੇ ਘੜੇ ਗਏ ਸਿਆਸੀ, ਸਮਾਜਿਕ ਅਤੇ ਸੱਭਿਆਚਾਰਕ ਬਿਰਤਾਂਤ ਨੂੰ ਭਾਵੇਂ ਵਕਤੀ ਹੀ, ਪਰ ਠੱਲ੍ਹ ਪਾਈ ਸੀ। ਡਾ. ਅੰਬੇਡਕਰ ਦੁਆਰਾ ਰਚਿਤ ਆਜ਼ਾਦੀ, ਬਰਾਬਰਤਾ ਅਤੇ ਭਾਈਚਾਰਕ ਜੀਵਨ-ਜਾਚ ਦੀ ਸੰਵਿਧਾਨਕ ਵੈਧਤਾ ਕਾਇਮ ਰੱਖਣ ਲਈ ਕਈ ਦਹਾਕਿਆਂ ਵਿੱਚ ਪਹਿਲੀ ਵਾਰ ਨਾਗਰਿਕਾਂ ਦੀ ਸਰਗਰਮੀ ਨੇ ਝੰਡਾ ਬੁਲੰਦ ਕੀਤਾ ਸੀ। ਯੋਜਨਾਬੱਧ ਮੁਸਲਿਮ ਵਿਰੋਧੀ ਫਰਵਰੀ 2020 ਦੀ ਦਿੱਲੀ ਹਿੰਸਾ ਅਤੇ ਮਾਰਚ 2020 ਦੇ ਕੋਵਿਡ ਨੇ ਸ਼ਾਹੀਨ ਬਾਗ ਬਿਰਤਾਂਤ ਨੂੰ ਵਕਤੀ ਨੁਕਸਾਨ ਵੀ ਪਹੁੰਚਾਇਆ, ਪਰ ਇਸ ਦਾ ਵੱਡਾ ਯੋਗਦਾਨ ਬੇਚੈਨ ਜਵਾਨ, ਖਾਸ ਕਰਕੇ ਮੁਸਲਿਮ ਔਰਤਾਂ ਅਤੇ ਉਹਨਾਂ ਦੇ ਮਰਦ ਸਾਥੀਆਂ ਦੀ ਭਰਵੀਂ ਸ਼ਮੂਲੀਅਤ ਨੇ ਬਾਹੂਬਲੀ ਹਿੰਦੂਤਵ ਵੱਲੋਂ ਸਿਰਜੇ ਨਾਗਰਿਕਤਾ ਅਤੇ ਸਿਆਸੀ ਵਿਆਕਰਣ ਨੂੰ ਸਾਹਮਣਿਓਂ ਟੱਕਰ ਦਿੱਤੀ। ਇਹ ਨਹੀਂ ਸੀ ਹੋ ਸਕਦਾ ਕਿ ਇਸ ਦੇ ਦੂਰਦਰਸ਼ੀ ਪ੍ਰਭਾਵ ਨਾ ਪੈਂਦੇ। ਲੋਕ ਸਭਾ ਦੀ ਪਿਛਲੀ ਚੋਣ ਵਿੱਚ ਵਿਰੋਧੀ ਧਿਰ ਵੀ ਜਨ-ਅੰਦੋਲਨ ਦੀ ਭੂਮਿਕਾ ਨੂੰ ਸਵੀਕਾਰ ਕਰੇ ਬਿਨਾਂ ਨਹੀਂ ਰਹਿ ਸਕੀ। ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਸ਼ਾਹੀਨ ਬਾਗ ਦੀਆਂ ਔਰਤਾਂ ਵੱਲੋਂ ਗਲੀਆਂ ਅਤੇ ਸੜਕਾਂ ’ਤੇ ਲਿਖੀ ਗਈ ਇਬਾਰਤ ਵਿੱਚੋਂ ਹੀ ਨਿਕਲੀ ਸੀ।

ਉਮਰ ਖ਼ਾਲਿਦ ਇਸ ਉਭਾਰ ਨੂੰ ਨੇੜਿਓਂ ਤੱਕਦਾ ਰਿਹਾ ਸੀ। ਨਵੀਂ ਆਵਾਜ਼ ਅਤੇ ਨਵੀਂ ਸ਼ਬਦਾਵਲੀ ਦੀ ਉਸ ਦੀ ਤਲਾਸ਼ ਸ਼ਾਹੀਨ ਬਾਗ ਆ ਕੇ ਖਤਮ ਹੋ ਗਈ। ਉੱਥੇ ਗੁਲਫਿਸਾ ਫਾਤਿਮਾ, ਸਫੂਰਾ ਜਰਗਰ ਅਤੇ ਇਸ਼ਰਤ ਜਹਾਂ ਵਰਗੀਆਂ ਮੁਸਲਿਮ ਕੁੜੀਆਂ ਸਨ, ਜਿਹੜੀਆਂ ਬਿਨਾਂ ਕਿਸੇ ਲਾਗ ਲਪੇਟ ਦੇ ਨਾਰੀਵਾਦੀ ਬੋਲਚਾਲ, ਸਮਝ ਅਤੇ ਭਾਵਨਾਵਾਂ ਨਾਲ ਆਪਣੀ ਸ਼ਖ਼ਸੀਅਤ ਹੀ ਨਹੀਂ ਘੜ ਰਹੀਆਂ ਸਨ, ਬਲਕਿ ਸੜਕਾਂ ’ਤੇ ਪ੍ਰਫੁੱਲਤ ਹੋ ਰਹੇ ਜਮਹੂਰੀ ਅਮਲ ਦੀਆਂ ਸੂਤਰਧਾਰ ਵੀ ਸਨ। ਫਰਵਰੀ-ਸਤੰਬਰ 2020 ਦੌਰਾਨ ਦੀਆਂ ਇਹਨਾਂ ਹਕੀਕਤਾਂ ਨੇ ਉਮਰ ਖ਼ਾਲਿਦ ’ਤੇ ਡੂੰਘਾ ਪ੍ਰਭਾਵ ਛੱਡਿਆ, ਜਦੋਂ ਸ਼ਾਹੀਨ ਬਾਗ ਦੇ ਕਾਰਕੁਨਾਂ ਦੀਆਂ ਪਹਿਲੀਆਂ ਗ੍ਰਿਫ਼ਤਾਰੀਆਂ ਹੋਈਆਂ ਤਾਂ ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਬਦਲਾਖੋਰ ਅਤੇ ਜ਼ਹਿਰੀ ਤੰਤਰ ਉਸ ’ਤੇ ਵੀ ਝਪਟੇਗਾ।

ਉਮਰ ਖ਼ਾਲਿਦ ਦੀ ਗ੍ਰਿਫਤਾਰੀ ਦੇ ਇੱਕ ਹਫ਼ਤੇ ਵਿੱਚ ਹੀ ਸਤੰਬਰ 2020 ਵਿੱਚ ਤਿੰਨ ਖੇਤੀ ਕਾਨੂੰਨ ਪਾਸ ਕੀਤੇ ਜਾਂਦੇ ਹਨ, ਜਿਹੜੇ ਕਿਸਾਨੀ ਦੇ ਲੰਮੇ ਘੋਲ ਤੋਂ ਬਾਅਦ ਦਸੰਬਰ 2021 ਵਿੱਚ ਰੱਦ ਕਰ ਦਿੱਤੇ ਗਏ। ਜੂਨ 2024 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ ਵਾਪਸ ਕਰਵਾਏ ਖੇਤੀ ਕਾਨੂੰਨਾਂ ਨੇ ਦਰਸਾ ਦਿੱਤਾ ਸੀ ਕਿ ਸੱਤਾ ਨੂੰ ਝੁਕਾਇਆ ਜਾ ਸਕਦਾ ਹੈ। ਰਾਜਨੀਤਕ ਅਰਥ ਸ਼ਾਸਤਰ ਦਾ ਵਿਦਿਆਰਥੀ ਉਮਰ ਜੇਲ੍ਹ ਵਿੱਚ ਬੈਠਾ ਵੀ ਮੁਲਾਕਾਤੀਆਂ ਤੋਂ ਕਿਸਾਨ ਸੰਘਰਸ਼ ਦੀ ਖ਼ਬਰਸਾਰ ਲੈਂਦਾ ਰਹਿੰਦਾ ਸੀ। ‘ਸਿੰਘੂ ਅਤੇ ਟਿਕਰੀ ਹੱਦ ’ਤੇ ਕੀ ਵਾਪਰ ਰਿਹਾ ਹੈ?’ ਇਹ ਉਸ ਦਾ ਅਕਸਰ ਸਵਾਲ ਹੁੰਦਾ ਸੀ। ਲੰਮੇ ਕੱਦ ਵਾਲੇ ਸਿੱਖ ਕਿਸਾਨਾਂ ਅਤੇ ਔਰਤਾਂ ਦੇ ਕੜਾਹਿਆਂ ਅਤੇ ਦੇਗਿਆਂ ਨੂੰ ਉਮਰ ਜਨਵਰੀ 2020 ਦੀ ਠੰਢ ਦੌਰਾਨ ਸ਼ਾਹੀਨ ਬਾਗ ਵਿੱਚ ਵੀ ਦੇਖ ਚੁੱਕਾ ਸੀ, ਜਦੋਂ ਪੰਜਾਬੀ ਕਿਸਾਨਾਂ ਨੇ ਨਾਗਰਿਕਤਾ ਸੋਧ ਕਾਨੂੰਨ ਖਿਲਾਫ਼ ਮੋਰਚੇ ਵਿੱਚ ਸ਼ਮੂਲੀਅਤ ਕੀਤੀ ਸੀ। ਸ਼ਾਹੀਨ ਬਾਗ ਦੇ ਸਬਕਾਂ ਨੂੰ ਸ਼ਾਇਦ ਕਿਸਾਨਾਂ ਨੇ ਸਿੰਘੂ ਅਤੇ ਟਿਕਰੀ ’ਤੇ ਆਤਮਸਾਤ ਕਰ ਲਿਆ ਸੀ ਕਿ ਸੱਤਾ ਕੋਵਿਡ ਦੇ ਬਹਾਨੇ ਉਹਨਾਂ ਦੇ ਮੋਰਚਿਆਂ ਨੂੰ ਉਖਾੜ ਨਾ ਦੇਵੇ। ਅਸੀਂ ਉਸ ਨੂੰ ਦੱਸਦੇ ਰਹੇ ਕਿ ਕਿਵੇਂ ਕਿਸਾਨੀ ਨੇ ਬੇਲਗਾਮ ਮੰਡੀ ਦੀਆਂ ਕਰਤੂਤਾਂ ਨੂੰ ਪਹਿਚਾਣ ਲਿਆ ਸੀ। ਕਿਸਾਨਾਂ ਦਾ ਸਟੈਂਡ ਸੀ ਕਿ ਭੋਜਨ ਹਰ ਇੱਕ ਦੀ ਜ਼ਰੂਰਤ ਹੈ ਅਤੇ ਇਸ ਨੂੰ ਕਾਰਪੋਰੇਟੀ ਦੈਂਤਾਂ ਦੇ ਮੁਨਾਫ਼ੇ ਲਈ ਨਹੀਂ ਛੱਡਿਆ ਜਾਣਾ ਚਾਹੀਦਾ। ਸ਼ਾਹੀਨ ਬਾਗ ਅਤੇ ਕਿਸਾਨੀ ਅੰਦੋਲਨ ਦੀ ਸਾਂਝ ਹੋਰ ਵੀ ਸੰਘਣੀ ਹੋ ਗਈ ਸੀ ਜਦੋਂ ਸ਼ਾਹੀਨ ਬਾਗ ਦੀਆਂ ਦਾਦੀਆਂ ਨੇ ਦਿੱਲੀ ਦੀਆਂ ਹੱਦਾਂ ’ਤੇ ਹਾਜ਼ਰੀ ਲਗਵਾਈ ਸੀ। ਇਹਨਾਂ ਦੋਵਾਂ ਘੋਲਾਂ ਨੇ ਇੱਕ ਗੱਲ ਸਾਬਤ ਕਰ ਦਿੱਤੀ ਸੀ ਕਿ ਨਾਗਰਿਕ ਸਿਆਸਤ ਥੱਕੀ ਨਹੀਂ। ਸ਼ਾਹੀਨ ਬਾਗ ਅਤੇ ਸਿੰਘੂ-ਟਿਕਰੀ ’ਤੇ ਉਮਰ ਖ਼ਾਲਿਦ ਅਤੇ ਉਸ ਦੇ ਸਾਥੀਆਂ ਨੂੰ ਅਕਸਰ ਯਾਦ ਕੀਤਾ ਜਾਂਦਾ ਰਿਹਾ ਹੈ।

ਛੱਬੀ ਜਨਵਰੀ 2020 ਨੂੰ ਜਦੋਂ ਅੱਸੀ ਸਾਲ ਦੀ ਦਾਦੀ ਬਿਲਕਿਸ ਬਾਨੋ (ਜਿਸ ਨੂੰ ਟਾਈਮ ਮੈਗਜ਼ੀਨ ਨੇ ਸੌ ਸਭ ਤੋਂ ਵੱਧ ਪ੍ਰਭਾਵਸ਼ਾਲੀ ਔਰਤਾਂ ਵਿੱਚ ਸ਼ੁਮਾਰ ਕੀਤਾ ਸੀ), ਰੋਹਿਤ ਵਾਮੁਲਾ ਦੀ ਮਾਂ ਰਾਧਿਕਾ ਵਾਮੁਲਾ ਅਤੇ ਜੁਨੈਦ ਖਾਨ (ਜਿਸ ਨੂੰ ਇੱਕ ਭੀੜ ਨੇ 2018 ਵਿੱਚ ਭਰੀ ਹੋਈ ਰੇਲ ਵਿੱਚ ਮਾਰ ਦਿੱਤਾ ਸੀ) ਦੀ ਮਾਂ ਸ਼ਾਇਰਾ ਬਾਨੋ ਨੇ ਸ਼ਾਹੀਨ ਬਾਗ ਵਿਖੇ ਤਿਰੰਗਾ ਲਹਿਰਾਇਆ ਸੀ। ਉਮਰ ਖ਼ਾਲਿਦ ਅਤੇ ਗੁਜਰਾਤ ਦਾ ਨੌਜਵਾਨ ਵਿਧਾਇਕ ਜਿਗਨੇਸ਼ ਮਵਾਨੀ ਇਹਨਾਂ ਮਾਵਾਂ ਦੇ ਸੰਗ ਖੜ੍ਹੇ ਸਨ। ਇਸ ਸਮਾਗਮ ਨੇ ਸਰਕਾਰੀ ਸਮਾਗਮਾਂ ਨੂੰ ਫਿੱਕਾ ਪਾ ਦਿੱਤਾ ਸੀ ਕਿਉਂਕਿ ਸਰਕਾਰੀ ਸਮਾਗਮ ਤਾਂ ਉਹਨਾਂ ਵੱਲੋਂ ਕੀਤੇ ਗਏ ਸਨ, ਜਿਹੜੇ ਭਾਰਤੀ ਸੰਵਿਧਾਨ ਦੀਆਂ ਜਮਹੂਰੀ ਅਤੇ ਸਮਾਨਤਾਵਾਦੀ ਕਦਰਾਂ-ਕੀਮਤਾਂ ਦੇ ਦੁਸ਼ਮਣ ਸਨ।




ਤਕਰੀਬਨ ਗਿਆਰਾਂ ਮਹੀਨੇ ਬਾਅਦ, 10 ਦਸੰਬਰ 2020 ਨੂੰ ਟਿਕਰੀ ਹੱਦ ’ਤੇ ਕਿਸਾਨ ਸੰਘਰਸ਼ ਦੀ ਇੱਕ ਧਿਰ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਨੇ ਯੂਆਪਾ ਕਾਨੂੰਨ ਤਹਿਤ ਜੇਲ੍ਹਾਂ ਵਿੱਚ ਬੰਦ ਉਮਰ ਖ਼ਾਲਿਦ, ਸੁਧਾ ਭਾਰਦਵਾਜ, ਅਰੁਨ ਬਥੇਰਾ, ਗੋਂਜ਼ਾਲਵੇਜ, ਵਾਰਵਰਾ ਰਾਓ, ਨਤਾਸ਼ਾ ਨਰਵਾਲ, ਦੇਵਾਂਗਨਾ ਕਲਿਤਾ ਅਤੇ ਸਰਜੀਲ ਇਮਾਮ ਦੀ ਰਿਹਾਈ ਦੀ ਮੰਗ ਕਰਦੇ ਹੋਏ ਕੌਮਾਂਤਰੀ ਮਨੁੱਖੀ ਅਧਿਕਾਰ ਦਿਨ ਮਨਾਇਆ। ਸੰਘਰਸ਼ੀ ਕਿਸਾਨਾਂ ਨੂੰ ਆਪਣੇ ਸੰਘਰਸ਼ ਅਤੇ ਸਿਆਸੀ ਕੈਦੀਆਂ ਦੀ ਹੋਣੀ ਅਤੇ ਸ਼ਾਹੀਨ ਬਾਗ ਵਿੱਚ ਕੁੱਝ ਵੀ ਓਪਰਾ ਨਹੀਂ ਲੱਗਿਆ। ਉਹਨਾਂ ਲਈ ਇਨਸਾਫ਼ ਅਤੇ ਮਾਣ ਲਈ ਲੜਿਆ ਜਾ ਰਿਹਾ ਕਿਸਾਨੀ ਘੋਲ ਦਰਅਸਲ ਹਕੂਮਤੀ ਨਿਰਾਸ਼ਾ ਝੱਲ ਰਹੀਆਂ ਘੱਟ-ਗਿਣਤੀਆਂ, ਦਲਿਤਾਂ, ਔਰਤਾਂ, ਕਾਮਿਆਂ, ਉੱਜੜੇ ਲੋਕਾਂ, ਵਿਦਿਆਰਥੀਆਂ, ਨੌਜਵਾਨਾਂ ਦੇ ਸੰਘਰਸ਼ਾਂ ਦਾ ਹੀ ਇੱਕ ਹਿੱਸਾ ਸੀ। ਕਿਸਾਨਾਂ ਨੂੰ ਪਤਾ ਸੀ ਕਿ ਉਮਰ ਖ਼ਾਲਿਦ ਵਰਗੇ ਨੌਜਵਾਨ ਇਸ ਸਾਂਝ ਨੂੰ ਸਮਝਦੇ ਹਨ ਅਤੇ ਕੋਈ ਵੀ ਸੰਘਰਸ਼ ਇਕੱਲੇ ਤੌਰ ’ਤੇ ਵਧਾਇਆ ਨਹੀਂ ਜਾ ਸਕਦਾ। ਇਹ ਨੁਕਤਾ ਆਪਸੀ ਸਾਂਝਾਂ ਨਾਲ ਜੁੜੇ ਜਮਹੂਰੀ ਤਰਜ਼ੇ ਅਮਲ ਨਾਲ ਹੀ ਸੰਭਵ ਹੈ। ਉਮਰ ਖ਼ਾਲਿਦ ਨੂੰ ਨਾ ਤਾਂ ਆਪਣੀ ਮੁਸਲਿਮ ਪਹਿਚਾਣ ਲੁਕੋਣ ਦੀ ਲੋੜ ਸੀ ਅਤੇ ਨਾ ਹੀ ਆਪਣਾ ਖੱਬੇ ਪੱਖੀ ਸਿਆਸੀ ਨਜ਼ਰੀਆ, ਜਿਹੜਾ ਉਸ ਵਰਗਿਆਂ ਨੂੰ ਸੱਤਾ ਦੀਆਂ ਅੱਖਾਂ ਦਾ ਰੋੜ ਬਣਾ ਦਿੰਦਾ ਹੈ। ਉਮਰ ਖ਼ਾਲਿਦ ਜਿਹੜੀ ਸਿਆਸਤ ਨੂੰ ਸਮਝ ਹੀ ਨਹੀਂ ਸਕਿਆ, ਬਲਕਿ ਉਸ ਦੀ ਪ੍ਰਤੀਨਿਧਤਾ ਵੀ ਕਰਦਾ ਹੈ, ਉਹ ਸਿਆਸਤ ਅਸਲ ਵਿੱਚ ਮੁਸਲਿਮ ਮਰਦਾਂ ਅਤੇ ਔਰਤਾਂ ਨੂੰ ਉੱਥੇ ਲਿਆ ਖੜ੍ਹਾ ਕਰਦੀ ਹੈ, ਜਿੱਥੇ ਉਹ ਦਲਿਤ, ਆਦਿਵਾਸੀ, ਕਿਰਤੀ ਜਮਾਤ, ਕਿਸਾਨ ਅਤੇ ਸਤਾਏ ਗਏ ਕਸ਼ਮੀਰੀ, ਨਾਗਾ, ਮਨੀਪੁਰੀ ਆਵਾਮ ਨਾਲ ਸੰਵਾਦ ਰਚਾ ਕੇ, ਉਹਨਾਂ ਦੀ ਆਵਾਜ਼ ਸੁਣ ਕੇ ਅਤੇ ਸਮਝ ਕੇ ਇੱਕ ਬਿਰਤਾਂਤ ਸਿਰਜਿਆ ਜਾਵੇ, ਜਿਹੜਾ ਸਮਾਜ ਵਿੱਚ ਖੁੱਲ੍ਹਾਪਣ, ਜਮਹੂਰੀ ਅਤੇ ਆਜ਼ਾਦ ਵਾਤਾਵਰਨ ਸਿਰਜ ਸਕੇ ਅਤੇ ਜਿਸ ਨੂੰ ਤੰਗਦਿਲ ਸੱਤਾ ਨਕਾਰ ਨਾ ਸਕੇ। ਜੇਕਰ ਇੱਕੀਵੀਂ ਸਦੀ ਦੇ ਭਾਰਤੀ ਫਾਸ਼ੀਵਾਦ ਨੇ ਕਾਮਯਾਬ ਹੋਣਾ ਹੈ ਤਾਂ ਉਹ ਹਰ ਸੰਭਵ ਕੋਸ਼ਿਸ਼ ਕਰੇਗਾ ਕਿ ਕਿਸਾਨ ਉਮਰ ਖ਼ਾਲਿਦ ਦੀ ਜਾਂ ਉਸ ਨਾਲ ਗੱਲ ਨਾ ਕਰਨ ਅਤੇ ਸਲਾਖਾਂ ਪਿੱਛੇ ਕੀਤਾ ਉਮਰ ਖ਼ਾਲਿਦ ਕਿਸਾਨੀ ਦੀ ਆਵਾਜ਼ ਨਾ ਸੁਣ ਸਕੇ।

ਯੂਨੀਵਰਸਿਟੀਆਂ ਸੈਂਕੜੇ ਖਿਆਲਾਂ ਅਤੇ ਵਿਚਾਰਾਂ ਨੂੰ ਰਿੜਕਣ ਦੀ ਜਗ੍ਹਾ ਹੁੰਦੀਆਂ ਹਨ। ਉਮਰ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਅਜਿਹੀ ਇੱਕ ਸੰਸਥਾ ਸੀ। ਯੂਨੀਵਰਸਿਟੀ ਵਿੱਚ ਹੀ ਐੱਮ ਏ ਅਤੇ ਪੀ ਐੱਚ ਡੀ ਕਰਦਿਆਂ ਅਤੇ ਮੁਸਲਿਮ ਵਿਰੋਧੀ ਇਸਲਾਮੋਫੋਬੀਆ ਦੇ ਦੌਰ ਵਿੱਚ ਉਸ ਨੂੰ ਘੱਟ ਗਿਣਤੀਆਂ ਸਮੇਤ ਦੱਬੇ-ਕੁਚਲੇ ਵਰਗਾਂ ਦੀ ਹੋਣੀ ਅਤੇ ਆਲਮੀ ਵਰਤਾਰਿਆਂ ਦੀ ਸਮਝ ਵੱਡੇ ਕੈਨਵਸ ਰਾਹੀਂ ਆਉਣ ਲੱਗੀ ਸੀ। ਉਹ ਸਮਝ ਗਿਆ ਸੀ ਕਿ ਬ੍ਰਾਹਮਣਵਾਦੀ ਸੱਤਾ ਕਿਵੇਂ ਕਾਰਪੋਰੇਟ ਜਗਤ ਨਾਲ ਬਗਲਗੀਰ ਹੈ ਜਿਸ ਦਾ ਸ਼ਿਕਾਰ ਸਿਰਫ਼ ਮੁਸਲਿਮ ਸਮਾਜ ਹੀ ਨਹੀਂ, ਬਲਕਿ ਕਿਸਾਨ, ਮਜ਼ਦੂਰ, ਬੇਰੁਜ਼ਗਾਰ ਨੌਜਵਾਨ, ਦਲਿਤ, ਔਰਤਾਂ ਅਤੇ ਆਦੀਵਾਸੀ ਹਨ। ਉਸ ਦੀ ਪੀ ਐੱਚ ਡੀ ਦਾ ਥੀਸਿਜ਼ ਵੀ ਛੱਤੀਸਗੜ੍ਹ ਦੇ ਆਦਿਵਾਸੀਆਂ ਅਤੇ ਉਹਨਾਂ ਵੱਲੋਂ ਆਪਣੇ ਜਲ, ਜੰਗਲ ਅਤੇ ਜ਼ਮੀਨ ਦੀ ਰਾਖੀ ਲਈ ਜਾਰੀ ਜੱਦੋਜਹਿਦ ’ਤੇ ਸੀ। ਉਸ ਦੇ ਇਸ ਥੀਸੀਜ਼ ਬਾਰੇ ਉੱਘੇ ਇਤਿਹਾਸਕਾਰ ਰਾਮ ਚੰਦਰ ਗੁਹਾ ਲਿਖਦੇ ਹਨ, ‘ਮੇਰਾ ਪੱਕਾ ਯਕੀਨ ਹੈ ਕਿ ਇਹ ਥੀਸੀਜ਼ ਜਦੋਂ ਕਿਤਾਬ ਦੇ ਰੂਪ ਵਿੱਚ ਆਇਆ ਤਾਂ ਵੱਡੇ ਪੱਧਰ ’ਤੇ ਪੜ੍ਹਿਆ ਵੀ ਜਾਵੇਗਾ ਅਤੇ ਸਲਾਹਿਆ ਵੀ। ਮੈਨੂੰ ਇਸ ਦੀ ਡੂੰਘਾਈ ਅਤੇ ਵਿਦਵਤਾ ਦੀ ਅਮੀਰੀ ’ਤੇ ਕੋਈ ਸ਼ੱਕ ਨਹੀਂ। ਦੁੱਖ ਇਸ ਗੱਲ ਦਾ ਹੈ ਕਿ ਇਹ ਥੀਸੀਜ਼ ਜੋ 2018 ਵਿੱਚ ਜਮ੍ਹਾਂ ਕਰਵਾ ਦਿੱਤਾ ਗਿਆ ਸੀ, ਹਾਲੇ ਤੱਕ ਛਪਿਆ ਨਹੀਂ। ਇਹ ਇਸ ਕਰਕੇ ਹੈ, ਕਿਉਂਕਿ ਵਿਦਵਾਨ ਦਾ ਨਾਂਅ ਉਮਰ ਖ਼ਾਲਿਦ ਹੈ। ਬੇਰਹਿਮ ਅਤੇ ਬਦਲਾ-ਲਊ ਸੱਤਾ ਅਤੇ ਜ਼ਿੱਲੀ ਨਿਆਂਪਾਲਿਕਾ ਨੇ ਇਸ ਹੋਣਹਾਰ ਸਕਾਲਰ ਨੂੰ ਪੰਜ ਸਾਲ ਤੋਂ ਵੱਧ ਸਮੇਂ ਤੋਂ ਬਿਨਾਂ ਜ਼ਮਾਨਤ ਅਤੇ ਬਿਨਾਂ ਮੁਕੱਦਮਾ ਸ਼ੁਰੂ ਸਲਾਖਾਂ ਪਿੱਛੇ ਸੁੱਟਿਆ ਹੋਇਆ ਹੈ, ਜਿਸ ਨੇ ਆਪਣੇ ਸਾਥੀਆਂ ਨਾਲ ਅਹਿੰਸਾ ਅਤੇ ਸੰਵਿਧਾਨ ਦੀਆਂ ਕਦਰਾਂ-ਕੀਮਤਾਂ ਦੀ ਰਾਖੀ ਕਰਨ ਦਾ ਤਹੱਈਆ ਕਰ ਰੱਖਿਆ ਹੈ। ਉਹਨਾਂ ਦੀ ਸਮਾਜ ਦੀ ਬਹੁਲਤਾ ਅਤੇ ਜਮਹੂਰੀਅਤ ਵਿੱਚ ਅਟੁੱਟ ਯਕੀਨ ਵਿੱਚੋਂ ਏਕਾਅਧਿਕਾਰਵਾਦੀ ਅਤੇ ਬਹੁਗਿਣਤੀਵਾਦੀ ਹਾਕਮਾਂ ਨੂੰ ਬਦਬੂ ਦਿਸਦੀ ਹੈ। ਇਹਨਾਂ ਹੋਣਹਾਰ ਜਵਾਨ ਮੁੰਡੇ-ਕੁੜੀਆਂ ਜਿਹਨਾਂ ਨੇ ਸਾਡੀ ਰਿਪਬਲਿਕ ਦੀ ਅਥਾਹ ਸੇਵਾ ਕਰਨੀ ਸੀ, ਉਹਨਾਂ ਨੂੰ ਆਪਣੀ ਜ਼ਿੰਦਗੀ ਦੇ ਬੇਸ਼ਕੀਮਤੀ ਵਰ੍ਹੇ ਗੰਦੀਆਂ ਅਤੇ ਹਨੇਰੀਆਂ ਕਾਲ ਕੋਠੜੀਆਂ ਵਿੱਚ ਗੁਜ਼ਾਰਨੇ ਪੈ ਰਹੇ ਹਨ।

ਜਿਸ ਯੂਨੀਵਰਸਿਟੀ ਵਿੱਚ ਡੀਬੇਟ, ਡਿਫਰ, ਡਿਸੈਂਟ ਅਤੇ ਡਿਸ-ਐਗਰੀ ਦਾ ਵਰਤਾਰਾ ਆਮ ਸੀ, ਉਸ ਨੂੰ 2016 ਵਿੱਚ ਜੰਗ ਦਾ ਅਖਾੜਾ ਬਣਾ ਦਿੱਤਾ ਗਿਆ। ਉਹ ਤਾਕਤਾਂ ਜਿਹੜੀਆਂ ਸਵਾਲਾਂ ਤੋਂ ਤ੍ਰਭਕਦੀਆਂ ਸਨ, ਉਮਰ ਉਹਨਾਂ ਦੇ ਨਿਸ਼ਾਨੇ ’ਤੇ ਆ ਗਿਆ। ਪ੍ਰਾਈਮ ਟਾਈਮ ਗੋਦੀ ਮੀਡੀਆ ਨੇ ਆਪ ਹੀ ਜੱਜ, ਪੁਲਸ ਅਤੇ ਵਕੀਲ ਬਣ ਉਮਰ ਅਤੇ ਉਸ ਦੇ ‘ਦੇਸ਼ ਧ੍ਰੋਹੀ’ ਸਾਥੀਆਂ ’ਤੇ ਟੁਕੜੇ-ਟੁਕੜੇ ਗੈਂਗ ਦੇ ਲਕਬ ਥੱਲੇ ਮੁਕੱਦਮਾ ਸ਼ੁਰੂ ਕਰ ਦਿੱਤਾ। ਸੰਗੀਤਾ ਦਾਸ ਗੁਪਤਾ ਛੱਬੀ ਫਰਵਰੀ 2016 ਦੇ ਇੰਡੀਅਨ ਐਕਸਪ੍ਰੈੱਸ ਵਿੱਚ ਲਿਖਦੇ ਹਨ, ‘ਸਾਬਰਮਤੀ ਲਾਅਨ ਵਿੱਚ ਸਾਡੀ ਮੀਟਿੰਗ ਤੋਂ ਤੁਰੰਤ ਬਾਅਦ ਟੀਵੀ ਚੈਨਲਾਂ ’ਤੇ ਜਿਵੇਂ ਕੋਈ ਸੁਨਾਮੀ ਆ ਗਈ ਹੋਵੇ। ਉਮਰ ਹੁਣ ਉਮਰ ਖ਼ਾਲਿਦ ਸੀ, ਇੱਕ ਐਂਟੀ ਨੈਸ਼ਨਲ, ਇਸਲਾਮਿਕ ਅੱਤਵਾਦੀ ਜਿਹੜਾ ਹੁਣੇ ਹੀ ਪਾਕਿਸਤਾਨੋਂ ਆਇਆ ਸੀ ਅਤੇ ਕਿਸੇ ਕੌਮਾਂਤਰੀ ਗਰੋਹ ਦਾ ਮੈਂਬਰ।’ ਇਜਾਜ਼ ਅਸ਼ਰਫ ‘ਮੁਸਲਿਮ ਹੋਣ ਦਾ ਜੋਖ਼ਮ’ ਵਿੱਚ ਲਿਖਦੇ ਹਨ ਕਿ ਉਮਰ ਖ਼ਾਲਿਦ ਦੀ ਹਿਰਾਸਤੀ ਪੁੱਛਗਿੱਛ ਵੀ ਗੋਦੀ ਮੀਡੀਆ ਵੱਲੋਂ ਸਿਰਜੇ ਬਿਰਤਾਂਤ ਦੇ ਦੁਆਲੇ ਹੀ ਹੋਈ ਸੀ। ਉਮਰ ਨੇ ਮਹਿਸੂਸ ਕੀਤਾ ਕਿ ਉਸ ਦੀ ਮੁਸਲਿਮ ਪਹਿਚਾਣ ਭਾਰੂ ਹੋ ਰਹੀ ਹੈ, ਇਸ ਲਈ ਉਸ ਨੇ ਭਗਤ ਸਿੰਘ-ਅੰਬੇਡਕਰ ਸਟੂਡੈਂਟਸ ਆਰਗੇਨਾਈਜ਼ੇਸ਼ਨ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ। ਜਦੋਂ ਉਮਰ ਤੇਰਾਂ ਅਗਸਤ 2018 ਨੂੰ ਕੰਸਟੀਚੂਸਨ ਕਲੱਬ ਵਿੱਚ ‘ਖ਼ੌਫ਼ ਸੇ ਆਜ਼ਾਦੀ’ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਆਉਂਦਾ ਹੈ ਤਾਂ ਇੱਕ ਸਿਰਫਿਰੇ ਨੇ ਉਸ ’ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ, ਇਹ ਹਿੰਦੂਤਵੀ ਗਰੋਹਾਂ ਦਾ ਉਮਰ ਦੀ ਜਾਨ ਲੈਣ ਦਾ ਇਰਾਦਾ ਪ੍ਰਗਟ ਕਰਦਾ ਹੈ। ਅਨੰਦ ਤੇਲਤੁੰਬੜੇ ‘ਉਮਰ ਅਤੇ ਹੇਟ ਰਿਪਬਲਿਕ’ ਵਿੱਚ ਉਮਰ ’ਤੇ ਹੋਏ ਜਾਨਲੇਵਾ ਹਮਲੇ ਨੂੰ ਨਰਿੰਦਰ ਦਭੋਲਕਰ, ਗੋਬਿੰਦ ਪਨਸਾਰੇ ਅਤੇ ਗੌਰੀ ਲੰਕੇਸ਼ ਦੀ ਇਹਨਾਂ ਗਰੋਹਾਂ ਦੀ ਅਗਲੀ ਕੜੀ ਮੰਨਦੇ ਹਨ। ਦਾਰਾਬ ਫਾਰੂਕੀ ‘ਲੁਕਿੰਗ ਫਾਰ ਦ ਟੈਰੋਰਿਸਟ ਸਨ ਉਮਰ ਖ਼ਾਲਿਦ’ ਵਿੱਚ ਸਪੱਸ਼ਟ ਕਰਦੇ ਹਨ ਕਿ ਕਿਵੇਂ ਐੱਨ ਐੱਸ ਏ ਤਹਿਤ ਯੂਪੀ ਪੁਲਸ ਵੱਲੋਂ ਗ੍ਰਿਫਤਾਰ ਕਫੀਲ ਖਾਨ ਦਾ ਮਾਮਲਾ ਜਦੋਂ ਤਾਂ ਹਾਈਕੋਰਟ ਨੇ ਪਾਇਆ ਸੀ ਕਿ ਪੁਲਸ ਨੇ ਕਫੀਲ ਖਾਨ ਦੇ ਪੂਰੇ ਭਾਸ਼ਨ ਨੂੰ ਸੁਣਿਆ ਹੀ ਨਹੀਂ ਸੀ, ਜੋ ਕਿ ਦਰਅਸਲ ਕੌਮੀ ਏਕਤਾ ਅਤੇ ਅਖੰਡਤਾ ਦੀ ਦੁਹਾਈ ਦਿੰਦਾ ਸੀ। ਉਹ ਕਹਿੰਦੇ ਹਨ ਕਿ ਜਦੋਂ ਉਮਰ ਦੇ ਭਾਸ਼ਨ ਵੀ ਪੂਰੇ ਅਦਾਲਤਾਂ ਸੁਣਨ ਗਈਆਂ ਤਾਂ ਉਮਰ ਵੀ ਬਾਇੱਜ਼ਤ ਬਰੀ ਹੋਵੇਗਾ।

ਉਮਰ ਦੀ ਧਾਰਮਿਕ ਪਹਿਚਾਣ ਨਾਲ ਜੋੜ ਕੇ ਸੱਜੇ ਪੱਖੀ ਧਿਰ ਨੇ ਜੇ ਐੱਨ ਯੂ ਨੂੰ ਜਹਾਂਗੀਰ ਨੈਸ਼ਨਲ ਯੂਨੀਵਰਸਿਟੀ ਪ੍ਰਚਾਰਨਾ ਸ਼ੁਰੂ ਕਰ ਦਿੱਤਾ। ਇਹ ਦਰਅਸਲ ਯੂਨੀਵਰਸਿਟੀ ਦੇ ਸੰਕਲਪ ’ਤੇ ਹੀ ਹਮਲਾ ਸੀ, ਕਿਉਂਕਿ ਫਾਸ਼ਿਸ਼ਟ ਸੱਤਾ ਦੇ ਖਿਲਾਫ਼ ਬਗਾਵਤੀ ਤਾਂਘ ਸਭ ਤੋਂ ਪਹਿਲਾਂ ਜਾਮੀਆ ਮਿਲੀਆ, ਜਾਧਵਪੁਰ, ਬਨਾਰਸ ਹਿੰਦੂ ਯੂਨੀਵਰਸਿਟੀ, ਜੇ ਐੱਨ ਯੂ ਆਦਿ ਵਿੱਚ ਪਨਪੀ ਸੀ। ਵਿਦਿਆਰਥੀ ਚਾਰ ਦੀਵਾਰਾਂ ਤੋਂ ਬਾਹਰ ਆਏ, ਗਲੀਆਂ ਵਿੱਚ ਗੂੰਜ ਉੱਠੀ ਅਤੇ ਨਵੇਂ ਨਾਅਰਿਆਂ ਨਾਲ ਪਾਣੀ ਦੀਆਂ ਬੁਛਾੜਾਂ ਅਤੇ ਪੁਲਸੀਆ ਡਾਂਗਾਂ ਦਾ ਮੁਕਾਬਲਾ ਕੀਤਾ। ‘ਜਸਟਿਸ ਫਾਰ ਰੋਹਿਤ ਵਾਮੁੱਲਾ’, ਸਟੈਂਡ ਵਿੱਦ ਜੇ ਐੱਨ ਯੂ, ਜੈ ਭੀਮ ਅਤੇ ਲਾਲ ਸਲਾਮ ਨਾਲ ਵਿਦਿਆਰਥੀਆਂ ਅਤੇ ਜਵਾਨੀ ਨੇ ਨਵੀਂ ਇਬਾਰਤ ਲਿਖੀ।

ਹਿਟਲਰ, ਗੌਡਸੇ ਅਤੇ ਬੈਂਜਾਮਿਨ ਨੇਤਨਯਾਹੂ ਦੀ ਵਿਰਾਸਤੀ ਸਿਆਸਤ ਨੂੰ ਉਮਰ ਅਤੇ ਸਾਥੀਆਂ ਦੀ ਸੋਚ ‘ਮੁਜਰਮਾਨਾ’ ਲੱਗਦੀ ਸੀ। ਜਦੋਂ ਦਿੱਲੀ ਮਚ ਰਹੀ ਸੀ ਤਾਂ ਸੱਤਾ ਦੰਗਾ ਭੜਕਾਉਣ ਵਾਲੇ ਭਾਜਪਾ ਆਗੂਆਂ ਲਈ ਕੰਧ ਬਣ ਖੜ੍ਹੀ। ਅਠੱਤੀ ਮੁਸਲਮਾਨਾਂ ਅਤੇ ਪੰਦਰਾਂ ਹਿੰਦੂਆਂ ਦੇ ਅਸਲੀ ਕਾਤਲਾਂ ਨੂੰ ਫੜਨ ਵਿੱਚ ਸੱਤਾ ਦੀ ਕੋਈ ਦਿਲਚਸਪੀ ਹੀ ਨਹੀਂ ਸੀ, ਬਲਕਿ ਇਹ ਸ਼ਾਹੀਨ ਬਾਗ ਦੀਆਂ ਉਹਨਾਂ ਆਵਾਜ਼ਾਂ ਮਗਰ ਹੱਥ ਧੋ ਕੇ ਪੈ ਗਈ, ਜਿਹੜੀਆਂ ਆਵਾਜ਼ਾਂ ਅਹਿੰਸਾ ਅਤੇ ਮੁਹੱਬਤ ਦੀਆਂ ਸਨ। ਸੱਤਾ ਨੇ ਸੰਵਿਧਾਨ ਦੀਆਂ ਕਦਰਾਂ-ਕੀਮਤਾਂ ਬਚਾਉਣ ਲੱਗੀਆਂ ਇਹਨਾਂ ਦਲੇਰ ਆਵਾਜ਼ਾਂ ਦਾ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ।

ਇਹ ਵੀ ਇੱਕ ਦੁਖਾਂਤ ਹੀ ਹੈ ਕਿ ਜਿਸ ਵਿਅਕਤੀ ਨੇ ਦੰਗੇ ਭੜਕਾਉਣ ਲਈ ਕਾਨੂੰਨ ਤੋੜਿਆ, ਉਹ ਹੁਣ ਕਾਨੂੰਨ ਮੰਤਰੀ ਵੀ ਹੈ ਅਤੇ ਸੁਪਰੀਮ ਕੋਰਟ ਉਹਨਾਂ ਦੀਆਂ ਨਫ਼ਰਤੀ ਤਕਰੀਰਾਂ ਨੂੰ ਨਫ਼ਰਤੀ ਮੰਨਣ ਤੋਂ ਵੀ ਇਨਕਾਰੀ ਹੈ।

ਮਿੰਦਰਪਾਲ ਭੱਠਲ ਨੇ ਆਪਣੀ ਕਵਿਤਾ ‘ਦਿੱਲੀ ਦਾ ਰੰਗ’ ਵਿੱਚ ਲਿਖਿਆ ਸੀ, ‘ਜ਼ੁਲਮ ਨਾਲ ਜੁੜੇ ਹੱਥ ਕਦੋਂ ਟਿਕਦੇ ਨੇ, ਦਾਅ ਲੱਗਦਾ ਹੈ, ਜੇਲ੍ਹ ਦੀਆਂ ਕੰਧਾਂ ’ਤੇ ਲਿਖਦੇ ਨੇ।’ ਉਮਰ ਨਾਲ ਨਾਗਰਿਕਤਾ ਸੋਧ ਕਾਨੂੰਨ ਖਿਲਾਫ਼ ਮੋਰਚੇ ਦੀ ਸਹਿਯੋਗੀ ਗੁਲਫਿਸਾ ਫਾਤਿਮਾ ਜੇਲ੍ਹ ਵਿੱਚ ਬੈਠੀ ‘ਮੇਰੀਆਂ ਗੁਆਂਢੀ ਖਾਮੋਸ਼ ਕੰਧਾਂ’ ਨਾਲ ਗੱਲਾਂ ਕਰਦੀ ਲਿਖਦੀ ਹੈ:

ਮੇਰੀਆਂ ਗੁਆਂਢੀ ਕੰਧਾਂ,  
ਚਾਰ ਲੱਤਾਂ ਵਾਲੀਆਂ ਕੰਧਾਂ,  
ਖਾਮੋਸ਼ ਖੜੀਆਂ ਕੰਧਾਂ,  
ਮੁੱਦਤ ਤੋਂ  
ਝੱਖੜਾਂ, ਤੂਫ਼ਾਨਾਂ, ਤਪਦੇ ਸੂਰਜ ਨੂੰ ਝੱਲਦੀਆਂ ਕੰਧਾਂ।  
ਹੈਰਾਨ ਹਾਂ ਕਿਉਂ ਨਹੀਂ ਬੋਲਦੀਆਂ ਕੰਧਾਂ।  
ਨਹੀਂ, ਨਹੀਂ  
ਉਹ ਬੋਲਦੀਆਂ ਨੇ,  
ਪੱਕਾ ਬੋਲਦੀਆਂ ਨੇ  
ਮੌਸਮਾਂ ਦੀ ਮਾਰ ਝੱਲਦੀਆਂ,  
ਖਲੇਪੜਾਂ, ਮਿੱਟੀ ਦੇ ਰੂਪ ਵਿੱਚ।  
ਹਾਕਮ ਮੂੰਹ ਬੰਦ ਕਰ ਦਿੰਦਾ ਹੈ, ਪਲੱਸਤਰ ਕਰ।  
ਇੱਕ ਦਿਨ ਆਵੇਗਾ,  
ਭਾਰੀ ਕੰਧਾਂ ਢਹਿ ਜਾਣਗੀਆਂ,  
ਨਵੀਂ ਰੋਸ਼ਨੀ ਨੂੰ ਰਾਹ ਦੇਣ ਲਈ।

ਸੱਤਿਆਮੇਵ ਜਯਤੇ ਹਿੰਦੁਸਤਾਨ ਦੇ ਸੰਵਿਧਾਨ ਦਾ ਅੱਜ ਵੀ ਸ਼ਿੰਗਾਰ ਹੈ, ਪਰ ਨਫ਼ਰਤਾਂ ਦਾ ਬਾਜ਼ਾਰ ਜਿਵੇਂ ਫੈਲ ਰਿਹਾ ਹੈ, ਉਹ ਦਿਨ ਦੂਰ ਨਹੀਂ ਜਦੋਂ ਨਫਰਤੇਵ ਜਯਤੇ ਹੋ ਜਾਵੇਗਾ

ਸੱਤਾ ਨੇ ਜੇਲ੍ਹ ਵਿੱਚ ਰੱਖ ਕੇ ਉਸ ਦਾ ਸਮਾਂ ਬਰਬਾਦ ਕੀਤਾ ਹੈ, ਉਸ ਦੇ ਜੋਸ਼ ਨੂੰ ਨਹੀਂ ਖ਼ਤਮ ਕਰ ਸਕੀ। ਉਸ ਦਾ ਚੱਲਣਾ-ਫਿਰਨਾ ਵਰਜਿਤ ਕੀਤਾ ਗਿਆ ਹੈ, ਪਰ ਉਸ ਦੀ ਸੋਚ ਹਾਲਾਂ ਵੀ ਉਡਾਰੀਆਂ ਮਾਰਦੀ ਹੈ। ਉਮਰ ਖ਼ਾਲਿਦ ਇੱਕ ਦਿਨ ਜੇਲ੍ਹ ਵਿੱਚੋਂ ਬਾਹਰ ਆਵੇਗਾ, ਹੋਰ ਜ਼ਿੰਦਾਦਿਲੀ ਨਾਲ, ਹੋਰ ਆਜ਼ਾਦ ਖਿਆਲਾਂ ਨਾਲ।

(ਅਨਿਰਬੇਨ ਭੱਟਾਚਾਰੀਆ, ਬੰਜੋਸਤਨਾ ਲਹਿਰੀ ਅਤੇ ਸੁਧਾਬਰਾਤਾ ਸੇਨਗੁਪਤਾ ਵੱਲੋਂ ਸੰਪਾਦਿਤ ਕਿਤਾਬ ‘ਉਮਰ ਖ਼ਾਲਿਦ ਐਂਡ ਹਿਜ਼ ਵਰਲਡ’ ਵਿੱਚੋਂ ਸੰਖੇਪ ਵਾਰਤਾਲਾਪ)

***ਸੰਪਰਕ-98728-44163***

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.


ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਮਿੱਥ ਤੋਂ ਮਹਾਂ-ਚੇਤਨਾ ਦਾ ਸਫ਼ਰ




**ਫੋਕਸ**



**ਚਰਚਾ ਇਕ ਪੁਸਤਕ ਦੀ**

**ਰਾਮਪਾਲ ਸ਼ਾਹਪੁਰੀ (ਡਾ.)**

## ਅਹਿਲਿਆ

(ਡਾ. ਨਵਦੀਪ ਕੌਰ)
**ਪੰਨੇ-220, ਮੁੱਲ-400 ਰੁਪਏ**
**ਲੋਕਗੀਤ ਪ੍ਰਕਾਸ਼ਨ, ਮੁਹਾਲੀ**

'ਅਹਿਲਿਆ' ਡਾ. ਨਵਦੀਪ ਕੌਰ ਦੀ ਲੰਮੀ ਬਿਰਤਾਂਤਕ ਕਵਿਤਾ ਹੈ। ਇਸ ਤੋਂ ਪਹਿਲਾਂ ਵੀ ਉਸ ਦੇ ਕਾਵਿ ਨਾਟ 'ਨਾਰੀ-ਘਾਟ' ਅਤੇ ਕਾਵਿ-ਸੰਗ੍ਰਹਿ 'ਪਰਵਾਜ਼ ਤੋਂ ਗੂੰਜਦੇ ਬੋਲ' ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤੋਂ ਇਲਾਵਾ ਉਸ ਦੀਆਂ ਆਲੋਚਨਾ ਦੀਆਂ ਪੁਸਤਕਾਂ ਵੀ ਛਪ ਚੁੱਕੀਆਂ ਹਨ। ਡਾ. ਨਵਦੀਪ ਦਾ ਪੀ ਐੱਚ ਡੀ ਦਾ ਖੋਜ ਕਾਰਜ ਨਾਟ ਵਿਧਾ ਨਾਲ ਸੰਬੰਧਤ ਹੈ। 'ਨਾਰੀ-ਘਾਟ' ਅਤੇ 'ਅਹਿਲਿਆ' ਨੂੰ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਉਸ ਦੇ ਖੋਜ ਕਾਰਜ ਦਾ ਉਸ ਦੀ ਕਾਵਿ ਸਿਰਜਣਾ 'ਤੇ ਗਹਿਰਾ ਅਸਰ ਹੈ। ਇਹਨਾਂ ਦੋਵਾਂ ਸੰਗ੍ਰਹਿਆਂ ਵਿੱਚ ਨਾਟਕੀ ਅੰਸ਼ਾਂ ਦੀ ਬਹੁਤਾਤ ਹੈ। 'ਅਹਿਲਿਆ' ਨੂੰ ਪੜ੍ਹਦਿਆਂ ਸਭ ਤੋਂ ਪਹਿਲਾ ਪ੍ਰਸ਼ਨ ਪਾਠਕ ਮਨ ਵਿੱਚ ਇਹ ਉੱਠਦਾ ਹੈ ਕਿ ਰੂਪਕ ਪੱਖੋਂ ਇਸ ਨੂੰ ਕਿਸ ਵਿਧਾ ਵਿੱਚ ਸ਼ਾਮਲ ਕਰਕੇ ਪੜ੍ਹਿਆ ਜਾਵੇ, ਕਿਉਂਕਿ ਬਿਰਤਾਂਤਕ ਕਵਿਤਾ ਅਤੇ ਪ੍ਰਬੰਧ ਕਾਵਿ ਅਧੀਨ ਮਹਾਂਕਾਵਿ ਤੇ ਖੰਡ ਕਾਵਿ ਦੇ ਤੱਤ ਇਸ ਰਚਨਾ ਵਿੱਚ ਸ਼ਾਮਲ ਹੋਏ ਮਿਲਦੇ ਹਨ। ਦਰਅਸਲ ਅਜੋਕੇ ਗਲੋਬਲੀ ਯੁੱਗ ਵਿੱਚ ਹਰ ਵਸਤੂ ਵਰਤਾਰਾ ਇੱਕ-ਦੂਜੇ ਤੋਂ ਪ੍ਰਭਾਵਿਤ ਹੋ ਰਿਹਾ ਹੈ। ਆਲੋਚਨਾ ਦ੍ਰਿਸ਼ਟੀਆਂ ਅੰਤਰ ਅਨੁਸ਼ਾਸਨੀ ਪ੍ਰਚਲਨ ਵਿੱਚ ਵਧਣ ਲਈ ਮਜਬੂਰ ਹਨ। ਸਾਹਿਤ ਦੇ ਰੂਪ ਆਪਣੀ ਹੋਂਦ ਦੇ ਅਨੇਕਾਂ ਗੁਣਾਂ ਸਮੇਤ ਇੱਕ-ਦੂਜੇ ਦੀ ਹੋਂਦ ਵਿਧੀ ਨੂੰ ਪ੍ਰਭਾਵਿਤ ਕਰ ਰਹੇ ਹਨ। ਇਸੇ ਤਰ੍ਹਾਂ ਰੂਪਕ ਪੱਖੋਂ 'ਅਹਿਲਿਆ' ਵੀ ਸਾਂਝੇ ਗੁਣ- ਲੱਛਣਾਂ ਵਾਲੀ ਕਾਵਿ ਰਚਨਾ ਬਣ ਗਈ ਹੈ। ਜੇਕਰ ਅਸੀਂ ਇਹ ਮੰਨੀਏ ਕਿ ਡਾ. ਨਵਦੀਪ ਨੇ ਇਸ ਨੂੰ ਨਾਟਕ ਵਿੱਚ ਇਸ ਬਿਰਤਾਂਤ ਰਚਨਾ ਨੂੰ ਪੇਸ਼ ਕੀਤਾ ਹੈ ਤਾਂ ਇਹ ਸਹੀ ਨਹੀਂ ਹੋਵੇਗਾ, ਕਿਉਂਕਿ ਰਚਨਾ ਦਾ ਬਿਰਤਾਂਤ ਦੱਸਦਾ ਹੈ ਕਿ ਇਹ ਸਹਿਜ ਰੂਪ ਵਿੱਚ ਬਿਰਤਾਂਤ ਸਿਰਜਣਾ ਹੋਈ ਹੈ। ਜੋ ਬਿਨਾਂ ਕਿਸੇ ਅਕੇਵੇਂ ਦੇ ਪਾਠਕਾਂ ਨੂੰ ਆਪਣੇ ਨਾਲ ਤੋਰਦੀ ਹੈ। ਕੋਈ ਸਾਹਿਤਕ ਰਚਨਾ ਪਾਠਕਾਂ ਨੂੰ ਆਪਣੇ ਨਾਲ ਤਾਂ ਹੀ ਤੋਰਨ ਦੇ ਸਮਰੱਥ ਹੋ ਸਕਦੀ ਹੈ, ਜੇਕਰ ਉਸ ਵਿੱਚ ਨਵੀਨਤਾ, ਮੌਲਿਕਤਾ ਤੇ ਪ੍ਰਚਲਿਤ ਲਿਖਤਾਂ ਨਾਲੋਂ ਵੱਖਰਾਪਨ ਹੋਵੇਗਾ। ਇਹ ਤਿੰਨੋਂ ਗੁਣ ਇਸ ਰਚਨਾ ਵਿੱਚ ਮੌਜੂਦ ਹਨ। ਸਮਾਜਿਕ ਸਰੋਕਾਰਾਂ ਨਾਲ ਜੁੜੀ ਅਤੇ ਲੋਕ ਭਾਵਾਂ ਦੀ ਤਰਜਮਾਨੀ ਕਰਨ ਦੇ ਕਾਰਨ ਸਾਹਿਤਕ ਖੇਤਰ ਵਿੱਚ ਇਸ ਪੁਸਤਕ ਦੀ ਗੱਲ ਤੁਰ ਰਹੀ ਹੈ।

ਇਸ ਲੰਮੀ ਕਵਿਤਾ ਦਾ ਬਿਰਤਾਂਤ ਅਹੱਲਿਆ ਦੇ ਜੀਵਨ ਨਾਲ ਸੰਬੰਧਤ ਹੈ। ਪੁਰਾਤਨ ਹਿੰਦੂ ਮਿਥਿਹਾਸ ਕੋਸ਼ ਅਨੁਸਾਰ ਅਹੱਲਿਆ ਵਿਰਧਸ਼ਵ ਦੀ ਪੁੱਤਰੀ ਅਤੇ ਗੌਤਮ ਰਿਸ਼ੀ ਦੀ ਪਤਨੀ ਸੀ, ਜੋ ਬਹੁਤ ਸੋਹਣੀ ਸੀ। ਰਮਾਇਣ ਅਨੁਸਾਰ ਇਹ ਬ੍ਰਹਮਾ ਦੁਆਰਾ ਸਿਰਜੀ ਪਹਿਲੀ ਇਸਤਰੀ ਸੀ, ਜਿਸ ਨੂੰ ਬ੍ਰਹਮਾ ਨੇ ਗੌਤਮ ਰਿਸ਼ੀ ਨੂੰ ਦਿੱਤਾ। ਇਸ ਤੋਂ ਪਿੱਛੋਂ ਇੰਦਰ ਨੇ ਇਸ ਨੂੰ ਧੋਖੇ ਨਾਲ ਛਲਿਆ ਅਤੇ ਆਪਣੇ ਕੁਕਰਮਾਂ ਦਾ ਫਲ ਪਾਇਆ। ਰਮਾਇਣ ਦੇ ਇੱਕ ਪਾਠ ਅਨੁਸਾਰ ਅਹੱਲਿਆ ਇੰਦਰ ਨੂੰ ਜਾਣਦੀ ਸੀ ਅਤੇ ਇਹ ਉਸ ਦੀਆਂ ਖ਼ੁਸ਼ਆਮਦਾਨਾ ਗੱਲਾਂ ਵਿੱਚ ਆ ਗਈ ਸੀ, ਪਰ ਦੂਜੇ ਪਾਠ ਅਨੁਸਾਰ ਇੰਦਰ ਨੇ ਇਸ ਦੇ ਪਤੀ ਦਾ ਰੂਪ ਧਾਰ ਕੇ ਇਸ ਨੂੰ ਠੱਗ ਲਿਆ ਸੀ।ਇੱਕ ਹੋਰ ਕਹਾਣੀ ਵਿੱਚ ਆਉਂਦਾ ਹੈ ਕਿ ਇੰਦਰ ਨੇ ਚੰਦਰਮਾ ਦੀ ਸਹਾਇਤਾ ਲਈ, ਜਿਸ ਨੇ ਕੁੱਕੜ ਦਾ ਰੂਪ ਧਾਰ ਕੇ ਅੱਧੀ ਰਾਤ ਨੂੰ ਬਾਂਗ ਦਿੱਤੀ। ਇਸ 'ਤੇ ਗੌਤਮ ਪ੍ਰਭਾਤ ਦਾ ਸਮਾਂ ਜਾਣ ਕੇ ਪੂਜਾ-ਪਾਠ ਲਈ ਚਲਾ ਗਿਆ ਅਤੇ ਇੰਦਰ ਉਸ ਦੀ ਥਾਂ 'ਤੇ ਆ ਗਿਆ। ਗੌਤਮ ਨੇ ਅਹੱਲਿਆ ਨੂੰ ਸਿਲ੍ਹ ਬਣ ਜਾਣ ਦਾ ਸਰਾਪ ਦਿੱਤਾ। ਤਰੇਤੇ ਯੁੱਗ ਵਿੱਚ ਰਾਮ ਨੇ ਇਸ ਨੂੰ ਸਰਾਪ ਤੋਂ ਮੁਕਤੀ ਦਿਵਾਈ। ਇਸ ਪ੍ਰਚਲਿਤ ਮਿਥਿਹਾਸਕ ਕਥਾ ਦੀ ਲੋਕ ਜੀਵਨ ਵਿੱਚ ਮਕਬੂਲੀਅਤ ਐਨੀ ਸੀ ਕਿ ਗੁਰੂ ਸਾਹਿਬਾਨਾਂ ਨੇ ਵੀ ਆਪਣੀ ਬਾਣੀ ਵਿੱਚ ਇਸ ਕਥਾ ਦਾ ਜ਼ਿਕਰ ਕੀਤਾ ਹੈ।

ਗੌਤਮ ਨਾਰਿ ਉਮਾਪਤਿ ਸ੍ਵਾਮੀ॥ ਸੀਸ ਧਰਨਿ ਸਹਸ ਭਗ ਗਾਮੀ॥
(ਗੁਰੂ ਰਵਿਦਾਸ ਜੀ)

ਗੋਤਮ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥
(ਗੁਰੂ ਨਾਨਕ ਦੇਵ ਜੀ)

ਡਾ. ਨਵਦੀਪ ਨੇ ਇਸ ਪ੍ਰਚਲਿਤ ਕਥਾ ਨੂੰ ਪ੍ਰਤੀਕਾਤਮਕ ਰੂਪ ਵਿੱਚ ਨਾਰੀਵਾਦੀ ਚਿੰਤਨ ਦੀ ਦ੍ਰਿਸ਼ਟੀ ਤੋਂ ਨਵੇਂ ਅਰਥਾਂ ਵਿੱਚ ਸੰਚਾਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਕਿਉਂਕਿ ਅੱਜ ਦਾ ਸੰਸਾਰ ਤੇਜ਼ੀ ਨਾਲ ਬਦਲ ਰਿਹਾ ਹੈ। ਗਿਆਨ, ਵਿਗਿਆਨ ਅਤੇ ਟੈਕਨਾਲੋਜੀ ਦੇ ਖੇਤਰ ਵਿੱਚ ਆਈਆਂ ਕ੍ਰਾਂਤੀਕਾਰੀ ਤਬਦੀਲੀਆਂ ਕਾਰਨ ਦੁਨਿਆਵੀ ਪੱਧਰ ਤੇ ਸਮੂਹਿਕ ਵਰਤਾਰਿਆਂ ਦੀ ਸਮਝ ਪ੍ਰਤੀ ਮਨੁੱਖੀ ਚਿੰਤਨ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ। ਇਸ ਲਈ ਸਮਾਜਿਕ, ਆਰਥਿਕ ਪ੍ਰਬੰਧ ਵਿੱਚ ਆ ਰਹੇ ਨਿਰੰਤਰ ਬਦਲਾਵਾਂ ਦੇ ਦੌਰ ਵਿੱਚ ਮਨੁੱਖੀ ਚੇਤਨਾ ਅਤੇ ਚਿੰਤਨ ਦੇ ਵਿਕਸਿਤ ਹੋਣ ਕਾਰਨ ਸਾਹਿਤ ਨੂੰ ਪੜ੍ਹਨ ਅਤੇ ਸਮਝਣ ਦੇ ਦ੍ਰਿਸ਼ਟੀਕੋਣ ਵਿੱਚ ਵੀ ਬਦਲਾਵ ਆ ਰਹੇ ਹਨ। ਨਾਰੀਵਾਦ ਦੇ ਪ੍ਰਭਾਵ ਅਧੀਨ ਔਰਤ ਦੇ ਸੁਤੰਤਰ ਅਸਤਿਤਵ ਨੂੰ ਸਵੀਕਾਰਿਆ ਜਾਣ ਲੱਗਿਆ ਹੈ। ਔਰਤ ਪ੍ਰਤੀ ਮਰਦਾਵੀਂ ਦ੍ਰਿਸ਼ਟੀਕੋਣ ਬਦਲਿਆ ਹੈ ਅਤੇ ਸਮਾਜੀ ਸਮਝ ਵਿੱਚ ਵੀ ਤਬਦੀਲੀ ਆਈ ਹੈ। ਡਾ. ਨਵਦੀਪ ਦੁਆਰਾ ਅਹੱਲਿਆ ਦੀ ਪ੍ਰਚਲਿਤ ਮਿੱਥ ਕਥਾ ਨੂੰ ਨਵੇਂ ਰੂਪ 'ਅਹਿਲਿਆ' ਵਿੱਚ ਪੇਸ਼ ਕਰਨਾ ਇਸੇ ਤਬਦੀਲੀ ਦਾ ਪ੍ਰਤੀਫਲ ਹੈ। ਪਰਿਵਰਤਨ ਦੇ ਇਸ ਦੌਰ ਵਿੱਚ ਪ੍ਰਚਲਤ ਵਰਤਾਰਿਆਂ ਅਤੇ ਮਿੱਥਾਂ ਦਾ ਰੂਪਾਂਤਰਨ ਹੋਣਾ ਸੁਭਾਵਿਕ ਵਰਤਾਰਾ ਹੈ।

ਸੀਮੋਨ ਦ ਬੋਅਵਾਰ ਆਪਣੀ ਪੁਸਤਕ ਦਾ ਸੈਕਿੰਡ ਸੈਕਸ ਵਿੱਚ ਲਿਖਦੀ ਹੈ ਕਿ ਮਰਦ ਅਤੇ ਔਰਤ ਬਿਜਲੀ ਦੇ +ve ਅਤੇ -ve pole ਵਾਂਗ ਨਹੀਂ, ਸਗੋਂ ਮਨੁੱਖੀ ਇਤਿਹਾਸ ਵਿੱਚ ਮਰਦ ਨੂੰ ਨਿਰਪੇਖ ਸਮਝਦਿਆਂ, ਔਰਤ ਨੂੰ ਉਸ ਦੀ ਵਿਰੋਧੀ ਸਮਝਦਿਆਂ, ਔਰਤ ਦੀ ਵਿਆਖਿਆ ਅਤੇ ਸਮਝ, ਇਕ ਨਿਰਪੇਖ ਮਨੁੱਖ ਦੇ ਪ੍ਰਸੰਗ ਵਿੱਚ ਕੀਤੀ ਜਾਂਦੀ ਰਹੀ ਹੈ। ਇਸਤਰੀ ਲਿੰਗ ਨੂੰ ਪਰਿਭਾਸ਼ਿਤ ਹੋਣ ਲਈ ਪੁਲਿੰਗ ਦੀ ਮੁਥਾਜੀ ਝੱਲਣੀ ਪੈਂਦੀ ਰਹੀ ਹੈ। ਜਿਹਾ ਕਿ ਇਸ ਮਿੱਥ ਕਥਾ ਵਿੱਚ ਵੇਖਣ ਨੂੰ ਮਿਲਦਾ ਹੈ। ਡਾ. ਨਵਦੀਪ ਨੇ ਇਸ ਮਿੱਥ ਕਥਾ ਨੂੰ ਛੇ ਖੰਡਾਂ ਵਿੱਚ ਵੰਡਿਆ ਹੈ। ਪਹਿਲਾ ਕਾਵਿ ਖੰਡ ਅਹਿਲਿਆ ਦੇ ਜਨਮ ਨਾਲ ਸੰਬੰਧਤ ਹੈ। ਇਸ ਖੰਡ ਦੀਆਂ ਸ਼ੁਰੂਆਤੀ ਸਤਰਾਂ ਵਿੱਚ ਹੀ ਅਹਿਲਿਆ ਦੇ ਔਰਤ ਰੂਪ ਵਿੱਚ ਇਸ ਧਰਤ 'ਤੇ ਆਪਣੇ ਅਸਤਿਤਵ ਦੀ ਹੋਂਦ ਪ੍ਰਤੀ ਰੋਹ ਹੈ-

ਮੈਂ ਅਹਿਲਿਆ
ਬ੍ਰਹਮਪੁੱਤਰੀ ਅਹਿਲਿਆ
ਬ੍ਰਹਮ ਲੋਕ ਤੋਂ ਧਰਤ ਤੀਕ
ਮੇਰੀ ਹੋਂਦ
ਹੋਂਦ ਨਿਰਹੋਂਦ ਦੇ ਅਰਥਾਂ 'ਚ ਉਲਝੀ

ਅਹਿਲਿਆ ਦੇ ਰੂਪ ਵਿੱਚ ਸਦੀਆਂ ਤੋਂ ਨਾਰੀ ਅਸਤਿਤਵ ਦੀ ਨਕਾਰਾਤਮਿਕ ਹੋਂਦ ਦਾ ਸੱਚ ਅਤੇ ਮਰਦਾਵੀ ਛਵੀ ਹੇਠ ਖੰਡਿਤ ਨਾਰੀ ਅਵਸਥਾ ਦਾ ਬਿਰਤਾਂਤ ਵੀ ਇਸ ਖੰਡ ਦਾ ਹਾਸਿਲ ਬਣਿਆ ਹੈ। ਨਾਰੀ ਜੀਵਨ ਉੱਤੇ ਮਰਦਾਵੀਂ ਹੋਂਦ ਦਾ ਪ੍ਰਭਾਵ ਅਹਿਲਿਆ ਦੀ ਮਨ ਬਚਨੀ ਤੋਂ ਸਪੱਸ਼ਟ ਹੁੰਦਾ ਹੈ। ਅਹਿਲਿਆ ਨੂੰ ਜਨਮ ਦੇਣ ਵਾਲਾ ਵੀ ਇੱਕ ਮਰਦ ਹੈ। ਉਸ ਨੂੰ ਭੋਗਣ ਵਾਲਾ ਅਤੇ ਸਰਾਪ ਦੇਣ ਵਾਲਾ ਵੀ ਮਰਦ ਹੈ ਅਤੇ ਸਰਾਪ ਤੋਂ ਮੁਕਤੀ ਦਿਵਾਉਣ ਵਾਲਾ ਵੀ ਇੱਕ ਮਰਦ ਹੀ ਹੈ। ਨਾਰੀ ਇੱਛਾਵਾਂ, ਨਾਰੀ ਦੀਆਂ ਮਨੋਕਾਮਨਾ ਸਮੁੱਚੇ ਬਿਰਤਾਂਤ ਵਿੱਚੋਂ ਮਨਫ਼ੀ ਹਨ। ਔਰਤ ਦਾ ਜੀਵਨ ਮਰਦ ਹੱਥਾਂ ਵਿੱਚ ਖਿਡੌਣਾ ਨਜ਼ਰ ਆਉਂਦਾ ਹੈ। ਇਸ ਖੰਡ ਦੀਆਂ ਇਹ ਸਤਰਾਂ ਇਸ ਦਾ ਪ੍ਰਗਟਾ ਹਨ-

ਤੇਰਾ ਪਿਤਾ ਤੇਰੇ ਖਾਤਰ ਸਿਰਜ ਰਿਹੈ
ਮਨ ਇੱਛਤ ਕਾਇਆ
ਉਸ ਦੀ ਰਜ਼ਾ 'ਚ ਤੇਰਾ ਭਵਿੱਖ ਸਮਾਇਆ

ਦੂਸਰੇ ਕਾਵਿ ਖੰਡ ਵਿੱਚ ਅਹਿਲਿਆ ਗੌਤਮ ਦੀ ਸ਼ਿਸ਼ ਬਣਦੀ ਹੈ। ਧਰਤ ਲੋਕ ਅਤੇ ਮਨੁੱਖੀ ਸਰੀਰ ਦੇ ਨਿਯਮਾਂ, ਸੀਮਾਵਾਂ ਅਤੇ ਸਰੀਰਕ ਕਿਰਿਆਵਾਂ ਦੀ ਸਿੱਖਿਆ ਲਈ ਬ੍ਰਹਮਾ ਅਹਿਲਿਆ ਨੂੰ ਗੌਤਮ ਰਿਸ਼ੀ ਕੋਲ ਭੇਜਦਾ ਹੈ ਤਾਂ ਜੋ ਉਸ ਦੀਆਂ ਆਸਾਂ, ਉਮੀਦਾਂ, ਸੋਚਣ ਤੇ ਸਮਝਣ ਸ਼ਕਤੀ ਮਾਨਵ ਵਾਂਗ ਹੋ ਸਕੇ ਤੇ ਦੇਵ ਲੋਕ ਤੋਂ ਧਰਤ ਲੋਕ 'ਤੇ ਆਈ ਅਹਿਲਿਆ ਲਈ ਧਰਤ ਲੋਕ ਦਾ ਜੀਵਨ ਕਠਿਨ ਨਾ ਲੱਗੇ। ਗੌਤਮ ਦੀ ਸ਼ਿਸ਼ ਬਣਨ ਦਾ ਬਿਰਤਾਂਤ ਇਹਨਾਂ ਸਤਰਾਂ 'ਚ ਮਿਲਦਾ ਹੈ-

ਜੀਵਨ ਨਿਰਬਾਹ ਤੋਂ
ਜੀਵਨ ਨਿਰਵਾਣ ਤੱਕ
ਗਿਆਨ ਤੋਂ ਧਿਆਨ ਤੱਕ
ਬੁੱਧੀ ਤੋਂ ਵਿਵੇਕ ਤੱਕ
ਵਿਵੇਕ ਤੋਂ ਵਿਚਾਰ ਤੱਕ
ਸਭ ਸਿੱਖਣ ਦੀ ਸਮਤਾ ਰੱਖਦੀ
ਬ੍ਰਹਮਾ ਦੀ ਗਿਆਨੀ ਪੁੱਤਰੀ

ਤੀਸਰਾ ਕਾਵਿ ਖੰਡ ਅਹਿਲਿਆ ਦੇ ਗਿਆਨ ਪ੍ਰਾਪਤੀ ਬਾਰੇ ਹੈ। ਇਹ ਖੰਡ ਵਣ ਵਿੱਚ ਰਿਸ਼ੀ ਆਸ਼ਰਮ ਦੇ ਕਾਰਜਾਂ ਵਿੱਚ ਅਹਿਲਿਆ ਦੀ ਸ਼ਮੂਲੀਅਤ ਦਾ ਵਰਣਨ ਕਰਦਾ ਹੈ। ਦੇਵ ਲੋਕ ਤੋਂ ਆਈ ਅਹਿਲਿਆ ਲਈ ਧਰਤ ਲੋਕ ਦੀਆਂ ਦੁਸ਼ਵਾਰੀਆਂ ਦਾ ਜ਼ਿਕਰ ਹੈ-

ਪੁਰਾਣੀ ਝੌਂਪੜੀ ਦੀਆਂ
ਕੰਧਾਂ ਤੋਂ ਭੁਰਦੇ ਮਿੱਟੀ ਦੇ ਖਲੇਪੜ
ਹਰ ਸੰਗੀ ਕਰ ਛੱਡ ਦੇ
ਮਾਯੂਸੀ ਦੇ ਜੰਗਲ 'ਚ ਗੁਆਚੀ
ਮੈਂ ਇਕਲਾਪੀ
ਮੂੰਹ ਨੇਰ੍ਹੇ ਨਿਤਨੇਮ ਕਰਕੇ ਜਦ
ਆਸ਼ਰਮ ਤੋਂ ਚਲੇ ਜਾਂਦੇ ਸਭ ਰਲ ਕੇ
ਮੈਂ ਅੱਖ ਬਚਾ ਨਦੀ 'ਤੇ ਜਾਂਦੀ
ਸੂਰਜ ਢਲਣ ਤੋਂ ਪਹਿਲਾਂ ਮੁੜ ਆਉਂਦੀ

ਇਸ ਖੰਡ ਵਿੱਚੋਂ ਹੀ ਅਹਿਲਿਆ ਦੇ ਜੀਵਨ ਪ੍ਰਤੀ ਦਵੰਦ ਦਾ ਆਰੰਭ ਮਿਲਦਾ ਹੈ। ਪੁਰਸ਼ਾਰਥ ਦਾ ਅਰਥ ਅਤੇ ਪੁਰਸ਼ ਦੀ ਸਮਾਜੀ ਹੋਂਦ ਵਿੱਚ ਉੱਚਤਾ ਦਾ ਵੇਰਵਾ ਮਿਲਦਾ ਹੈ ਅਤੇ ਅਹਿਲਿਆ ਦੀ ਆਪਣੇ ਅਸਤਿਤਵ ਪ੍ਰਤੀ ਸੂਝ ਬਣਨ ਲੱਗਦੀ ਹੈ-

ਅਹਿਲਿਆ ਸ਼ਬਦ ਦੇ ਅਰਥ
ਸਮਝ ਆਉਣ ਲੱਗੇ
ਮੇਰੀ ਸਹਿਣਸ਼ੀਲਤਾ ਸਮਰਪਣ ਤੇ ਸਨੇਹ
ਗੌਤਮ ਨੂੰ ਖਿੱਚ ਰਿਹਾ ਸੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸੂਖਮ ਅਹਿਸਾਸਾਂ ਦਾ ਦਸਤਾਵੇਜ਼

## ਰੰਗ ਆਪੋ ਆਪਣੇ

(ਮੁਲਾਕਾਤਾਂ)
**ਪੰਨੇ 396, ਕੀਮਤ 550 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

**ਸਾਹਿਤ ਚਿੰਤਨ**

**ਡਾ. ਦੀਪਕ ਕੁਮਾਰ**

ਸਾਹਿਤਕ ਮੁਲਾਕਾਤਾਂ ਆਧੁਨਿਕ ਸਮੇਂ ਵਿੱਚ ਵਿਕਸਿਤ ਹੋ ਰਿਹਾ ਰੂਪਾਕਾਰ ਹੈ। ਭਾਵੇਂ ਇਹ ਥੋੜ੍ਹੇ ਬਦਲਵੇਂ ਰੂਪ ਵਿੱਚ ਸਾਡੇ ਕੋਲ ਪਹਿਲਾਂ ਤੋਂ ਮੌਜੂਦ ਵੀ ਹੈ। ਕੋਈ ਵੀ ਰੂਪਾਕਾਰ ਵਿਸ਼ੇਸ਼ ਪ੍ਰਸਥਿਤੀਆਂ ਅਤੇ ਕਾਲਖੰਡ ਦੀ ਉਪਜ ਹੁੰਦਾ ਹੈ। ਕਿਸੇ ਖਾਸ ਕਾਲਖੰਡ ਦੇ ਅੰਤਰ-ਵਿਰੋਧਾਂ, ਸੰਵੇਦਨਾਵਾਂ ਜਾਂ ਝੁਕਾਵਾਂ ਨੂੰ ਪ੍ਰਤਿਬਿੰਬਤ ਕਰਨ ਲਈ ਕੋਈ ਨਾ ਕੋਈ ਰੂਪਾਕਾਰ ਵਿਕਸਿਤ ਹੁੰਦਾ ਹੈ ਜਾਂ ਪਹਿਲਾਂ ਤੋਂ ਬੀਜ ਰੂਪ ਵਿੱਚ ਪਏ ਰੂਪਾਕਾਰ ਵਿੱਚ ਪਰਿਵਰਤਨ ਆ ਜਾਣਾ ਸੁਭਾਵਿਕ ਹੈ। ਉਂਝ ਤਾਂ ਮੁਲਾਕਾਤਾਂ ਦਾ ਸੁਭਾਅ ਉਚਾਰ-ਮੁਖ ਹੀ ਹੈ, ਪਰ ਲਿਖਤੀ ਮੁਲਾਕਾਤਾਂ ਦੀ ਭਾਸ਼ਾ ਵੀ ਉਹਨਾਂ ਨੂੰ ਉਚਾਰ-ਮੁਖਤਾ ਦੇ ਨੇੜੇ ਲੈ ਜਾਂਦੀ ਹੈ। ਮੁਲਾਕਾਤ ਕਰਨ ਵਾਲੇ ਦਾ ਉਦੇਸ਼ ਅਤੇ ਅਧਿਐਨ, ਮੁਲਾਕਾਤ ਵਿੱਚ ਉੱਤਰ ਦੇਣ ਵਾਲੇ ਦਾ ਗਿਆਨ ਅਤੇ ਸਪੱਸ਼ਟਤਾ ਮੁਲਾਕਾਤ ਦੀ ਜਿੰਦ-ਜਾਨ ਹੈ। ਮੁਲਾਕਾਤ ਕਰਨਾ ਆਪਣੇ ਆਪ ਵਿਚ ਇੱਕ ਕਲਾ ਹੈ। ਇਹ ਸਿਰਫ ਸਾਹਮਣੇ ਵਾਲੇ ਦੇ ਨਿੱਜ ਨੂੰ ਜਾਨਣ, ਉਸ ਦੇ ਸਾਹਿਤਕ ਜਾਂ ਕਿਸੇ ਵੀ ਖਾਸ ਖੇਤਰ ਦੇ ਅਨੁਭਵ ਨੂੰ ਸਮਝਣ ਦਾ ਵਸੀਲਾ ਹੀ ਨਹੀਂ ਹੁੰਦੀ, ਸਗੋਂ ਸੰਬੰਧਤ ਸ਼ਖ਼ਸੀਅਤ ਦੁਆਲੇ ਉੱਸਰੇ ਸਮੁੱਚੇ ਆਭਾ-ਮੰਡਲ ਨੂੰ ਉਜਾਗਰ ਕਰਕੇ ਪਾਠਕ ਲਈ ਉਸ ਖੇਤਰ ਦੇ ਅੰਤਰ-ਵਿਰੋਧਾਂ ਨੂੰ ਸਮਝਣ ਦਾ ਰਾਹ ਵੀ ਖੋਲ੍ਹਦੀ ਹੈ।

'ਰੰਗ ਆਪੋ ਆਪਣੇ' ਸਤਨਾਮ ਸਿੰਘ ਢਾਅ ਦੀ ਮੁਲਾਕਾਤਾਂ ਦੀ ਤੀਸਰੀ ਪੁਸਤਕ ਹੈ, ਜਿਸ ਵਿੱਚ ਉਸ ਨੇ ਵੱਖ-ਵੱਖ ਖੇਤਰਾਂ ਦੀਆਂ ਗੌਲਣਯੋਗ ਹਸਤੀਆਂ ਨੂੰ ਚੁਣ ਕੇ ਉਹਨਾਂ ਨਾਲ ਗੱਲਬਾਤ ਕੀਤੀ ਅਤੇ ਉਹਨਾਂ ਦੇ ਜੀਵਨ ਸਫ਼ਰ ਨੂੰ ਕਲਾਤਮਕ ਰੂਪ ਵਿੱਚ ਉਘਾੜਿਆ। ਇਸ ਤੋਂ ਪਹਿਲਾਂ ਸਤਨਾਮ ਢਾਅ ਦੀਆਂ ਦੋ ਪੁਸਤਕਾਂ 'ਡੂੰਘੇ ਵਹਿਣਾਂ ਦੇ ਭੇਤ' ਸਿਰਲੇਖ ਅਧੀਨ ਭਾਗ-1 ਅਤੇ ਭਾਗ-2 ਪ੍ਰਕਾਸ਼ਿਤ ਹੋ ਚੁੱਕੀਆਂ ਹਨ। 'ਰੰਗ ਆਪੋ ਆਪਣੇ' ਪੁਸਤਕ ਵਿੱਚ ਸਤਨਾਮ ਢਾਅ ਨੇ ਪੰਜਾਬ ਦੀ ਹਾਕੀ ਦੇ ਮਾਣ ਬਲਵੀਰ ਸਿੰਘ ਸੀਨੀਅਰ, ਕਵੀ ਜੋਗਿੰਦਰ ਅਮਰ, ਸੰਤੋਖ ਸਿੰਘ ਸੰਤੋਖ, ਖੋਜੀ ਅਤੇ ਸਮੀਖਿਅਕ ਪ੍ਰੀਤਮ ਸਿੰਘ ਕੈਂਥੋਂ, ਸੂਫ਼ੀ ਅਮਰਜੀਤ, ਗੁਰਨਾਮ ਢਿੱਲੋਂ, ਇਕਬਾਲ ਸਿੰਘ ਪੰਨੂ, ਕਹਾਣੀਕਾਰ ਜਰਨੈਲ ਸਿੰਘ, ਕੀਟ ਵਿਗਿਆਨ ਦੀ ਮਾਹਿਰ ਸ਼ਖ਼ਸੀਅਤ ਡਾ. ਪੁਸ਼ਪਿੰਦਰ ਜੈ ਰੂਪ ਅਤੇ ਬੇਬਾਕ ਪੱਤਰਕਾਰ ਜਤਿੰਦਰ ਪੰਨੂ ਨਾਲ ਮੁਲਾਕਾਤਾਂ ਕੀਤੀਆਂ ਹਨ। ਸਤਨਾਮ ਢਾਅ ਦਾ ਮੰਤਵ ਇਹਨਾਂ ਸ਼ਖ਼ਸੀਅਤਾਂ ਨਾਲ ਸਿਰਫ਼ ਰਸਮੀ ਮੁਲਾਕਾਤਾਂ ਤੱਕ ਸੀਮਤ ਨਹੀਂ ਸਗੋਂ ਉਸ ਸਮੇਂ ਦੇ ਵਿਭਿੰਨ ਪਸਾਰਾਂ ਨੂੰ ਸਮਝਣ ਦਾ ਵੀ ਹੈ। ਸਤਨਾਮ ਢਾਅ ਨੇ ਹਰ ਸ਼ਖ਼ਸੀਅਤ ਬਾਰੇ ਸਿਰਫ ਲੋੜੀਂਦਾ ਅਧਿਐਨ ਹੀ ਨਹੀਂ ਕੀਤਾ, ਸਗੋਂ ਉਸ ਦੇ ਸਮਾਜਿਕ, ਰਾਜਨੀਤਿਕ, ਸਾਹਿਤਕ ਅਤੇ ਖੇਡ ਜਗਤ ਦੇ ਨਾਲ-ਨਾਲ ਸਮਾਜ ਅੰਦਰ ਪਈ ਰਾਜਨੀਤੀ ਦੀ ਥਾਹ ਪਾਉਣ ਦੀ ਵੀ ਕੋਸ਼ਿਸ਼ ਕੀਤੀ ਹੈ। ਉਹ ਬੜੀ ਸਾਦੀ ਅਤੇ ਸਰਲ ਭਾਸ਼ਾ ਵਿੱਚ ਸਵਾਲ ਕਰਦਾ ਹੈ, ਪਰ ਉਸ ਸਵਾਲ ਦੀ ਬਿੜਕ ਬੜੀ ਗਹਿਰੀ ਹੁੰਦੀ ਹੈ, ਜਿਸ ਦਾ ਉੱਤਰ ਦੇਣ ਵਾਲਾ ਅਚੇਤ ਹੀ ਵਹਾਅ ਵਿਚ ਵਹਿ ਕੇ ਆਪਣੀ ਜ਼ਿੰਦਗੀ ਦੇ ਅਣ-ਫਰੋਲੇ ਪੱਖਾਂ ਨੂੰ ਸਾਹਮਣੇ ਲਿਆ ਧਰਦਾ ਹੈ। ਇਹ ਮੁਲਾਕਾਤ ਕਰਨ ਵਾਲੇ ਦੀ ਜੁਗਤ ਵੀ ਹੈ ਕਿ ਉਹ ਅਣਗੌਲੇ ਪੱਖਾਂ ਨੂੰ ਕਿਸੇ ਨਾ ਕਿਸੇ ਸਵਾਲ ਦੇ ਮਾਧਿਅਮ ਰਾਹੀਂ ਪੇਸ਼ ਕਰ ਸਕਿਆ ਹੈ। ਜੇਕਰ ਮੁਲਾਕਾਤੀ ਸਤਨਾਮ ਢਾਅ ਨਾ ਹੁੰਦਾ ਤਾਂ ਕੁਝ ਸਵਾਲ, ਕੁਝ ਨੁਕਤੇ ਸੱਚਮੁੱਚ ਅਣਛੋਹੇ ਰਹਿ ਜਾਂਦੇ। ਮੁਲਾਕਾਤਾਂ ਦੀ ਇੱਕ ਸੀਮਾ ਵੀ ਹੁੰਦੀ ਹੈ ਕਿ ਮੁਲਾਕਾਤੀ ਸਾਹਮਣੇ ਬੈਠੀ ਸ਼ਖ਼ਸੀਅਤ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਪੇਸ਼ ਨਹੀਂ ਕਰ ਸਕਦਾ ਕਿਉਂਕਿ ਉਸ ਨੂੰ ਸਾਹਮਣੇ ਵਾਲੇ ਦੇ ਉੱਤਰ 'ਤੇ ਨਿਰਭਰ ਹੋਣਾ ਪੈਂਦਾ ਹੈ।




ਸਤਨਾਮ ਢਾਅ ਦੇ ਫਿਕਰਾਂ ਵਿੱਚ ਸਭ ਤੋਂ ਵੱਡਾ ਫਿਕਰ ਪੰਜਾਬੀਆਂ ਦੀ ਨਵੀਂ ਪੀੜ੍ਹੀ ਅਤੇ ਭਾਸ਼ਾ ਬਾਰੇ ਉਸ ਦੇ ਸਵਾਲਾਂ ਵਿੱਚੋਂ ਜ਼ਾਹਿਰ ਹੁੰਦਾ ਹੈ। ਵਿਸ਼ਵ ਪੱਧਰ 'ਤੇ ਸਥਾਨਕ ਭਾਸ਼ਾਵਾਂ ਨੂੰ ਹਾਸ਼ੀਏ 'ਤੇ ਧੱਕਣ ਦੇ ਮਨਸੂਬਿਆਂ ਕਰਕੇ ਬੁੱਧੀਜੀਵੀਆਂ ਦੇ ਮਨਾਂ ਵਿੱਚ ਇਹੋ ਜਿਹੇ ਸਵਾਲ ਜਨਮ ਲੈਂਦੇ ਹਨ। ਸਤਨਾਮ ਢਾਅ ਸਵਾਲਾਂ ਦੇ ਜ਼ਰੀਏ ਵਿਦੇਸ਼ਾਂ ਵਿੱਚ ਬੈਠੇ ਪੰਜਾਬੀ ਪਰਵਾਰਾਂ ਅਤੇ ਉਨ੍ਹਾਂ ਦੇ ਬੱਚਿਆਂ ਦੇ ਪੰਜਾਬੀ ਭਾਸ਼ਾ ਪ੍ਰਤੀ ਰੁਝਾਨਾਂ ਨੂੰ ਵਾਚਣ ਦੀ ਕੋਸ਼ਿਸ਼ ਕਰਦਾ ਹੈ। ਉਹ ਇਸ ਗੱਲ ਦਾ ਵੀ ਮੁਦੱਈ ਨਹੀਂ ਕਿ ਨਵੀਂ ਪੀੜ੍ਹੀ, ਜੋ ਵਿਦੇਸ਼ਾਂ ਵਿੱਚ ਪੈਦਾ ਹੋਈ, ਪਲੀ ਤੇ ਵੱਡੀ ਹੋਈ, ਉਹ ਉਥੋਂ ਦੇ ਤੌਰ-ਤਰੀਕਿਆਂ ਨੂੰ ਨਾ ਅਪਣਾਵੇ। ਉਹ ਸਿਰਫ਼ ਆਪਣੇ ਅਤੀਤ ਨਾਲ ਕਿਸ ਹੱਦ ਤੱਕ ਤੇ ਕਿਸ ਨਜ਼ਰੀਏ ਤੋਂ ਜੁੜੇ ਹੋਏ ਹਨ, ਇਸ ਦਾ ਫ਼ਿਕਰ ਜ਼ਰੂਰ ਕਰਦਾ ਹੈ। ਉਹ ਉਥੋਂ ਦੀਆਂ ਸਰਕਾਰਾਂ ਜਾਂ ਸਿੱਖਿਆ ਪ੍ਰਬੰਧ ਦਾ ਵੀ ਲੇਖਾ-ਜੋਖਾ ਕਰਦਾ ਨਜ਼ਰ ਆਉਂਦਾ ਹੈ ਕਿ ਉਹ ਹੋਰ ਭਾਸ਼ਾਵਾਂ ਨਾਲ ਜੁੜੇ ਲੋਕਾਂ, ਜੋ ਉਹਨਾਂ ਦੇ ਨਾਗਰਿਕ ਬਣ ਚੁੱਕੇ ਹਨ, ਲਈ ਕਿੰਨੇ ਕੁ ਫਿਕਰਮੰਦ ਹਨ? ਉਹ ਉਨ੍ਹਾਂ ਦੀਆਂ ਭਾਸ਼ਾਈ ਨੀਤੀਆਂ ਦੀ ਪੁਣ-ਛਾਣ ਵੀ ਕਰਦਾ ਜਾਪਦਾ ਹੈ। ਇਸ ਪੁਣ-ਛਾਣ ਵਿੱਚੋਂ ਉਹ ਸਕਾਰਾਤਮਕ ਅਤੇ ਨਕਾਰਾਤਮਕ ਦੋਵਾਂ ਪਹਿਲੂਆਂ ਨੂੰ ਅਗਰਭੂਮਿਤ ਕਰਨ ਦਾ ਯਤਨ ਕਰਦਾ ਹੈ।

ਸਤਨਾਮ ਢਾਅ ਆਪਣੇ ਸਵਾਲਾਂ ਦੌਰਾਨ ਕਿਤੇ ਵੀ ਪਾਪੂਲਰ ਕਿਸਮ ਦੀ ਭਾਸ਼ਾ ਜਾਂ ਸਵਾਲਾਂ ਦਾ ਸਹਾਰਾ ਨਹੀਂ ਲੈਂਦਾ ਅਤੇ ਨਾ ਹੀ ਤਲਖ ਜਾਂ ਉਤੇਜਤ ਕਰਨ ਵਾਲੀ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਉਹ ਪ੍ਰੀਤਮ ਸਿੰਘ ਕੈਂਥੋਂ ਨੂੰ 1962-63 ਤੋਂ ਵਿਦੇਸ਼ਾਂ ਵੱਲ ਆ ਰਹੇ ਪੰਜਾਬੀਆਂ ਬਾਰੇ ਪੁੱਛਦਾ ਹੋਇਆ ਹੁਣ ਤੱਕ ਦੇ ਪੰਜਾਬੀ ਸਾਹਿਤ ਦੇ ਇਤਿਹਾਸ ਅਤੇ ਮਿਆਰ ਬਾਰੇ ਜਾਨਣ ਲਈ ਸਵਾਲ ਕਰਦਾ ਹੈ। ਜਰਨੈਲ ਸਿੰਘ ਨੂੰ ਇਹੀ ਸਵਾਲ ਕਰਦੇ ਹੋਏ ਉਹ ਇਸ ਵਿੱਚ ਇੱਕ ਗੱਲ ਪੰਜਾਬੀ ਆਲੋਚਕਾਂ ਵਾਲੀ ਵੀ ਜੋੜ ਦਿੰਦਾ ਹੈ ਕਿ ਪੰਜਾਬੀ ਆਲੋਚਨਾ ਨੇ ਪ੍ਰਵਾਸੀ ਸਾਹਿਤ ਵੱਲ ਬਹੁਤਾ ਧਿਆਨ ਨਹੀਂ ਦਿੱਤਾ, ਇਸ ਦਾ ਕਾਰਨ ਪ੍ਰਵਾਸੀ ਸਾਹਿਤ ਦੀ ਕਮਜ਼ੋਰੀ 'ਚ ਪਿਆ ਹੈ ਜਾਂ ਪੰਜਾਬੀ ਆਲੋਚਨਾ ਦੀ ਟੇਢੀ ਨਜ਼ਰ 'ਚ। ਇਸ ਦੇ ਉੱਤਰ ਤਾਂ ਉਸ ਨੂੰ ਰਲੇ-ਮਿਲੇ ਮਿਲਦੇ ਹਨ, ਪਰ ਇਹ ਗੱਲ ਸਪੱਸ਼ਟ ਹੋਣ ਲੱਗਦੀ ਹੈ ਕਿ ਸਾਹਿਤ ਚਾਹੇ ਪੰਜਾਬ ਤੋਂ ਬਾਹਰ ਲਿਖਿਆ ਜਾ ਰਿਹਾ ਹੋਵੇ, ਚਾਹੇ ਪੰਜਾਬ 'ਚ, ਜੇਕਰ ਉਸ ਵਿੱਚ ਸਾਹਿਤਕ ਮੱਸ, ਭਾਸ਼ਾ ਦੀ ਪੁਖ਼ਤਗੀ ਅਤੇ ਖ਼ਿਆਲ ਦੀ ਅਮੀਰੀ ਹੈ ਤਾਂ ਉਸ ਦਾ ਨੋਟਿਸ ਪੰਜਾਬੀ ਆਲੋਚਨਾ ਵੱਲੋਂ ਲਿਆ ਗਿਆ ਹੈ। ਇਸ ਦੇ ਨਾਲ ਮਿਲਦਾ-ਜੁਲਦਾ ਸਵਾਲ ਜਦੋਂ ਸਤਨਾਮ ਢਾਅ, ਜੋਗਿੰਦਰ ਅਮਰ ਨੂੰ ਕਰਦਾ ਹੈ ਤਾਂ ਪਹਿਲਾਂ ਤਾਂ ਜੋਗਿੰਦਰ ਅਮਰ ਪੰਜਾਬੀ ਆਲੋਚਕਾਂ ਦੇ ਗਿਆਨ 'ਤੇ ਕਿੰਤੂ ਕਰਦਾ ਹੈ, ਪਰ ਬਾਅਦ ਵਿੱਚ ਡਾ. ਹਰਭਜਨ ਸਿੰਘ, ਡਾ. ਅਤਰ ਸਿੰਘ, ਡਾ. ਸਤਿੰਦਰ ਸਿੰਘ ਨੂਰ, ਡਾ. ਗੁਰਚਰਨ ਸਿੰਘ ਅਰਸ਼ੀ ਅਤੇ ਡਾ. ਅਮਰੀਕ ਸਿੰਘ ਪੂਨੀ ਦੇ ਹਵਾਲੇ ਨਾਲ ਪੰਜਾਬੀ ਆਲੋਚਨਾ ਦੇ ਉੱਚ ਪੱਧਰ ਨੂੰ ਸਵੀਕਾਰਦਾ ਨਜ਼ਰ ਆਉਂਦਾ ਹੈ। ਸਤਨਾਮ ਇਹਨਾਂ ਸਵਾਲਾਂ ਨਾਲ ਸਿਰਫ਼ ਪੰਜਾਬੀ ਆਲੋਚਨਾ ਦੀ ਵਿਦੇਸ਼ੀ ਸਾਹਿਤ ਬਾਰੇ ਰਾਇ ਨੂੰ ਹੀ ਸਾਡੇ ਸਾਹਮਣੇ ਨਹੀਂ ਲਿਆਉਂਦਾ, ਸਗੋਂ ਵਿਦੇਸ਼ੀ ਲੇਖਕਾਂ ਦੀ ਪੰਜਾਬੀ ਆਲੋਚਨਾ ਬਾਰੇ ਕੀ ਸਮਝ ਹੈ? ਨੂੰ ਵੀ ਜ਼ਾਹਿਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਸੰਤੋਖ ਸਿੰਘ ਸੰਤੋਖ ਤਾਂ ਇਸ ਦਾ ਬੜਾ ਤਿੱਖਾ ਉੱਤਰ ਦਿੰਦਾ ਹੈ। ਡਾ. ਹਰਿਭਜਨ ਸਿੰਘ ਬਾਰੇ ਤਾਂ ਉਹ ਇੱਥੋਂ ਤੱਕ ਕਹਿੰਦਾ ਹੈ ਕਿ ਉਹ ਜਦੋਂ ਇੰਗਲੈਂਡ ਆਇਆ ਤਾਂ ਉਸ ਨੇ ਲੇਖਕ ਬਾਰੇ ਲਿਖਣ ਦਾ ਰੇਟ ਤੱਕ ਰੱਖਿਆ ਹੋਇਆ ਸੀ।

ਸਤਨਾਮ ਢਾਅ ਸਾਹਿਤ ਦਾ ਸੁਹਿਰਦ ਪਾਠਕ ਹੋਣ ਨਾਤੇ ਸਾਹਿਤ ਦੀ ਹਰ ਇੱਕ ਰਮਜ਼ ਜਾਨਣੀ ਚਾਹੁੰਦਾ ਹੈ। ਉਹ ਇੱਕੋ ਵੇਲੇ ਜਿੱਥੇ ਨਵੀਂ ਪੀੜ੍ਹੀ, ਵਿਦੇਸ਼ੀ ਸਾਹਿਤ, ਸਾਹਿਤ ਆਲੋਚਕਾਂ ਅਤੇ ਸਾਹਿਤਕਾਰਾਂ ਦੀ ਗੱਲ ਕਰਦਾ ਹੈ, ਉਸ ਦੇ ਨਾਲ ਹੀ ਉਹ ਸਾਹਿਤ-ਸਭਾਵਾਂ ਦੇ ਯੋਗਦਾਨ, ਸਾਹਿਤਕ ਕਾਨਫ਼ਰੰਸਾਂ ਅਤੇ ਸਾਹਿਤਕ ਸਰਗਰਮੀਆਂ ਦੀ ਵੀ ਗੱਲ ਕਰਦਾ ਹੈ। ਉਹ ਪਬਲਿਸ਼ਰਾਂ ਦੇ ਕਾਰਜੀ ਵਿਹਾਰ ਬਾਰੇ ਵੀ ਸਵਾਲ ਕਰਦਾ ਹੈ। ਉਹ ਜਾਨਣ ਦਾ ਇੱਛੁਕ ਹੈ ਕਿ ਪ੍ਰਵਾਸੀ ਲੇਖਕ ਦੀ ਲਿਖਤ ਵਿੱਚ ਭੂ-ਹੇਰਵੇ ਦਾ ਰੁਦਨ ਕਿੰਨਾ ਕੁ ਹੈ? ਕਦੋਂ ਕੁ ਤੱਕ ਰਿਹਾ ਅਤੇ ਹੁਣ ਇਸ ਦੀ ਕੀ ਸਥਿਤੀ ਹੈ? ਇਹ ਸਥਿਤੀ ਨਿੱਜੀ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਰਹੀ ਹੈ ਜਾਂ ਸਿਰਫ਼ ਸਾਹਿਤ ਦੀ ਇੱਕ ਜੁਗਤ ਬਣ ਕੇ ਰਹਿ ਗਈ ਹੈ। ਕੀ ਪੁਰਾਣੇ ਗਏ ਸਾਹਿਤਕਾਰ ਜਿਨ੍ਹਾਂ ਦੇ ਪਰਵਾਰ ਅਤੇ ਸਮੁੱਚਾ ਰਹਿਣ-ਸਹਿਣ ਵਿਕਸਿਤ ਦੇਸ਼ਾਂ ਦੇ ਅਨੁਕੂਲ ਹੋ ਚੁੱਕਾ ਹੈ ਅਤੇ ਅਗਲੀ ਪੀੜ੍ਹੀ ਉਥੋਂ ਦੀ ਜੀਵਨ ਵਿਉਂਤ ਵਿੱਚ ਸੈੱਟ ਹੋ ਕੇ ਖੁਸ਼ ਹੈ, ਉਹ ਵੀ ਇਸ ਭੂ-ਹੇਰਵੇ ਦਾ ਵਰਨਣ ਕਰ ਰਹੇ ਹਨ ਜਾਂ ਨਾ? ਇਹ ਸਵਾਲ ਉਹ ਸੰਤੋਖ ਸਿੰਘ ਸੰਤੋਖ ਨੂੰ ਕਰਦਾ ਹੈ ਤੇ ਪ੍ਰੀਤਮ ਸਿੰਘ ਕੈਂਥੋਂ ਨੂੰ ਵੀ। ਉਹ ਭੂ-ਹੇਰਵੇ, ਤਿੜਕਦੇ ਰਿਸ਼ਤੇ ਅਤੇ ਕਾਮੁਕਤਾ ਦੇ ਵਿਸ਼ਿਆਂ ਨਾਲ ਸੰਬੰਧਤ ਕਹਾਣੀਆਂ ਦੀ ਸਿਰਜਣਾ ਤੋਂ ਇਨਕਾਰੀ ਨਹੀਂ, ਪਰ ਬਦਲਦੇ ਬਰਤਾਨਵੀ ਸਮਾਜ ਦੀ ਬਣਤਰ ਤੋਂ ਵੀ ਜਾਣੂ ਹੈ। ਉਸ ਨੂੰ ਪਤਾ ਹੈ ਕਿ ਭੂ-ਹੇਰਵਾ ਸਿਰਫ਼ ਪਹਿਲੀ ਪੀੜ੍ਹੀ ਹੰਢਾਉਂਦੀ ਹੈ। ਅਗਲੀ ਪੀੜ੍ਹੀ ਤੱਕ ਇਸ ਦਾ ਅਹਿਸਾਸ ਬਹੁਤ ਫਿੱਕਾ ਹੋ ਜਾਂਦਾ ਹੈ। ਸਤਨਾਮ ਢਾਅ ਵਿਦੇਸ਼ਾਂ ਵਿੱਚ ਲਿਖੇ ਜਾ ਰਹੇ ਸਾਹਿਤ, ਉਸ ਦੀ ਆਲੋਚਨਾ ਅਤੇ ਉਸ ਦੇ ਮਹੱਤਵ ਦੀ ਹੀ ਚਰਚਾ ਨਹੀਂ ਕਰਦਾ, ਸਗੋਂ ਵਿਦੇਸ਼ਾਂ ਵਿੱਚ ਹੁੰਦੀ ਪ੍ਰਵਾਸੀਆਂ ਨਾਲ ਨਸਲੀ ਵਿਤਕਰੇ ਦੀ ਗੱਲ ਵੀ ਕਰਦਾ ਹੈ। ਉਹ ਪੰਜਾਬੀ ਮੂਲ ਦੇ ਲੋਕਾਂ ਨੂੰ ਸ਼ੁਰੂਆਤੀ ਦੌਰ ਵਿੱਚ ਆਈਆਂ ਰੁਜ਼ਗਾਰ ਦੀਆਂ ਸਮੱਸਿਆਵਾਂ ਦੇ ਨਾਲ-ਨਾਲ ਵਿਤਕਰੇ ਸਹਿਣ ਤੇ ਉਸ ਨਾਲ ਨਜਿੱਠਣ ਦੀਆਂ ਤਾਰਾਂ ਵੀ ਛੇੜਦਾ ਹੈ, ਜਿਸ ਨੂੰ ਪੰਜਾਬੀਆਂ ਨੇ ਸਬਰ, ਹਿੰਮਤ ਅਤੇ ਰਾਜਨੀਤੀ ਵਿੱਚ ਜਾ ਕੇ ਨਜਿੱਠਣ ਦੀ ਕੋਸ਼ਿਸ਼ ਕੀਤੀ ਹੈ। ਭਾਵੇਂ ਵਿਦੇਸ਼ ਜਾਣ ਵਿੱਚ ਸਭ ਦੀ ਮਜਬੂਰੀ ਇੱਕੋ ਜਿਹੀ ਨਹੀਂ, ਇਸ ਦੀਆਂ ਅਨੇਕ ਪਰਤਾਂ ਲਾਲਸਾ, ਭਾਵੁਕਤਾ ਜਾਂ ਦਬਾਅ 'ਚੋਂ ਵੀ ਖੁੱਲ੍ਹਦੀਆਂ ਹਨ, ਪਰ ਫਿਰ ਵੀ ਜੁਰਅੱਤ ਦੇ ਦਰਸ਼ਨ ਜ਼ਰੂਰ ਹੁੰਦੇ ਹਨ।

ਸਤਨਾਮ ਢਾਅ ਸਿਰਫ ਪੰਜਾਬ ਜਾਂ ਭਾਰਤ ਹੀ ਨਹੀਂ, ਕਿਸੇ ਵੀ ਦੇਸ਼ ਦੀਆਂ ਸਰਕਾਰਾਂ ਦੇ ਆਪਣੇ ਨਾਗਰਿਕਾਂ ਪ੍ਰਤੀ ਵਰਤਾਅ ਤੇ ਵਿਵਹਾਰ ਨੂੰ ਵੀ ਨੀਝ ਨਾਲ ਵੇਖਣਾ ਚਾਹੁੰਦਾ ਹੈ। ਅਜਿਹੇ ਸਵਾਲ ਉਹ ਉਲੰਪਿਕ ਗੋਲਡ ਮੈਡਲਿਸਟ ਬਲਵੀਰ ਸਿੰਘ ਸੀਨੀਅਰ ਨੂੰ ਵੀ ਕਰਦਾ ਹੈ,

ਕ ਾ ਟ ● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਨਾ ਕਾਹੂ ਸੇ ਦੋਸਤੀ

**ਡਾ. ਹਜ਼ਾਰਾ ਸਿੰਘ ਚੀਮਾ**
**ਪੰਨੇ-472, ਮੁੱਲ-660 ਰੁਪਏ**
**ਆਜ਼ਾਦ ਬੁੱਕ ਡੀਪੂ, ਅੰਮ੍ਰਿਤਸਰ**

ਡਾ. ਹਜ਼ਾਰਾ ਸਿੰਘ ਚੀਮਾ ਦਾ ਨਾਂਅ ਮੁਲਾਜ਼ਮ ਸਫਾਂ ਵਿਚ ਬੜੇ ਮਾਣ, ਸ਼ਾਨ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਡਾ. ਚੀਮਾ ਲੰਮਾ ਸਮਾਂ ਖੇਤੀ ਵਿਭਾਗ ਵਿਚ ਨੌਕਰੀ ਕਰਦਾ ਰਿਹਾ ਹੈ। ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਵਿਚ ਸਿੱਖਿਆ ਪ੍ਰਾਪਤ ਕਰਦੇ ਉਸ ਨੇ ਬਹੁਤ ਤਜਰਬਾ ਹਾਸਲ ਕੀਤਾ। ਜ਼ਿੰਦਗੀ ਦੇ ਆਪਣੇ ਤਜਰਬੇ ਵਿਸ਼ੇਸ਼ ਸ਼ੈਲੀ ਵਿਚ ਉਹ ਪੰਜਾਬੀ ਟ੍ਰਿਬਿਊਨ ਅਤੇ ਦੇਸ਼ ਸੇਵਕ ਵਿਚ ਲੰਮੇ ਸਮੇਂ ਤੋਂ ਮਿਡਲ ਲੇਖ ਲਿਖ ਕੇ ਆਪਣੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਦਾ ਰਿਹਾ ਹੈ। ਨਾਲ ਹੀ ਮੁਲਾਜ਼ਮਾਂ ਦੇ ਹੱਕਾਂ ਦੀ ਬੁਲੰਦ ਆਵਾਜ਼ ਉਠਾਉਂਦਾ ਰਿਹਾ ਹੈ। ਉਹ ਹਰਮਨ-ਪਿਆਰਾ ਮੁਲਾਜ਼ਮ ਆਗੂ ਰਿਹਾ ਹੈ। ਸਮਾਜ ਵਿਚ ਵਿਚਰਦਿਆਂ ਇਹ ਉਸ ਦੀ ਨਿੱਜੀ ਕਮਾਈ ਹੈ। ਲੇਖਕ ਕਮਿਊਨਿਸਟ ਵਿਚਾਰਾਂ ਦਾ ਪੱਕਾ ਧਾਰਨੀ ਹੈ। ਕਿਸੇ ਦੇ ਕੰਮ ਆ ਕੇ ਉਸ ਨੂੰ ਖ਼ੁਸ਼ੀ ਮਿਲਦੀ ਹੈ, ਇਸ ਲਈ ਕਿਸੇ-ਕਿਸੇ ਮਿਡਲ ਲੇਖ ਵਿਚ ਉਸ ਨੂੰ ਕਾਮਰੇਡ ਵੀ ਲਿਖਿਆ ਹੈ। ਇਕ ਮਿਡਲ ਵਿਚ ਜ਼ਿਕਰ ਹੈ ਕਿ ਲੇਖਕ ਪਤਨੀ ਦੀ ਬਿਮਾਰੀ ਕਰਕੇ ਘਰੋਂ ਬਹੁਤ ਪਰੇਸ਼ਾਨ ਰਿਹਾ ਹੈ। ਉਸ ਦੀ ਪਤਨੀ ਨਿਰਮਲਜੋਤ ਕਲਾ ਅਧਿਆਪਕਾ ਵੀ ਸੀ।ਬਿਮਾਰੀ ਕਰਕੇ ਉਸ ਦੀ ਪਤਨੀ ਨੂੰ ਮਿਡਲ ਲੇਖਾਂ ਦੀ ਹਥਲੀ ਕਿਤਾਬ ਸਮਰਪਿਤ ਕੀਤੀ ਹੈ।




ਸਾਰੇ ਮਿਡਲ ਲੇਖਾਂ ਦੀ ਪਹਿਲੀ ਪਾਠਕ ਲੇਖਕ ਦੀ ਪਤਨੀ ਹੁੰਦੀ ਸੀ ਤੇ ਪ੍ਰੇਰਨਾ ਦੇਣ ਵਾਲੀ ਸੀ।ਕੁਝ ਮਿਡਲ ਆਪਣੀ ਬੇਟੀ ਦੇ ਕਹਿਣ 'ਤੇ ਵੀ ਮੌਕੇ ਅਨੁਸਾਰ ਲਿਖੇ ਗਏ। ਬੇਟੀ ਦੀ ਪ੍ਰੇਰਨਾ ਨਾਲ ਛਪੀ ਵੱਡ-ਆਕਾਰੀ ਕਿਤਾਬ ਵਿਚ ਉਸ ਦੇ ਵੱਡੇ-ਛੋਟੇ 118 ਮਿਡਲ ਲੇਖ ਹਨ। ਮਿਡਲ ਲੇਖਾਂ ਦੇ ਵਿਸ਼ੇ ਬਹੁਭਾਂਤੀ ਹਨ। ਪੁਸਤਕ ਦੇ ਆਰੰਭ ਵਿਚ ਲੇਖਕ ਨੇ ਮਿਡਲ ਲੇਖ ਦੀ ਪ੍ਰਭਾਵਸ਼ਾਲੀ ਵਿਆਖਿਆ ਕੀਤੀ ਹੈ। ਇਹ ਲੇਖ ਅਖਬਾਰ ਦੇ ਸੰਪਾਦਕੀ ਪੰਨੇ 'ਤੇ ਵਿਚਕਾਰ ਹੁੰਦਾ ਹੈ। ਜ਼ਿੰਦਗੀ ਵਿਚਲੇ ਵਰਤਾਰੇ ਦੀ ਸਾਰਥਿਕ ਟਿੱਪਣੀ ਹੁੰਦੀ ਹੈ।ਵਧੇਰੇ ਕਰਕੇ ਮਿਡਲ ਲੇਖ, ਲੇਖਕ ਦਾ ਆਪਣਾ ਤਜਰਬਾ ਹੁੰਦਾ ਹੈ, ਜਿਸ ਨੂੰ ਦਿਲਚਸਪ ਰੰਗ ਦੇ ਕੇ ਵਿਆਖਿਆ ਹੁੰਦਾ ਹੈ। ਜ਼ਹੀਨ ਪਾਠਕ ਮਿਡਲ ਲੇਖ ਨੂੰ ਬਹੁਤ ਮੁੱਹਬਤ ਕਰਦੇ ਹਨ।ਮਿਡਲ ਦੀ ਸ਼ੈਲੀ ਦਿਲਚਸਪ ਹੋਣ ਦੇ ਨਾਲ ਕੋਈ ਸੰਦੇਸ਼ ਵੀ ਦੇਣ ਵਾਲੀ ਹੁੰਦੀ ਹੈ। ਲੇਖਕ ਦੀ ਇਸ ਪੁਸਤਕ ਦੇ ਸਾਰੇ ਮਿਡਲ ਪੰਜਾਬੀ ਟ੍ਰਿਬਿਊਨ ਤੇ ਦੇਸ਼ ਸੇਵਕ ਦੇ ਮੈਗਜ਼ੀਨਾਂ ਵਿਚ ਛਪਦੇ ਰਹੇ ਹਨ। ਇਨ੍ਹਾਂ ਦੋਨੋਂ ਅਖਬਾਰਾਂ ਵਿਚ ਮਿਡਲ ਲੇਖ ਅੱਜ ਵੀ ਛਪ ਰਹੇ ਹਨ ਤੇ ਪਾਠਕਾਂ ਦੀ ਪਹਿਲੀ ਪਸੰਦ ਹਨ। ਇਸ ਵਿਧਾ ਵਿਚ ਲਿਖ ਕੇ ਲੇਖਕ ਨੇ ਹੋਰ ਵੀ ਕਈ ਕਲਮਕਾਰ ਪੈਦਾ ਕੀਤੇ ਹਨ।

ਡਾ. ਹਜ਼ਾਰਾ ਸਿੰਘ ਲੰਮਾ ਸਮਾਂ ਅੰਮ੍ਰਿਤਸਰ ਰਿਹਾ ਹੈ। ਹੁਣ ਉਸ ਦਾ ਬਸੇਰਾ ਮੁਹਾਲੀ ਵਿਚ ਹੈ। ਉਸ ਦਾ ਸੰਗ ਸਾਥ ਦੇਸ਼ ਸੇਵਕ ਤੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਉੱਘੇ ਗਲਪ ਲੇਖਕ ਸਰਦਾਰ ਗੁਲਜ਼ਾਰ ਸਿੰਘ ਸੰਧੂ ਨਾਲ ਰਿਹਾ ਹੈ।ਅੰਮ੍ਰਿਤਸਰ ਦੇ ਸਾਹਿਤਕਾਰ, ਮੁਲਾਜ਼ਮ ਭਾਈਚਾਰਾ ਤੇ ਸਾਧਾਰਨ ਲੋਕਾਂ ਨਾਲ ਉਸ ਦੇ ਬਹੁਤ ਪਿਆਰੇ ਸੰਬੰਧ ਹਨ। ਉਹ ਸੁਭਾਅ ਦਾ ਨਿਮਰ ਹੈ। ਪੰਜਾਬ ਦੇ ਸਿਆਸਤਦਾਨਾਂ ਬਾਰੇ ਬੇਬਾਕ ਹੋ ਕੇ ਮਿਡਲ ਲਿਖਦਾ ਹੈ। ਡਾ. ਚੀਮਾ ਦੀ ਸ਼ੈਲੀ ਵਿਚ ਹਾਸਰਸ ਹੈ, ਸੰਵਾਦ ਹੈ। ਉਸ ਨੇ ਕਿਸਾਨੀ ਮਸਲਿਆਂ 'ਤੇ ਖੁੱਭ ਕੇ ਚਰਚਾ ਕੀਤੀ ਹੈ। ਪੇਂਡੂ ਸਾਧਾਰਨ ਲੋਕਾਂ ਵਿਚ ਉਹ ਮੁਹੱਬਤ ਨਾਲ ਵਿਚਰਿਆ ਹੈ। ਇਕ ਮਿਡਲ ਵਿਚ ਉਸ ਨੇ ਆਪਣਾ ਪੱਤਰਕਾਰੀ ਦਾ ਤਲਖ ਤਜਰਬਾ ਸਾਂਝਾ ਕੀਤਾ ਹੈ।

ਕਹਾਣੀਕਾਰ ਦੀਪ ਦਵਿੰਦਰ ਸਿੰਘ ਨੇ ਲਿਖਿਆ ਹੈ-ਇਹਨਾ ਦੀ ਵਿਅੰਗਮਈ ਭਾਸ਼ਾ ਸ਼ੈਲੀ ਤੇ ਸਮਾਜਿਕ ਅਲਾਮਤਾਂ 'ਤੇ ਗਹਿਰੀ ਚੋਟ ਕਰਦੀ ਲਿਖਣ ਸ਼ੈਲੀ ਪੜ੍ਹਨ ਵਾਲੇ ਨੂੰ ਧੁਰ ਅੰਦਰ ਤੱਕ ਝੰਜੋੜਦੀ ਹੈ। ਪੁਸਤਕ ਪੰਜਾਬੀ ਸਾਹਿਤ ਵਿਚ ਨਵੇਂ ਕੀਰਤੀਮਾਨ ਸਥਾਪਤ ਕਰਦੀ ਹੈ।

ਕੁਝ ਮਿਡਲ ਲੇਖਾਂ ਦੇ ਸਿਰਲੇਖ ਵੇਖੋ--ਮਾਂ ਬੋਲੀ ਦਾ ਮਾਣ, ਤੂੰ ਵੀ ਚੋਰ ਮੈਂ ਵੀ ਚੋਰ, ਮਾਪੇ ਧੀਆਂ ਕਿਉਂ ਜੰਮਣ, ਵੱਡੇ ਲੋਕਾਂ ਦੇ ਵੱਡੇ ਕੰਮ, ਵੱਡੇ ਬਨਾਮ ਵੱਡੇ ਦਿਲ ਵਾਲੇ, ਜੋ ਬੇਬੇ ਇੱਲ ਵੇਖਦੀ ਕੁਝ ਮਿਡਲ ਸ਼ਖਸੀਅਤ ਦੇ ਅਧਾਰਤ ਹਨ।ਸ਼ਖਸੀਅਤਾਂ ਵਿਚ ਸਿਆਸੀ ਲੋਕ ਨਵਜੋਤ ਸਿੱਧੂ, ਬਲਵੰਤ ਸਿੰਘ ਰਾਮੂਵਾਲੀਆ, ਅਟਲ ਬਿਹਾਰੀ ਵਾਜਪਾਈ, ਗਿਆਨੀ ਜ਼ੈਲ ਸਿੰਘ ਲੇਖਕ ਦੇ ਪੰਜਾਬੀ ਅਧਿਆਪਕ ਹਨ।

ਉੱਘੇ ਕਹਾਣੀਕਾਰ ਤਲਵਿੰਦਰ ਸਿੰਘ, ਕਈ ਮੁਲਾਜ਼ਮ ਆਗੂ, ਕਈ ਅਕਾਲੀ ਆਗੂ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਤੋਤਾ ਸਿੰਘ, ਕਵੀ ਪਾਸ਼, ਸ਼ਾਇਰ ਪਦਮਸ੍ਰੀ ਸੁਰਜੀਤ ਪਾਤਰ, ਮੁਲਾਜ਼ਮ ਆਗੂ ਸੰਧੂ ਸਾਹਿਬ, ਹਰਦੀਪ, ਕਿੱਸਾ ਕਵੀ ਵਾਰਿਸ ਸ਼ਾਹ, ਪੰਜਾਬ ਵਿਚ ਕੰਮ ਕਰਦੇ ਭਈਏ ਆਦਿ ਪ੍ਰਮੁੱਖ ਹਨ।ਪੰਜਾਬ ਦੇ ਕਾਲੇ ਦੌਰ ਸਮੇਂ ਵਾਪਰੀਆਂ ਘਟਨਾਵਾਂ ਦੀ ਝਲਕ ਵੀ ਕੁਝ ਮਿਡਲ ਲੇਖਾਂ ਵਿਚ ਹੈ, ਕੁਝ ਹੋਰ ਮਿਡਲ ਸਮਾਜਿਕ ਮਸਲਿਆਂ 'ਤੇ ਹਨ--ਚੋਰਾਂ ਨੂੰ ਮੋਰ, ਵੋਟ, ਨੋਟ ਬੋਤਲ ਤੇ ਆਟਾ ਗੰਜੇ ਨੂੰ ਕੰਘੀ ਵੇਚਣ ਵਾਲੇ, ਦੇਸ਼ ਨੂੰ ਸਿਆਸੀ ਕਲੋਨ ਦੀ ਲੋੜ, ਅਭੀ ਤੋ ਮੈਂ ਜਵਾਨ ਹੂੰ, ਅੱਜ ਦਿਨ ਬਹੁਤ ਉਦਾਸ ਹੈ, ਨਕਲ ਕਰਨ ਦੇ ਗੁਰ, ਬਈ ਬਚ ਕੇ ਮੋਬਾਈਲ ਤੋਂ, ਬੱਸਾਂ ਦਾ ਮੋਰਚਾ, ਮਾਂ ਹੁੰਦੀ ਐ ਮਾਂ, ਮਾਹ ਕਿਸੇ ਨੂੰ ਸੁਆਦੀ ਕਿਸੇ ਨੂੰ ਬਾਦੀ, ਸ਼ੀਸ਼ਾ ਝੂਠ ਨਾ ਬੁਲਾਵੇ, ਜਿੱਥੇ ਚਾਹ ਉੱਥੇ ਰਾਹ, ਗੋਗੜਾਂ ਵਾਲੇ ਸਰਦਾਰ, ਬੇਗੋਵਾਲ ਵਾਲੀ ਬੱਚੀ ਦੇ ਬਹਾਨੇ, ਪੁਸਤਕ ਦੇ ਮਿਡਲ ਲੇਖਾਂ ਦਾ ਅਧਿਐਨ ਕਰਨ ਤੇ ਰੌਚਿਕ ਜਾਣਕਾਰੀ ਵਾਲੇ ਬਿਰਤਾਂਤ ਪੜ੍ਹਨ ਨੂੰ ਮਿਲਦੇ ਹਨ। ਅੰਤਿਕਾ ਵਿਚ ਇਕ ਲੇਖ ਹੈ—ਮਿਡਲ ਤਾਂ ਰੋਜ਼ ਬਣਦਾ ਹੈ। ਇਸ ਲੇਖ ਵਿਚ ਕੁਝ ਸਾਥੀ ਲੇਖਕ ਕੋਲ ਆਉਂਦੇ ਹਨ, ਪੰਜਾਬੀ ਲੇਖਕ ਸਭਾ ਵੱਲੋਂ ਚੰਡੀਗੜ੍ਹ ਧਰਨੇ ਦਾ ਪ੍ਰੋਗਰਾਮ ਹੈ। ਲੇਖਕ ਦੇ ਘਰ ਵਿਚ ਉਸਾਰੀ ਚੱਲ ਰਹੀ ਹੈ। ਰੰਗ ਰੋਗਨ ਹੋ ਰਿਹਾ ਹੈ। ਕਹਾਣੀਕਾਰ ਤਲਵਿੰਦਰ ਸਿੰਘ ਕਹਿਣ ਲੱਗਾ-ਚੀਮਾ ਜੀ ਧਰਨੇ 'ਤੇ ਜ਼ਰੂਰ ਜਾਣਾ ਹੈ। ਯਾਰਾਂ-ਮਿੱਤਰਾਂ ਨਾਲ ਮੁਲਾਕਾਤ ਹੋ ਜਾਵੇਗੀ, ਨਾਲੇ ਤੁਹਾਡਾ ਤਾਂ ਮਿਡਲ ਬਣ ਜਾਵੇਗਾ। ਲੇਖਕ ਨੇ ਜੁਆਬ ਦਿੱਤਾ, ਤਲਵਿੰਦਰ ਜੀ ਮਿਡਲ ਤਾਂ ਰੋਜ਼ ਬਣਦੈ, ਬਸ ਬੰਦੇ ਦੀਆਂ ਅੱਖਾਂ ਤੇ ਕੰਨ ਖੁੱਲ੍ਹੇ ਹੋਣੇ ਚਾਹੀਦੇ ਹਨ ਤੇ ਸੱਚਮੁੱਚ ਹੀ ਪੁਸਤਕ ਦੇ ਮਿਡਲ ਡਾ. ਹਜ਼ਾਰਾ ਸਿੰਘ ਚੀਮਾ ਦੇ ਇਸ ਕਥਨ ਦੀ ਗਵਾਹ ਹਨ। ਅਖ਼ਬਾਰਾਂ ਵਿਚ ਪੜ੍ਹੇ ਤਾਂ ਸ਼ਾਇਦ ਪਹਿਲਾਂ ਵੀ ਹੋਣ, ਪਰ ਹੁਣ ਕਿਤਾਬ ਪੜ੍ਹ ਕੇ ਵੇਖ ਲਓ। ਹਰੇਕ ਲੇਖ ਪੜ੍ਹ ਕੇ ਮੂੰਹ ਵਿੱਚੋਂ ਆਪ-ਮੁਹਾਰੇ ਨਿਕਲੇਗਾ— ਵਾਹ! ਕਮਾਲ ਕਰਤੀ ਚੀਮਾ ਸਾਹਿਬ। ਆਧੁਨਿਕ ਵਾਰਤਕ ਵਿਧਾ ਵਾਲੀ ਪੁਸਤਕ ਦਾ ਨਿੱਘਾ ਸਵਾਗਤ ਹੈ।

**— ਪ੍ਰਿੰਸੀਪਲ ਗੁਰਮੀਤ ਸਿੰਘ ਫਾਜ਼ਿਲਕਾ,**
ਸੰਪਰਕ-98148-56160

# ਪੁਸਤਕ ਰੀਵਿਊ

## ਪੁਰਾਤਨ ਜਨਮ ਸਾਖੀ

**ਸ੍ਰੀ ਗੁਰੂ ਨਾਨਕ ਦੇਵ ਜੀ**
**(ਵਾਰਤਕ)**
**ਜਗਤਾਰ ਸਿੰਘ ਭੰਗੂ**
**ਪੰਨੇ : 144, ਮੁੱਲ : 249 ਰੁਪਏ**
**ਈਵਾਨ ਪਬਲੀਕੇਸ਼ਨ, ਬਰਨਾਲਾ**

ਕਿਸੇ ਵੀ ਧਰਮ ਦੇ ਇਤਿਹਾਸ ਜਾਂ ਮਿਥਿਹਾਸ ਬਾਰੇ ਲਿਖਣਾ ਬਹੁਤ ਔਖਾ ਕੰਮ ਹੈ। ਲਿਖੇ ਜਾਣ ਵਾਲੇ ਇਤਿਹਾਸ, ਮਿਥਿਹਾਸ ਜਾਂ ਗੁਰੂਆਂ, ਪੀਰਾਂ ਬਾਰੇ ਪਹਿਲਾਂ ਚੰਗੀ ਤਰ੍ਹਾਂ ਪਤਾ ਕਰਨਾ ਅਤੇ ਪੂਰਨ ਤੌਰ 'ਤੇ ਡੂੰਘਾਈ ਨਾਲ ਅਧਿਐਨ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਜਗਤਾਰ ਸਿੰਘ ਭੰਗੂ ਨੇ ਪੰਜਾਬੀ ਸਾਹਿਤ ਨੂੰ ਪਹਿਲਾਂ ਆਪਣੀਆਂ ਮੌਲਿਕ ਅਤੇ ਸੰਪਾਦਿਤ ਲੱਗਭੱਗ ਬਾਈ ਪੁਸਤਕਾਂ ਪ੍ਰਦਾਨ ਕੀਤੀਆਂ ਹਨ। ਹਥਲੀ ਪੁਰਾਤਨ 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' ਵੀ ਉਸ ਦੀ ਧਾਰਮਿਕ ਸੰਪਾਦਿਤ ਪੁਸਤਕ ਹੈ, ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲੈ ਕੇ ਜੋਤੀ ਜੋਤ ਸਮਾਉਣ ਤੱਕ ਕੁਲ 62 ਛੋਟੇ-ਵੱਡੇ ਪ੍ਰਸੰਗਾਂ ਦੇ ਬਿਰਤਾਂਤ ਨਾਲ ਸ਼ਾਮਲ ਕੀਤੇ ਗਏ ਹਨ।




ਇਸ ਪੁਸਤਕ ਦਾ ਅਧਿਐਨ ਕਰਦਿਆਂ ਜਾਣਕਾਰੀ ਮਿਲਦੀ ਹੈ ਕਿ ਜਨਮ ਸਾਖੀ ਨੂੰ ਸੰਪਾਦਕ ਨੇ ਛੇ ਭਾਗਾਂ ਅਤੇ ਪੰਜ ਅੰਤਿਕਾਵਾਂ ਵਿਚ ਪੇਸ਼ ਕੀਤਾ ਹੈ। ਪਹਿਲੇ ਭਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ, ਜੀਵਨ, ਬਾਲ ਅਵਸਥਾ, ਪੜ੍ਹਾਈ, ਵਿਆਹ, ਮੋਦੀਖਾਨੇ ਦੀ ਨੌਕਰੀ, ਸੱਜਣ ਠੱਗ ਅਤੇ ਸ਼ੇਖ ਸ਼ਰਫ਼ ਨਾਲ ਗੋਸ਼ਟੀ ਦਾ ਪ੍ਰਸੰਗ ਸਿਰਜਿਆ ਹੈ। ਜਿਸ ਵਿਚ ਖੇਤੀ, ਵਣਜ, ਸਉਦਾਗਰੀ, ਫ਼ਕੀਰਾਂ ਨਾਲ ਮਿਲਣੀਆਂ ਅਤੇ ਨਿਵੇਕਲੀ ਖੇਤੀ ਦੀ ਗੱਲ ਕਰਦਿਆਂ ਗੁਰੂ ਨਾਨਕ ਦੇ 1499 ਵਿਚ ਵੇਈਂ ਨਦੀ ਵਿੱਚ ਪਰਵੇਸ਼ ਕਰਨਾ ਅਤੇ ਤੇਈ ਦਿਨਾਂ ਬਾਅਦ ਉਸੇ ਘਾਟ ਵਿੱਚੋਂ ਬਾਹਰ ਆਉਣਾ। ਇਸੇ ਤਰ੍ਹਾਂ ਸੱਜਣ ਠੱਗ ਦਾ ਪ੍ਰਸੰਗ ਆਉਂਦਾ ਹੈ, ਜਿਹੜਾ ਰਾਹਗੀਰਾਂ ਨੂੰ ਰੈਣ-ਬਸੇਰਾ ਦੇ ਕੇ ਲੁੱਟਦਾ ਸੀ। ਇਸ ਤੋਂ ਇਲਾਵਾ ਪੰਜ ਹੋਰ ਉਦਾਸੀਆਂ ਦਾ ਵਰਨਣ ਕੀਤਾ ਹੈ, ਜਦੋਂ ਕਿ ਆਮ ਤੌਰ 'ਤੇ ਆਮ ਪਾਠਕਾਂ ਨੂੰ ਕੇਵਲ ਚਾਰ ਉਦਾਸੀਆਂ ਬਾਰੇ ਹੀ ਜਾਣਕਾਰੀ ਹੁੰਦੀ ਹੈ।

ਪੁਸਤਕ ਵਿਚ ਪਹਿਲੀ ਉਦਾਸੀ ਜਿਹੜੀ ਪੂਰਬ ਵੱਲ ਦੀ ਹੈ, ਇਹ ਸਭ ਤੋਂ ਵੱਡਾ ਬਿਰਤਾਂਤ ਸਿਰਜਦੀ ਹੈ। ਇਸ ਵਿਚ ਬਨਾਰਸ, ਨਾਨਕ ਮਤੇ ਸਿੱਧਾਂ ਨਾਲ ਗੋਸ਼ਟੀ, ਠੱਗਾਂ ਦਾ ਨਿਸਤਾਰਾ, ਕਲਜੁਗ ਦਾ ਨਾਨਕ ਨਾਲ ਮਿਲਾਪ, ਪਿੰਡ ਦਾ ਵਸਾਉਣਾ ਅਤੇ ਉਜਾੜਨ ਦਾ ਸੰਕਲਪ, ਮਰਦਾਨੇ ਦੀ ਭੁੱਖ ਮਿਟਾਉਣਾ ਫਿਰ ਮਰਦਾਨਾ ਰਾਹੀਂ ਤਲਵੰਡੀ ਵਿੱਚ ਮਾਤਾ-ਪਿਤਾ ਨਾਲ ਮਿਲਾਪ ਆਦਿ ਦੀ ਸਾਖੀ ਮਿਲਦੀ ਹੈ। ਤਲਵੰਡੀ ਵਿੱਚ ਰਹਿੰਦਿਆਂ ਪੰਡਤ ਅਚਾਰੀਆ ਦੇ ਸੁਚ ਜੂਠ ਪ੍ਰਤੀ ਪ੍ਰਸੰਗ, ਬ੍ਰਾਹਮਣ ਦੀ ਸੁਚ ਰਸੋਈ ਦਾ ਬਿਰਤਾਂਤ ਹੈ। ਇਸੇ ਤਰ੍ਹਾਂ ਕਰੋੜੀਆਂ ਦਾ ਅੰਨ੍ਹਾ ਹੋਣਾ ਤੇ ਨਾਨਕ ਨੂੰ ਮਿਲ ਕੇ ਉਸ ਦੀ ਸ਼ਰਨ ਪੈਣਾ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਦੂਜੀ ਉਦਾਸੀ ਦੱਖਣ ਦੀ ਲਿਖੀ ਮਿਲਦੀ ਹੈ, ਜਿਸ ਤਹਿਤ ਕਉਡਾ ਰਾਖ਼ਸ਼, ਸਿੱਧਾਂ ਨਾਲ ਗੋਸਟਿ, ਬਾਢੀ ਦੀ ਝੁੱਗੀ ਢਾਹੁਣ ਦਾ ਬਿਰਤਾਂਤ ਹੈ। ਪੁਸਤਕ ਵਿਚ ਤੀਜੀ ਉਦਾਸੀ ਕਸ਼ਮੀਰ ਅਤੇ ਚੌਥੀ ਉਦਾਸੀ ਪੱਛਮ ਵੱਲ ਦੀ ਦਰਜ ਹੈ, ਜਿਸ ਵਿਚ ਮੱਕਾ ਦਾ ਜ਼ਿਕਰ ਮਿਲਦਾ ਹੈ। ਪੰਜਵੀਂ ਉਦਾਸੀ ਸਮੇਰ ਅਤੇ ਅਚਲ ਵਿਖੇ ਸਿੱਧਾਂ ਨਾਲ ਗੋਸ਼ਟ, ਗੋਰਖ ਹਟੜੀ, ਲਹਿਣੇ ਤੋਂ ਅੰਗਦ ਅਤੇ ਸ੍ਰੀ ਗੁਰੂ ਅੰਗਦ ਜੀ ਨੂੰ ਗੁਰਿਆਈ ਬਖਸ਼ਣੀ ਕੀਤੀ ਗਈ ਹੈ। ਪੁਸਤਕ ਵਿਚ ਗੁਰੂ ਨਾਨਕ ਜੀ ਦੇ ਕਰਤਾਰਪੁਰ ਵਿਖੇ ਜੋਤੀ ਜੋਤ ਸਮਾਉਣ ਤੱਕ ਇਹ ਸਾਖੀ ਮਿਲਦੀ ਹੈ। ਪੁਸਤਕ ਦੇ ਅੰਤਲੇ ਭਾਗਾਂ ਵਿਚ ਸਾਖੀ ਵਿੱਚੋਂ ਸ਼ਬਦਾਂ ਨੂੰ ਲੈ ਕੇ ਪੰਜ ਅੰਤਕਾਵਾਂ ਸ਼ਾਮਲ ਕੀਤੀਆਂ ਹਨ।

ਸੰਪਾਦਕ ਨੇ ਇਹ ਸਾਖੀ ਤਿਆਰ ਕਰਨ ਲਈ ਕਾਫੀ ਮਿਹਨਤ ਕੀਤੀ ਪ੍ਰਤੀਤ ਹੁੰਦੀ ਹੈ। ਇਹ ਕੇਵਲ ਇਕ ਧਾਰਮਿਕ ਪੁਸਤਕ ਹੀ ਨਹੀਂ, ਬਲਕਿ ਇਤਿਹਾਸਕ ਕਾਰਜ ਹੈ। ਇਸ ਪੁਸਤਕ ਵਿਚਲੀ ਸ਼ਬਦਾਵਲੀ ਹਰ ਕਿਸੇ ਲਈ ਉਠਾਉਣੀ ਸਹਿਜ ਨਹੀਂ ਹੈ। ਪੁਸਤਕ ਵਿਚਲੇ ਸ਼ਬਦ, ਵਾਕ ਦੇ ਅਰਥ ਸਮਝਣੇ ਬਹੁਤ ਜ਼ਰੂਰੀ ਹੁੰਦੇ ਹਨ। ਇਸ ਪੁਸਤਕ ਦਾ ਸਿੱਖ ਧਰਮ ਵਿੱਚ ਸਵਾਗਤ ਕਰਨਾ ਬਣਦਾ ਹੈ।

**- ਤੇਜਿੰਦਰ ਚੰਡਿਹੋਕ**

## ਰੁੰਡ ਮਰੁੰਡੇ ਬਿਰਖ਼

(ਗ਼ਜ਼ਲ ਸੰਗ੍ਰਹਿ)
**ਅਮਨਦੀਪ ਸਿੰਘ ਅਮਨ**
**ਮੁੱਲ-180 ਰੁਪਏ**
**ਆਟਮ ਆਰਟ, ਪਟਿਆਲਾ**

ਵਿਦੇਸ਼ ਰਹਿੰਦਾ ਅਮਨਦੀਪ ਸਿੰਘ ਅਮਨ ਪੰਜਾਬੀ ਗ਼ਜ਼ਲ ਦਾ ਨਾਮਵਰ ਹਸਤਾਖ਼ਰ ਹੈ। ਉਹ ਆਪਣੇ ਸ਼ਿਅਰਾਂ ਵਿੱਚ ਜਿੱਥੇ ਕਿਰਤੀਆਂ ਮਜ਼ਦੂਰਾਂ ਦੀ ਗੱਲ ਕਰਦਾ ਹੈ, ਉੱਥੇ ਹੀ ਕੁਦਰਤ ਦੇ ਰੰਗਾਂ ਦੀ ਬਾਤ ਪਾਉਂਦਾ ਹੈ। 'ਪੌਣ ਦਾ ਸਿਮਰਨ' ਅਤੇ 'ਕੁਦਰਤ' ਤੋਂ ਬਾਅਦ ਇਹ ਉਸ ਦਾ ਤੀਜਾ ਗ਼ਜ਼ਲ ਸੰਗ੍ਰਹਿ ਹੈ।ਇਸ ਤੋਂ ਪਹਿਲਾਂ ਉਹ ਕਾਵਿ ਸੰਗ੍ਰਹਿ ਸਫ਼ਰ ਅਤੇ ਇੱਕ ਨਾਵਲ ਜੰਗ ਜਾਰੀ ਰਹੇਗੀ ਵੀ ਪ੍ਰਕਾਸ਼ਿਤ ਕਰਵਾ ਚੁੱਕਾ ਹੈ। ਉਸ ਦੀਆਂ ਪੁਸਤਕਾਂ ਦੇ ਨਾਂਅ ਖ਼ੁਦ ਗਵਾਹ ਬਣਦੇ ਹਨ ਕਿ ਉਸ ਨੂੰ ਕੁਦਰਤ ਨਾਲ ਸੰਵਾਦ ਰਚਾਉਣਾ ਆਉਂਦਾ ਹੈ ਅਤੇ ਆਪਣੀ ਸ਼ਿਅਰਕਾਰੀ ਰਾਹੀਂ ਹਰ ਮਸਲੇ ਨੂੰ ਉਭਾਰਨਾ ਵੀ ਬਾਖ਼ੂਬੀ ਆਉਂਦਾ ਹੈ। ਇਸ ਪੁਸਤਕ ਵਿਚਲੀ ਉਸ ਦੀ ਸ਼ਾਇਰੀ ਮਨੁੱਖ ਨੂੰ ਕੁਦਰਤ ਪ੍ਰਤੀ ਆਗਾਹ ਕਰਦੀ ਹੈ ਕਿ ਰੁੱਖਾਂ ਨੂੰ ਅਜਾਈਂ ਨਾ ਵੱਢੋ, ਹਵਾ, ਪਾਣੀ, ਜ਼ਮੀਨ ਜ਼ਹਿਰੀਲੇ ਨਾ ਕਰੋ।ਉਸ ਦੀ ਸ਼ਾਇਰੀ ਸੱਚ ਦੀ ਆਵਾਜ਼ ਹੈ ਤੇ ਮਨੁੱਖਤਾ ਨੂੰ ਦਿੱਤੇ ਪੈਗ਼ਾਮ ਵਰਗੀ ਹੈ। ਉਸ ਦੇ ਸ਼ਿਅਰਾਂ ਵਿਚਲੀ ਨਵੀਨਤਾ ਉਸ ਨੂੰ ਆਪਣੇ ਸਮਕਾਲੀ ਸ਼ਾਇਰਾਂ ਤੋਂ ਅਲੱਗ ਖੜ੍ਹਾ ਕਰਦੀ ਹੈ। ਨਵੀਆਂ-ਨਕੋਰ ਰਦੀਫ਼ਾਂ, ਬਿੰਬ, ਤਸਬੀਹਾਂ ਨਾਲ ਉਹ ਆਪਣੀ ਸ਼ਾਇਰੀ ਦਾ ਹਾਰ-ਸ਼ਿੰਗਾਰ ਕਰਦਾ ਹੈ।




ਇਨਸਾਨੀ ਤਹਿਜ਼ੀਬ, ਰਿਸ਼ਤਿਆਂ ਦੀ ਤ੍ਰਾਸਦੀ, ਮਨੁੱਖ ਦੁਆਰਾ ਵਿਕਾਸ ਦੇ ਨਾਂਅ 'ਤੇ ਕੁਦਰਤ ਨਾਲ ਕੀਤਾ ਜਾ ਰਿਹਾ ਖਿਲਵਾੜ, ਪ੍ਰਵਾਸ ਦੌਰਾਨ ਮਿੱਟੀ ਦਾ ਮੋਹ, ਜ਼ੁਲਮ ਹੁੰਦਾ ਵੇਖ ਕੇ ਵੀ ਚੁੱਪ ਰਹਿਣ ਵਾਲੇ ਲੋਕ, ਮਨੁੱਖ ਦਾ ਦੋਗਲਾ ਕਿਰਦਾਰ, ਖੇਤਾਂ, ਖਲਿਆਨਾਂ ਦੀ ਗੱਲ, ਗ਼ੁਲਾਮੀ, ਅਜ਼ਾਦੀ ਦੀ ਬਾਤ ਉਸ ਦੀ ਗ਼ਜ਼ਲਕਾਰੀ ਦੇ ਮੁੱਖ ਵਿਸ਼ਾ ਬਣਦੇ ਹਨ। ਉਸ ਦੀ ਸ਼ਾਇਰੀ ਬਹੁਰੰਗੀ ਹੀ ਨਹੀਂ, ਬਹੁਅਰਥੀ ਵੀ ਹੈ।ਭਾਸ਼ਾ ਸਰਲ, ਸਹਿਜ ਅਤੇ ਸਪੱਸ਼ਟ ਹੋਣ ਕਰਕੇ ਉਸ ਦੇ ਸ਼ਿਅਰ ਸਮਝਣ ਲਈ ਸਿਰ ਖਪਾਉਣਾ ਨਹੀਂ ਪੈਂਦਾ। ਸਮਾਜ ਦੇ ਹਰ ਵਰਗ ਦੀ ਪ੍ਰਤੀਨਿਧਤਾ ਕਰਦੀ ਹੈ।ਸਮਾਜ ਵਿੱਚ ਫੈਲੀਆਂ ਸੰਗਤੀਆਂ-ਵਿਸੰਗਤੀਆਂ, ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਸੱਭਿਆਚਾਰਕ ਕੁਰੀਤੀਆਂ ਉਸ ਦੀ ਸ਼ਾਇਰੀ ਦਾ ਮੁੱਖ ਆਧਾਰ ਬਣਦੀਆਂ ਹਨ। ਉਹ ਬੜੀ ਬੇਬਾਕੀ ਨਾਲ ਵਿਅੰਗਾਤਮਿਕ ਲਹਿਜੇ ਵਿੱਚ ਹਰ ਤਰ੍ਹਾਂ ਦੀ ਕੁਰੀਤੀ 'ਤੇ ਤਿੱਖੀ ਚੋਟ ਕਰਦਾ ਹੈ। ਸ਼ਾਇਰ ਜ਼ੁਬਾਨਾਂ 'ਤੇ ਲੱਗੇ ਹੋਏ ਤਾਲਿਆਂ ਨੂੰ ਖੋਲ੍ਹਣ ਦੀ ਗੱਲ ਕਰਦਾ ਹੈ।ਬਿਰਖਾਂ, ਨਦੀਆਂ, ਪਹਾੜਾਂ, ਟਿੱਬਿਆਂ ਦਾ ਜਾਪ ਸੁਣਨ ਦੀ ਗੱਲ ਤੋਰਦਾ ਹੈ। ਸਮੇਂ ਦੀ ਮਾਰ ਝੱਲ ਰਹੀ ਲੋਕਾਈ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਵਕਤ ਬਦਲਣ ਦੀ ਗੱਲ ਕਰਦਾ ਹੈ।

ਨਦੀ, ਪੰਛੀ ਪਰਿੰਦੇ, ਰੁੱਖ, ਪਹਾੜ, ਪੌਣ-ਪਾਣੀ, ਹਵਾ, ਕੁਦਰਤ ਸ਼ਬਦ ਵਾਰ-ਵਾਰ ਆਉਂਦੇ ਹਨ। 115 ਸਫ਼ਿਆਂ ਦੀ ਇਸ ਪੁਸਤਕ ਵਿੱਚ ਕੁੱਲ 109 ਗ਼ਜ਼ਲਾਂ ਸ਼ਾਮਲ ਹਨ।ਇਲਮ ਅਰੂਜ਼ ਅਤੇ ਗ਼ਜ਼ਲ ਤਕਨੀਕ ਦੀ ਜਾਣਕਾਰੀ ਤੋਂ ਪੂਰੀ ਤਰ੍ਹਾਂ ਵਾਕਿਫ਼ ਅਮਨਦੀਪ ਸਿੰਘ ਅਮਨ ਕੋਲ ਵਿਸ਼ਿਆਂ ਦੀ ਭਰਮਾਰ ਹੈ।ਸੰਵੇਦਨਸ਼ੀਲ ਗ਼ਜ਼ਲ ਪੜ੍ਹਨ ਵਾਲੇ ਪਾਠਕ ਇਸ ਗ਼ਜ਼ਲ ਸੰਗ੍ਰਹਿ ਨੂੰ ਜ਼ਰੂਰ ਪਸੰਦ ਕਰਨਗੇ।

**—ਜਗਦੀਸ਼ ਰਾਣਾ**

# ਰੱਖ ਦੇਊਗਾ ਇਹ ਸਾਨੂੰ ਨਿੰਬੂ ਦੇ ਵਾਂਗ ਨਿਚੋੜ ਕੇ

**ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-68**

**ਸੁਰਜੀਤ ਸੁਮਨ**

ਅਸਮਾਨ ਵਿੱਚ ਛਾਏ ਕਾਲ਼ੇ-ਭੂਰੇ ਬੱਦਲ਼ਾਂ ਦੀ ਚੁੱਪ ਚਾਪ ਇੱਕਤਰਤਾ ਤੇ ਵਗਦੀ ਪੁਰੇ ਦੀ ਪੌਣ ਦੇ ਤੇਜ਼ ਤੇਜ਼ ਬੁੱਲਿਆਂ ਨੇ ਜੂਨ ਦੇ ਅੰਤਲੇ ਜਾਂ ਕਹਿ ਲਓ ਜੇਠ ਮਹੀਨੇ ਦੇ ਗਭਲੇ ਦਿਨਾਂ ਨੂੰ ਹੁੰਮਸ ਬਾਅਦ ਹਲਕੀ ਜਿਹੀ ਠੰਢਕ ਬਖਸ਼ੀ ਹੈ। ਤਪਿਆ ਮਨ ਝੂਮ ਉੱਠਿਆ ਹੈ। ਮੋਹਲ਼ੇਧਾਰ ਵਰਖਾ ਮੰਗਦੀ, ਭੱਠੀ ਵਾਂਗ ਤਪੀ ਧਰਤੀ ਨੂੰ ਕਣੀਆਂ ਦੀ ਆਸ ਬੱਝੀ ਹੈ। ਐਨ ਓਵੇਂ ਜਿਵੇਂ ਪਪੀਹੇ ਨੂੰ ਸਵਾਂਤੀ ਬੂੰਦ ਦੀ। ਬਿਜਲੀ ਗੁੱਲ ਹੋਇਆਂ ਸਾਰਾ ਦਿਨ ਬੀਤ ਗਿਆ ਸੀ ਤੇ ਫਿਰ ਕਾਲ਼ੀ-ਬੋਲ਼ੀ ਰਾਤ ਉਤਰ ਆਈ ਸੀ। ਬਿਜਲੀ ਦਾ ਕਿਧਰੇ ਨਾਂ ਨਿਸ਼ਾਨ ਨਹੀਂ ਸੀ। ਇਨਵਰਟਰ ਅੰਤਿਮ ਸਾਹਾਂ 'ਤੇ ਸੀ। ਮੱਛਰ ਦੀ ਭਿਣਭਿਣਾਹਟ ਨੇ ਆਪਣਾ ਰਾਗ ਅਲਾਪਿਆ ਤਾਂ ਇੱਕ ਵੱਖਰਾ ਜਿਹਾ ਡਰ ਮਨ ਦੀਆਂ ਕੰਦਰਾਂ ਵਿੱਚੋਂ ਜਾਗ ਪਿਆ। ਬਿਜਲੀ ਗੁੱਲ ਹੋਣ ਨਾਲ਼ ਕਿੰਨਾ ਕੁਝ ਗੁੱਲ ਹੋ ਜਾਂਦੈ, ਇਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਫੋਨ ਦੀ ਬੈਟਰੀ ਵੱਲ ਨਜ਼ਰ ਮਾਰੀ। ਜਗਦੀ ਆਲਆਊਟ ਵੀ ਬੁਝ ਗਈ ਸੀ। ਯੂਟਿਊਬ ਫਰੋਲਣ ਲਗਦਾ ਹਾਂ। ਪੰਜਾਬ ਦੀ ਕੋਇਲ ਮਾਤਾ ਸੁਰਿੰਦਰ ਕੌਰ ਨੇ ਅਲਾਪ ਲਿਆ ਹੈ। ਉਸ ਦੀ ਮਖਮਲੀ, ਸੁਰੀਲੀ ਤੇ ਟੁਣਕਵੀਂ ਆਵਾਜ਼ ਨੇ ਰੁੱਖੇ ਮਾਹੌਲ ਨੂੰ ਰਸੀਲਾ ਜਿਹਾ ਤਰੌਂਕਾ ਦਿੱਤਾ ਹੈ। ਓਹਦੇ ਬੋਲ, 'ਮੱਛਰਦਾਨੀ ਲੈ ਦੇ ਵੇ ਮੱਛਰ ਨੇ ਖਾ ਲੀ ਤੋੜ ਕੇ' ਸੁਣ ਮੇਰੀ ਸੁਰਤਾਅ ਪੰਜਾਹ ਸਾਲ ਪਿਛਾਂਹ ਪਰਤ ਗਈ।

ਗਰਮੀਆਂ ਦੇ ਉਨੀਂ ਦਿਨੀਂ ਬਹੁਤੇ ਲੋਕ ਮੱਛਰਦਾਨੀ ਲਾ ਕੇ ਮੱਛਰ ਦੇ ਜ਼ਹਿਰੀਲੇ ਡੰਗ ਤੋਂ ਬਚਣ ਦਾ ਉਪਰਾਲਾ ਕਰਦੇ ਸਨ। ਲੋਕ ਅਕਸਰ ਛੱਤਾਂ ਤੇ ਸੌਂਦੇ ਜਾਂ ਬਾਹਰ ਖੁੱਲ੍ਹੇ ਵਿਹੜਿਆਂ ਵਿੱਚ। ਅੱਧੀ ਰਾਤ ਟੱਪਦੀ ਤਾਂ ਠੰਢੀ ਠੰਢੀ ਹਵਾ ਦੇ ਬੁੱਲੇ ਬੰਦੇ ਨੂੰ ਗਹਿਰੀ ਨੀਂਦ ਦੀ ਗੋਦ ਵਿੱਚ ਲਿਜਾ ਸੁੱਟਦੇ। 'ਉਦੋਂ ਤਾਂ ਪੁੱਤ ਲੋਕ ਖੁੱਲ੍ਹੀ ਹਵਾ ਵਿੱਚ ਬਾਹਰ ਸੌਂਦੇ ਤੇ। ਅੱਜ ਮਾਂਗੂੰ ਨੀਂ ਬਈ ਅੰਦਰੇ ਵੜੇ ਰਹੋ। ਹੁਣ ਤਾਂ ਟੈਮ ਬਦਲਗੇ ਭਾਈ।' ਪਤਾ ਨਹੀਂ ਕਿੱਧਰੋਂ ਮਾਂ ਦੀ ਆਵਾਜ਼ ਕੰਨਾਂ ਵਿੱਚ ਗੂੰਜੀ। ਇੰਝ ਮਹਿਸੂਸ ਹੋਇਆ ਜਿਵੇਂ ਉਹ ਆਪਣੇ ਪੋਤੇ-ਪੋਤੀ ਨਾਲ਼ ਗੱਲੀਂ ਲੱਗੀ ਹੋਵੇ। ਮੇਰੇ ਕੰਨਾਂ ਵਿੱਚ ਕੋਈ ਰਸ ਜਿਹਾ ਘੁਲ਼ਿਆਂ ਤਾਂ ਅੰਦਰਲਾ ਮਿਠਾਸ ਨਾਲ਼ ਭਰ ਗਿਆ। ਫਿਰ ਮੇਰਾ ਮਨ ਉਨ੍ਹਾਂ ਪਲਾਂ ਵਿੱਚ ਉਤਰ ਗਿਆ, ਜਿਹੜੇ ਆਕਾਸ਼ ਗੰਗਾ ਨਾਲ਼ ਸੰਵਾਦ ਰਚਾਉਂਦੇ ਸਨ। ਰੁਮਕਦੀ ਪੌਣ ਮੇਰੇ ਮਨ ਨੂੰ ਤਾਰਿਆਂ ਦੀ ਦੁਨੀਆਂ ਨਾਲ਼ ਜੋੜ ਦਿੰਦੀ ਹੈ। ਇੰਝ ਲਗਦੈ ਜਿਵੇਂ ਟਿਮਕਦੇ ਤਾਰੇ ਕੋਈ ਗਹਿਰੀ ਬਾਤ ਸੁਣਾ ਰਹੇ ਹੋਣ। ਸਾਜ਼ਿਸ਼ਾਂ ਨਾਲ਼ ਭਰੇ ਇਸ ਸੰਸਾਰ ਤੋਂ ਕੋਹਾਂ ਦੂਰ। ਇੱਕ ਵੱਖਰੀ ਦੁਨੀਆਂ। ਇੱਕ ਵੱਖਰਾ ਸਮਾਂ। ਇਹ ਨਹੀਂ ਕਿ ਉਦੋਂ ਦੁਨੀਆਂ ਸੁਖੀ ਵਸਦੀ ਹੋਵੇਗੀ। ਉਦੋਂ ਵੀ ਅਨੇਕਾਂ ਸਵਾਲ, ਲੜਾਈਆਂ, ਸਾੜਾ ਤੇ ਹੋਰ ਬਹੁਤ ਕੁਝ ਇੱਧਰ-ਉੱਧਰ ਮੰਡਰਾ ਰਿਹਾ ਹੋਵੇਗਾ। ਸੋਚਦਾ ਹਾਂ, ਕਿੰਨਾ ਚੰਗਾ ਹੁੰਦਾ ਸੀ ਬਚਪਨ ਦਾ ਉਹ ਸਮਾਂ, ਜਿਸ ਵਿੱਚ ਨਾ ਕੋਈ ਡਰ ਨਾ ਭੈਅ, ਨਾ ਕੋਈ ਫਿਕਰ-ਫਾਕਾ। ਬੱਸ ਮਸਤ ਮੌਲਾ ਚਾਲ। ਇਹ ਨਹੀਂ ਸੀ ਕਿ ਉਦੋਂ ਕੋਈ ਦੁੱਖ, ਤਕਲੀਫ ਜਾਂ ਕੋਈ ਗਹਿਰੀ ਪੀੜ ਨਹੀਂ ਸੀ ਹੁੰਦੀ। ਬੁਰੇ ਵਕਤ ਵੇਲ਼ੇ ਮਾਂ ਦੇ ਚਿਹਰੇ 'ਤੇ ਉੱਡਦੀਆਂ ਹਵਾਈਆਂ ਨੂੰ ਅੱਜ ਵੀ ਮਹਿਸੂਸ ਕਰਦਾ ਰਹਿੰਦਾ ਹਾਂ।

ਫਿਰ ਪਤਾ ਨਹੀਂ ਕਿਹੜੇ ਵੇਲ਼ੇ ਮੇਰੇ ਮਨ ਵਿੱਚ 'ਹੋਰਮੁਜ਼ ਜਲਡਮਰੂ' ਆ ਬੈਠਿਆ। ਪਹਿਲਾਂ ਹੀ ਮਹਿੰਗਾਈ ਦੀ ਮਾਰ ਝੱਲ ਰਹੀ ਲੋਕਾਈ ਦੇ ਦੁੱਖਾਂ ਵਿੱਚ ਹੋਣ ਜਾ ਰਹੇ ਹੋਰ ਵਾਧੇ ਨੇ ਇਸ ਡਰ ਵਿੱਚ ਹੋਰ ਇਜ਼ਾਫਾ ਕਰ ਦਿੱਤਾ ਹੈ। ਟਰੰਪ ਕਿਹੜੇ ਵੇਲ਼ੇ ਕਿਹੜਾ ਫੈਸਲਾ ਲੈ ਲਵੇ, ਕੋਈ ਪਤਾ ਨਹੀਂ। ਕੀ ਪਤੈ ਉਹ ਕਦੋਂ ਚੰਗੀ ਭਲੀ ਰੁਕੀ ਜੰਗ ਨੂੰ ਮੁੜ ਛੇੜ ਦੇਵੇ। ਸੌਦੇਬਾਜ਼ਾਂ ਤੇ ਜੰਗਬਾਜ਼ਾਂ ਦੇ ਮਨਾਂ ਵਿੱਚ ਉੱਡਦੇ ਖਿਆਲਾਂ ਦਾ ਕਿਆਸ ਲਾਉਣਾ ਸੰਭਵ ਨਹੀਂ। ਅਮਰੀਕਾ, ਇਰਾਨ, ਇਜ਼ਰਾਈਲ, ਰੂਸ ਤੇ ਯੂਕਰੇਨ ਦੇ ਅੰਬਰ 'ਤੇ ਛਾਏ ਜੰਗ ਦੇ ਬੱਦਲ਼ਾਂ ਦੇ ਛਟਣ ਦੀ ਬਹੁਤੀ ਉਮੀਦ ਨਾ ਬੱਝਣ ਕਾਰਨ ਸਮੁੱਚਾ ਸੰਸਾਰ ਸਦਮੇ ਵਿੱਚ ਹੈ। ਤੇਲ ਤੇ ਗੈਸ ਦੀਆਂ ਕੀਮਤਾਂ ਨੇ ਆਮ ਮਨੁੱਖ ਦੀ ਕੀਮਤ ਮਿੱਟੀ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣੀ। ਸਮੇਂ ਨੇ ਇਸ ਦੀ ਦਸਤਕ ਹੁਣੇ ਤੋਂ ਦੇਣੀ ਸ਼ੁਰੂ ਕਰ ਦਿੱਤੀ ਹੋਈ ਹੈ। ਪੰਜਾਬ ਨੇ ਇਸ ਵਰ੍ਹੇ ਨੂੰ ਚੋਣ ਵਰ੍ਹੇ ਵਜੋਂ ਮਨਾਉਣਾ ਕਦੋਂ ਦਾ ਆਰੰਭਿਆ ਹੋਇਐ। ਸੱਤ੍ਹਾ ਦੀ ਕੁਰਸੀ 'ਤੇ ਆਸੀਨ ਹੋਣ ਲਈ ਸੱਤਾਧਾਰੀ ਧਿਰ ਦੇ ਨਾਲ਼ ਨਾਲ਼ ਬਾਕੀ ਧਿਰਾਂ ਵੱਲੋਂ ਵੀ ਜ਼ੋਰ-ਅਜ਼ਮਾਈ ਲਈ ਪੂਰੀ ਤਿਆਰੀ ਵਿੱਢੀ ਹੋਈ ਹੈ। ਸਮੇਂ ਨੇ ਹਾਲੇ ਕਰਵਟ ਲੈਣੀ ਹੈ। ਹਰੇਕ ਵੱਲੋਂ ਆਪਣਾ ਆਪਣਾ ਮੰਚ ਸਜਾਇਆ ਜਾ ਰਿਹਾ ਹੈ। ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨਾਂ ਤੇ ਪ੍ਰਧਾਨਗੀ ਮੰਡਲ ਦੀ ਚੋਣ ਲਈ ਉੱਚ ਦੁਮਾਲੜੇ ਦੀਆਂ ਸ਼ਖਸੀਅਤਾਂ ਨਾਲ਼ ਰਾਬਤਾ ਸਾਧਿਆ ਜਾ ਰਿਹਾ ਹੈ। ਭਾਰਤੀ ਜਨਤਾ ਪਾਰਟੀ ਨੇ ਸੱਤ੍ਹਾ ਦੀ ਇਸ ਜੰਗ ਤੋਂ ਪਹਿਲਾਂ ਆਪਣਾ ਘੋੜਾ ਬਦਲਿਆ ਹੈ। ਇਸੇ ਤਰ੍ਹਾਂ ਬਾਕੀ ਪਾਰਟੀਆਂ ਵੀ ਪੂਰੀ ਤਿਆਰੀ ਵਿੱਚ ਲੱਗੀਆਂ ਹੋਈਆਂ ਹਨ। ਗੁੱਲ ਹੋਈ ਬਿਜਲੀ ਦੀ ਮਾਰ ਨੂੰ ਸਹਿਣ ਕਰਦਿਆਂ ਮੇਰੇ ਮਨ ਦਾ ਘੋੜਾ ਪਤਾ ਨਹੀਂ ਕਿੱਧਰ ਸਰਪੱਟ ਦੌੜਦਾ ਚਲਿਆ ਜਾ ਰਿਹਾ ਹੈ। ਫੋਨ ਦੀ ਸਕਰੀਨ 'ਤੇ ਨਜ਼ਰ ਪਈ। ਨੌਂ ਵੱਜਣ ਹੀ ਵਾਲ਼ੇ ਸਨ। ਮੈਂ ਛੇਤੀ ਛੇਤੀ ਤਿਆਰ ਹੋ ਕੇ ਆਫਿਸ ਵੱਲ ਚੱਲ ਪੈਂਦਾ ਹੈ। ਮੇਰੇ ਕੋਲ਼ ਅੱਜ ਬਾਈ ਦਲੇਰ ਸਿੰਘ ਤੇ ਮਾਸਟਰ ਪਿਆਰਾ ਸਿੰਘ ਨੇ ਆਉਣਾ ਹੈ। ਦਫਤਰ ਪਹੁੰਚਿਆ ਹੀ ਸੀ, ਮਾਸਟਰ ਪਿਆਰਾ ਸਿੰਘ ਤਾਂ ਆਏ ਖੜ੍ਹੇ ਨੇ। ਦੁਆ-ਸਲਾਮ ਬਾਅਦ ਮੈਂ ਚਾਹ ਮੰਗਵਾ ਲਈ ਹੈ।

ਚਾਹ ਦਾ ਘੁੱਟ ਭਰਦਿਆਂ ਮਾਸਟਰ ਪਿਆਰਾ ਸਿੰਘ ਨੇ ਆਪਣਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ। 'ਲਓ ਜੀ ਆਪਣੇ ਬਸ਼ੀਰ ਬਦਰ ਜੀ ਵੀ ਤੁਰ ਗਏ। ਉਨ੍ਹਾਂ ਦਾ ਇੱਕ ਬਹੁਤ ਪਿਆਰਾ ਤੇ ਜੰਗਬਾਜ਼ਾਂ ਦੀਆਂ ਅੱਖਾਂ ਖੋਲ੍ਹਣ ਵਾਲ਼ਾ ਸ਼ੇਅਰ ਐ, 'ਲੋਗ ਟੂਟ ਜਾਤੇ ਹੈ/ ਏਕ ਘਰ ਬਨਾਨੇ ਮੇਂ/ ਤੁਮ ਤਰਸ ਨਹੀਂ ਖਾਤੇ/ ਬਸਤੀਆਂ ਜਲਾਨੇ ਮੇਂ।' ਯਾਰ ਇੱਕ ਸ਼ਾਇਰ ਹੋਰ ਕਿਵੇਂ ਬਿਆਨ ਕਰੇ ਇਨ੍ਹਾਂ ਬੇਕਿਰਕ ਲੋਕਾਂ ਦੇ ਕਿਰਦਾਰ ਨੂੰ। ਸਾਡੇ ਅਧਿਆਪਕਾਂ ਦਾ ਹਾਲ ਦੇਖ ਲਓ। ਕਿੰਨੀਆਂ ਕੈਟਾਗਰੀਆਂ ਬਣਾਤੀਆਂ ਸਰਕਾਰਾਂ ਨੇ? ਹਰੇਕ ਦੀ ਆਪਣੀ ਅਲੱਗ ਜਥੇਬੰਦੀ। ਇਹ ਵੀ ਸਰਕਾਰਾਂ ਦੇ ਹੱਥਕੰਡੇ ਹੁੰਦੇ ਨੇ। ਇਹ ਜਥੇਬੰਦੀਆਂ ਨੂੰ ਵੰਡ ਕੇ ਰੱਖਦੀਆਂ ਹਨ ਤਾਂ ਕਿ ਉਹ ਇਕੱਠੀਆਂ ਹੋ ਕੇ ਸਰਕਾਰਾਂ ਦੇ ਗਲ਼ੇ ਦੀ ਹੱਡੀ ਨਾ ਬਣ ਜਾਣ। ਸਾਡੀਆਂ ਕਿਸਾਨ ਜਥੇਬੰਦੀਆਂ ਦਾ ਵੀ ਇਹੋ ਹਾਲ ਐ। ਕਿਸਾਨ ਮੋਰਚੇ ਵੇਲ਼ੇ ਵੀ ਤੇ ਅੱਜ ਵੀ ਨਜ਼ਰ ਮਾਰ ਕੇ ਦੇਖੋ। ਪਰ ਜੇ ਦੇਖਿਆ ਜਾਵੇ ਤਾਂ ਇਹ ਲੋਕਤੰਤਰ ਦੀ ਖ਼ੂਬਸੂਰਤੀ ਵੀ ਆ। ਸੰਘਰਸ਼ ਲਈ ਇਨ੍ਹਾਂ ਸਾਰਿਆਂ ਨੂੰ ਇੱਕਜੁੱਟ ਹੋ ਕੇ ਵਿਚਰਨਾ ਚਾਹੀਦੈ। ਮੈਂ ਤੈਨੂੰ ਹੋਰ ਦੱਸਾਂ। ਸਰਕਾਰਾਂ ਹੁਣ ਮੁਲਾਜ਼ਮਾਂ ਦੇ ਹੱਕ ਮਾਰਨ 'ਤੇ ਤੁਲੀਆਂ ਹੋਈਆਂ। ਵਿਧਾਨ ਪਾਲਿਕਾ ਤੇ ਕਾਰਜ ਪਾਲਿਕਾ ਦੇ ਨਾਪਾਕ ਗੱਠਜੋੜ ਨੇ ਮਜ਼ਦੂਰ ਤੇ ਮੁਲਾਜ਼ਮ ਵਰਗ ਨੂੰ ਨਿਆਸਰਾ ਛੱਡ ਦਿੱਤੈ। ਹੁਣ ਇਨ੍ਹਾਂ ਦੀ ਇੱਕੋ ਇੱਕ ਟੇਕ ਅਦਾਲਤਾਂ ਰਹਿਗੀਆਂ ਭਰਾ। ਆ ਸਾਡੇ ਗੈਸਟ ਟੀਚਰਾਂ ਵੱਲੋਂ ਵੀ ਅਦਾਲਤ ਦਾ ਕੁੰਡਾ ਖੜਕਾਇਆ ਹੋਇਆ ਸੀ। ਹਾਈਕੋਰਟ ਨੇ ਹੁਣ ਗੈਸ ਟੀਚਰਾਂ ਨੂੰ ਪੱਕੇ ਕਰਨ ਦੇ ਹੁਕਮ ਜਾਰੀ ਕੀਤੇ ਨੇ। ਦੇਖੋ ਅੱਗੇ ਕੀ ਬਣਦੈ।'

ਪਤਾ ਨਹੀਂ ਬਾਈ ਦਲੇਰ ਸਿੰਘ ਕਿੱਥੇ ਰਹਿ ਗਿਆ। ਲਓ ਆ ਗਏ ਵੱਡੇ ਵੀਰ। ਮੈਂ ਉਨ੍ਹਾਂ ਨੂੰ ਅੱਗੇ ਹੋ ਕੇ ਮਿਲ਼ਦਾ ਹਾਂ। ਨਾਲ਼ ਆਏ ਮਿੱਤਰ ਨਾਲ਼ ਉਹ ਸਾਡੀ ਜਾਣ-ਪਛਾਣ ਕਰਵਾਉਂਦੇ ਹਨ। 'ਛੋਟੇ ਵੀਰ ਇਹ ਨੇ ਬਲਵਿੰਦਰ ਸਿੰਘ ਕੰਗ। ਇਹ ਮੇਰੇ ਪੁਰਾਣੇ ਦੋਸਤ ਤੇ ਕਲਾਸਫੈਲੋ ਨੇ। ਅਸਾਂ ਇਕੱਠਿਆਂ ਲਾਅ 'ਚ ਦਾਖਲਾ ਲਿਆ ਸੀ। ਇਹ ਅੱਜ ਕੱਲ੍ਹ ਵੱਡੇ ਮੁਲਾਜ਼ਮ ਆਗੂ ਹਨ। ਖੁੱਲ੍ਹ ਕੇ ਗੱਲ ਕਰਦੇ ਨੇ। ਮੁਲਾਜ਼ਮ ਮੰਗਾਂ ਲਈ ਸਿਰਧੜ ਦੀ ਬਾਜ਼ੀ ਲਗਾ ਦਿੰਦੇ ਨੇ।' ਪਾਣੀ ਦਾ ਘੁੱਟ ਭਰਦਿਆਂ ਕੰਗ ਦੇ ਅੰਦਰਲਾ ਫੁੱਟ ਪੈਂਦਾ ਹੈ। 'ਦੇਖੋ ਜੀ ! ਇਨ੍ਹਾਂ ਰਾਜਨੀਤਿਕ ਲੋਕਾਂ ਨੇ ਦੇਸ਼ ਦਾ ਦੁਆਲ਼ਾ ਕੱਢ ਦਿੱਤੈ। ਆਪਣੇ ਵੱਲ ਨਜ਼ਰ ਮਾਰੀਏ, ਇਨ੍ਹਾਂ ਪੰਜਾਬ ਨੂੰ ਬੁਰੀ ਤਰ੍ਹਾਂ ਕਰਜ਼ਈ ਕਰ ਦਿੱਤੈ। ਆਪਣੇ ਲਈ ਇਹ ਸਹੂਲਤਾਂ ਦੀ ਘਾਟ ਨਹੀਂ ਆਉਣ ਦਿੰਦੇ। ਸਮੁੱਚੇ ਮੁਲਾਜ਼ਮ ਵਰਗ ਨੂੰ ਇਹ ਆਊਟਸੋਰਸ ਕਰਨ ਨੂੰ ਫਿਰਦੇ ਨੇ। ਇਹ ਬੰਦੇ ਨੂੰ ਬੰਦਾ ਨਈਂ ਸਮਝਦੇ। ਨਿਯਮਾਂਵਲੀ ਨੂੰ ਇਹ ਆਪਣੇ ਤਰੀਕੇ ਨਾਲ਼ ਤੋੜਨ-ਮਰੋੜਨ ਦੇ ਮਾਹਿਰ ਨੇ। ਇਹਦੇ ਲਈ ਉੱਚ ਅਧਿਕਾਰੀਆਂ ਨੂੰ ਇਹ ਨਾਲ਼ ਰਲ਼ਾ ਲੈਂਦੇ ਹਨ। ਇਹ ਦੋਵੇਂ ਧਿਰਾਂ ਐਸ਼ ਕਰਦੀਆਂ ਹਨ। ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮਾਂ ਨੂੰ ਇਹ ਕਠਪੁਤਲੀਆਂ ਸਮਝਦੇ ਹਨ। ਉਨ੍ਹਾਂ ਦੇ ਹੱਕਾਂ 'ਤੇ ਸਿੱਧਾ ਡਾਕਾ ਮਾਰ ਕੇ ਆਪ ਢੋਲੇ ਦੀਆਂ ਲਾਉਂਦੇ ਹਨ। ਪਰ ਹੁਣ ਇਹ ਸਭ ਚੱਲਣਾ ਨਈਂ। ਅਸੀਂ ਸਾਰੇ ਇਕੱਠੇ ਹੋ ਰਹੇ ਆਂ। ਹੁਣ ਅਸੀਂ ਮੁਲਾਜ਼ਮ ਮੰਚ ਵੱਲੋਂ ਸੰਘਰਸ਼ ਛੇੜ ਦਿੱਤਾ ਹੋਇਐ। ਉਂਝ ਇਨ੍ਹਾਂ ਕੁਝ ਨਈਂ ਕਰਨਾ। ਇਨਸਾਫ ਦੀ ਇੱਕੋ ਇੱਕ ਆਸ ਅਦਾਲਤਾਂ ਰਹਿ ਗਈਆਂ ਨੇ ਭਰਾ।' ਸਾਡੀ ਗੁ?ਫਤਗੂ ਜਾਰੀ ਹੈ। ਮੇਰੇ ਖਿਆਲਾਂ ਦਾ ਘੋੜਾ ਸਰਪੱਟ ਦੌੜਨ ਲਗਦਾ ਹੈ। ਸੱਤ੍ਹਾ 'ਤੇ ਆਸੀਨ ਲੋਕਾਂ ਨੂੰ ਨੱਥ ਪਾਉਣ ਲਈ ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਆਗੂਆਂ ਨੂੰ ਸਿਰ ਜੋੜਨ ਦੀ ਡਾਢੀ ਲੋੜ ਹੈ। ਮਾਤਾ ਸੁਰਿੰਦਰ ਕੌਰ ਦੀ ਆਵਾਜ਼ ਮੇਰੀ ਕੰਨੀਂ ਮੁੜ ਗੂੰਜਣ ਲਗਦੀ ਹੈ। ਓਹਦੀ ਆਵਾਜ਼ ਵਿੱਚ ਬਲਵਿੰਦਰ ਸਿੰਘ ਕੰਗ ਤੇ ਮਾਸਟਰ ਪਿਆਰਾ ਸਿੰਘ ਦੀ ਆਵਾਜ਼ ਵੀ ਰਲ਼-ਗੱਡ ਹੁੰਦੀ ਜਾ ਰਹੀ ਹੈ, ਜੋ ਗਾ ਰਹੇ ਹਨ। ਸਾਥੀਓ ਜੇ ਨਾ ਜਾਗੇ 'ਰੱਖ ਦੇਣਗੇ ਇਹ ਸਾਨੂੰ ਨਿੰਬੂ ਦੇ ਵਾਂਗ ਨਿਚੋੜ ਕੇ।'

*ਸੰਪਰਕ : 98144-30874*

# ਇੰਜ ਹੋਇਆ ਸੀ ਪਿੰਡਾਂ ਦਾ ਨਾਮਕਰਨ

**ਪਿੰਡ ਵਸਿਆ-78**

**ਵਿਜੇ ਬੰਬੇਲੀ**

ਹਰ ਪਿੰਡ ਦੇ ਨਾਮਕਰਨ ਪਿੱਛੇ ਮੋੜ੍ਹੀ ਗੱਡਣ ਵਾਲੇ ਆਗੂ ਜਾਂ ਪਿੰਡ ਦੇ ਨਾਇਕ ਦਾ ਕੋਈ ਵਿਸ਼ੇਸ਼ ਗੁਣ, ਉੱਘੀ ਸਰਗਰਮੀ ਜਾਂ ਸੰਘਰਸ਼, ਪਿੰਡ ਦਾ ਕੋਈ ਖਾਸ ਪ੍ਰਛਾਵਾਂ ਜਾਂ ਸਿਫ਼ਤ, ਕੁਦਰਤੀ ਪਛਾਣ ਜਾਂ ਨਿਆਮਤ, ਮੁੱਕਦੀ ਗੱਲ ਕੋਈ ਨਾ ਕੋਈ ਹਕੀਕੀ ਤੇ ਚਿਰ ਸਥਾਈ ਇਤਿਹਾਸਕ ਕ੍ਰਮ ਹੁੰਦਾ ਸੀ/ਹੈ। ਕਿਸੇ ਵੀ ਪਿੰਡ ਵਿਸ਼ੇਸ਼ ਨੂੰ, ਉਸ ਨੂੰ ਬਹੁਪਰਤੀ ਸੁਰੱਖਿਆ ਅਤੇ ਪ੍ਰਫੁੱਲਤਾ ਪ੍ਰਦਾਨ ਕਰਾ ਸਕਣ ਵਾਲਾ, ਕੋਈ ਸੂਰਮਾ, ਕੁਨਬੇ-ਕਬੀਲੇ ਦਾ ਉੱਘਾ ਆਗੂ ਜਾਂ ਕੂਟਨੀਤਿਕ ਬੰਦਾ ਜਾਂ ਵਿਸ਼ੇਸ਼ ਕੁਨਬਾ ਹੀ ਵਸਾ ਸਕਦਾ ਸੀ। ਸਿਫ਼ਤੀ ਸਥਾਪਤੀ ਉਪਰੰਤ ਜਿਸ ਦੇ ਨਾਂਓ ਹੀ ਅਕਸਰ ਪਿੰਡ ਦਾ ਨਾਂਅ ਪੱਕ-ਪਕਾਅ ਜਾਂਦਾ ਸੀ। ਹਾਂ, ਮਗਰੋਂ ਢੇਰ ਸਮਾਂ ਪਹਿਲਾਂ, ਕਈ ਉੱਘੀਆਂ ਵਸੇਬਾ ਜਾਂ ਪਿੰਡਾਂ ਦਾ ਨਾਂਅ ਧਾੜਵੀਆਂ ਜਾਂ ਹੁਕਮਰਾਨਾਂ ਨੇ ਬਦਲਿਆ ਜਾਂ ਆਪਣੇ ਨਾਂਅ ਵੀ ਕੀਤਾ ਸੀ। ਇਹ ਨਾਂਅ ਇੰਨੇ ਪੀਡੇ, ਗੂੜ੍ਹੇ ਅਤੇ ਲੋਕ ਮਨਾਂ 'ਤੇ ਉੱਕਰ ਚੁੱਕੇ ਹਨ ਕਿ ਹਾਕਮ ਜਮਾਤਾਂ ਲੱਖ ਚਾਹੁਣ ਇਹਨਾਂ ਨੂੰ, ਕਦਾਚਿਤ ਮੇਸਿਆ ਨਹੀਂ ਜਾ ਸਕਦਾ।

ਸਪਤ ਸਿੰਧੂ ਪੰਜਾਬ ਪ੍ਰਾਚੀਨ ਸੱਭਿਆਤਾਵਾਂ ਅਤੇ ਕੁਨਬਿਆਂ ਦਾ ਦੇਸ਼ ਸੀ/ਹੈ। ਬੜੀਆਂ ਉੱਘੀਆਂ ਹਸਤੀਆਂ, ਕਬੀਲੇ ਅਤੇ ਸੱਭਿਆਤਾਵਾਂ ਇੱਥੇ ਵਿਕਸਿਤ ਅਤੇ ਢਹਿ-ਢੇਰੀ ਹੋਈਆਂ। 'ਕੁਦਰਤੀ', ਜਲਗਮਨ, ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਤੇ ਧਾਰਮਿਕ ਕਾਰਨਾਂ ਕਰਕੇ ਇੱਥੋਂ ਦੀਆਂ ਕਈ ਪ੍ਰਾਚੀਨ ਵਸੇਬਾ ਉੱਜੜ-ਪੁੱਜੜ ਜਾਂ ਥੇਹ ਬਣ ਗਈਆਂ। ਭਾਵੇਂ ਕਿ ਬਾਅਦ ਵਿੱਚ ਕੁੱਝ ਥੇਹਾਂ ਉੱਤੇ ਵਸੋਂ ਫਿਰ ਪ੍ਰਫੁੱਲਤ ਹੋ ਗਈ। ਜਿਵੇਂ ਫ਼ਿਰੋਜ਼ਪੁਰ ਦਾ 'ਬਘੇਕੇ' ਪਿੰਡ ਸਤਲੁਜ ਨੇ ਨਿਗਲ ਕੇ ਦਰਿਆ-ਬੁਰਦ (ਥੇਹ) ਕਰ ਦਿੱਤਾ, ਸਮਾਂ ਪਾ ਕੇ ਇਸੇ ਥੇਹ, ਜੋ ਬਾਅਦ 'ਚ ਜਲ ਵਹਿਣ ਨੇ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਸੀ, ਦੇ ਦੋਹਾਂ ਟੋਟਿਆਂ ਉੱਤੇ ਉਸੇ ਨਾਮਕਰਨ ਨਾਲ ਦੋ ਪਿੰਡ ਵਸੇ: 'ਬਗੇਕੇ ਉਤਾਰ' (ਸਤਲੁਜ ਦੀ ਉੱਪਰਲੀ ਬਾਹੀ) ਅਤੇ 'ਬਗੇਕੇ ਹਿਠਾੜ' (ਸਤਲੁਜ ਦੀ ਹੇਠਲੀ ਬਾਹੀ)। ਇਵੇਂ ਹੀ ਆਪਸੀ ਵੈਰ ਨਾਲ ਸੱਤ ਟੋਟਿਆਂ (ਥੇਹਾਂ) ਵਿੱਚ ਤਬਾਹ, ਤਕਸੀਮ ਹੋਈ ਰਾਜਾ ਦੁੱਗ ਦੀ ਦੁਗਾਲ ਨਗਰੀ ਸਮਾਂ ਪਾ ਉਹਨਾਂ ਖੰਡਰਾਤਾਂ ਉੱਤੇ 'ਦੁਗਾਲ' ਨਾਂਅ ਵਜੋਂ ਹੀ ਫਿਰ ਵਸ-ਰਸ ਗਈ ਸੀ। ਭਾਦਸੋਂ (ਪਟਿਆਲਾ) ਰਾਜਾ ਭਦਰਸੇਨ ਦੀ 'ਵਿਰਾਟ ਨਗਰੀ' ਦੇ ਥੇਹ ਉੱਤੇ ਵਸਿਆ ਹੋਇਆ ਹੈ। ਇਸੇ ਪਟਿਆਲਾ ਜ਼ਿਲ੍ਹੇ ਦੇ 'ਦੰਦਰਾਲਾ ਢੀਂਡਸਾ' ਨਾਮੀ ਪਿੰਡ ਢੀਂਡਸਾ ਗੋਤਰੀਆਂ ਨੇ ਰਾਜਾ ਦਦਰਸੇਨ ਦੀ ਥੇਹ ਹੋਈ ਦਦੇਰ ਨਗਰੀ 'ਤੇ ਮੁੜ ਬੰਨ੍ਹਿਆ ਸੀ। ਇਹੀ ਨਹੀਂ, ਜਲੰਧਰ ਦਾ 'ਮੌ ਸਾਹਿਬ' ਮਮੋਲਾ ਨਗਰ ਦੇ ਥੇਹ ਉੱਤੇ ਮੁੜ ਉਗਮਿਆ-ਪਸਰਿਆ ਹੋਇਆ ਹੈ।

ਹਾਂ; ਦਰਿਆਵਾਂ ਨੇ ਜਿਹਨਾਂ ਪਿੰਡਾਂ ਨੂੰ, ਭਾਰੀ ਹੜ੍ਹਾਂ ਜਾਂ ਆਪਣਾ ਰਸਤਾ ਬਦਲਦਿਆਂ ਉਜਾੜਿਆ ਜਾਂ ਜਲ-ਬੁਰਦ ਕੀਤਾ, ਉਹਨਾਂ ਸਾਬਕਾ ਜਲ ਵਹਿਣਾਂ 'ਤੇ ਜਿਹੜੇ ਪਿੰਡ ਫਿਰ ਹੋਂਦ ਵਿੱਚ ਆਏ ਜਾਂ ਦਰਿਆਵਾਂ ਕਿਨਾਰੇ ਵਸੇ ਜਾਂ ਮੁੜ ਵਸਾਏ ਗਏ, ਉਹਨਾਂ ਨਾਲ ਖਿੱਤਾ, ਬੋਲੀ ਜਾਂ ਅਲੰਕਾਰ ਜਾਂ ਭੂਗੋਲਿਕ ਸਥਿਤੀ ਅਨੁਸਾਰ 'ਬੇਟ ਜਾਂ ਢਾਬ' (ਦਰਿਆ ਕੰਢੇ, ਦਰਿਆ ਦਾ ਛੱਡਿਆ ਜਾਂ ਦਰਿਆ ਨਾਲ ਘਿਰਿਆ ਖੇਤਰ) ਸ਼ਬਦ ਜੁੜ ਗਿਆ, ਜਿਵੇਂ ਬੱਬਰ ਸ਼ਹੀਦ ਰਤਨ ਸਿੰਘ ਦਾ ਪਿੰਡ 'ਰੱਕੜਾ ਬੇਟ', 'ਸਿੰਘਪੁਰ ਬੇਟ' (ਜਲੰਧਰ) ਅਤੇ ਕਦੇ ਮੋਗੇ ਲਾਗੇ ਵਗਦੇ ਰਹੇ ਦਰਿਆਈ ਜਲ ਵਹਿਣ 'ਢੰਗਰਾਲੀ' ਕਿਨਾਰੇ ਵਸੀ 'ਢੰਗਰਾਲੀ'। ਇਵੇਂ ਹੀ ਰੋਪੜ ਦੇ 'ਅਬਿਆਣਾ' ਪਿੰਡ ਦਾ ਨਾਮਕਰਨ 'ਸਤਲੁਜ ਆਬ' (ਦਰਿਆ ਦੀ ਚੁਫੇਰਿਓਂ ਕੀਤੀ ਘੇਰਾਬੰਦੀ) ਬਦੌਲਤ ਹੋਇਆ ਸੀ/ਹੈ।

ਪ੍ਰੰਤੂ; ਬਹੁਤੇ ਪਿੰਡਾਂ ਦੇ ਨਾਂਅ ਉਸ ਨੂੰ ਵਸਾਉਣ ਵਾਲੇ ਜਾਂ ਪਿੰਡ ਵਸਾਉਣ ਲਈ ਭੌਂਇ 'ਤੇ ਆਗਿਆ ਦੇਣ ਵਾਲੇ ਦੇ ਨਾਮੇ ਹਨ : 'ਬਹਿਰਾਮ' (ਨਵਾਂ ਸ਼ਹਿਰ) ਨਾਂਅ ਉਸ ਵਸੇਬ ਦੀ ਮੁੜ ਸਫ਼ਬੰਦੀ ਕਰਨ ਵਾਲੇ ਬਹਿਰਾਮ ਖਾਂ ਦੇ ਨਾਂਅ ਅਤੇ ਮੁਕਤਸਰ ਦਾ 'ਉਦੇਕਰਨ' ਅਧਿਆਤਮਿਕ ਆਗੂ ਬਾਬਾ ਉਦੇਕਰਨ ਨਾਂਮੇ ਹੋਇਆ। ਨਵਾਂ ਸ਼ਹਿਰ ਦਾ 'ਬਲੰਦਾ' ਪਿੰਡ ਦੋ ਸਕੇ ਭਰਾਵਾਂ 'ਬਲੋ ਤੇ ਨੰਦਾਂ' ਨੇ ਬੰਨ੍ਹਿਆ ਸੀ ਅਤੇ 'ਬੁਢਲਾਡਾ' ਦੋ ਸਕੇ-ਸੋਧਰਿਆਂ ਗੁੱਜਰਾਂ 'ਬੁਢਾ ਤੇ ਲਾਡਾ' ਨੇ। ਬੰਦਿਆਂ ਹੀ ਨਹੀਂ, ਕਬੀਲਿਆਂ/ਕੁਨਬਿਆਂ ਦਾ ਨਾਂਅ ਵੀ ਕਈ ਪਿੰਡਾਂ ਨੂੰ ਅਚੇਤ-ਸੁਚੇਤ ਮਿਲਿਆ ਜਾਂ ਖੁਦ ਰੱਖਿਆ ਗਿਆ : ਧੁੱਗੜਾਂ (ਜਲੰਧਰ) ਮਸ਼ਹੂਰ 'ਧੁੱਗੜ' ਖਾਨਦਾਨ ਨੇ ਅਤੇ 'ਛੋਕਰਾ' (ਨਵਾਂਸ਼ਹਿਰ) 'ਛੋਕਰ ਗੋਤ' ਵਾਲਿਆਂ ਬੰਨ੍ਹਿਆ ਸੀ। ਹਾਂ; ਕਿੱਤਾ ਵਿਸ਼ੇਸ਼ ਜਾਂ ਕਿਸੇ ਕਿਸਬ ਵਿੱਚ ਮੁਹਾਰਤੀ ਲੋਕਾਂ ਵੱਲੋਂ ਵਸਾਏ ਪਿੰਡ ਜਾਂ ਕਿਸੇ ਵਸੇਬ ਵਿੱਚ ਉਹਨਾਂ ਦੀ ਬਹੁਤਾਤ ਜਾਂ ਮਸ਼ਹੂਰੀ ਬਦੌਲਤ ਵੀ ਉਸ ਪਿੰਡ ਵਿਸ਼ੇਸ਼ ਦਾ ਨਾਂਅ ਉਹਨਾਂ ਦੇ ਕਿੱਤੇ ਇਵਜ਼ ਪ੍ਰਚੱਲਤ ਹੋ ਗਿਆ; ਕਿਸੇ ਸਮੇਂ ਹਕੀਮਾਂ ਦੀ ਉੱਘੀ ਵਸੇਬ 'ਹਕੀਮਪੁਰ' (ਨਵਾਂਸ਼ਹਿਰ), ਲੁਹਾਰਾਂ ਤੇ ਘੁਮਿਆਰਾਂ ਦੀ ਬਹੁਤਾਤ ਵਾਲੇ ਮੁਕਤਸਰ ਜ਼ਿਲ੍ਹੇ ਦੇ 'ਘੁਮ੍ਹਾਰਾਂ ਤੇ ਲੁਹਾਰਾਂ' ਪਿੰਡ ਤੇ ਭਲਵਾਨਾਂ ਦਾ ਪਿੰਡ 'ਮੱਲਾਂ ਵਾਲੀ' (ਫਿਰੋਜ਼ਪੁਰ)। ਇਵੇਂ ਹੀ 'ਨਿੱਜਰ' ਗੋਤਰੀਆਂ ਦਾ 'ਨਿੱਝਰਾਂ' ਅਤੇ 'ਪੰਡੋਰੀ ਨਿੱਝਰਾਂ' ਅਤੇ 'ਔਜਲਿਆਂ' ਦਾ ਬੰਨ੍ਹਿਆ ਪਿੰਡ 'ਔਜਲਾ'।

ਪਿੰਡਾਂ ਦੇ ਵਸਣ, ਉਗਮਣ ਜਾਂ ਸੁ-ਪ੍ਰਸਿੱਧ ਹੋਣ ਵਿੱਚ ਸੂਰਮਿਆਂ, ਨੇਕ ਪੁਰਖਾਂ ਅਤੇ ਅਧਿਆਤਮਿਕ ਆਗੂਆਂ ਜਾਂ ਸੰਪਰਦਾਵਾਂ ਦਾ ਵੀ ਹੱਥ ਰਿਹਾ ਹੈ। ਕਈ ਪਿੰਡਾਂ ਦੇ ਨਾਂਅ ਉਹਨਾਂ ਦੇ ਨਾਮੇ ਹਨ: ਅੰਮ੍ਰਿਤਸਰ ਜ਼ਿਲ੍ਹੇ ਦੇ 'ਰਮਦਾਸ' ਨਗਰ ਦਾ ਨਾਂਅ ਗੁਰੂ ਰਾਮਦਾਸ ਦੇ ਨਾਂਅ ਅਤੇ ਮਾਨਸਾ ਜ਼ਿਲ੍ਹੇ ਦੀ 'ਗੋਬਿੰਦਪੁਰੀ' ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ ਵਸੀ ਹੋਈ ਹੈ। 'ਨਥਾਣਾ' (ਬਠਿੰਡਾ) ਨਗਰ ਦਾ ਨਾਂਅ ਉਥੋਂ ਦੇ ਉੱਘੇ 'ਨਾਥਾਂ ਦਾ ਡੇਰਾ' ਕਾਰਨ: ਪਹਿਲਾਂ 'ਨਾਥ ਦੁਆਰਾ', ਫਿਰ 'ਨਾਥ ਵਾਲਾ' ਅਤੇ ਮਗਰੋਂ 'ਨਥਾਣਾ'। ਇਵੇਂ ਹੀ ਫਿਰੋਜ਼ਪੁਰ ਦੇ ਪਿੰਡ 'ਸ਼ਾਹ ਅਬੂ ਬੁੱਕਰ' ਦਾ ਨਾਂਅ ਉਥੋਂ ਦੇ ਇੱਕ ਨਾਮਵਰ ਫਕੀਰ 'ਅਬੂ ਬੁੱਕਰ' ਦੇ ਨਾਂਅ ਵਜੋਂ ਪੱਕ-ਪਕਾਅ ਗਿਆ। ਇਵੇਂ ਹੀ ਗੁਰੂ ਅਮਰ ਦਾਸ ਜੀ ਵੱਲੋਂ ਆਪਣੇ ਉੱਘੇ ਹਮਜੋਲੀ 'ਗੋਇੰਦੇ ਖੱਤਰੀ' ਦੇ ਨਾਂਅ ਵਸਾਈ ਨਗਰੀ ਸਮਾਂ ਪਾ ਕੇ 'ਗੋਇੰਦਵਾਲ' ਵਜੋਂ ਉੱਘੀ ਹੋ ਗਈ ਅਤੇ 'ਸ੍ਰੀ ਹਰਗੋਬਿੰਦਪੁਰ' ਦਾ ਨਾਮਕਰਨ ਗੁਰੂ ਹਰਗੋਬਿੰਦ ਜੀ ਦੇ ਨਾਮਕਰਨ ਵਜੋਂ ਹੋਇਆ ਸੀ/ਹੈ।

ਲੜਾਕੂ ਦਸਤਿਆਂ, ਫੌਜੀ ਸਰਗਰਮੀਆਂ, ਜੰਗਿ-ਯੁੱਧਾਂ ਜਾਂ ਰਾਜਾਂ/ਸਲਤਨਤਾਂ ਬਦੌਲਤ ਵੀ ਕਈ ਥਾਵਾਂ/ਵਸੇਬਾਂ ਦਾ ਨਾਮਕਰਨ ਹੋਇਆ : ਅਕਬਰ ਦੇ ਇੱਕ ਆਹਲਾ ਸਿਪਾਹਸਲਾਰ 'ਬੇਰਮ ਖਾਨ' ਨੇ 'ਬਹਿਰਾਮਪੁਰ' (ਗੁਰਦਾਸਪੁਰ) ਵਸਾਇਆ ਅਤੇ ਉਸੇ ਦੇ ਇੱਕ ਹੋਰ ਜਰਨੈਲ 'ਅਬਦੁੱਲ ਭੋਡੀ' ਨੇ ਆਪਣੇ ਨਾਮੇ ਜਲੰਧਰ ਦਾ ਇੱਕ ਪਿੰਡ 'ਭੋਡੀਪੁਰ' ਕਰ ਲਿਆ। ਇਹੀ ਨਹੀਂ, ਬਾਗੀ ਸੂਰਮੇ 'ਦਾਰਾ ਸ਼ਿਕੋਹ' ਦੇ ਇਕਲੌਤੇ ਪੁੱਤ ਦੇ ਨਾਂਅ ਉਸ ਪਿੰਡ 'ਸੁਲੇਮਾਨ' (ਰੋਪੜ), ਜਿੱਥੇ ਉਹ ਅਚਾਨਕ ਮੋਇਆ ਸੀ, ਦਾ ਨਾਂਅ 'ਸੁਲਮਾਨ ਸ਼ਿਕੋਹ' ਪ੍ਰਚੱਲਤ ਹੋ ਗਿਆ। ਜਹਾਂਗੀਰ ਦੀ ਸੁੰਦਰ ਬੇਵਾ 'ਨੂਰ ਜਹਾਂ' ਦੇ ਨਾਂਅ 'ਨੂਰ ਮਹਿਲ' ਵੱਸਦਾ ਹੈ ਅਤੇ ਨਵਾਂ ਸ਼ਹਿਰ ਅਤੇ ਮੋਹਾਲੀ ਜ਼ਿਲ੍ਹੇ ਦੇ ਦੋ ਉੱਘੇ ਪਿੰਡ 'ਖਿਜਰਾਬਾਦ' ਖਿਲਜੀ ਕਾਲ ਦੇ ਧੜਵੈਲ ਯੋਧੇ 'ਖਿਜ਼ਰ ਖਾਂ' ਦੇ ਨਾਮੇ ਹਨ। ਇਵੇਂ ਹੀ ਫਤਿਹਗੜ੍ਹ ਸਾਹਿਬ ਦਾ ਪਿੰਡ 'ਮਹਿੰਦੀਆਂ' ਜਰਨੈਲ ਮਹਿੰਦੀ ਖਾਂ ਦੇ ਨਾਂਅ ਵਿਗਸਿਆ ਸੀ।

ਇਹੀ ਨਹੀਂ; ਜਦੋਂ ਪਠਾਣਾਂ ਨੇ ਸੰਗੀਤਕਾਰ ਬੈਜੂ ਬਾਵਰਾ ਦੇ ਨਾਮੇ ਹੋਏ ਪ੍ਰਾਚੀਨ ਨਗਰ ਤਾਂ ਸਮਾਂ ਪਾ ਉਹਨਾਂ ਜੰਗੀ ਪਿਕਟਾਂ 'ਤੇ ਵਸੇ ਪਿੰਡਾਂ, ਜਿਹਨਾਂ ਨੂੰ ਬਾਅਦ ਵਿੱਚ ਹੁਸ਼ਿਆਰਪੁਰ ਦੀਆਂ 22 ਬਸੀਆਂ ਕਿਹਾ ਗਿਆ, ਦਾ ਨਾਂਅ ਹੀ ਉਹਨਾਂ ਜੰਗੀ ਯੋਧਿਆਂ ਨਾਮੇ ਵੱਜਣ ਲੱਗਾ: ਬਸੀ ਵਜੀਦ, ਬਸੀ ਖਵਾਜੂ, ਬਸੀ ਦੌਲਤ ਖਾਂ ਤੇ ਅਲੀ ਦੀ ਬਸੀ ਆਦਿ। ਹਾਂ; ਕੁੱਝ ਇੱਕ ਪਠਾਣ ਯੋਧਿਆਂ ਨੇ ਛੋਟੇ-ਮੋਟੇ ਕਿਲ੍ਹੇ (ਗੜ੍ਹੀਆਂ) ਵੀ ਉਸਾਰੇ ਸਨ, ਉਥੋਂ ਦੀ ਵਸੇਬ ਦਾ ਨਾਂਅ ਉਸ ਨਾਮੇ ਹੋਇਆ, ਜਿਵੇਂ ਪਿੰਡ 'ਕਿਲ੍ਹਾ ਸ਼ੇਰ ਖਾਂ', ਜਦਕਿ ਨਾਮੀ ਵਿਅਕਤੀਆਂ ਵੱਲੋਂ ਰਾਜ ਜਾਂ ਲੋਕ ਹਿੱਤ ਵਿੱਚ ਉਸਾਰੀਆਂ ਕੁੱਝ ਮਸ਼ਹੂਰ ਸਰਾਂਵਾ ਗਿਰਦ ਵਸੇ ਪਿੰਡਾਂ ਦਾ ਨਾਂਅ ਉਹਨਾਂ ਸਰਾਂਵਾ ਦੇ ਨਾਮੀਂ ਹੀ ਪ੍ਰਚੱਲਤ ਹੋ ਗਿਆ, ਜਿਵੇਂ ਪਿੰਡ 'ਸਰਾਂ ਅਮਾਨਤ ਖਾਂ', 'ਸਰਾਂ ਜਹਾਂਗੀਰ' ਅਤੇ 'ਨਾਂਗੇ ਸਾਧ ਦੀ ਸਰਾਂ' 'ਤੇ ਵਸਿਆ ਪਿੰਡ: 'ਸਰਾਏ ਨਾਗਾ'।


ਕਿਸੇ ਖਾਸ ਕਾਰਨ ਕੁੱਝ ਪਿੰਡਾਂ ਦੇ ਨਾਂਅ ਮਾਲ-ਡੰਗਰ ਜਾਂ ਢੋਰਾ-ਪਸ਼ੂਆਂ ਜਾਂ ਪੰਖੇਰੂਆਂ ਦੇ ਨਾਂਓ ਵੀ ਪ੍ਰਚੱਲਤ ਹੋ ਗਏ, ਜਿਵੇਂ ਮੋਰਾਂਵਾਲੀ, ਸੱਪਾਂਵਾਲੀ, ਕੁੱਤਿਆਂਵਾਲੀ, ਝੋਟਿਆਂ ਜਾਂ ਗਧਿਆਂ ਵਾਲੀ, ਪਰ ਦਰੱਖਤਾਂ ਜਾਂ ਜੰਗਲ-ਬੇਲਿਆਂ ਦੇ ਨਾਂਅ ਬੱਝੇ ਪਿੰਡਾਂ ਦੀ ਆਪਣੀ ਹੀ ਖ਼ੂਬਸੂਰਤੀ ਸੀ : 'ਪਲਾਹ' ਦਰੱਖਤਾਂ ਦੇ ਜੰਮ-ਘਟ ਸੁੰਦਰਤਾ ਵਿੱਚ ਜਿਸ ਪਿੰਡ ਦੀ ਮੋੜ੍ਹੀ ਗੱਡੀ ਗਈ ਸੀ, ਉਹ ਹੈ ਸੰਗਰੂਰ ਜ਼ਿਲ੍ਹੇ ਦੇ ਉਸ ਖੇੜੇ ਦਾ, ਪਲਾਹਾਂ ਤੋਂ ਵਿਗੜਿਆ-ਸੰਵਰਿਆ ਨਾਂਅ ਪਿੰਡ 'ਪਲਸੌਰ'। ਕਦੇ ਬਰੋਟੇ ਦੇ ਝੁੰਡਾਂ ਵਿੱਚ ਬੰਨ੍ਹਿਆ ਗਿਆ ਸੀ ਹੁਸ਼ਿਆਰਪੁਰ ਦਾ ਪਿੰਡ 'ਬਰੋਟੀ' ਅਤੇ ਜਲੰਧਰ ਦੀ ਇੱਕ ਬੀੜ (ਲਘੂ ਜੰਗਲ) 'ਚ ਵਸੇ ਪਿੰਡ ਦਾ ਨਾਂਅ ਉਗਮਿਆ : 'ਬੀੜ ਖੁਰਦ'। ਜੇ 'ਜੰਡ' ਦੇ ਦਰੱਖਤਾਂ ਤੋਂ 'ਜੰਡਵਾਲਾ' ਜਾਂ 'ਜੰਡਿਆਲਾ' ਹੋਇਆ ਸੀ ਤਾਂ ਕਦੇ ਪਿੱਪਲਾਂ ਦੀ ਬਹੁਤਾਤ ਵਾਲੇ ਪੁਰਾਤਨ ਪਿੰਡ 'ਖੁਆਸਪੁਰ, ਜਿਸ ਨੂੰ ਸ਼ਹਿਰ ਹੁਸ਼ਿਆਰਪੁਰ ਨੇ ਚੁਫੇਰਿਓਂ ਜੱਫਾ ਮਾਰ ਲਿਆ ਹੈ, ਲੋਕ ਮਨਾਂ ਵਿੱਚ 'ਪਿੱਪਲਾਂਵਾਲਾ' ਵਜੋਂ ਪੀਢਾ ਉੱਕਰਿਆ ਹੋਇਆ ਹੈ। ਭਾਵੇਂ ਕਿ ਦਸਤਾਵੇਜ਼ਾਂ/ਮਾਲ ਰਿਕਾਰਡ ਵਿੱਚ ਇਹ ਅੱਜ ਵੀ 'ਖੁਆਸਪੁਰ' ਵਜੋਂ ਹੀ ਅੰਕਿਤ ਹੈ। ਹੁਣ ਬ੍ਰਿਛਾਂ-ਹਰਿਆਲੀਆਂ ਵਿੱਚ ਘਿਰਿਆ ਹੋਇਆ ਮੇਰਾ ਆਪਣਾ ਜੱਦੀ-ਪੁਸ਼ਤੀ ਪਿੰਡ 'ਬੰਬੇਲੀ', ਹੁਸ਼ਿਆਰਪੁਰ, ਕਿਸੇ ਸਮੇਂ 'ਬਣਵੇਲੀ' ਵਜੋਂ ਤਾਮੀਰ ਹੋਇਆ ਸੀ।

ਮੋਬਾ. 94634-39075

## ਸਮਕਾਲ

---- ਭਗਵੰਤ ਰਸੂਲਪੁਰੀ----

### 'ਊੜਾ' ਦਾ ਪਲੇਠਾ ਅੰਕ




'ਊੜਾ' ਦਾ ਪਲੇਠਾ ਅਪ੍ਰੈਲ, 2026 ਅੰਕ ਛਪ ਕੇ ਪਾਠਕਾਂ ਤੱਕ ਪੁੱਜ ਗਿਆ ਹੈ। ਪਰਚੇ ਦੇ ਸੰਪਾਦਕ ਪਵਿੱਤਰ ਕੌਰ ਮਾਟੀ ਤੇ ਮੁਰੀਦ ਸੰਧੂ ਹਨ। ਊੜਾ ਦੇ ਸਫ਼ੇ : 160 ਅਤੇ ਮੁੱਲ : 200 ਰੁਪਏ ਹੈ। 'ਊੜਾ' ਦੀ ਸੰਪਾਦਕੀ ਮੁਰੀਦ ਸੰਧੂ ਨੇ ਲਿਖੀ ਹੈ। ਜਿਸ ਵਿੱਚ ਉਨ੍ਹਾਂ ਰਸਾਲਾ ਕੱਢਣ ਦੀ ਆਪਣੀ ਰੀਝ ਦਾ ਉਲੇਖ ਕੀਤਾ ਹੈ। ਸੰਪਾਦਕ ਟੀਮ ਦਾ ਇਹ ਸਾਰਥਕ ਯਤਨ ਹੈ। 'ਕਾਵਿ ਲੀਲਾ' ਤਹਿਤ ਕੁਝ ਮਹੱਤਵਪੂਰਨ ਸ਼ਾਇਰਾ ਨੂੰ ਉਹਦੀ ਸ਼ਾਇਰੀ ਨਾਲ ਪੇਸ਼ ਕੀਤਾ ਹੈ। ਆਰੰਭ ਵਿੱਚ ਨਵਤੇਜ ਭਾਰਤੀ ਦੀ ਕਵਿਤਾ ਬਾਰੇ ਲਿਖਤ ਅਤੇ ਉਨ੍ਹਾਂ ਦੀ ਕਵਿਤਾ ਪੜ੍ਹਨ ਨੂੰ ਮਿਲਦੀ ਹੈ। ਉਪਰੰਤ ਸੁਖਪਾਲ, ਦੀਪ ਇੰਦਰ, ਰਣਧੀਰ, ਸੁਖਵਿੰਦਰ ਅੰਮ੍ਰਿਤ, ਕਵਿੰਦਰ ਚਾਂਦ, ਮੁਕੇਸ਼ ਆਲਮ ਅਤੇ ਧਾਮੀ ਗਿੱਲ ਦੀਆਂ ਕਵਿਤਾਵਾਂ, ਗ਼ਜ਼ਲਾਂ ਤੇ ਨਜ਼ਮਾਂ ਸੋਹਣੇ ਤਰੀਕੇ ਨਾਲ ਛਾਪੀਆਂ ਗਈਆਂ ਹਨ। ਨਾਲ ਹੀ ਇਨ੍ਹਾਂ ਸ਼ਾਇਰਾ ਨੂੰ ਕ੍ਰਮਵਾਰ ਗੁਰਪ੍ਰੀਤ ਮਾਨਸਾ, ਮੁਰੀਦ ਸੰਧੂ, ਜਗਦੀਪ ਸਿੱਧੂ, ਪਵਿੱਤਰ ਕੌਰ ਮਾਟੀ, ਕਵਿੰਦਰ ਚਾਂਦ, ਉਂਕਾਰਪ੍ਰੀਤ, ਮੁਰੀਦ ਸੰਧੂ ਆਦਿ ਨੇ ਉਨ੍ਹਾਂ ਦੀ ਸ਼ਾਇਰੀ ਦੇ ਗੁਣਾਂ ਬਾਰੇ ਦੱਸ ਕੇ ਉਨ੍ਹਾਂ ਨੂੰ ਪੇਸ਼ ਕੀਤਾ ਹੈ। 'ਆ ਗੱਲਾਂ ਕਰੀਏ' ਤਹਿਤ ਸਮਰੱਥ ਕਥਾਕਾਰ ਮੁਖਤਿਆਰ ਸਿੰਘ ਨਾਲ ਮੁਲਾਇਮ ਮੁਲਾਇਮ ਸਵਾਲ ਨਾਲ ਮੁਲਾਕਾਤ ਕੀਤੀ ਹੈ ਜਤਿੰਦਰ ਹਾਂਸ ਨੇ। 'ਕਹਾਣੀ ਕਹਿੰਦੀ ਹੈ' ਤਹਿਤ- ਰੰਗ ਸਮੁੰਦਰ (ਦਰਸ਼ਨ ਜੋਗਾ), ਧਰਤੀ ਘੁੰਮਦੀ ਕਿ ਖੜ੍ਹੀ (ਨਿਰੰਜਣ ਬੋਹਾ), ਫਿਊਨਰਲ ਹੋਮ (ਦਵਿੰਦਰ ਸਿੰਘ ਮਲਹਾਂਸ), ਬੁੱਢੀ ਤਾਈ ਸੱਸ (ਮੁਨਸ਼ੀ ਪ੍ਰੇਮ ਚੰਦ), ਇੱਛਾਵਾਂ ਦੇ ਖੰਭ (ਅਚਲਾ ਬੰਸਲ), ਕੀ ਤੁਸੀਂ ਅਜੇ ਮੌਜੂਦ ਹੋ? (ਡਾ. ਲਖਵਿੰਦਰ ਵਿਰਕ) ਆਦਿ ਦੀਆਂ ਛੇ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਹਨ। 'ਲੇਖਧਾਰਾ' ਵਿੱਚ ਜਗਵਿੰਦਰ ਜੋਧਾ ਨੇ 'ਗ਼ਾਲਿਬ ਦੇ ਇਸ਼ਕ', ਅੰਬਰੀਸ਼ ਨੇ 'ਡੇਢ ਇੰਚ ਉੱਪਰ', ਜਗਦੀਪ ਸਿੱਧੂ ਨੇ 'ਫੁੱਲਾਂ ਨਾਲ ਲੱਦਿਆ ਗਮਲਾ', ਬਲਵਿੰਦਰ ਗਰੇਵਾਲ ਨੇ 'ਇਕ ਵਰਤਾਰਾ, ਦੋ ਪੜ੍ਹਤਾਂ', ਬੂਟਾ ਸਿੰਘ ਚੌਹਾਨ 'ਰੋਹੀ ਦੀ ਰੂਹ', ਗੁਰਮੀਤ ਕੜਿਆਲਵੀ ਨੇ 'ਭੋਲੇ ਪੰਛੀ ਦੇ ਸਿਰ ਤਾਜ', ਡਾ. ਗੁਰਦੀਪ 'ਤੂੰ ਜੀਤੋ ਨੂੰ ਯਾਦ ਰੱਖੇਂਗੀ', ਕੰਵਰਜੀਤ ਸਿੰਘ ਸਿੱਧੂ ਨੇ 'ਕਾਫ਼ਕਈ ਸੰਸਾਰ 'ਤੇ ਪੰਛੀ ਝਾਤ', ਜੋਗੇ ਭੰਗਲ ਨੇ 'ਇਕ ਜਰਨੈਲ ਹੁੰਦਾ ਸੀ', ਜਸਵੀਰ ਰਾਣਾ ਨੇ 'ਮੈਂ ਖੁਦ ਨੂੰ ਸੁਣਾਉਣ ਲਈ ਕਹਾਣੀ ਲਿਖਦਾ ਹਾਂ' ਸਿਰਲੇਖ ਅਧੀਨ ਵੱਖ ਵੱਖ ਕਿਸਮ ਦੇ ਲੇਖ ਛਪੇ ਹਨ। ਅੰਤ ਵਿੱਚ ਕੁਝ ਕਿਤਾਬਾਂ ਨਾਲ ਜਾਣ ਪਹਿਚਾਣ ਕਰਵਾਈ ਗਈ ਹੈ। 'ਊੜਾ' ਭਵਿੱਖ ਵਿੱਚ ਮਾਸਿਕ ਛਪੇਗਾ ਜਾਂ ਤ੍ਰੈਮਾਸਿਕ ਜਾਂ ਫਿਰ... ਇਸ ਦਾ ਕਿਤੇ ਜ਼ਿਕਰ ਨਹੀਂ ਪੜ੍ਹਨ ਨੂੰ ਮਿਲਦਾ। ਰਸਾਲਾ ਮੰਗਵਾਉਣ ਲਈ ਪਾਠਕ 82839-49757 ਉੱਤੇ ਸੰਪਰਕ ਕਰ ਸਕਦੇ ਹਨ। ਨਵਾਂ ਰਸਾਲਾ ਹੈ ਸੋ 'ਜੀ ਆਇਆ ਨੂੰ' ਕਹਿਣਾ ਤਾਂ ਬਣਦਾ ਹੈ।

### ਜਿੰਦਰ ਦੀ 'ਕਵਾਸੀ ਰੋਟੀ' ਸ਼ਾਹਮੁਖੀ 'ਚ ਲਿਪੀਅੰਤਰ




ਸਾਹਿਤ ਅਕੈਡਮੀ ਐਵਾਰਡ ਜੇਤੂ ਜਿੰਦਰ ਦੀ 'ਕਵਾਸੀ ਰੋਟੀ' ਰੇਖਾ ਚਿੱਤਰ ਦੀ ਕਿਤਾਬ ਪੰਜਾਬੀ ਵਿੱਚ ਕਈ ਸਾਲ ਪਹਿਲਾਂ ਛਪੀ ਸੀ। ਜਿਸ ਵਿਚ ਉਨ੍ਹਾਂ ਆਪਣੇ ਪਰਿਵਾਰਕ ਮੈਂਬਰਾਂ ਦੇ ਸ਼ਬਦ ਚਿੱਤਰ ਲਿਖੇ ਸਨ। ਜਿਨ੍ਹਾਂ ਨੂੰ ਪਾਠਕਾਂ ਨੇ ਬਹੁਤ ਪਸੰਦ ਕੀਤਾ ਗਿਆ ਸੀ। ਇਨ੍ਹਾਂ ਸ਼ਬਦ ਚਿੱਤਰਾਂ ਦੇ ਅਸਲ ਪਾਤਰਾਂ ਨਾਲ ਜਿੰਦਰ ਦਾ ਜੀਵਨ ਵੀ ਨਾਲ ਨਾਲ ਤੁਰਦਾ ਰਿਹਾ ਅਸੀਂ ਪੜ੍ਹ ਸਕਦੇ ਹਾਂ। ਇਹ ਕਿਤਾਬ 2025 ਵਿੱਚ 'ਸੁਲੇਖ ਬੁੱਕ ਮੇਕਰ' ਲਾਹੌਰ ਨੇ ਇਸ ਨੂੰ ਸ਼ਾਹਮੁਖੀ ਵਿੱਚ ਲਿਪੀਅੰਤਰ ਕਰਕੇ ਪ੍ਰਕਾਸ਼ਤ ਕੀਤਾ ਹੈ। ਜਿਸ ਦਾ ਲਿਪੀਅੰਤਰ ਡਾ. ਫਯਾਜ਼ ਮਘਿਆਨਾ ਨੇ ਕੀਤਾ ਹੈ। ਇਨ੍ਹਾਂ ਸ਼ਬਦ ਚਿੱਤਰਾਂ ਵਿੱਚ ਜਿੰਦਰ ਨੇ ਆਪਣੇ ਪਿੰਡ, ਭਾਪਾ, ਬੀਬੀ, ਬਿਲਗੇ ਵਾਲੀ ਮਾਂ, ਆਪਣੀ ਪਤਨੀ, ਆਪਣਾ ਬੇਟਾ ਸੈਫ਼ੀ ਅਤੇ ਸਹੁਰਾ ਦੀਪਕ ਜੈਤੋਈ ਬਾਰੇ ਲਿਖਿਆ ਹੈ। 'ਕਵਾਸੀ ਰੋਟੀ' ਦੀ ਸਮੁੱਚੀ ਲਿਖਤ ਸੱਚ ਅਤੇ ਯਥਾਰਥ ਦੇ ਬਹੁਤ ਨੇੜੇ ਹੈ। ਕਵਾਸੀ ਰੋਟੀ ਦੀ ਕੀਮਤ : 600 ਰੁਪਏ ਅਤੇ ਸਫ਼ੇ : 111 ਹਨ। ਜਿਸ ਨੂੰ Sulaikh Bookmakers, P-67, IInd Floor Madina Tower, 224 Ferozpur Road, Lahore, Ph. 92 300 44 30 626, sulaik.book@gmail.com

### ਤਰਕਸ਼ੀਲ : ਮਈ-ਜੂਨ, 2026




'ਤਰਕਸ਼ੀਲ' ਦਾ ਨਵਾਂ ਅੰਕ ਛਪ ਕੇ ਪੁੱਜਾ ਹੈ। ਹੱਥਲੇ ਅੰਕ ਦੇ ਸਫ਼ੇ :58 ਅਤੇ ਮੁੱਲ :30 ਰੁਪਏ ਹੈ। ਰਸਾਲਾ ਰਾਜਪਾਲ ਸਿੰਘ ਦੀ ਸੰਪਾਦਨਾ ਹੇਠ ਵਿਗਿਆਨਕ ਤੇ ਨਾਬਰੀ ਦੀ ਸੁਰ ਵਾਲੀ ਸਮੱਗਰੀ ਪ੍ਰਕਾਸ਼ਤ ਕਰਦਾ ਹੈ। ਸੰਪਾਦਕੀ ਵੀ ਇਸੇ ਮੁੱਦੇ ਉੱਤੇ ਲਿਖੀ ਪੜ੍ਹੀ ਜਾ ਸਕਦੀ ਹੈ। ਹੱਥਲੇ ਅੰਕ ਵਿੱਚ ਮਹਾਂਰਾਸ਼ਟਰ ਦਾ ਅਯਾਸ਼ ਤਾਂਤਰਿਕ (ਰਣਧੀਰ ਗਿੱਲਪੱਤੀ), ਐਪਸਟੀਨ ਫਾਈਲਾਂ ਦਾ ਕਾਲਾ ਸੱਚ (ਡਾ. ਕੁਲਦੀਪ ਸਿੰਘ ਦੀਪ),ਆਪਣਾ ਰਾਹ ਤਲਾਸ਼ਦਿਆਂ (ਮਲਾਲਾ ਯੂਸਫ਼ਜ਼ਈ), ਏ. ਆਈ. ਦੇ ਵਾਤਾਵਰਨ ਉੱਤੇ ਦੁਰਪ੍ਰਭਾਵ (ਰਾਜਪਾਲ ਸਿੰਘ), ਗੂਗਲ ਤੋਂ ਇਲਾਜ, ਨਾ ਬਣ ਜਾਵੇ ਜੀਅ ਦਾ ਜੰਜਾਲ (ਬ੍ਰਹਸਪਤੀ ਕੁਮਾਰ ਪਾਂਡੇ) ਤੋਂ ਇਲਾਵਾ ਤਰਕਸ਼ੀਲ ਨਾਟਕਾਂ, ਬਹਾਦਰ ਭੀਲ ਬਾਲਿਕਾ ਕਾਲੀ ਬਾਈ, ਸਾਡਾ ਸੂਰਜ, ਧਾਰਮਿਕ ਲਾਣਾ, ਵਿਟਾਮਿਨ ਡੀ ਦੀ ਘਾਟ ਬਾਰੇ, ਕਚੀਲ ਦੀ ਚਿੱਠੀ, ਆਵਲਾ, ਯੁੱਧ ਤੇ ਅਸੀਂ ਅਤੇ ਕੁਝ ਹੋਰ ਫੁਟਕਲ ਲੇਖ ਪੜ੍ਹਨ ਨੂੰ ਮਿਲਦੇ ਹਨ। ਰਸਾਲਾ ਮੰਗਵਾਉਣ ਲਈ ਪਾਠਕ ਮੁੱਖ ਪ੍ਰਬੰਧਕ ਦੇ ਫੋਨ : 94174-27538 ਉੱਤੇ ਸੰਪਰਕ ਕਰ ਸਕਦੇ ਹਨ।

### ਉਡਾਣ : ਵਿਗਿਆਨਕ ਗਲਪ ਮੈਗਜ਼ੀਨ




ਵਿਗਿਆਨ ਗਲਪ ਨੂੰ ਸਪਰਪਤ ਰਸਾਲੇ 'ਉਡਾਣ' ਦਾ ਨਵਾਂ ਅੰਕ ਅਪ੍ਰੈਲ-ਜੂਨ, 2026 ਪੁੱਜਾ ਹੈ। ਪਰਚੇ ਦੇ ਸੰਪਾਦਕ ਅਮਨਦੀਪ ਸਿੰਘ ਹਨ। ਸੰਪਾਦਕੀ ਵਿੱਚ ਵਿਸ਼ਵ ਸ਼ਾਂਤੀ ਲਈ ਅਰਦਾਸ ਕੀਤੀ ਗਈ ਹੈ। ਹੱਥਲੇ ਅੰਕ ਵਿੱਚ ਬੋਦੀ ਵਾਲਾ ਤਾਰਾ (ਡਾ. ਦੇਵਿੰਦਰ ਸਿੰਘ ਕੈਨੇਡਾ), ਅਕਵਾਮੁਰਾ : ਜੀਵਨ ਦਾ ਸੰਦੇਸ਼ (ਡਾ. ਗੁਰਪ੍ਰੀਤ ਕੌਰ), ਚੰਦਰਯਾਨ-ਤਿਸ਼ਕਿਨ, ਨਾਵਲ ਅੰਸ਼ (ਗੁਰਚਰਨ ਕੌਰ ਥਿੰਦ), ਸਿਤਾਰਿਆਂ ਤੋਂ ਅੱਗੇ, ਨਾਵਲ ਅੰਸ਼ (ਅਮਨਦੀਪ ਸਿੰਘ), ਅਦਭੁੱਤ ਚਟਾਨੀ ਪੱਥਰ (ਡਾ. ਦੇਵਿੰਦਰ ਪਾਲ ਸਿੰਘ), ਪਿੰਕੀ ਨੂੰ ਨੀਂਦ ਕਿਉਂ ਨਹੀਂ ਆਉਂਦੀ (ਅਮਨਦੀਪ ਸਿੰਘ) ਆਦਿ ਕਹਾਣੀਆਂ ਛਪੀਆਂ ਹਨ। ਲੇਖਾਂ ਵਿੱਚ ਹਰੀ ਕ੍ਰਿਸ਼ਨ ਮਾਇਰ (ਸੌ ਸੌ ਸਾਲ ਜਿਉਂਦੇ ਨੇ ਜਾਪਾਨੀ), ਡਾ. ਪ੍ਰੀਤ ਕੌਰ (ਸਾਡੇ ਆਲੇ-ਦੁਆਲੇ ਰੇਡੀਏਸ਼ਨ ਅਦ੍ਰਿਸ਼ਟ ਊਰਜਾ ਦੀ ਵਿਗਿਆਨਕ ਸਮਝ), ਡਾ. ਦੇਵਿੰਦਰ ਪਾਲ ਸਿੰਘ (ਮੈਂ ਕਿਉਂ ਲਿਖਦਾ ਹਾਂ) ਛਪੇ ਹਨ। ਪਰਚੇ ਵਿੱਚ ਕੁਝ ਕਵਿਤਾਵਾਂ, ਕਿਤਾਬਾਂ ਅਤੇ ਵਿਗਿਆਨਕ ਖ਼ਬਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਹ ਵਿਗਿਆਨਕ ਗਲਪ ਦਾ ਨਿਵੇਕਲਾ ਪਰਚਾ ਹੈ। 'ਉਡਾਣ' ਮੈਗਜ਼ੀਨ ਦਾ ਭਾਵੇਂ ਕਿਤੇ ਸੰਪਰਕ ਨੰਬਰ ਨਹੀਂ ਦਿੱਤਾ ਗਿਆ, ਫਿਰ ਵੀ ਪਾਠਕ ਇਸ ਦੀ ਪ੍ਰਿੰਟ ਕਾਪੀ ਵੈੱਬਸਾਈਟ : udaanpunjabi.com ਤੇ ਆਰਡਰ ਕਰ ਸਕਦੇ ਸਨ।

### ਦਾ ਲੈਨਿਨਜ਼ ਫ੍ਰਾਮ ਕਲੋਨ ਵੈਲੀ : ਅਜਮੇਰ ਸਿੱਧੂ ਦੀਆਂ ਕਹਾਣੀਆਂ ਦਾ ਹਿੰਦੀ ਅਨੁਵਾਦ



ਅਜਮੇਰ ਸਿੱਧੂ ਪੰਜਾਬੀ ਚਰਚਿਤ ਕਹਾਣੀਕਾਰ ਹੈ। ਉਹ ਕਈ ਸਾਲਾਂ ਤੋਂ ਕਹਾਣੀ ਦੇ ਖੇਤਰ ਵਿੱਚ ਸਰਗਰਮ ਹੈ। ਹੱਥਲੀ ਪੁਸਤਕ 'ਦ ਲੈਨਿਨਜ਼ ਫ੍ਰਾਮ ਕਲੋਨ ਵੈਲੀ' ਅਜਮੇਰ ਸਿੱਧੂ ਦੀਆਂ ਕਹਾਣੀਆਂ ਦਾ ਹਿੰਦੀ ਅਨੁਵਾਦ ਹੈ। ਜਿਸ ਦਾ ਸੰਪਾਦਨ ਜਸਵਿੰਦਰ ਕੌਰ ਬਿੰਦਰਾ ਨੇ ਕੀਤਾ ਹੈ। ਪੁਸਤਕ ਵਿੱਚ 16 ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। 'ਸਮਾਜ ਕੀ ਨਬਜ ਪਕੜਤੀ ਕਹਾਣੀਆਂ' ਸਿਰਲੇਖ ਹੇਠ ਜਸਵਿੰਦਰ ਬਿੰਦਰਾ ਨੇ ਸੰਪਾਦਕੀ ਲਿਖੀ ਹੈ। ਹਿੰਦੀ ਵਿੱਚ ਅਨੁਵਾਦ ਕਹਾਣੀਆਂ ਹਨ : ਇਕਬਾਲ ਹੁਸੈਨ ਮਰਾ ਨਹੀਂ ਹੈ (ਘਨਸ਼ਾਮ ਰੰਜਨ), ਨੱਚੀਕੇਤਾ ਕੀ ਮੌਤ (ਡਾ. ਰਾਕੇਸ਼ ਕੁਮਾਰ), ਗੌਰਜ਼ਾਂ (ਮਦਨ ਵੀਰਾ), ਦਾ ਲੈਨਿਨਜ਼ ਫ੍ਰਾਮ ਕਲੋਨ ਵੈਲੀ (ਜਸਵਿੰਦਰ ਕੌਰ ਬਿੰਦਰਾ), ਡਾਇਨਾਸੋਰ (ਸੁਭਾਸ਼ ਨੀਰਵ), ਮੈਂ ਮਾਂ (ਜਸਵਿੰਦਰ ਕੌਰ ਬਿੰਦਰਾ), ਕੂਆਂ ਚੱਲਤਾ ਹੈ (ਡਾ. ਭਗਤ ਸਿੰਘ ਬੇਦੀ), ਲਚਕੀ ਲਤਰ ਕੇ ਫੂਲ (ਕਮਲੇਸ਼ ਸਚਦੇਵਾ), ਅੰਬਰ ਕੀ ਔਰ ਓਠੇ ਹਾਥ (ਮਨੋਹਰ ਸਿੰਘ ਪਵਾਰ), ਦ ਸਵਾਰਡ ਆਫ ਬੰਦਾ ਸਿੰਘ ਬਹਾਦਰ (ਡਾ. ਤਰਸੇਮ ਗੁਜਰਾਲ), ਜ਼ਖ਼ਮੀ ਪੰਖੋਂ ਦੀ ਫੜਫੜਾਹਟ (ਸੁਭਾਸ਼ ਨੀਰਵ), ਕਬਰ ਮੇਂ ਦਫ਼ਨ ਹਜ਼ਾਰ ਵਰਸ਼ (ਰਾਜੇਂਦਰ ਤਿਵਾਰੀ), ਸ਼ਾਇਦ ਰੰਮੀ ਮਾਨ ਜਾਏ (ਰਾਜੇਂਦਰ ਤਿਵਾਰੀ), ਗੜ੍ਹੀ ਪਠਾਣਾ (ਸੁਭਾਸ਼ ਨੀਰਵ), ਮੰਮਾ, ਮੁਝੇ ਭੀ ਡੇਟ ਪਰ ਜਾਨਾ ਹੈ! (ਨੀਲਮ ਸ਼ਰਮਾ ਅੰਸ਼ੂ), ਦਿੱਲੀ ਕੇ ਕਿੰਗਰੇ (ਜਸਵਿੰਦਰ ਕੌਰ ਬਿੰਦਰਾ) ਆਦਿ ਕਹਾਣੀਆਂ ਸ਼ਾਮਿਲ ਹਨ। ਇਨ੍ਹਾਂ ਕਹਾਣੀਆਂ ਦੀ ਕਿਸੇ ਨਾ ਕਿਸੇ ਤਰ੍ਹਾਂ ਪੰਜਾਬੀ ਵਿੱਚ ਚਰਚਾ ਹੁੰਦੀ ਰਹੀ ਹੈ। ਕਿਤਾਬ 'ਸਪਰਸ਼ ਪ੍ਰਕਾਸ਼ਨ', 302, ਬੀ, ਸ਼੍ਰੀ ਹਰਿਗੰਧਾ ਅਪਾਰਟਮੈਂਟ, ਬੋਰਿੰਗ ਰੋਡ, ਪਟਨਾ-800013, ਬਿਹਾਰ, ਮੁ. 82107-59758, ਮੁੱਲ :495, ਸਫ਼ੇ :204

## ਸਰਬਜੀਤ ਸੋਹਲ ਦੀ ਪੁਸਤਕ 'ਦਿ ਬਲੀਡਿੰਗ ਵੋਮੈਨ' 'ਤੇ ਵਿਚਾਰ-ਚਰਚਾ

**ਲੁਧਿਆਣਾ** : ਚਿੰਤਨਸ਼ੀਲ ਸਾਹਿਤਧਾਰਾ ਵਲੋਂ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਹਿਯੋਗ ਨਾਲ ਸਰਬਜੀਤ ਕੌਰ ਸੋਹਲ ਦੀ ਵਾਰਤਕ ਪੁਸਤਕ 'ਦਿ ਬਲੀਡਿੰਗ ਵਿਮੈਨ' 'ਤੇ ਵਿਚਾਰ ਚਰਚਾ ਕਰਵਾਈ ਗਈ।ਸਮਾਗਮ ਦੇ ਮੁੱਖ ਮਹਿਮਾਨ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਇਹ ਮਸਲਾ ਕੇਵਲ ਔਰਤਾਂ ਦਾ ਹੀ ਨਹੀਂ ਤੇ ਨਾ ਹੀ ਹੱਲ ਏਨੇ ਸੌਖੇ ਹਨ। ਪ੍ਰੰਤੂ ਇਹ ਕਿਤਾਬ ਨਵੀਂ ਚੇਤਨੰਤਾ ਪੈਦਾ ਕਰਨ ਲਈ ਮਹੱਤਵਪੂਰਨ ਦਸਤਾਵੇਜ਼ ਹੈ।ਪ੍ਰਧਾਨਗੀ ਭਾਸ਼ਣ ਦਿੰਦਿਆਂ ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕਿਹਾ ਕਿ ਪੁਸਤਕ ਕੁੜੀਆਂ ਤੇ ਮੁੰਡਿਆਂ ਦੋਹਾਂ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ. ਡਾ. ਸਰਬਜੀਤ ਕੌਰ ਸੋਹਲ ਨੇ ਕਿਹਾ ਕਿ ਇਹ ਪੁਸਤਕ ਮੇਰੇ ਅਨੁਭਵਾਂ 'ਤੇ ਅਧਾਰਿਤ ਔਰਤ ਦੇ ਮਸਲਿਆਂ ਦਾ ਵਖਿਆਨ ਹੈ।ਸਮਾਗਮ ਦੇ ਆਰੰਭ 'ਚ ਮੰਚ ਦੀ ਜਨਰਲ ਸਕੱਤਰ ਸੁਰਿੰਦਰ ਦੀਪ ਨੇ ਵਿਧੀਵਤ ਤਰੀਕੇ ਨਾਲ ਸਭ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਸੋਹਲ ਦੀ ਪੁਸਤਕ ਵਿਚ ਔਰਤ ਜਾਤ, ਜੀਵਨ ਦੀਆਂ ਗੁੰਝਲਾਂ ਨੂੰ ਚੇਤਨੰਤਾ ਨਾਲ ਕਲਮਬੱਧ ਕੀਤਾ ਹੈ। ਉਨ੍ਹਾਂ ਔਰਤ ਵਰਗ ਪ੍ਰਤੀ ਵੱਡਾ ਕਾਰਜ ਕੀਤਾ ਹੈ।ਡਾ. ਗੁਰਚਰਨ ਕੌਰ ਕੋਚਰ ਨੇ ਮੰਚ ਵਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਮੰਚ ਨਾਲ ਮਾਣ-ਮੱਤੀਆਂ ਸ਼ਖ਼ਸ਼ੀਅਤਾਂ ਜੁੜੀਆਂ ਹੋਈਆਂ ਹਨ। ਉਨ੍ਹਾਂ ਮੈਡਮ ਮਨਦੀਪ ਕੌਰ ਭੰਮਰਾ ਅਤੇ ਸਮੁੱਚੀ ਟੀਮ ਨੂੰ ਇਸ ਖ਼ੂਬਸੂਰਤ ਸਮਾਗਮ ਦੇ ਆਯੋਜਨ ਲਈ ਮੁਬਾਰਕਾਂ ਦਿੱਤੀਆਂ। ਡਾ. ਮਹਿੰਦਰ ਕੌਰ ਗਰੇਵਾਲ ਨੇ ਪੁਸਤਕ ਵਿਚ ਔਰਤ ਬਾਰੇ ਉਠਾਏ ਮਸਲਿਆਂ ਸੰਬੰਧੀ ਗੱਲ ਕੀਤੀ। ਮੱਖਣ ਮਾਨ ਨੇ ਕਿਹਾ ਕਿ ਇਹ ਪੁਸਤਕ ਸੋਹਲ ਦੇ ਅਨੁਭਵ ਵਿੱਚੋਂ ਨਿਕਲੀ ਹੈ। ਉਨ੍ਹਾਂ ਤਿੰਨ ਨੁਕਤਿਆ ਤੇ ਗੱਲ ਕੀਤੀ। ਚਿੰਤਨਸ਼ੀਲ ਸਾਹਿਤਧਾਰਾ ਦੇ ਡਾਇਰੈਕਟਰ ਮੈਡਮ ਮਨਦੀਪ ਕੌਰ ਭੰਮਰਾ ਨੇ ਸੋਹਲ ਦੀ ਪੁਸਤਕ ਬਾਰੇ ਆਪਣੇ ਪੇਪਰ ਪੜ੍ਹਿਆ। ਉਨ੍ਹਾਂ ਕਿਹਾ ਸੋਹਲ ਦੀ ਕਿਤਾਬ ਕ੍ਰਾਂਤੀਕਾਰੀ ਸੋਚ ਦੀ ਧਾਰਨੀ ਹੈ।ਇਸ ਮੌਕੇ ਡਾ. ਕੁਲਦੀਪ ਸਿੰਘ ਦੀਪ ਨੇ ਆਪਣੇ ਪੇਪਰ ਚ ਮਹੱਤਵਪੂਰਨ ਨੁਕਤੇਆ ਤੇ ਗੱਲ ਕੀਤੀ ਤੇ ਕਿੰਤੂ ਕਰਦਿਆ ਕਿਹਾ ਕਿ ਕਿਤਾਬ ਚ ਦੁਹਰਾਉ ਹੈ ਤੇ ਸ਼ਬਦਾਂ ਨੂੰ ਲਿੱਖਣ ਤੋਂ ਬੱਚਿਆਂ ਜਾ ਸਕਦਾ ਸੀ. ਉਪਰੰਤ ਡਾ. ਅਰਵਿੰਦਰ ਕੌਰ ਕਾਕੜਾ ਦਾ ਲਿਖਿਆ ਪੇਪਰ ਸ੍ਰੀ ਰਾਜਦੀਪ ਤੂਰ ਨੇ ਪੇਸ਼ ਕੀਤਾ। ਪੜ੍ਹੇ ਗਏ ਪੇਪਰਾਂ 'ਤੇ ਭਰਵੀਂ ਬਹਿਸ ਹੋਈ ਜਿਸ ਵਿਚ ਸੋਮਾ ਸਬਲੋਕ, ਡਾ. ਅਮਰਜੀਤ ਸਿੰਘ ਅਤੇ ਡਾ. ਮਹਿੰਦਰ ਕੌਰ ਗਰੇਵਾਲ ਨੇ ਭਾਗ ਲਿਆ।ਅੰਤ ਚ ਸੋਹਲ ਨੇ ਕਿਤਾਬ ਦੀ ਸਿਰਜਣਾ ਬਾਰੇ ਦੱਸਿਆ ਤੇ ਕਿਤਾਬ ਤੇ ਹੋਏ ਸਵਾਲਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਮੰਚ ਸੰਚਾਲਨ ਡਾ. ਹਰੀ ਸਿੰਘ ਜਾਚਕ ਨੇ ਬਾਖ਼ੂਬੀ ਨਿਭਾਇਆ।



## 'ਗੁਰਮੁਖ ਸਿੰਘ ਸਹਿਗਲ ਪੁਰਸਕਾਰ' ਕਿਰਪਾਲ ਕਜ਼ਾਕ ਨੂੰ



**ਪਟਿਆਲਾ**-'ਗੁਰਮੁਖ ਸਿੰਘ ਸਹਿਗਲ ਯਾਦਗਾਰੀ ਮੰਚ' ਵੱਲੋਂ 'ਗੁਰਮੁਖ ਸਿੰਘ ਸਹਿਗਲ ਨਾਵਲ ਪੁਰਸਕਾਰ' ਕਿਰਪਾਲ ਕਜ਼ਾਕ ਦੇ ਨਾਵਲ 'ਇਤਿ ਕਥਾ' ਨੂੰ ਚੁਣਿਆ ਗਿਆ ਹੈ। ਪੁਰਸਕਾਰ ਵਿਚ ਸਨਮਾਨ ਚਿੰਨ੍ਹ, ਕਿਤਾਬਾਂ ਦਾ ਸੈੱਟ ਅਤੇ 11000 ਦੀ ਸਨਮਾਨ ਰਾਸ਼ੀ ਭੇਟ ਕੀਤੀ ਜਾਵੇਗੀ। 'ਮੰਚ' ਦੇ ਕਾਮਿਆਂ ਸਤਪਾਲ ਭੀਖੀ ਤੇ ਜਸਪ੍ਰੀਤ ਸਿੰਘ ਜਗਰਾਓਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪੁਰਸਕਾਰ ਸਿੰਘ ਲਈ 'ਮੰਚ' ਨੂੰ ਡੇਢ ਦਰਜਨ ਦੇ ਕਰੀਬ ਨਾਵਲ ਪ੍ਰਾਪਤ ਹੋਏ ਚੋਣ ਕਮੇਟੀ ਵੱਲੋਂ 'ਇਤਿ ਕਥਾ' ਨਾਵਲ ਨੂੰ ਸਰਬਸੰਮਤੀ ਨਾਲ ਚੁਣ ਲਿਆ ਗਿਆ।

ਜ਼ਿਕਰਯੋਗ ਹੈ ਕਿ ਕਿਰਪਾਲ ਕਜ਼ਾਕ ਪੰਜਾਬੀ ਦੇ ਪ੍ਰਬੁੱਧ ਤੇ ਪ੍ਰਤੀਬੱਧ ਗਲਪਕਾਰ ਤੇ ਖੋਜਕਾਰ ਹਨ।ਹੁਣ ਤੱਕ ਉਨ੍ਹਾਂ ਦੇ ਕਈ ਕਹਾਣੀ ਸੰਗ੍ਰਹਿ, ਖੋਜ ਪੁਸਤਕਾਂ ਅਤੇ ਅਨੁਵਾਦਿਤ ਪੁਸਤਕਾਂ ਛਪ ਚੁੱਕੀਆਂ ਹਨ। 'ਇਤਿ ਕਥਾ' ਉਨ੍ਹਾਂ ਦਾ ਪਲੇਠਾ ਨਾਵਲ ਹੈ। ਇਹ ਨਾਵਲ ਪੌਣੀ 19ਵੀਂ ਸਦੀ ਤੋਂ ਸ਼ੁਰੂ ਹੋ ਕੇ ਪੌਣੀ 20ਵੀਂ ਸਦੀ ਤੱਕ, ਯਾਨੀ ਕਿ ਪੂਰੀ ਇਕ ਸਦੀ ਦੀ ਕਹਾਣੀ ਬਿਆਨ ਕਰਦਾ ਹੈ। ਇਹ ਨਾਵਲ ਨਾ ਸਿਰਫ਼ ਇਕ ਰਿਆਸਤੀ ਪਿੰਡ ਦੇ ਵਸਣ, ਵਿਗਸਣ ਤੇ ਵਟਣ ਦੀ ਕਹਾਣੀ ਹੈ, ਸਗੋਂ ਉਸ ਪਿੰਡ ਦੀ ਰਹਿਤਲ, ਰਜਵਾੜਾਸ਼ਾਹੀ ਧੌਂਸ ਵਰਗੀ ਵੰਡ, ਜਾਤੀ-ਜਮਾਤੀ ਵੰਡ, ਦੇਸ ਵੰਡ ਤੇ ਲੋਕ ਵਿਹਾਰ ਦੇ ਨਾਲ-ਨਾਲ ਸਮਾਂ ਵਿਹਾਜਣ 'ਤੇ ਤਬਦੀਲ ਹੁੰਦੀ ਲੋਕ ਮਾਨਸਿਕਤਾ ਦੀ ਯਥਾਰਥਕ ਪੇਸ਼ਕਾਰੀ ਹੈ।

## ਪਾਠਕਾਂ ਦੇ ਝਰੋਖੇ 'ਚੋਂ

### ਸ਼ਹੀਦ ਕਰਤਾਰ ਸਿੰਘ ਸਰਾਭਾ

24 ਮਈ ਦੇ 'ਐਤਵਾਰਤਾ' 'ਚ ਪੰਜਾਬ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸੰਘਰਸ਼ਮਈ ਜ਼ਿੰਦਗੀ ਬਾਰੇ ਜਸਦੇਵ ਸਿੰਘ ਲਲਤੋਂ ਦਾ ਲੇਖ ਵਡਮੁੱਲੀ ਜਾਣਕਾਰੀ ਦੇਣ ਵਾਲਾ ਹੈ। ਇਸ ਪੰਨੇ 'ਤੇ ਦਲਜੀਤ ਰਾਏ ਕਾਲੀਆ ਤੇ ਡਾ. ਅਜੀਤ ਸਿੰਘ ਕੋਟਕਪੂਰਾ ਨੇ ਸਰਦਾਰ ਕਰਤਾਰ ਸਿੰਘ ਸਰਾਭਾ ਦੀ ਸੂਰਮਗਤੀ ਦੇ ਕਈ ਪੱਖ ਲਿਖੇ ਹਨ। ਕਰਤਾਰ ਸਿੰਘ ਨੇ ਡਿਪਲੋਮੇਸੀ ਵੀ ਵਰਤੀ। ਨਿੰਦਰ ਘੁਗਿਆਣਵੀ ਨੇ ਆਪਣੇ ਮਿੱਤਰ ਅਵਤਾਰ ਉਪਲ ਨਾਲ ਬਿਤਾਏ ਪਲਾਂ ਨੂੰ ਸਾਂਝਾ ਕੀਤਾ ਹੈ। ਜ਼ਿੰਦਗੀ ਚਾਰ ਦਿਨਾ ਦਾ ਮੇਲਾ ਹੈ। ਕਵੀ ਕਰਨੈਲ ਸਿੰਘ ਪਾਰਸ ਸਾਹਿਬ ਕਿੰਨੀ ਵੱਡੀ ਸਚਾਈ ਕਹਿ ਗਏ ਹਨ।ਭਰੋਸਾ ਨਹੀਂ ਕੱਲ੍ਹ ਦਾ ਬੰਦੇ ਨੂੰ।ਨਿੰਦਰ ਦਾ ਇਕ ਕਾਲਮ ਵੀ ਇਸ ਕਿਸਮ ਦਾ ਹੈ, ਜਿਸ ਵਿਚ ਦੁਨੀਆ ਤੋਂ ਵਿੱਛੜੇ ਲੋਕਾਂ ਨੂੰ ਨਿੰਦਰ ਯਾਦ ਕਰਦਾ ਹੈ। ਖੈਰ ਮੌਤ ਅਟੱਲ ਸਚਾਈ ਹੈ। ਧਰਵਿੰਦਰ ਸਿੰਘ ਔਲਖ ਨੇ ਭੁਪਿੰਦਰ ਸਿੰਘ ਸੰਧੂ ਦੀ ਪਰਵਾਰਕ ਤੇ ਸਾਹਿਤਕ ਜ਼ਿੰਦਗੀ ਦੀ ਜਾਣਕਾਰੀ ਕਈ ਢੁਕਵੇਂ ਸਵਾਲਾਂ ਨਾਲ ਦਿੱਤੀ ਹੈ। ਇਹ ਮੁਲਾਕਾਤ ਰੀਝ ਨਾਲ ਪੜ੍ਹੀ। ਖੁਸ਼ੀ ਹੋਈ ਇਹ ਜਾਣ ਕੇ ਕਿ ਸੰਧੂ ਸਾਹਿਬ ਰੇਡੀਓ, ਟੀ ਵੀ 'ਤੇ ਵੀ ਕਈ ਵਿਸ਼ਿਆਂ ਬਾਰੇ ਵਿਚਾਰ ਸਾਂਝੇ ਕਰਦੇ ਹਨ। ਉਨ੍ਹਾਂ ਨੂੰ ਵਕਾਰੀ ਮਾਣ-ਸਨਮਾਨ ਵੀ ਮਿਲੇ ਹਨ। ਸਾਹਿਤ ਚਿੰਤਨ ਤਹਿਤ ਮੱਖਣ ਮਾਨ ਨੇ ਸਰਬਜੀਤ ਕੌਰ ਸੋਹਲ ਦੀ ਵਾਰਤਕ ਕਿਤਾਬ ਦੀ ਬਲੀਡਿੰਗ ਵੋਮੈਨ ਦਾ ਚੰਗਾ ਵਿਸ਼ਲੇਸ਼ਣ ਕੀਤਾ ਹੈ। ਲੰਮੇ ਸਮੀਖਿਆ ਲੇਖ ਵਿੱਚ ਮੱਖਣ ਮਾਨ ਨੇ ਔਰਤ ਦੀ ਜ਼ਿੰਦਗੀ ਦੇ ਕਈ ਪਹਿਲੂ ਕਿਤਾਬ ਦੇ ਲੇਖਾਂ ਦੇ ਅਧਾਰਿਤ ਲਿਖੇ ਹਨ।ਔਰਤ ਦੀ ਮਾਹਵਾਰੀ ਬਾਰੇ ਪੁਰਾਣਾ ਭਾਰਤੀ ਕਲਚਰ ਬਹੁਤ ਸੰਵੇਦਨਸ਼ੀਲ ਸੀ, ਪਰ ਅਜੋਕੇ ਯੁੱਗ ਵਿਚ ਇਸ ਸੋਚ ਵਿਚ ਤਬਦੀਲੀ ਆਈ ਹੈ, ਪਰ ਕੁਝ ਫੈਕਟਰੀਆਂ ਵਿਚ ਮਾਹਵਾਰੀ ਦੇ ਦਿਨਾ ਵਿਚ ਔਰਤਾਂ ਤੋਂ ਕੰਮ ਲੈਣਾ ਅਜੇ ਵੀ ਮਾਰੂ ਰੁਝਾਨ ਹੈ। ਕਈ ਥਾਂਵਾਂ 'ਤੇ ਔਰਤ ਨੂੰ ਉਜਰਤ ਵੀ ਪੁਰਸ਼ ਨਾਲੋਂ ਅੱਧੀ ਦਿੱਤੀ ਜਾਂਦੀ ਹੈ।ਸੜਕਾਂ ਬਣਾਉਂਦੀਆਂ ਤੇ ਖੇਤੀ ਧੰਦਿਆਂ ਵਿਚ ਲੱਗੀਆਂ ਔਰਤਾਂ ਦੀ ਜ਼ਿੰਦਗੀ ਅਜੇ ਵੀ ਔਖੀ ਹੈ। ਡਾ. ਸਰਬਜੀਤ ਸੋਹਲ ਨੇ ਔਰਤ ਦੀ ਜ਼ਿੰਦਗੀ ਦੇ ਕਈ ਪੱਖ ਇਸ ਵਾਰਤਕ ਕਿਤਾਬ ਵਿਚ ਲਏ ਹਨ। ਡਾ. ਸੰਦੀਪ ਰਾਣਾ ਨੇ ਨਵੇਂ ਲੇਖਕ ਦੀ ਪਹਿਲੀ ਕਹਾਣੀ ਕਿਤਾਬ ਸੁਪਨੇ ਦਾ ਗਵਾਹ ਨ੍ਹੀ ਹੁੰਦਾ ਦੀਆਂ ਕਹਾਣੀਆਂ ਬਾਰੇ ਗਹਿਰਾ ਵਿਸ਼ਲੇਸ਼ਣ ਕੀਤਾ ਹੈ। ਮੈਂ ਇਹ ਕਿਤਾਬ ਪੜ੍ਹ ਕੇ ਰੀਵਿਊ ਕੀਤਾ ਸੀ। ਚੰਗੀਆਂ ਕਹਾਣੀਆਂ ਹਨ।ਕਿਤਾਬ ਦਾ ਸਿਰਲੇਖ ਵੀ ਕਲਾਤਮਿਕ ਹੈ। ਕਿਤਾਬ ਤਾਈ ਮੋਰਨੀ ਬਾਰੇ ਡਾ. ਰਾਣਾ ਦਾ ਰੀਵਿਊ ਵੀ ਚੰਗਾ ਲੱਗਾ। ਸਾਹਿਤਕ ਸਰਗਰਮੀਆਂ ਪੜ੍ਹ ਕੇ ਵੀ ਸਾਹਿਤ ਸਭਾਵਾਂ ਦੀ ਕਾਰਗੁਜ਼ਾਰੀ ਦੀ ਭਰਵੀਂ ਜਾਣਕਾਰੀ ਮਿਲੀ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

**ਪਾਠਕਾਂ ਲਈ**

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**'47 ਦੇ ਉਜਾੜੇ ਦੀ ਦਾਸਤਾਨ : ਸੁਰਿੰਦਰ ਜੈਪਾਲ**

**ਅੰਡੇਮਾਨ ਡਾਇਰੀਜ਼ : ਭੁਪਿੰਦਰ ਸਿੰਘ ਮਾਨ**

**'ਕਿਲ੍ਹਾ ਘੱਗਰ ਜੱਟਾਂ' : ਗੁਰਪ੍ਰੀਤ ਸਹਿਜੀ (ਫੋਕਸ) ਡਾ. ਅਨੁਰਾਗ ਸ਼ਰਮਾ**

**ਇਕਬਾਲ ਸਿੰਘ ਹਮਜਾਪੁਰ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ**

# ਗੁਰਨਾਮ ਢਿੱਲੋਂ ਦੀਆਂ ਪੰਜ ਗ਼ਜ਼ਲਾਂ ਤੇ ਇਕ ਗੀਤ



ਓਸ ਸ਼ਹਿਰ ਵਿਚ ਕੋਈ ਹੋਰ ਟਿਕਾਣਾ ਨਈਂ ਸੀ।
ਜਿਸ ਘਰ ਜਾ ਸਕਦੇ ਸੀ, ਉਸ ਘਰ ਜਾਣਾ ਨਈਂ ਸੀ।
ਉਸ ਘਰ ਜਾ ਕੇ ਬਹਿਣਾ ਸੀ ਸੂਲਾਂ 'ਤੇ ਬਹਿਣਾ,
ਰਿਸ਼ਤਾ ਨਵਾਂ ਸੀ ਭਾਵੇਂ ਬਹੁਤ ਪੁਰਾਣਾ ਨਈਂ ਸੀ।
ਜਿਸ ਥਾਂ ਜਾ ਕੇ ਦਿਲ ਦਾ ਮੋਰ ਨਾ ਪੈਲਾਂ ਪਾਵੇ,
ਉਸ ਥਾਂ ਜਾ ਕੇ ਦਿਲ ਦਾ ਹਾਲ ਸੁਣਾਨਾ ਨਈਂ ਸੀ।
ਜਿਸ ਬਾਗ ਵਿਚ ਫੁੱਲ ਬੀਜਿਆਂ ਕੰਡੇ ਉਗਦੇ,
ਗੁਲਮੋਹਰ ਦਾ ਬੂਟਾ ਉਸ ਵਿਚ ਲਾਣਾ ਨਈਂ ਸੀ
ਜਿਸ ਵਿਚ ਰਾਖੇ ਡੋਲ਼ੀ ਦੀ ਪੱਤ ਖ਼ੁਦ ਲੁੱਟ ਲੈਂਦੇ,
ਉਸ ਸ਼ਹਿਰ ਵਿਚ ਖ਼ੁਸ਼ੀ ਦਾ ਜਸ਼ਨ ਮਨਾਨਾ ਨਈਂ ਸੀ।
ਜਿਸ ਦੇ ਦਿਲ ਵਿਚ ਨਫ਼ਰਤ ਦਾ ਦਰਿਆ ਸੀ ਵਗਦਾ,
ਉਸ ਰਹਿਬਰ ਨੇ ਪਿਆਰ ਦਾ ਸਬਕ ਪੜ੍ਹਾਣਾ ਨਈਂ ਸੀ।
ਕੱਚੀਆਂ ਕਲੀਆਂ ਉੱਤੇ ਅੱਗ ਦੀ ਵਰਖਾ ਹੋਈ,
ਕਹਿਰ ਬੱਦਲ ਦਾ ਸੀ ਇਹ ਰੱਬ ਦਾ ਭਾਣਾ ਨਈਂ ਸੀ।

(2)

ਹਾੜੇ ਕੱਢ ਬੁਲਾਇਆ ਪਰ ਉਹ ਆਇਆ ਨਾ।
ਸੱਚੇ ਦਿਲ ਤੋਂ ਚਾਹਿਆ ਪਰ ਉਹ ਆਇਆ ਨਾ।
ਇਸ ਦੇ ਨਾਲੋਂ ਵੱਧ ਭਲਾ ਅਸੀਂ ਕੀ ਕਰਦੇ,
ਰੱਤ ਦਾ ਅਰਘ ਚੜ੍ਹਾਇਆ ਪਰ ਉਹ ਆਇਆ ਨਾ।
ਕੀਤਾ ਅਸੀਂ ਨਿਛਾਵਰ ਉਹਦੇ ਸਿਰ ਉੱਤੋਂ,
ਜੀਵਨ ਦਾ ਸਰਮਾਇਆ ਪਰ ਉਹ ਆਇਆ ਨਾ।
ਅਸੀਂ ਤਾਂ ਆਪਣਾ ਇਸ਼ਟ ਜਾਣ ਕੇ ਦਿਲਬਰ ਨੂੰ,
ਹਰ ਸਾਹ ਨਾਲ ਧਿਆਇਆ ਪਰ ਉਹ ਆਇਆ ਨਾ।
ਐਸਾ ਪੱਥਰ ਸੱਜਣ ਕਿਸੇ ਦਾ ਨਾ ਹੋਵੇ,
ਮੰਨਤਾਂ ਮੰਨ ਮਨਾਇਆ ਪਰ ਉਹ ਆਇਆ ਨਾ।
ਸਾਗਰ ਦੇ ਵਿਚ ਠਿੱਲ੍ਹਦੇ, ਪਰਬਤ ਚੜ੍ਹਦੇ ਰਹੇ,
ਹਰ ਹੀਲਾ ਅਜ਼ਮਾਇਆ ਪਰ ਉਹ ਆਇਆ ਨਾ।
ਰੰਗਾਂ ਅਤੇ ਸੁਗੰਧਾਂ ਵਾਲੀ ਮਹਿਫ਼ਲ ਵਿਚ,
ਨਚਦਾ, ਗਾਉਂਦਾ ਆਇਆ, ਪਰ ਉਹ ਆਇਆ ਨਾ!

(3)

ਮੰਨਿਆ ਕਿ ਰਾਤ ਕਾਲ਼ੀ ਅੱਜ ਵਜਾਉਂਦੀ ਢੋਲ ਹੈ।
ਢੋਲ ਦੇ ਅੰਦਰ ਵੀ ਐਪਰ ਢੋਲ ਜਿੱਡਾ ਪੋਲ ਹੈ!

ਨਾ ਗੁਜ਼ਾਰੋ ਜ਼ਿੰਦਗੀ ਦੇ ਪਲ ਅਜਾਈਂ ਦੋਸਤੋ!
ਹਰ ਇਕ ਸੁਆਸ ਆਦਮੀ ਦਾ ਬੜਾ ਹੀ ਅਨਮੋਲ ਹੈ।

ਕਦ ਤੱਕ ਮੀਟਣਗੇ ਅੱਖਾਂ, ਵੇਖ ਬਿੱਲੀ ਨੂੰ ਕਬੂਤਰ,
ਦਾਣੇ-ਦੁਣਕੇ ਲਈ ਆਖਰ ਲੜਨਾ ਪੈਣਾ ਘੋਲ ਹੈ।

ਤਸ਼ਤਰੀ ਦੇ ਵਿਚ ਪਾ ਕੇ ਪੇਸ਼ ਕਰੇਗਾ ਉਹ ਚੋਗ,
ਭੋਲੀਓ ਚਿੜੀਓ ! ਸ਼ਿਕਾਰੀ ਏਨਾ ਨਈਂ ਅਣਭੋਲ ਹੈ।

ਲਾਰਿਆਂ ਦੇ ਉਹ ਜਹਾਜ਼ ਹੈ ਉਡਾਉਂਦਾ ਹਰ ਘੜੀ,
ਜੀਭ ਰਾਜੇ ਦੀ ਹੈ ਕਾਲ਼ੀ, ਕੁਫ਼ਰ ਹਰ ਇਕ ਬੋਲ ਹੈ।

ਗਿੱਧ, ਸ਼ਿਕਰੇ ਕਾਗ, ਨਾਗ ਖਾ ਰਹੇ ਜ਼ਿੰਦਗੀ ਦੇ ਫ਼ਲ,
ਮੋਰ, ਤਿੱਤਰ, ਤਿਤਲੀਆਂ ਦੀ ਪਰ ਕਿਉਂ ਖਾਲੀ ਝੋਲ ਹੈ?

ਆਪਣੇ ਸੋਹਣੇ ਨੂੰ ਮੈਂ ਨਟਖਟ ਕਹਾਂ ਜਾਂ ਮਿਹਰਬਾਨ,
ਪਲ 'ਚ ਲੱਗੇ ਜਨਮਾਂ ਦੂਰ ਪਲ 'ਚ ਲੱਗੇ ਕੋਲ ਹੈ।

(4)

ਇੱਕ ਹਨੇਰੀ ਰਾਤ ਸ਼ਹਿਰ 'ਤੇ ਉਤਰਨ ਵਾਲੀ ਹੈ।
ਜਿਹੜੀ ਉੱਗਦੇ ਸੂਰਜ ਦੇ ਪਰ ਕੁਤਰਨ ਵਾਲੀ ਹੈ।

ਉਹ ਇਤਿਹਾਸ ਦੇ ਸੂਰਜ ਨੂੰ ਡੋਬਣਗੇ ਕਾਲ਼ਖ ਵਿਚ,
ਸੋਚ ਉਨ੍ਹਾਂ ਦੀ ਸੱਚ ਦੀ ਲੋਅ ਤੋਂ ਮੁਕਰਨ ਵਾਲੀ ਹੈ।

ਸਮੇਂ ਦੀ ਗਰਦਿਸ਼ ਘੋਲ ਰਹੀ ਜੱਗ ਉੱਤੇ ਐਸਾ ਰੰਗ,
ਕਾਲ਼ੇ ਰੰਗ ਵਿਚ ਸੰਦਲੀ ਰੁੱਤ ਨੂੰ ਰੰਗਣ ਵਾਲੀ ਹੈ।

ਕਰੀਂ ਹਿਫ਼ਾਜ਼ਤ ਮੇਰੇ ਪਿੰਡ ਦੇ 'ਵਿਹੜੇ' ਦੀ 'ਦਾਤਾ'
ਪਿੰਡ ਦੇ ਪੈਰਾਂ ਹੇਠੋਂ ਧਰਤੀ ਖਿਸਕਣ ਵਾਲੀ ਹੈ।

ਰਾਖਸ਼ ਜਿਹੜਾ ਉਂਗਲਾਂ ਉੱਤੇ ਜੱਗ ਨਚਾਵੇ ਅੱਜ,
ਉਸ ਦੇ ਹੱਥ 'ਚੋਂ ਜਿੱਤ ਦੀ ਬਾਜ਼ੀ ਨਿਕਲਣ ਵਾਲੀ ਹੈ।

ਕਦ ਤੱਕ ਬੁੱਝਦੇ ਰਹਿਣਗੇ ਖਾ ਕੇ ਪੌਣ ਦੀਆਂ ਛਮਕਾਂ,
ਫੌਜ ਚਿਰਾਗਾਂ ਦੀ ਹੁਣ ਜੰਗ ਵਿਚ ਨਿਤਰਨ ਵਾਲੀ ਹੈ।

(5)

ਸੱਪਾਂ ਨਾਲ ਮੁਹੱਬਤ ਕਰ ਕੇ ਕੀ ਲੈਣਾ ਹੈ।
ਕੋਮਲ ਦਿਲ ਨੂੰ ਵਿਖ ਸੰਗ ਭਰ ਕੇ ਕੀ ਲੈਣਾ ਹੈ।

ਚੀਤੇ ਦੇ ਸੰਗ ਪੱਗ ਵਟਾ ਕੇ ਪਛਤਾਵੇਂਗਾ,
ਤੂੰ ਅਣਿਆਈ ਮੌਤੇ ਮਰ ਕੇ ਕੀ ਲੈਣਾ ਹੈ।

ਮਿੱਤਰ ਪਾਸੋਂ ਬਾਜ਼ੀ ਹਰ ਕੇ, ਜਿੱਤ ਗਿਆਂ ਤੂੰ
ਜਾ ਹੁਣ, ਜਿੱਤੀ ਬਾਜ਼ੀ ਹਰ ਕੇ ਕੀ ਲੈਣਾ ਹੈ।

ਅੱਗ ਮਚੀ ਤਾਂ ਸਾਰਾ ਸ਼ਹਿਰ ਭਸਮ ਹੋ ਜਾਣਾ,
ਕੱਖਾਂ 'ਤੇ ਚੰਗਿਆੜੀ ਧਰ ਕੇ ਕੀ ਲੈਣਾ ਹੈ।

ਵਰ੍ਹਨਾ ਹੈ ਤਾਂ ਜਾ ਕੇ ਬਲਦੇ ਖੇਤਾਂ 'ਤੇ ਵਰ੍ਹ,
ਬੱਦਲਾ! ਸਾਗਰ ਉੱਤੇ ਵਰ੍ਹ ਕੇ ਕੀ ਲੈਣਾ ਹੈ।

ਸੂਰਜ ਹੈਂ ਤੂੰ, ਤੇਰੀ ਸ਼ਾਨ ਹੈ ਅੰਬਰ ਉੱਤੇ,
ਤੂੰ ਡੂੰਘੇ ਸਾਗਰ ਵਿਚ ਗ਼ਰ ਕੇ ਕੀ ਲੈਣਾ ਹੈ।

ਪਰਲੇ ਕੰਢੇ ਨਿਰੀ ਜਲ਼ਾਲਤ ਪੱਲੇ ਪੈਣੀ,
ਮੁੜ ਜਾ! ਕਾਲ਼ੀ ਝੀਲ ਨੂੰ ਤਰ ਕੇ ਕੀ ਲੈਣਾ ਹੈ

## ਗੀਤ

ਆ ਰਲ਼-ਮਿਲ ਕਰੀਏ ਉਹ ਬਾਤ ਹਾਣੀਆ!
ਜਿਸ ਨਾਲ ਮੁੱਕ ਜਾਵੇ ਕਾਲ਼ੀ ਰਾਤ ਹਾਣੀਆ।
ਆ ਖੇਤਾਂ ਵਿਚ ਆਪਣੇ ਚਿਰਾਗ ਬੀਜੀਏ,
ਸੂਹੇ-ਸੂਹੇ ਫੁੱਲਾਂ ਵਾਲਾ ਇਕ ਬਾਗ ਬੀਜੀਏ,
ਖਿੜੇ ਜੱਗ ਉੱਤੇ ਸ਼ੁੱਭ ਪਰਭਾਤ ਹਾਣੀਆ।
ਆ ਰਲ਼-ਮਿਲ .............

ਲੱਗ ਰੁੱਖਾਂ ਗਲ਼ ਰੋਣ ਜਾਰਜਾਰ ਟਹਿਣੀਆਂ,
ਔੜਾਂ ਦੁੱਖ ਦੀਆਂ ਇਹਨਾਂ ਸਿਰੋਂ ਕਦੋਂ ਲਹਿਣੀਆਂ?
ਕਰ ਖੁਸ਼ੀਆਂ ਦੀ ਦੇਈਏ ਬਰਸਾਤ ਹਾਣੀਆ।
ਆ ਰਲ਼-ਮਿਲ......................

ਮਾਰੂਥਲਾਂ ਵਿਚ ਹਰੇ-ਭਰੇ ਰੁੱਖ ਲਾਉਣ ਲਈ,
ਸੁੱਕੇ ਪਿੰਜਰਾਂ ਦੇ ਵਿਚ ਜਿੰਦ-ਜਾਨ ਪਾਉਣ ਲਈ,
ਕਿਉਂ ਕਰੀਏ ਨਾ ਅੱਜ ਸ਼ੁਰੂਆਤ ਹਾਣੀਆ।
ਆ ਰਲ਼-ਮਿਲ...........

ਅਸੀਂ ਸੂਰਜ ਨੂੰ ਮੋਢੇ ਉੱਤੇ ਚੁੱਕ ਤੁਰਾਂਗੇ,
ਅਸੀਂ ਕਿਸੇ ਬਾਘ ਤੋਂ ਨਾ ਲੁਕ-ਲੁਕ ਤੁਰਾਂਗੇ,
ਨਾਲ ਤੁਰੂ ਸਾਡੇ ਸਾਹਾਂ ਦੀ ਬਰਾਤ ਹਾਣੀਆ।
ਆ ਰਲ਼-ਮਿਲ................

ਕਿਸੇ ਗ਼ੈਬੀ ਸ਼ਕਤੀ ਨੇ ਸਾਡੇ ਕੰਮ ਆਉਣਾ ਨਹੀਂ,
ਸਾਡੇ ਬੂਹੇ ਉੱਤੇ ਸ਼ਗਨਾਂ ਦਾ ਤੇਲ ਚੋਣਾ ਨਹੀ,
ਹੱਥ ਬੰਦੇ ਦੇ ਕਰਨ ਕਰਾਮਾਤ ਹਾਣੀਆ।

ਆ ਰਲ਼-ਮਿਲ ਕਰੀਏ ਉਹ ਬਾਤ ਹਾਣੀਆ,
ਜਿਸ ਨਾਲ ਮੁੱਕ ਜਾਵੇ ਕਾਲ਼ੀ ਰਾਤ ਹਾਣੀਆ।

# ਡਾ. ਕੰਚਨ ਮਹਿਤਾ ਦੀਆਂ ਕਵਿਤਾਵਾਂ



## ਕੀ ਬਣੂ ਤੇਰਾ ?

ਕੀ ਬਣੂ ਤੇਰਾ?
ਕੀ ਬਣੂ ਤੇਰਾ?

ਚਾਰ ਪਾਸੇ ਸੁੰਨ ਪਸਰੀ ਹੋਈ ਹੈ
ਸਭ ਕੁਝ ਹੈ
ਰੋਟੀ ਕੱਪੜਾ, ਮਕਾਨ, ਨੌਕਰੀ
ਤੇ ਕੁਝ ਨਾਂਅ ਦੇ ਰਿਸ਼ਤੇ
ਫਿਰ ਵੀ ਮਨ ਵਿੱਚ
ਅਜੀਬ ਬੇਚੈਨੀ ਦੀ
ਪੀੜ ਭਰੀ ਹੋਈ ਹੈ।
ਦਿਨ ਭਰ ਬਲਦ ਦੀ ਤਰ੍ਹਾਂ ਕੰਮ 'ਤੇ
ਜ਼ਿੰਮੇਵਾਰੀਆਂ ਦੇ ਬੋਝ ਨੂੰ ਢੋਅ ਕੇ
ਬਿਟ-ਬਿਟ ਤਕਦੀ ਸੁੰਨੀ ਸੇਜ਼, ਘੜੀ ਦੀ
ਟਿਕ-ਟਿਕ, ਬਾਰ-ਬਾਰ ਦਿਲ ਵਿਚ ਉਠਦੀ
ਫਿਕਰੀ ਦੀ ਟਿਕ-ਟਿਕ
ਕੀ ਬਣੂ ਤੇਰਾ
ਨੇ ਥੱਕੇ ਹੋਏ
ਨੈਣਾਂ ਤੋ ਨੀਂਦ ਦੂਰ ਕਰੀ ਹੈ।
ਮੈਂ ਇਕੱਲੀ ਜਾਨ, ਏਨੀ ਜੱਦੋ-ਜਹਿਦ
ਕਰਕੇ ਕਮਾਈ ਤੇ ਜਾਨੋਂ ਸੰਭਾਲੀ ਹੋਈ
ਪੂੰਜੀ ਦਾ ਕੌਣ ਹੈ ਜਾਨਸ਼ੀਨ
ਇਸ ਸੋਚ ਨੇ ਮਨ ਵਿੱਚੋ
ਖੇੜਾ ਅਤੇ ਦੇਹ ਵਿਚੋਂ
ਤਾਕਤ ਮਨਫੀ ਕਰੀ ਹੈ।
ਇਸ ਕੋਠੜੀ ਵਿਚ
ਦਿਲ ਨਹੀ ਲੱਗਦਾ, ਪਰ ਕਿਵੇਂ
ਤੇ ਕਿਥੇ ਜਾਣਾ, ਦਿਲੋਂ ਨਿਕਲਿਆ ਹੌਕਾ
ਕਿ ਕਿਹੜਾ ਬੂਹਾ
ਇੰਤਜ਼ਾਰ ਕਰੇ ਤੇਰਾ?
ਕੀ ਬਣੂ ਤੇਰਾ?
ਕੀ ਬਣੂ ਤੇਰਾ?

## ਅੱਜ ਹੈ ਵਰ੍ਹੇ ਦਾ ਆਖਰੀ ਦਿਨ

ਸੋਚਾਂ ਬੈਠੀ ਇਕੱਲੀ
ਮੈਂ ਕੀ ਕਹਾਂ
ਅੱਜ ਦੇ ਦਿਨ
ਦੁਨੀਆ ਮਨਾ ਰਹੀ
ਜਸ਼ਨ ਤੇ
ਮੈਂ ਸੋਚਾਂ
ਬੈਠੀ ਮੈਂ ਕੀ ਪਾਇਆ ਤੇ
ਕਿੰਨਾ ਸਾਰਾ ਖੋਹਿਆ
2025 ਵਿੱਚ
ਅੱਜ ਦੇ ਦਿਨ
ਹਰ ਮਹੀਨਾ ਢੇਰ ਸਾਰੀਆਂ
ਚੁਣੌਤੀਆ ਲੈ ਕੇ ਆਇਆ
ਕਮਜ਼ੋਰ ਹੋ ਰਹੇ ਹੱਡਾਂ ਤੇ
ਨਿਗਾਹਾਂ ਦੇ ਨਾਲ
ਦਫਤਰੀ ਕੰਮ ਨੂੰ ਵਕਤ ਸਿਰ
ਮੁਕੰਮਲ ਕਰਨ ਦੀ
ਦੂਸਰੀ ਰਿਸ਼ਤਿਆਂ ਦੀ ਉਥਲ-ਪੁਥਲ
ਤੇ ਟੁੱਟ-ਭੱਜ ਨਾਲ ਨਜਿੱਠਣ ਦੀ
ਤੇ ਇਸ ਸਭ ਤੋਂ ਵੱਡੀ
ਮਕਾਨ ਮਾਲਕ ਦੀਆ
ਨਿੱਤ ਦੀਆਂ ਧਮਕੀਆ
'ਮੇਰਾ ਘਰ ਜਲਦੀ ਖਾਲੀ
ਕਰਦੇ ਨਹੀਂ ਤਾਂ'
ਦੇ ਕੌੜੇ ਬੋਲਾਂ ਦੀਆਂ ਯਾਦਾਂ
ਆ ਰਹੀਆਂ
ਅੱਜ ਦੇ ਦਿਨ
ਅਸੀਂ ਖਾਲੀ ਕੀਤਾ ਘਰ
ਭਰੇ ਮਨ ਨਾਲ
ਕਿਹਾ ਅਲਵਿਦਾ ਹਰ ਕਮਰੇ ਨੂੰ,
ਤੇ ਖੱਟੀਆਂ-ਮਿੱਠੀਆਂਯਾਦਾਂ
ਮਨ ਦੀ ਅਲਮਾਰੀਆ ਵਿੱਚ ਲੈ ਕੇ
ਚਾਦਰਾਂ ਵਿੱਚ ਬੰਨ੍ਹੇ ਆਪਣੇ ਸਮਾਨ ਨੂੰ
ਸੌਂਪ ਕੇ ਚਾਬੀਆਂ ਮਕਾਨ ਮਾਲਕ ਨੂੰ
ਸਮਝਾਦੇ ਆਪਣੇ ਭਰੇ ਹੋਏ ਮਨ ਨੂੰ ਕਿ
ਤੂੰ ਬਸ ਸਿਰਫ ਇੱਕ ਕਿਰਾਏਦਾਰ ਸੀ
ਇਸ ਘਰ ਵਿੱਚ...

ਲਗਭਗ ਦੋ ਮਹੀਨੇ ਹੋ ਗਏ, ਉਸ ਘਰ ਦਾ
ਚੇਤਾ ਬਾਰ-ਬਾਰ ਆ ਰਿਹਾ ਹੈ
ਤੇ ਮੇਰਾ ਭੋਲਾ ਦਿਲ
ਚਾਹੇ ਫਿਰ ਜਾਣਾ
ਉਸ ਘਰ ਦੇ ਵਿੱਚ
ਅੱਜ ਦੇ ਦਿਨ।

## ਫਿਰ ਤੂੰ ਹੀ ਦੱਸ

ਕੁਝ ਆਪਣੇ ਹੋ ਕੇ ਵੀ
ਬੇਗਾਨਿਆਂ ਤੋਂ ਵੀ ਬੇਗਾਨੇ
ਪੇਸ਼ ਆਉਂਦੇ ਨੇ
ਤੇ ਕੁਝ ਬੇਗਾਨੇ ਬੇਗਾਨੇ
ਹੋ ਕੇ ਵੀ
ਆਪਣਿਆਂ ਤੋਂ ਵੱਧ
ਆਪਣੇ ਬਣ ਜਾਂਦੇ ਨੇ...
ਤੇ ਫਿਰ ਤੂੰ ਹੀ ਦੱਸ
ਕੌਣ ਆਪਣੇ ਤੇ ਕੌਣ ਬੇਗਾਨੇ
ਕੁਝ ਅਮੀਰ ਸਭ ਕੁਝ
ਪਾ ਕੇ ਵੀ
ਬੱਸ ਹਾਏ-ਹਾਏ ਕਰਦੇ
ਤੁਰ ਜਾਂਦੇ ਨੇ
ਤੇ ਕੁਝ ਫਕੀਰ, ਫਕੀਰੀ 'ਚ ਵੀ
ਜ਼ਿੰਦਗੀ ਦੇ ਗਮਾਂ
'ਤੇ ਫ਼ਤਹਿ ਪਾ ਕੇ
ਕਈ ਦਿਲਾਂ 'ਚ ਰਾਜ ਕਰਕੇ
ਹੱਸਦੇ-ਹੱਸਦੇ ਦੁਨੀਆ ਨੂੰ
ਅਲਵਿਦਾ ਕਹਿ ਗਏ
ਫਿਰ ਤੂੰ ਹੀ ਦੱਸ
ਕੌਣ ਅਮੀਰ ਤੇ ਕੌਣ ਫਕੀਰ

ਕੁਝ ਵੈਰੀ ਵੈਰ ਵੀ
ਵਫਾ ਨਾਲ ਨਿਭਾ ਕੇ
ਵਫਾਦਾਰੀ ਕਰ ਜਾਂਦੇ ਨੇ
ਤੇ ਕੁਝ ਮਿੱਤਰ, ਮਿੱਤਰ ਬਣ ਕੇ
ਰਹਿ ਕੇ ਨਾਲ
ਛੱਲ-ਛਲਾਵੇ, ਦਗਾ
ਕਰ ਜਾਂਦੇ ਨੇ
ਫਿਰ ਤੂੰ ਹੀ ਦੱਸ
ਵੈਰੀ ਕੌਣ 'ਤੇ ਮਿੱਤਰ ਕੌਣ ....

ਕੁਝ ਨਾਸਤਿਕ ਰੱਬ ਦੇ ਬਣਾਏ ਹੋਏ
ਬੰਦੇ ਦੀ ਬੰਦਗੀ ਕਰ ਕੇ
ਰੱਬ ਨੂੰ ਪਾ ਜਾਂਦੇ ਨੇ
ਤੇ ਕੁਝ ਰੱਬ-ਰੱਬ ਦਾ
ਰਾਗ ਗਾ ਕੇ
ਰੱਬ ਦੇ ਬਣਾਏ ਭੋਲੇ ਬੰਦਿਆਂ ਨੂੰ
ਚੂਨਾ ਲਗਾ ਜਾਂਦੇ ਨੇ
ਫਿਰ ਤੂੰ ਹੀ ਦੱਸ
ਨਾਸਤਿਕ ਕੌਣ ਤੇ ਆਸਤਿਕ ਕੌਣ?

ਮੋਬਾ. 94172-08535

# ਮਨ ਦੇ ਅੰਦਰਲਾ ਸੰਸਾਰ


ਡਾ. ਪਰਦੀਪ ਨਾਂਗਲੂ

ਇਨਸਾਨ ਦਾ ਮਨ ਸ਼ਾਇਦ ਉਹ ਸਭ ਤੋਂ ਰਹੱਸਮਈ ਦੇਸ਼ ਹੈ, ਜਿਸ ਦੀ ਯਾਤਰਾ ਅਸੀਂ ਪੂਰੀ ਜ਼ਿੰਦਗੀ ਕਰਦੇ ਰਹਿੰਦੇ ਹਾਂ। ਇਹ ਆਪਣੇ ਅੰਦਰ ਉਹ ਯਾਦਾਂ ਸੰਭਾਲ ਕੇ ਰੱਖਦਾ ਹੈ, ਜਿਨ੍ਹਾਂ ਨੂੰ ਅਸੀਂ ਭੁੱਲ ਜਾਣਾ ਚਾਹੁੰਦੇ ਹਾਂ, ਉਹ ਜਜ਼ਬਾਤ ਲੁਕਾ ਕੇ ਰੱਖਦਾ ਹੈ, ਜਿਨ੍ਹਾਂ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਆਸਾਨ ਨਹੀਂ ਹੁੰਦਾ ਅਤੇ ਉਹ ਸੁਪਨੇ ਜਨਮ ਦਿੰਦਾ ਹੈ, ਜੋ ਚੁੱਪਚਾਪ ਸਾਡੀ ਪੂਰੀ ਜ਼ਿੰਦਗੀ ਨੂੰ ਦਿਸ਼ਾ ਦਿੰਦੇ ਰਹਿੰਦੇ ਹਨ। ਹਰ ਇੱਕ ਵਿਚਾਰ, ਹਰ ਡਰ ਅਤੇ ਹਰ ਉਮੀਦ ਸਾਡੇ ਮਨ ਦੀ ਧਰਤੀ ਉੱਤੇ ਆਪਣੇ ਨਿਸ਼ਾਨ ਛੱਡ ਜਾਂਦੀ ਹੈ। ਇਸੇ ਕਰਕੇ ਹਰ ਇਨਸਾਨ ਦਾ ਅੰਦਰੂਨੀ ਸੰਸਾਰ ਬਿਲਕੁਲ ਵੱਖਰਾ ਹੁੰਦਾ ਹੈ।

ਸਾਡਾ ਦਿਮਾਗ ਸਿਰਫ਼ ਤਰਕਾਂ ਨਾਲ ਚੱਲਣ ਵਾਲੀ ਮਸ਼ੀਨ ਨਹੀਂ, ਇਹ ਇੱਕ ਜੀਉਂਦਾ-ਜਾਗਦਾ ਸੰਸਾਰ ਹੈ। ਕਈ ਵਾਰ ਇਹ ਇੱਕ ਭੀੜ-ਭਾੜ ਵਾਲੇ ਸ਼ਹਿਰ ਵਾਂਗ ਲੱਗਦਾ ਹੈ, ਜਿੱਥੇ ਵਿਚਾਰਾਂ ਦਾ ਸ਼ੋਰ ਲਗਾਤਾਰ ਚੱਲਦਾ ਰਹਿੰਦਾ ਹੈ ਅਤੇ ਕਈ ਵਾਰ ਇਹ ਕਿਸੇ ਸ਼ਾਂਤ ਜੰਗਲ ਵਾਂਗ ਹੋ ਜਾਂਦਾ ਹੈ, ਜਿੱਥੇ ਖਾਮੋਸ਼ੀ ਵੀ ਇਲਾਜ ਬਣ ਜਾਂਦੀ ਹੈ। ਇੱਕੋ ਦਿਨ ਵਿੱਚ ਮਨ ਚਿੰਤਾਵਾਂ ਦੇ ਤੂਫ਼ਾਨਾਂ, ਇਕੱਲੇਪਨ ਦੀਆਂ ਘਾਟੀਆਂ ਅਤੇ ਪ੍ਰੇਰਣਾ ਦੇ ਪਹਾੜਾਂ ਵਿੱਚੋਂ ਲੰਘਦਾ ਹੈ। ਇਹੀ ਬਦਲਾਅ ਮਨੁੱਖੀ ਚੇਤਨਾ ਨੂੰ ਸੁੰਦਰ ਵੀ ਬਣਾਉਂਦਾ ਹੈ ਅਤੇ ਨਾਜ਼ੁਕ ਵੀ।

ਆਧੁਨਿਕ ਵਿਗਿਆਨ ਦੱਸਦਾ ਹੈ ਕਿ ਸਾਡਾ ਦਿਮਾਗ ਹਰ ਅਨੁਭਵ ਨਾਲ ਬਦਲਦਾ ਰਹਿੰਦਾ ਹੈ। ਹਰ ਗੱਲਬਾਤ, ਹਰ ਨਾਕਾਮੀ, ਹਰ ਪਿਆਰ ਅਤੇ ਹਰ ਦਰਦ ਸਾਡੇ ਅੰਦਰ ਨਵੇਂ ਰਸਤੇ ਤਿਆਰ ਕਰਦੇ ਹਨ। ਇਨਸਾਨ ਸਿਰਫ਼ ਕਿਤਾਬਾਂ ਨਾਲ ਨਹੀਂ, ਸਗੋਂ ਸੰਘਰਸ਼, ਹਮਦਰਦੀ, ਰਿਸ਼ਤਿਆਂ ਅਤੇ ਆਤਮ-ਚਿੰਤਨ ਨਾਲ ਵੀ ਵਿਕਸਿਤ ਹੁੰਦਾ ਹੈ। ਦਰਦ ਵੀ ਆਪਣੇ ਨਾਲ ਕੋਈ ਨਾ ਕੋਈ ਸਿੱਖਿਆ ਛੱਡ ਜਾਂਦਾ ਹੈ। ਕਈ ਵਾਰ ਸਾਡੇ ਜਜ਼ਬਾਤੀ ਜ਼ਖ਼ਮ ਹੀ ਸਾਨੂੰ ਦੂਜਿਆਂ ਨੂੰ ਸਮਝਣ ਦੀ ਸਮਰੱਥਾ ਦਿੰਦੇ ਹਨ।

ਹਰ ਮਨੁੱਖ ਦਾ ਸੋਚਣ ਦਾ ਢੰਗ ਵੱਖਰਾ ਹੁੰਦਾ ਹੈ। ਕੋਈ ਗਿਣਤੀਆਂ ਅਤੇ ਤਰਕਾਂ ਵਿੱਚ ਸੋਚਦਾ ਹੈ, ਕੋਈ ਕਲਾ, ਸੰਗੀਤ ਅਤੇ ਜਜ਼ਬਾਤਾਂ ਵਿੱਚ। ਸਮਾਜ ਕਈ ਵਾਰ ਕੁਝ ਸੋਚਾਂ ਨੂੰ ਸਧਾਰਣ ਅਤੇ ਕੁਝ ਨੂੰ ਵੱਖਰੀਆਂ ਕਹਿ ਦਿੰਦਾ ਹੈ, ਪਰ ਇਤਿਹਾਸ ਗਵਾਹ ਹੈ ਕਿ ਦੁਨੀਆ ਦੀਆਂ ਬਹੁਤੀਆਂ ਮਹਾਨ ਖੋਜਾਂ ਅਤੇ ਰਚਨਾਤਮਕ ਬਦਲਾਅ ਉਹਨਾਂ ਲੋਕਾਂ ਨੇ ਕੀਤੇ, ਜਿਨ੍ਹਾਂ ਨੇ ਦੁਨੀਆ ਨੂੰ ਵੱਖਰੇ ਨਜ਼ਰੀਏ ਨਾਲ ਵੇਖਿਆ। ਵੱਖਰਾ ਸੋਚਣਾ ਕਮਜ਼ੋਰੀ ਨਹੀਂ, ਸਗੋਂ ਮਨੁੱਖਤਾ ਦੀ ਸਭ ਤੋਂ ਵੱਡੀ ਤਾਕਤ ਹੈ।



ਮਨ ਕੁਦਰਤ ਵਾਂਗ ਹੀ ਜੀਉਂਦਾ ਹੈ। ਜਦੋਂ ਇਸ ਦੀ ਸੰਭਾਲ ਨਹੀਂ ਕੀਤੀ ਜਾਂਦੀ, ਤਾਂ ਇਹ ਸੁੱਕੀ ਧਰਤੀ ਵਾਂਗ ਥੱਕ ਜਾਂਦਾ ਹੈ, ਪਰ ਜਦੋਂ ਇਸ ਨੂੰ ਪਿਆਰ, ਆਰਾਮ, ਚੰਗੇ ਰਿਸ਼ਤੇ, ਕਸਰਤ, ਰਚਨਾਤਮਕਤਾ ਅਤੇ ਉਮੀਦ ਮਿਲਦੀ ਹੈ ਤਾਂ ਇਹ ਮੁੜ ਖਿੜ ਪੈਂਦਾ ਹੈ। ਸਕਾਰਾਤਮਕ ਵਿਚਾਰ ਸੂਰਜ ਦੀ ਰੌਸ਼ਨੀ ਵਾਂਗ ਹੁੰਦੇ ਹਨ ਅਤੇ ਦਇਆ ਭਾਵਨਾਵਾਂ ਲਈ ਪਾਣੀ ਬਣ ਜਾਂਦੀ ਹੈ। ਸਿਹਤਮੰਦ ਮਨ ਦਾ ਮਤਲਬ ਇਹ ਨਹੀਂ ਕਿ ਜ਼ਿੰਦਗੀ ਵਿੱਚ ਮੁਸ਼ਕਲਾਂ ਨਾ ਹੋਣ, ਸਗੋਂ ਇਹ ਹੈ ਕਿ ਮੁਸ਼ਕਲਾਂ ਦੇ ਬਾਵਜੂਦ ਅੱਗੇ ਵਧਣ ਦੀ ਹਿੰਮਤ ਬਣੀ ਰਹੇ।

ਅੱਜ ਦੀ ਤੇਜ਼ ਰਫ਼ਤਾਰ ਦੁਨੀਆ ਵਿੱਚ ਇਨਸਾਨ ਤਕਨਾਲੋਜੀ ਨੂੰ ਸਮਝਣ ਵਿੱਚ ਜ਼ਿਆਦਾ ਸਮਾਂ ਬਿਤਾਅ ਰਿਹਾ ਹੈ, ਪਰ ਆਪਣੇ-ਆਪ ਨੂੰ ਸਮਝਣ ਲਈ ਘੱਟ ਰੁਕਦਾ ਹੈ। ਅਸੀਂ ਸਕ੍ਰੀਨਾਂ ਅਤੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਦੇ ਹਾਂ, ਪਰ ਆਪਣੇ ਮਨ ਦੀ ਆਵਾਜ਼ ਸੁਣਨੀ ਭੁੱਲਦੇ ਜਾ ਰਹੇ ਹਾਂ।

ਸ਼ਾਇਦ ਜ਼ਿੰਦਗੀ ਦੀ ਸਭ ਤੋਂ ਵੱਡੀ ਯਾਤਰਾ ਕਿਸੇ ਦੇਸ਼ ਜਾਂ ਸਮੁੰਦਰ ਦੀ ਨਹੀਂ, ਸਗੋਂ ਆਪਣੇ ਅੰਦਰ ਉਤਰਨ ਦੀ ਯਾਤਰਾ ਹੈ। ਹਰ ਇਨਸਾਨ ਦੇ ਅੰਦਰ ਇੱਕ ਅਣਦੇਖੀ ਦੁਨੀਆ ਵੱਸਦੀ ਹੈ, ਜੋ ਯਾਦਾਂ, ਸਵਾਲਾਂ, ਕਲਪਨਾਵਾਂ ਅਤੇ ਅਦ੍ਰਿਸ਼ਟ ਹਿੰਮਤ ਨਾਲ ਭਰੀ ਹੋਈ ਹੈ। ਜਿੰਨੀ ਗਹਿਰਾਈ ਨਾਲ ਅਸੀਂ ਆਪਣੇ ਮਨ ਨੂੰ ਸਮਝਦੇ ਹਾਂ, ਓਨੀ ਹੀ ਗਹਿਰਾਈ ਨਾਲ ਅਸੀਂ ਮਨੁੱਖਤਾ ਨੂੰ ਵੀ ਸਮਝ ਸਕਦੇ ਹਾਂ।ਸਾਡਾ ਮਨ ਸਿਰਫ਼ ਸੋਚਣ ਦਾ ਸਾਧਨ ਨਹੀਂ, ਸਗੋਂ ਇੱਕ ਜੀਉਂਦੀ ਕਹਾਣੀ ਹੈ, ਜੋ ਹਰ ਰੋਜ਼ ਨਵੇਂ ਅਧਿਆਇ ਲਿਖ ਰਹੀ ਹੈ।

ਸੰਪਰਕ : +12792453149

# ਸਰਵੇਲੈਂਸ ਪ੍ਰਾਈਸਿੰਗ ਹੁਣੇ ਬੰਦ ਕਰੋ

ਜੈਨੀ ਕਵਾਨ

ਅਨੁ. : ਸੁਖਵੰਤ ਹੁੰਦਲ

ਕੈਨੇਡੀਅਨ ਲੋਕਾਂ ਨਾਲ ਚੈੱਕਆਊਟ (ਕੈਸ਼ੀਅਰ ਕਾਊਂਟਰ) 'ਤੇ ਲਗਾਤਾਰ ਠੱਗੀ ਮਾਰੀ ਜਾ ਰਹੀ ਹੈ ਅਤੇ ਬਹੁਤਿਆਂ ਨੂੰ ਪਤਾ ਵੀ ਨਹੀਂ ਕਿ ਕਿਵੇਂ। ਕੰਮਕਾਜੀ ਕੈਨੇਡੀਅਨ ਲੋਕਾਂ ਅਤੇ ਸਥਿਰ ਆਮਦਨ 'ਤੇ ਗੁਜ਼ਾਰਾ ਕਰ ਰਹੇ ਬਜ਼ੁਰਗਾਂ ਨੂੰ ਧੋਖਾ ਦੇਣ ਲਈ ਤਕਨੀਕੀ ਅਰਬਪਤੀ (ਟੈਕ ਬਿਲੀਅਨਿਅਰ) ਗਰੌਸਰੀ ਸਟੋਰਾਂ ਦੇ ਮਾਲਕਾਂ ਨਾਲ ਰਲ ਕੇ ਸਾਜ਼ਿਸ਼ ਕਰ ਰਹੇ ਹਨ। ਜਦੋਂ ਪਰਵਾਰ ਗਰੌਸਰੀ ਦੇ ਬਿੱਲਾਂ ਅਤੇ ਘਰਾਂ ਦੇ ਕਿਰਾਏ ਅਦਾ ਕਰਨ ਲਈ ਜੱਦੋਜਹਿਦ ਕਰ ਰਹੇ ਹਨ, ਉਸ ਸਮੇਂ ਰੀਟੇਲਰ (ਪਰਚੂਨ ਵਿਕਰੇਤਾ) ਚੁੱਪ-ਚਾਪ 'ਸਰਵੇਲੈਂਸ ਪ੍ਰਾਈਸਿੰਗ' ਭਾਵ ਨਿਗਰਾਨੀ ਦੇ ਅਧਾਰ 'ਤੇ ਕੀਮਤਾਂ ਨਿਰਧਾਰਤ ਕਰਨ ਵਾਲਾ ਇਕ ਨਵਾਂ ਹਥਿਆਰ ਵਰਤ ਰਹੇ ਹਨ। ਤੁਹਾਡਾ ਫ਼ੋਨ, ਤੁਹਾਡੀ ਬ੍ਰਾਊਜ਼ਿੰਗ ਹਿਸਟਰੀ, ਤੁਹਾਡੀ ਪੋਸਟਲ ਕੋਡ, ਤੁਹਾਡੀਆਂ ਪਿਛਲੀਆਂ ਖਰੀਦਾਂ—ਇਹ ਸਭ ਕੁਝ ਐਲਗੋਰਿਦਮਾਂ ਵਿੱਚ ਪਾਇਆ ਜਾਂਦਾ ਹੈ, ਜੋ ਸਿਰਫ ਕਿਸੇ ਵਸਤ (ਪ੍ਰੋਡਕਟ) ਦੀ ਕੀਮਤ ਹੀ ਨਹੀਂ ਮਿੱਥਦੇ, ਸਗੋਂ ਇਹ ਵੀ ਦੇਖਦੇ ਹਨ ਕਿ ਤੁਸੀਂ ਖ਼ੁਦ ਕਿੰਨੀ ਕੀਮਤ ਅਦਾ ਕਰਨ ਨੂੰ ਤਿਆਰ ਹੋ ਸਕਦੇ ਹੋ। ਈਮਾਨਦਾਰੀ ਨਾਲ ਇਹ ਕੈਨੇਡੀਅਨ ਲੋਕਾਂ ਲਈ ਇਕ ਬਿਮਾਰ, ਭ੍ਰਿਸ਼ਟ ਅਤੇ ਅਣਉਚਿਤ ਗੱਲ ਹੈ।

ਹੋ ਸਕਦਾ ਹੈ ਕਿ ਕ੍ਰੈਕਰਾਂ ਦਾ ਇੱਕੋ ਬਕਸਾ ਖਰੀਦਣ ਵਾਲੇ ਦੋ ਵਿਅਕਤੀ ਉਸ ਲਈ ਵੱਖ-ਵੱਖ ਕੀਮਤਾਂ ਅਦਾ ਕਰਨ। ਇਹ ਸਿਰਫ ਇਸ ਗੱਲ 'ਤੇ ਨਿਰਭਰ ਹੈ ਕਿ ਕੰਪਿਊਟਰ ਕੀ ਸੋਚਦਾ ਹੈ ਕਿ ਉਹ ਉਨ੍ਹਾਂ ਵਿੱਚੋਂ ਹਰ ਇਕ ਤੋਂ ਕਿੰਨੀ ਵਸੂਲੀ ਕਰ ਸਕਦਾ ਹੈ। ਇਹ ਕੋਈ ਦੂਰ ਭਵਿੱਖ ਵਿੱਚ ਹੋਣ ਵਾਲਾ ਬਦਸੂਰਤ ਭਵਿੱਖ (ਡਿਸਟੋਪੀਅਨ ਸਿਨੈਰੀਓ) ਨਹੀਂ ਹੈ। ਇਹ ਹੁਣ ਇਸ ਸਮੇਂ ਵਾਪਰ ਰਿਹਾ ਹੈ ਅਤੇ ਇਸ 'ਤੇ ਸਾਨੂੰ ਸਾਰਿਆਂ ਨੂੰ ਗੁੱਸਾ ਆਉਣਾ ਚਾਹੀਦਾ ਹੈ।

ਦੇਸ਼ ਭਰ ਵਿੱਚ ਗਰੌਸਰੀ ਅਤੇ ਰੀਟੇਲ ਸੈਕਟਰ ਵਿੱਚ ਕੰਮ ਕਰਨ ਵਾਲੇ ਹਜ਼ਾਰਾਂ ਵਰਕਰਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨਾਈਟਿਡ ਫੂਡ ਐਂਡ ਕਮਰਸ਼ੀਅਲ ਵਰਕਰਜ਼ ਯੂਨੀਅਨ ("63➡) ਨੇ ਪਹਿਲਾਂ ਹੀ ਖਤਰੇ ਦੀ ਘੰਟੀ ਵਜਾ ਦਿੱਤੀ ਹੈ। ਇਸ ਦੇ ਮੈਂਬਰ ਬਿਨਾਂ ਕਿਸੇ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਗਾਹਕਾਂ ਤੋਂ ਵੱਧ ਤੋਂ ਵੱਧ ਵਸੂਲੀ ਕਰਨ ਲਈ ਤਿਆਰ ਕੀਤੇ ਇਨ ਰੀਅਲ ਟਾਈਮ-ਪ੍ਰਾਈਸਿੰਗ ਇਨਫ੍ਰਾਸਟ੍ਰਕਚਰ ਦੇ ਪ੍ਰਬੰਧ ਨੂੰ ਲਾਗੂ ਹੁੰਦਾ ਦੇਖ ਰਹੇ ਹਨ। (ਇਨ ਰੀਅਲ ਟਾਈਮ-ਪ੍ਰਾਈਸਿੰਗ ਇਨਫ੍ਰਾਸਟ੍ਰਕਚਰ ਇਕ ਅਜਿਹਾ ਬੁਨਿਆਦੀ ਢਾਂਚਾ ਹੈ, ਜੋ ਕੰਪਨੀਆਂ ਨੂੰ ਮਾਰਕੀਟ ਦੀਆਂ ਹਾਲਤਾਂ ਅਨੁਸਾਰ ਕੀਮਤਾਂ ਵਿੱਚ ਤਬਦੀਲੀ ਕਰਨ ਦੇ ਯੋਗ ਬਣਾਉਂਦਾ ਹੈ—ਅਨੁਵਾਦਕ) ਇਹ ਕੰਪਨੀਆਂ ਸੋਚਦੀਆਂ ਹਨ ਕਿ ਜੇ ਸਰਕਾਰ ਨਜ਼ਰ-ਅੰਦਾਜ਼ ਕਰਨ ਨੂੰ ਤਿਆਰ ਹੈ ਤਾਂ ਉਹ ਜੋ ਮਰਜ਼ੀ ਕਰ ਸਕਦੀਆਂ ਹਨ।

ਜ਼ਰਾ ਸੋਚੋ ਕਿ ਇਹ ਖਰੀਦਦਾਰੀ ਦੀ ਬੁਨਿਆਦੀ ਧਾਰਨਾ ਨਾਲ ਕੀ ਕਰਦਾ ਹੈ। ਜੇ ਕੀਮਤ ਇਸ ਗੱਲ 'ਤੇ ਬਦਲਦੀ ਹੈ ਕਿ ਕੌਣ ਖ੍ਰੀਦ ਰਿਹਾ ਹੈ ਤਾਂ ਤੁਸੀਂ ਵੱਖ-ਵੱਖ ਥਾਂਵਾਂ 'ਤੇ ਕੀਮਤਾਂ ਦਾ ਮੁਕਾਬਲਾ ਕਰਕੇ ਖਰੀਦਦਾਰੀ ਨਹੀਂ ਕਰ ਸਕਦੇ। ਜੇ ਸੈਲਫ 'ਤੇ ਲਿਖੇ ਨੰਬਰ ਕਲਾਊਡ ਵਿੱਚ ਮੌਜੂਦ ਤੁਹਾਡੇ ਡੈਟਾ ਪ੍ਰੋਫਾਈਲ ਦੇ ਆਧਾਰ 'ਤੇ ਬਦਲਦੇ ਰਹਿਣ ਤਾਂ ਤੁਸੀਂ ਜਾਣਕਾਰੀ ਅਧਾਰਤ ਫੈਸਲੇ (ਇਨਫੌਰਮਡ ਡਿਸੀਜ਼ਨ) ਨਹੀਂ ਲੈ ਸਕਦੇ। ਮਾਰਕੀਟ ਨੂੰ ਕਾਇਮ ਰੱਖਣ ਵਾਲਾ ਬੁਨਿਆਦੀ ਭਰੋਸਾ ਖਤਮ ਹੋਣਾ ਸ਼ੁਰੂ ਹੋ ਜਾਂਦਾ ਹੈ।ਕੰਮਕਾਜੀ ਪਰਵਾਰਾਂ, ਸਥਿਰ ਆਮਦਨ ਵਾਲੇ ਬਜ਼ੁਰਗਾਂ, ਪੇਂਡੂ ਜਾਂ ਘੱਟ-ਸੇਵਾਵਾਂ ਵਾਲੇ ਭਾਈਚਾਰਿਆਂ ਦੇ ਲੋਕਾਂ— ਐਲਗੋਰਿਦਮ, ਜਿਹਨਾਂ ਲੋਕਾਂ ਦੀ ਵੀ ਘੱਟ ਚੋਣਾਂ ਵਾਲੇ ਲੋਕਾਂ ਵਜੋਂ ਪਛਾਣ ਕਰੇ, ਦਾ ਸ਼ੋਸ਼ਣ ਕੀਤਾ ਜਾਵੇਗਾ। ਇਹ ਕੋਈ ਮਾਰਕੀਟ ਨਹੀਂ ਹੈ, ਸਗੋਂ ਕੀਮਤਾਂ ਦੇ ਸੰਬੰਧ ਵਿੱਚ ਸਿੱਧੀ-ਸਾਦੀ ਠੱਗੀ (pirce gouigng) ਹੈ। ਜੇ ਕੈਨੇਡੀਅਨ ਲੋਕਾਂ ਨੂੰ ਪਤਾ ਹੋਵੇ ਕਿ ਇਹ ਹੋ ਰਿਹਾ ਹੈ, ਤਾਂ ਉਹ ਇਸ ਨੂੰ ਰੱਦ ਕਰਨਗੇ।

ਪ੍ਰੀਮੀਅਰ ਵੈਬ ਕਿਨਿਊ ਦੀ ਅਗਵਾਈ ਵਾਲੀ ਮੈਨੀਟੋਬਾ ਦੀ ਐੱਨ ਡੀ ਪੀ ਸਰਕਾਰ ਪਹਿਲਾਂ ਹੀ ਇਹਨਾਂ ਅਮਲਾਂ ਨੂੰ ਬੈਨ ਕਰਨ ਲਈ ਅੱਗੇ ਵੱਧ ਚੁੱਕੀ ਹੈ। ਮੈਨੀਟੋਬਾ ਕੈਨੇਡਾ ਵਿੱਚ ਅਜਿਹਾ ਕਰਨ ਵਾਲਾ ਪਹਿਲਾ ਸੂਬਾ ਹੈ। ਅਮਰੀਕਾ ਅਤੇ ਯੂਰਪ ਵਿਚਲੇ ਕਾਨੂੰਨ ਬਣਾਉਣ ਵਾਲੇ ਵੀ ਇਸ ਤਰ੍ਹਾਂ ਦੇ ਉਪਾਵਾਂ 'ਤੇ ਗੌਰ ਕਰ ਰਹੇ ਹਨ। ਇੱਥੋਂ ਦੇ ਕੰਪੀਟੀਸ਼ਨ ਬਿਊਰੋ ਨੂੰ ਵੀ ਇਸ ਵੱਲ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ।

ਐੱਨ ਡੀ ਪੀ ਦਾ ਮੰਨਣਾ ਹੈ ਕਿ ਇਸ ਤੋਂ ਪਹਿਲਾਂ ਕਿ ਇਹ ਨਵਾਂ ਮਿਆਰ ਆਮ (new normal) ਬਣ ਜਾਵੇ, ਔਟਾਵਾ ਨੂੰ ਇਸ ਬਾਰੇ ਕਾਰਵਾਈ ਕਰਨੀ ਚਾਹੀਦੀ ਹੈ। ਇਸ ਲਈ ਸਾਡੇ ਨਵੇਂ ਲੀਡਰ ਅਵੀ ਲੂਈਸ ਨੇ ਫੈਡਰਲ ਸਰਕਾਰ ਨੂੰ ਸਰਵੇਲੈਂਸ ਪ੍ਰਾਈਸਿੰਗ (ਨਿਗਰਾਨੀ ਅਧਾਰਤ ਕੀਮਤਾਂ ਨਿਰਧਾਰਤ ਕਰਨ ਦੇ ਅਮਲ) 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ, ਭਾਵੇਂ ਇਹ ਔਨਲਾਈਨ ਹੋਵੇ ਜਾਂ ਇੱਟਾਂ-ਸੀਮੈਂਟ ਨਾਲ ਬਣੇ ਸਟੋਰਾਂ ਵਿੱਚ। ਜੇ ਸਰਕਾਰ ਨੇ ਤੁਰੰਤ ਕਾਰਵਾਈ ਨਾ ਕੀਤੀ, ਤਾਂ ਇਸ ਬਾਰੇ ਕੁਝ ਵੀ ਕਰਨ ਵਿੱਚ ਬਹੁਤ ਦੇਰ ਹੋ ਜਾਵੇਗੀ।

ਇਹ ਤਕਨਾਲੋਜੀ ਦਾ ਵਿਰੋਧ ਕਰਨ ਦੀ ਗੱਲ ਨਹੀਂ ਹੈ। ਇਹ ਇੱਕ ਸਪੱਸ਼ਟ ਹੱਦ ਨਿਰਧਾਰਤ ਕਰਨ ਦੀ ਗੱਲ ਹੈ: ਨਿੱਜੀ ਡੈਟਾ ਦੀ ਵਰਤੋਂ ਉਹਨਾਂ ਲੋਕਾਂ ਤੋਂ ਵੱਧ ਤੋਂ ਵੱਧ ਪੈਸੇ ਕਢਵਾਉਣ ਲਈ ਨਹੀਂ ਕੀਤੀ ਜਾਣੀ ਚਾਹੀਦੀ, ਜੋ ਪਹਿਲਾਂ ਹੀ ਬਹੁਤ ਤੰਗ ਹਨ।

ਕੈਨੇਡੀਅਨ ਇਸ ਗੱਲ ਦੇ ਹੱਕਦਾਰ ਹਨ ਕਿ ਜਿਹੜੀ ਕੀਮਤ ਟੈਗ 'ਤੇ ਲਿਖੀ ਹੋਈ ਹੈ, ਸਾਰੇ ਉਹ ਹੀ ਅਦਾ ਕਰਨ। ਨਾ ਕਿ ਕਲਾਊਡ ਵਿੱਚ ਪਏ ਆਪਣੇ ਡੈਟਾ ਅਤੇ ਕ੍ਰੈਡਿਟ ਹਿਸਟਰੀ ਦੇ ਅਧਾਰ 'ਤੇ ਮਿੱਥੀ ਕੀਮਤ। ਸਰਕਾਰ ਨੂੰ ਖਪਤਕਾਰਾਂ ਦੀ ਸੁਰੱਖਿਆ ਲਈ ਤਕਨੀਕੀ ਨਵੀਨਤਾ (ਟੈਕਨਾਲੋਜੀਕਲ ਇਨੋਵੇਸ਼ਨ) ਲਈ ਕੁਝ ਨਿਯਮ ਬਣਾਉਣੇ ਚਾਹੀਦੇ ਹਨ। ਜੇ ਵੱਡੀਆਂ ਕਾਰਪੋਰੇਸ਼ਨਾਂ ਨੂੰ ਉਨ੍ਹਾਂ ਦੇ ਆਪਣੇ ਢੰਗਾਂ ਅਤੇ ਤਰਕਾਂ 'ਤੇ ਛੱਡ ਦਿੱਤਾ ਜਾਵੇ, ਤਾਂ ਉਹ ਮੁਨਾਫਾ ਕਮਾਉਣ ਲਈ ਹਮੇਸ਼ਾਂ ਹੀ ਨੈਤਿਕਤਾ ਦੇ ਮਿਆਰਾਂ ਤੋਂ ਨੀਵੀਆਂ ਰਹਿਣਗੀਆਂ।

ਮਹਿੰਗਾਈ ਦਾ ਸੰਕਟ ਹਰ ਥਾਂ 'ਤੇ ਕਾਰਵਾਈ ਦੀ ਮੰਗ ਕਰਦਾ ਹੈ। ਸਰਵੇਲੈਂਸ ਪ੍ਰਾਈਸਿੰਗ ਨੂੰ ਜੜ੍ਹਾਂ ਜਮਾਉਣ ਤੋਂ ਪਹਿਲਾਂ ਹੀ ਰੋਕਣਾ ਸਰਕਾਰ ਦੀ ਤਰਜੀਹ ਹੋਣੀ ਚਾਹੀਦੀ ਹੈ।

ਸਫ਼ਾ 3 ਦੀ ਬਾਕੀ

## ਸੂਖਮ ਅਹਿਸਾਸਾਂ ਦਾ ਦਸਤਾਵੇਜ਼ ...

ਵਿਗਿਆਨੀ ਪੁਸ਼ਪਿੰਦਰ ਜੈ ਰੂਪ ਨੂੰ ਵੀ ਤੇ ਜਤਿੰਦਰ ਪੰਨੂ ਨੂੰ ਵੀ, ਕਿਉਂਕਿ ਇਹਨਾਂ ਪੁਜ਼ੀਸ਼ਨਾਂ, ਅਹੁਦਿਆਂ ਜਾਂ ਵਰਤੋਂ ਵਿਹਾਰ ਵਿੱਚ ਰਾਜਨੀਤੀ ਨਾਲ ਵਾਹ ਪੈਣ ਦੀਆਂ ਸੰਭਾਵਨਾਵਾਂ ਜ਼ਿਆਦਾ ਹੁੰਦੀਆਂ ਹਨ। ਉਹ ਸੱਤਾ ਅਤੇ ਸਿਆਸਤ ਦੀ ਨੀਤ ਅਤੇ ਨੀਤੀਆਂ ਵਿਚਲੇ ਫ਼ਰਕ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਉਹ ਬਲਵੀਰ ਸਿੰਘ ਤੋਂ ਕਿਸੇ ਅਧੂਰੀ ਰਹਿ ਗਈ ਤਮੰਨਾ ਬਾਰੇ ਪੁੱਛਦਾ ਹੈ ਤਾਂ ਬਲਵੀਰ ਸਿੰਘ ਆਖਦਾ ਹੈ, '1961 ਵਿਚ ਮੈਂ ਖੇਡ ਡਾਇਰੈਕਟਰ ਪੰਜਾਬ ਸੀ, ਮੇਰੀ ਕੋਸ਼ਿਸ਼ ਸੀ ਕਿ ਇਕ ਹਾਕੀ ਸਟੇਡੀਅਮ ਬਣਾਇਆ ਜਾਵੇ, ਪਰ ਇਹ ਨਹੀਂ ਹੋ ਸਕਿਆ। ਤੁਹਾਨੂੰ ਪਤੈ ਕਿ ਸਾਡੇ ਗੰਦੀ ਸਿਆਸਤ ਬਹੁਤ ਚਲਦੀ ਹੈ।' ਪੁਸ਼ਪਿੰਦਰ ਜੈ ਰੂਪ ਦਾ ਅਜੋਕੀ ਸਿਆਸਤ ਅਤੇ ਸਿੱਖਿਆ ਪ੍ਰਤੀ ਨਜ਼ਰੀਆ ਇਹਨਾਂ ਦੋ ਗੱਲਾਂ ਤੋਂ ਦੇਖਿਆ ਜਾਂ ਸਮਝਿਆ ਜਾ ਸਕਦਾ ਹੈ ਜਦੋਂ ਉਹ ਕਹਿੰਦੀ ਹੈ, 'ਅੱਜ-ਕੱਲ੍ਹ ਤਾਂ ਸਰਕਾਰ ਨੇ ਯੂਨੀਵਰਸਿਟੀਆਂ ਦੀ ਮਦਦ ਕਰਨੀ ਵੀ ਬੰਦ ਜਾਂ ਘਟਾ ਦਿੱਤੀ ਹੈ, ਉੱਥੇ ਵੀ ਬੁਰਾ ਹੈ। ਬਾਕੀ ਪ੍ਰੈਕਟੀਕਲਾਂ ਦੇ ਬਿਨਾਂ ਡਿਗਰੀਆਂ ਤਾਂ ਜ਼ਰੂਰ ਦਿੱਤੀਆਂ ਜਾ ਰਹੀਆਂ ਹਨ, ਪਰ ਬੱਚੇ ਖਾਸ ਕਰਕੇ ਵਿਗਿਆਨ ਦੀਆਂ ਡਿਗਰੀਆਂ ਦੇ ਕਾਬਲ ਨਹੀਂ ਹੁੰਦੇ ਅਤੇ ਉਹਨਾਂ ਦਾ ਗਿਆਨ ਅਧੂਰਾ ਹੁੰਦਾ ਹੈ।'

ਜਤਿੰਦਰ ਪੰਨੂ ਵੀ ਅਜੋਕੇ ਸਿੱਖਿਆ ਪ੍ਰਬੰਧਾਂ ਦੇ ਕਾਫੀ ਹਿੱਸੇ ਨੂੰ ਵਪਾਰਕ ਕੇਂਦਰਾਂ ਵਜੋਂ ਸਥਾਪਤ ਹੋਏ ਕੇਂਦਰ ਆਖਦਾ ਹੈ। ਏਦਾਂ ਕਰਦਿਆਂ ਸਤਨਾਮ ਢਾਅ ਸਿਰਫ਼ ਪੰਜਾਬੀ ਭਾਸ਼ਾ, ਰਾਜਨੀਤੀ ਜਾਂ ਪੰਜਾਬ ਦੀ ਸਿੱਖਿਆ ਪ੍ਰਣਾਲੀ ਦੀ ਹੀ ਝਾਤ ਨਹੀਂ ਪਵਾਉਂਦਾ, ਸਗੋਂ ਉਹ ਪੰਜਾਬ ਦੇ ਲੋਕਾਂ ਦੀ ਗਿਆਨ ਤੋਂ ਸੱਖਣੀ ਡਿਗਰੀਆਂ ਨਾਲ ਲੈਸ ਜਮਾਤ ਵਜੋਂ ਨਿਸ਼ਾਨਦੇਹੀ ਕਰਦਾ ਵੀ ਨਜ਼ਰ ਆਉਂਦਾ ਹੈ। ਹਾਂ ਇਸ ਵਿੱਚ ਜ਼ਿਆਦਾ ਕਸੂਰ ਰਾਜਨੀਤਕ ਦ੍ਰਿਸ਼ ਦਾ ਹੈ, ਜਿਸ ਕਰਕੇ ਕਿਸੇ ਵੀ ਸੰਸਥਾ ਜਾਂ ਵਿਦਿਆਰਥੀਆਂ ਨੂੰ ਉਸ ਪੱਧਰ 'ਤੇ ਪਹੁੰਚਾ ਦਿੱਤਾ ਜਾਂਦਾ ਹੈ, ਜਿੱਥੇ ਉਹ ਸਿਰਫ ਕਾਠ ਦੇ ਘੋੜੇ ਬਣ ਕੇ ਰਹਿ ਜਾਂਦੇ ਹਨ ਅਤੇ ਗਿਆਨ ਕਿਤੇ ਪਾਸੇ ਪਿਆ ਰਹਿ ਜਾਂਦਾ ਹੈ।

ਸਤਨਾਮ ਢਾਅ ਦੀਆਂ ਕੀਤੀਆਂ ਇਹ ਮੁਲਾਕਾਤਾਂ ਦਾ ਇੱਕ ਹੋਰ ਮਹੱਤਵਪੂਰਨ ਨੁਕਤਾ ਇਹ ਵੀ ਹੈ ਕਿ ਉਹ ਰਚਨਾਕਾਰ ਤੋਂ ਉਸ ਦੇ ਜੀਵਨ ਅਤੇ ਉਸ ਦੀ ਸਿਰਜਣ ਪ੍ਰਕਿਰਿਆ ਬਾਰੇ ਸਵਾਲ ਜ਼ਰੂਰ ਕਰਦਾ ਹੈ। ਉਹ ਉਨ੍ਹਾਂ ਸਥਿਤੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ, ਜਿਨ੍ਹਾਂ ਵਿੱਚ ਕੋਈ ਰਚਨਾਕਾਰ ਐਥਲੀਟ, ਵਿਗਿਆਨੀ, ਪੱਤਰਕਾਰ ਜਾਂ ਕਿਸੇ ਵੀ ਖੇਤਰ ਦਾ ਵਿਸ਼ੇਸ਼ੱਗ ਬਣ ਕੇ ਸਾਹਮਣੇ ਆਉਂਦਾ ਹੈ। ਸਤਨਾਮ ਢਾਅ ਉਹਨਾਂ ਲੋਕਾਂ ਦੀਆਂ ਪਦਾਰਥਕ, ਸਮਾਜਿਕ ਅਤੇ ਪ੍ਰਕਿਰਤਿਕ ਹਾਲਤਾਂ ਦਾ ਜਾਇਜ਼ਾ ਲੈਂਦਾ ਹੈ ਅਤੇ ਉਸ ਦੇ ਜਿਸ ਮੁਕਾਮ ਵਿੱਚੋਂ ਉਸ ਦੀ ਸ਼ਖ਼ਸੀਅਤ ਨਿਰਮਤ ਹੋਈ ਹੈ, ਦੀ ਬਾਰੀਕੀ ਨਾਲ ਪੁਣ-ਛਾਣ ਕਰਦਾ ਹੈ। ਇਹ ਪੁਣ-ਛਾਣ ਜਿੱਥੇ ਸਾਹਮਣੇ ਵਾਲੇ ਦੀ ਮਿਹਨਤ ਅਤੇ ਸਿਦਕ ਦਾ ਸਬੂਤ ਬਣਦੀ ਹੈ, ਉਥੇ ਉਸ ਵੇਲੇ ਦੇ ਸਮਾਜਿਕ-ਇਤਿਹਾਸਿਕ ਪ੍ਰਸੰਗਾਂ ਨੂੰ ਸਮਝਣ ਦਾ ਵਸੀਲਾ ਵੀ ਬਣਦੀ ਹੈ। ਬਲਵੀਰ ਸਿੰਘ ਸੀਨੀਅਰ ਕਿਵੇਂ ਧਿਆਨ ਚੰਦ ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਹੋ ਕੇ ਹਾਕੀ ਦਾ ਚਮਕਦਾ ਸਿਤਾਰਾ ਬਣਦਾ ਹੈ। ਸਮਾਂ ਅਤੇ ਹਾਲਾਤ ਇਨਸਾਨ ਦੇ ਮਿਹਨਤ ਕੀਤਿਆਂ ਬਦਲ ਸਕਦੇ ਹਨ। ਇਸ ਦਾ ਅੰਦਾਜ਼ਾ ਬਲਵੀਰ ਸਿੰਘ ਸੀਨੀਅਰ ਦੀ ਮੁਲਾਕਾਤ ਪੜ੍ਹ ਕੇ ਲੱਗਦਾ ਹੈ।

ਸਤਨਾਮ ਢਾਅ ਪੱਤਰਕਾਰੀ ਦੇ ਦਾਅ-ਪੇਚ, ਦਰਪੇਸ਼ ਸਮੱਸਿਆਵਾਂ ਅਤੇ ਚੁਣੌਤੀਆਂ ਬਾਰੇ ਜਤਿੰਦਰ ਪੰਨੂ ਨਾਲ ਨਿੱਠ ਕੇ ਸਵਾਲ-ਜਵਾਬ ਕਰਦਾ ਹੈ। ਉਹ ਪੱਤਰਕਾਰੀ ਦੀ ਸਮਾਜ ਵਿੱਚ ਬਣਦੀ ਭੂਮਿਕਾ ਤੇ ਯੋਗਦਾਨ ਤੋਂ ਲੈ ਕੇ ਉਸ ਵਿੱਚ ਫੈਲੇ ਗੰਧਲੇਪਣ, ਰਾਜਨੀਤੀ ਅਤੇ ਡੇਰਿਆਂ ਦੀ ਸਿਆਸਤ ਕਿਸਮ ਦੀ ਦਖ਼ਲ-ਅੰਦਾਜ਼ੀ ਤੱਕ ਦੀਆਂ ਪਰਤਾਂ ਉਧੇੜਦਾ ਹੈ। ਪੱਤਰਕਾਰੀ ਦੇ ਯੋਗਦਾਨ ਦੇ ਨਾਲ-ਨਾਲ ਇਸ ਦੇ ਡਿਗਦੇ ਮਿਆਰ ਅਤੇ ਇਸ ਦੇ ਸਿਆਸੀ ਧੁੰਦਲਕੇ ਵਿੱਚ ਕੁਝ ਪ੍ਰਤੀਬੱਧ ਕਿਸਮ ਦੇ ਪੱਤਰਕਾਰਾਂ ਦੀ ਗੱਲ ਕਰਦੇ ਹੋਏ ਉਹਨਾਂ ਲੋਕਾਂ 'ਤੇ ਮਾਣ ਕਰਦਾ ਹੈ ਜਿਹੜੇ ਆਪਣੇ ਪੈਰ ਜਮਾਈ ਖੜ੍ਹੇ ਰੱਖਣ ਵਿੱਚ ਸਿਸਟਮ ਨਾਲ ਦਸਤਪੰਜਾ ਲੈ ਰਹੇ ਹਨ। ਜਿਸ ਵਕਤ ਸੰਪਾਦਕ, ਪੱਤਰਕਾਰ ਜਾਂ ਰੇਡੀਓ ਟੀ.ਵੀ. ਸੰਚਾਲਕ ਸਰਕਾਰੀ ਇਸ਼ਤਿਹਾਰ ਲੈਣ ਲਈ ਚਾਪਲੂਸੀਆਂ ਕਰਦੇ ਹਨ ਅਤੇ ਲੋਕਤੰਤਰ ਦੇ ਇਸ ਥੰਮ੍ਹ ਨੂੰ ਜੜ੍ਹੋਂ ਹਿਲਾਉਣ ਲੱਗੇ ਹਨ, ਨੂੰ ਉਘਾੜਨ ਦਾ ਵੀ ਬਾਖ਼ੂਬੀ ਯਤਨ ਕਰਦਾ ਹੈ। ਜਦੋਂ ਉਸ ਨੂੰ ਵਿਦੇਸ਼ਾਂ, ਖਾਸ ਕਰ ਬਰਤਾਨੀਆ ਦੀ ਪੱਤਰਕਾਰੀ ਦੇ ਭਵਿੱਖ ਬਾਰੇ ਪੁੱਛਿਆ ਜਾਂਦਾ ਹੈ ਤਾਂ ਉਹ ਇੱਕ-ਦੋ ਨਵੇਂ ਅਖ਼ਬਾਰਾਂ ਜਾਂ ਚੈਨਲਾਂ ਨੂੰ ਛੱਡ ਕੇ ਉਸ 'ਤੇ ਵੀ ਨਿਰਾਸ਼ਾ ਜ਼ਾਹਿਰ ਕਰਦਾ ਹੈ, ਪਰ ਜਦੋਂ ਇੰਨਾ ਵੱਡਾ ਪੱਤਰਕਾਰ ਅਜੰਤਾ ਤੇ ਅਲੋਰਾ ਦੀਆਂ ਗੁਫਾਵਾਂ ਨੂੰ ਅਸ਼ਲੀਲਤਾ ਦੇ ਕੋਣ ਤੋਂ ਪਰਿਭਾਸ਼ਿਤ ਕਰਦਾ ਹੈ ਤਾਂ ਹੈਰਾਨੀ ਹੁੰਦੀ ਹੈ। ਉਹ ਇਸ ਲਈ ਟੀ.ਵੀ. ਤੇ ਅਖ਼ਬਾਰਾਂ ਵਿੱਚ ਅਰਧ-ਨੰਗੇ ਵਿਗਿਆਪਨਾਂ ਨੂੰ ਡਿਫੈਂਡ ਕਰਨ ਲਈ ਲੋਕਾਂ ਦੇ ਮਨਾਂ ਵਿੱਚ ਪਈ ਅਸ਼ਲੀਲਤਾ ਦਾ ਹਵਾਲਾ ਦਿੰਦਾ ਹੈ ਅਤੇ ਇਸ ਸਵਾਲ ਵਿੱਚੋਂ ਬਾਹਰ ਆਉਣਾ ਚਾਹੁੰਦਾ ਹੈ, ਜੋ ਤਰਕ ਸੰਗਤ ਨਹੀਂ ਲੱਗਦਾ।

ਸਤਨਾਮ ਢਾਅ ਦਾ ਇਹ ਯਤਨ ਕਾਬਿਲੇ-ਤਾਰੀਫ਼ ਹੈ। ਉਸ ਨੇ ਸਾਹਿਤਕ ਖੇਤਰ ਦੇ ਨਾਲ-ਨਾਲ ਉਸ ਤੋਂ ਵੱਖਰੀਆਂ, ਪਰ ਗੌਲਣਯੋਗ ਹਸਤੀਆਂ ਨਾਲ ਸੰਵਾਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਤਨਾਮ ਢਾਅ ਜਿਸ ਨਾਲ ਮੁਲਾਕਾਤ ਕਰਦਾ ਹੈ, ਉਸ ਦਾ ਤੁਆਰਫ਼ ਕਰਾਉਂਦਿਆਂ ਕੁਝ ਥਾਵਾਂ 'ਤੇ ਵਰਤਾਰਿਆਂ ਨੂੰ ਬਾਰੀਕੀ ਨਾਲ ਵੇਖਣ ਦੀ ਥਾਂ ਮੋਟੀ-ਠੁੱਲ੍ਹੀ ਰਾਇ ਦੇਣ ਦਾ ਸ਼ਿਕਾਰ ਵੀ ਹੋ ਜਾਂਦਾ ਹੈ। ਜੁਗਿੰਦਰ ਅਮਰ ਬਾਰੇ ਤੁਆਰਫ਼ ਕਰਾਉਂਦਾ ਹੋਇਆ ਉਹ ਆਖਦਾ ਹੈ ਕਿ 'ਉਹ ਪ੍ਰਗੀਤਕ ਕਵਿਤਾ ਦੀ ਬਜਾਇ ਸੰਜੀਦਾ ਸੁਰ ਵਿਚ ਬੌਧਿਕ ਸ਼ਾਇਰੀ ਦਾ ਸ਼ਾਇਰ ਹੈ' ਇਸ ਤਰ੍ਹਾਂ ਸਤਨਾਮ ਢਾਅ ਪ੍ਰਗੀਤ ਨੂੰ ਅਚੇਤ ਹੀ ਸੰਜੀਦਾ ਸ਼ਾਇਰੀ ਦੇ ਵਿਰੋਧ ਵਜੋਂ ਦਰਜ ਕਰ ਦਿੰਦਾ ਹੈ। ਇਸੇ ਤਰ੍ਹਾਂ ਜਦੋਂ ਉਹ ਸੰਤੋਖ ਸਿੰਘ ਸੰਤੋਖ ਬਾਰੇ ਵਾਕਫ਼ੀ ਕਰਾਉਂਦਾ ਹੈ ਤਾਂ ਪਿਆਰ ਦੇ ਅਹਿਸਾਸ ਨੂੰ ਨਿਗੂਣਾ ਜਾਂ ਫ਼ਾਲਤੂ ਕਰਾਰ ਦੇ ਕੇ ਉਸ ਨੂੰ ਜ਼ਿੰਦਗੀ ਪੱਖੀ ਵਿਚਾਰਾਂ ਦੇ ਕਵੀ ਵਜੋਂ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਪਿਆਰ ਅਤੇ ਜ਼ਿੰਦਗੀ ਨੂੰ ਅਚੇਤ ਹੀ ਵਿਰੋਧੀ ਜੁੱਟਾਂ ਵਜੋਂ ਪਰਿਭਾਸ਼ਿਤ ਕਰ ਦਿੰਦਾ ਹੈ। ਇਸ ਦੇ ਬਾਵਜੂਦ ਇਹਨਾਂ ਮੁਲਾਕਾਤਾਂ ਦੀ ਦਸਤਾਵੇਜ਼ੀ ਮਹੱਤਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

ਸੰਪਰਕ 95172-44006

ਸਫ਼ਾ 3 ਦੀ ਬਾਕੀ

## ਮਿੱਥ ਤੋਂ ਮਹਾਂ-ਚੇਤਨਾ ਦਾ ਸਫ਼ਰ ...

ਉਹ ਆਖਦਾ
ਤੂੰ ਅਹਿਲਿਆ ਸੰਪੂਰਨ
ਔਰਤ ਜਾਤੀ ਦਾ ਸਾਰ ਤੱਤ
ਤੇਰਾ ਸੰਘਰਸ਼ ਤੇਰੇ ਨਿਸ਼ਚੈ
ਪੂਰਨ ਔਰਤ ਜਾਤ ਦਾ ਆਧਾਰ ਬਣੇਗਾ।

ਚੌਥਾ ਕਾਵਿ ਖੰਡ ਅਹਿਲਿਆ ਅਤੇ ਗੌਤਮ ਦੇ ਵਿਆਹ ਬਾਰੇ ਹੈ। ਰਿਸ਼ੀ ਜੀਵਨ ਲਈ ਜੋ ਗੱਲਾਂ ਵਿਵਰਜਤ ਸਨ, ਉਹਨਾਂ ਪ੍ਰਤੀ ਗੌਤਮ ਦਾ ਨਜ਼ਰੀਆ ਬਦਲਿਆ ਦਿਖਾਇਆ ਗਿਆ ਹੈ।ਅਹਿਲਿਆ ਪ੍ਰਤੀ ਗੌਤਮ ਦੀ ਕਾਮੁਕ ਭੁੱਖ ਦਾ ਬਿਰਤਾਂਤ ਦਰਜ ਹੈ। ਇਸ ਖੰਡ ਦੀਆਂ ਇਹ ਸਤਰਾਂ ਅਹਿਲਿਆ ਦੇ ਜੀਵਨ ਵਿੱਚ ਇੰਦਰ ਦੀ ਹੋਂਦ ਪ੍ਰਤੀ ਕੁਝ ਪ੍ਰਸ਼ਨ ਵੀ ਖੜੇ ਕਰਦੀਆਂ ਹਨ-

ਮੈਂ ਸੋਚਣ ਲੱਗਦੀ...
ਮੈਂ ਉਸ ਦੇ ਰੰਗਾਂ 'ਚ ਰੰਗੀ ਜਾਂਦੀ
ਜਿਸ ਦੀ ਨਜ਼ਰ 'ਚ ਦੇਹ ਮਹੱਤਵਹੀਣ
ਕਾਮ ਰਸ ਵਿਕਾਰ
ਹੁਣ ਅਰਥਮਈ ਕਿਵੇਂ?
ਉਸ ਦੇ ਜੀਵਨ 'ਚ ਸੰਤੁਲਨ ਆਇਆ
ਹੁਣ ਗ੍ਰਹਿਸਤ ਕਰਮ ਧਰਮ ਪ੍ਰਤੀ ਸਵੀਕ੍ਰਿਤੀ ਦਿੰਦਾ
ਇੱਕ ਪਲ ਲੱਗਦਾ
ਇਹ ਗੌਤਮ ਨਹੀਂ
ਮੈਂ ਉਸ ਦੇ ਪਿਆਰ 'ਚ ਡੁੱਬਦੀ
ਆਪਣਾ ਨਿਤਨੇਮ ਭੁਲਾ ਛੱਡਦੀ
ਅਗਲੇ ਦਿਨ ਉਹ ਅਨੁਸ਼ਾਸਨੀ ਹੋ ਜਾਂਦਾ
ਮੈਂ ਸਮਝ ਗਈ
ਮੇਰੇ ਹਿੱਸੇ ਦਾ ਗੌਤਮ
ਚਾਨਣੀ ਰਾਤ 'ਚ ਹੀ ਮੇਰਾ।

ਪੰਜਵਾਂ ਖੰਡ ਅਹਿਲਿਆ ਦੇ ਦੰਪਤੀ ਜੀਵਨ ਦੇ ਸੁੱਖ ਅਤੇ ਤਣਾਵਾਂ ਬਾਰੇ ਹੈ। ਇਹ ਖੰਡ ਦੇ ਅੰਤਰਗਤ ਅਹਿਲਿਆ ਦੇ ਮਨ ਵਿੱਚ ਸਵੈ ਦੀ ਹੋਂਦ ਅਤੇ ਔਰਤ ਰੂਪ ਵਿੱਚ ਆਪਣੇ ਅਸਤਿਤਵ ਦੇ ਰਹਸ ਪ੍ਰਤੀ ਖਿਆਲਾਂ ਦਾ ਪ੍ਰਭਾਵ ਵਹਿਣਾ ਸ਼ੁਰੂ ਹੁੰਦਾ ਹੈ। ਔਰਤ ਤੇ ਮਰਦ ਲਈ ਵੱਖਰੇ ਸਮਾਜਿਕ ਧਰਮਾਂ ਕਰਮਾਂ ਪ੍ਰਤੀ ਸੰਦੇਹ ਪੈਦਾ ਹੁੰਦਾ ਹੈ। ਔਰਤ ਨੂੰ ਮਰਦ ਦੀ ਇੱਛਾ ਅਧੀਨ ਵਿਚਰਨ ਅਤੇ ਜੀਵਨ ਜਿਉਣ ਲਈ ਸੁਣਾਈਆਂ ਜਾਂਦੀਆਂ ਪੁਰਾਤਨ ਕਥਾਵਾਂ ਦਾ ਅਸਲ ਸੱਚ ਸਮਝ ਆਉਣ ਲੱਗਦਾ ਹੈ। ਗ੍ਰਹਿਸਤ ਜੀਵਨ ਦੇ ਦਵੰਦ ਦੀਆਂ ਕਨਸੋਆਂ ਸੁਣਾਈ ਦੇਣ ਲੱਗਦੀਆਂ ਹਨ। ਗੌਤਮ ਦਾ ਗਿਆਨ ਅਹਿਲਿਆ ਦੀ ਹੋਂਦ ਨੂੰ ਦਬਾ ਕੇ ਰੱਖਣ ਵਾਲਾ ਪ੍ਰਤੀਤ ਹੋਣ ਲੱਗਦਾ ਹੈ। ਉਸ ਦੀ ਚੇਤਨਾ ਵਿੱਚ ਇਹ ਸਵਾਲ ਗੂੰਜਣ ਲੱਗਦੇ ਹਨ ਕਿ ਔਰਤ ਦੀ ਸ਼ਕਤੀ, ਦ੍ਰਿੜ੍ਹਤਾ, ਸੰਕਲਪ ਜੇਕਰ ਬਲ ਦੇ ਸਕਦੀ ਹੈ। ਬਲਹੀਣ ਬਣਾ ਸਕਦੀ ਹੈ. ਜਗਤ ਕਲਿਆਣ ਲਈ ਬਰਾਬਰ ਯੋਗਦਾਨ ਪਾਉਣ ਦੇ ਬਾਵਜੂਦ ਧਰਮ ਕਰਮ ਦੇ ਨਜ਼ਰੀਏ ਤੋਂ ਔਰਤ ਮਰਦ ਵਿੱਚ ਕਾਣੀ ਵੰਡ ਕਿਉਂ ਕੀਤੀ ਜਾਂਦੀ ਹੈ? ਮਰਦ ਆਪਣੇ ਹੰਕਾਰ ਤੇ ਪ੍ਰਭੁਤਾ ਲਈ ਔਰਤ ਦੀ ਹੇਠੀ ਕਿਉਂ ਕਰਦਾ ਹੈ? ਉਸ ਦੀ ਮਾਣ-ਮਰਿਆਦਾ ਨੂੰ ਦਾਅ 'ਤੇ ਕਿਉਂ ਲਾਉਂਦਾ ਹੈ।

ਗਿਆਨ ਦੇ ਜੁਗਨੂੰ
ਮੇਰੇ ਵੱਲ ਵਧਦੇ-ਵਧਦੇ ਮੂੰਹ ਮੋੜਦੇ
ਪਰ ਮੈਂ ਗੌਤਮ ਤੋਂ ਡਰਦੀ
ਚੇਤਨਾ ਦੀ ਲਾਟ ਹਲੂਣਦੀ
ਮੈਂ ਦਬਾਅ ਛੱਡਦੀ ਭਰਮਾ ਛੱਡਦੀ
ਗੌਤਮ ਅਧੀਨਗੀ 'ਚ
ਧਰਮ ਪ੍ਰਤਿਸ਼ਠਤਾ
ਮੈਂ ਸ਼ਬਦ ਸੋਚ ਆਵਾਜ਼ ਦੀ ਮਾਲਕ
ਕਠਪੁਤਲੀ ਵਾਂਗ ਚੁੱਪ ਸੀ
ਮੇਰਾ ਸੰਘਰਸ਼ ਹੋਣ ਲੱਗਾ
ਖ਼ੁਦ ਦਾ ਖ਼ੁਦ ਨਾਲ ਸੰਘਰਸ਼
ਇਹੀ ਸੰਘਰਸ਼ ਅੱਜ ਤੱਕ
ਔਰਤ ਦੇ ਨਾਲ ਏ।

ਅਹਿਲਿਆ ਨੂੰ ਗੌਤਮ ਦਾ ਰਿਸ਼ੀਪਣ ਇੰਦਰ ਵਾਂਗ ਇੰਦਰੀਆਂ ਦਾ ਭੋਗੀ ਮਹਿਸੂਸ ਹੋਣ ਲੱਗਦਾ ਹੈ।ਡਾ. ਨਵਦੀਪ ਵੱਲੋਂ ਉੱਤਰ ਨਾਰੀਵਾਦੀ ਵਿਚਾਰਧਾਰਾ ਦੀਆਂ ਕੁੰਦਰਾਂ ਵਿੱਚੋਂ ਅਹਿਲਿਆ ਨੂੰ ਲੰਘਾਉਂਦਿਆਂ ਔਰਤ ਦੀ ਹੋਂਦ ਤੇ ਹੋਣੀ ਲਈ ਜ਼ਿੰਮੇਵਾਰ ਤੱਤਾਂ ਦੀ ਪਛਾਣ ਦੇਹੀ ਕਰਵਾਈ ਗਈ ਹੈ-

ਗੌਤਮ ਅੰਦਰ ਹਰ ਵਾਰ ਇੰਦਰ ਪ੍ਰਵੇਸ਼ ਕਰਦਾ ਰਿਹਾ
ਜੋ ਮੈਨੂੰ ਹੌਲੀ-ਹੌਲੀ ਭੋਗ ਦੀ
ਚਰਮ ਸੀਮਾ ਤੱਕ ਲੈ ਕੇ ਗਿਆ
ਕੀ ਗੌਤਮ ਕਿਤੇ ਵੀ ਨਹੀਂ ਸੀ?
ਮੈਂ ਪਾਗਲਾਂ ਵਾਂਗ ਹੱਸੀ...
ਇਸ ਧਰਤ ਦਾ ਹਰ ਮਰਦ
ਕਦੀ ਗੌਤਮ ਕਦੀ ਇੰਦਰ
ਉਹ ਖ਼ੁਦ ਕਿੱਥੇ ਹੈ?

ਛੇਵਾਂ ਖੰਡ ਮਹਾਂ-ਚੇਤਨਾ ਹੈ। ਇਹ ਖੰਡ ਅਹਿਲਿਆ ਦੀ ਮਨੋ ਵੇਦਨਾ ਰਾਹੀਂ ਔਰਤ ਪ੍ਰਤੀ ਸਮਾਜਿਕ ਨਜ਼ਰੀਏ ਦੇ ਬਦਲਣ ਅਤੇ ਪਿੱਤਰ ਸੱਤਾ ਅਧੀਨ ਵਿਵਸਥਿਤ ਮਰਦਾਵੀਂ ਸੋਚ ਵਿੱਚ ਬਦਲਾਵ ਦੀ ਆਸ ਪ੍ਰਗਟਾਈ ਗਈ ਹੈ। ਮਹਾਂ-ਚੇਤਨਾ ਦੀ ਧਾਰਨੀ ਔਰਤ ਆਪਣੇ ਜੀਵਨ ਨੂੰ ਨਵ ਅਹਿਸਾਸਾਂ ਦੀ ਚੰਗੇਰ ਨਾਲ ਭਰਿਆ ਮਹਿਸੂਸ ਕਰਦੀ ਹੈ। ਉਹ ਮਹਿਸੂਸ ਕਰਦੀ ਹੈ ਕਿ ਧਰਤੀ ਨੂੰ ਚਲਾਉਣ ਵਾਲੇ ਕਲਾਬਾਜ਼ ਪਿੱਤਰ ਸੱਤਾ ਦਾ ਚੰਦੋਆ ਚਾਨਣ ਵਾਲੇ ਪੁਰਸ਼ਬਾਜ਼ ਸਦੀਆਂ ਦੀ ਹੋਣੀ ਵਾਂਗ ਔਰਤ ਦੀ ਚੇਤਨਾ ਨੂੰ ਪਥਰਾਉਂਦੇ ਰਹਿਣਗੇ, ਕਿਉਂਕਿ ਧਰਤੀ ਦੇ ਹਰ ਮਰਦ ਅੰਦਰ ਗੌਤਮ ਵੀ ਹੈ, ਇੰਦਰ ਵੀ ਹੈ, ਤੇ ਰਾਮ ਵੀ ਹੈ। ਹਰ ਔਰਤ ਅੰਦਰ ਅਹਿਲਿਆ ਦਾ ਵਜੂਦ ਵੀ ਹਮੇਸ਼ਾ ਰਹੇਗਾ। ਧਰਤੀ ਦਾ ਕੋਈ ਮਰਦ ਔਰਤ ਨੂੰ ਮੁਕਤੀ ਨਹੀਂ ਦਿਵਾ ਸਕਦਾ। ਔਰਤ ਨੂੰ ਆਪਣੀ ਮੁਕਤੀ ਲਈ ਆਪ ਯਤਨ ਜਟਾਉਣੇ ਪੈਣਗੇ। ਯੁੱਗ ਚੇਤਨਾ ਨਾਲ ਰਲ ਕੇ ਆਪਣੀ ਹੋਂਦ ਅਤੇ ਜੀਵਨ ਪ੍ਰਤੀ ਨਵੀਂ ਅਰਥ ਸਿਰਜਣਾ ਕਰਨੀ ਹੋਵੇਗੀ। ਮਹਾਂ-ਚੇਤਨਾ ਨੂੰ ਮਹਾਂ-ਸ਼ਕਤੀ ਬਣਾਉਣਾ ਹੋਵੇਗਾ। ਇਸ ਬਿਰਤਾਂਤਕ ਰਚਨਾ ਦੀਆਂ ਆਖਰੀ ਸਤਰਾਂ ਇਸ ਦਾ ਸਾਰ ਅੰਸ਼ ਹਨ-

ਹੁਣ ਮੈਂ ਆਪਣੀ ਚੇਤਨਾ ਬਚਾ ਕੇ ਰੱਖਾਂਗੀ
ਮਹਾਂ ਚੇਤਨਾ ਦੀ ਮਸ਼ਾਲ ਜਗਾ ਕੇ ਰੱਖਾਂਗੀ।

ਸੋ ਇਸ ਪੁਸਤਕ ਵਿੱਚ ਡਾ. ਨਵਦੀਪ ਦਾ ਮਕਸਦ ਅਹਿਲਿਆ ਦੀ ਕਹਾਣੀ ਸੁਣਾਉਣਾ ਨਹੀਂ, ਸਗੋਂ ਅਹਿਲਿਆ ਵਾਂਗ ਸਦੀਆਂ ਤੋਂ ਸੰਤਾਪ ਹੰਢਾਅ ਰਹੀ ਔਰਤ ਦੀ ਤ੍ਰਾਸਦੀ ਲਈ ਜ਼ਿੰਮੇਵਾਰ ਕਾਰਨਾਂ ਦੀ ਨਿਸ਼ਾਨਦੇਹੀ ਕਰਨਾ ਹੈ, ਜਿਸ ਵਿੱਚ ਉਹ ਕਾਮਯਾਬ ਵੀ ਹੋਈ ਹੈ ਤੇ ਵਧਾਈ ਦੀ ਹੱਕਦਾਰ ਹੈ।

ਮੋਬਾ. 99148-86310

# ਵਿਵਸਥਾ ਨੂੰ ਵੰਗਾਰਨ ਵਾਲਾ ਬਹੁਵਿਧਾਵੀ ਸ਼ਾਇਰ

## ਅਜੈ ਤਨਵੀਰ

ਜਗਦੀਸ਼ ਰਾਣਾ



ਅਜੈ ਤਨਵੀਰ ਅਜਿਹਾ ਸ਼ਾਇਰ ਹੈ, ਜਿਹੜਾ ਸਮੇਂ ਦੀਆਂ ਗ਼ਰਮ ਹਵਾਵਾਂ ਦੇ ਖ਼ਿਲਾਫ਼ ਆਪਣੀ ਸ਼ਾਇਰੀ ਰਾਹੀਂ ਤਿੱਖਾ ਵਿਦਰੋਹ ਕਰਦਾ ਹੈ ਤੇ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਕਰਦਿਆਂ ਪਿੰਡਿਆਂ 'ਤੇ ਝੱਲਦੇ ਲੋਕਾਂ ਲਈ ਜੂਨ ਮਹੀਨੇ ਦੀ ਤਪਦੀ ਦੁਪਿਹਰ ਵਿੱਚ ਪਹਾੜਾਂ ਵਲੋਂ ਆਉਂਦੇ ਪੁਰੇ ਦੀ ਹਵਾ ਦੇ ਠੰਢੇ ਬੁੱਲੇ ਵਰਗਾ ਅਹਿਸਾਸ ਬਣ ਜਾਂਦਾ ਹੈ। ਉਸ ਕੋਲ਼ ਥੁੜ੍ਹਾਂ ਮਾਰੇ ਲੋਕਾਂ ਦੀ ਹੋਣੀ ਨੂੰ ਸਿਰਜਣ ਦਾ ਮੁਹਾਂਦਰਾ ਵੀ ਹੈ। ਉਹ ਨਾਗ਼ ਪੁਸ਼ਪ ਦੇ ਉਸ ਫੁੱਲ ਵਰਗਾ ਹੈ, ਜਿਹੜਾ 36 ਸਾਲਾਂ ਬਾਅਦ ਰਾਤ ਦੇ ਸਮੇਂ 'ਚ ਹੀ ਖਿੜਦਾ ਹੈ ਤੇ ਬੇਹੱਦ ਸੁਗੰਧਿਤ ਹੁੰਦਾ ਹੈ। ਅਜਿਹਾ ਗੀਤਕਾਰ ਹੈ ਜਿਹੜਾ ਜਿੱਥੇ ਮਹਿਬੂਬ ਦੇ ਹੁਸਨ ਦੀ ਤਾਰੀਫ਼ ਦੇ ਸੋਹਲੇ ਗਾਉਂਦਾ ਹੈ, ਪਰ ਨਾਲ਼ ਹੀ ਮੁਹੱਬਤ ਵਿੱਚ ਮਿਲ਼ੀ ਬੇਵਫ਼ਾਈ ਨਾਲ਼ ਵੀ ਆਪਣੀ ਸ਼ਾਇਰੀ ਨੂੰ ਸ਼ਿੰਗਾਰਦਾ ਹੈ। ਅਜਿਹਾ ਬਹੁਵਿਧਾਵੀ ਸਾਹਿਤਕਾਰ ਹੈ, ਜਿਹੜਾ ਗੁਰੂਆਂ/ ਰਹਿਬਰਾਂ ਦੁਆਰਾ ਦਰਸਾਏ ਹੱਕ ਸੱਚ ਤੇ ਕੁਰਬਾਨੀ ਦੇ ਮਾਰਗ ਨੂੰ ਵੀ ਆਪਣੇ ਗੀਤਾਂ/ਗ਼ਜ਼ਲਾਂ ਰਾਹੀਂ ਬਿਆਨ ਕਰਦਾ ਹੈ। ਅਜਿਹਾ ਪ੍ਰਗਤੀਵਾਦੀ ਗ਼ਜ਼ਲਗੋ ਹੋ ਨਿੱਬੜਦਾ ਹੈ, ਜਿਹੜਾ ਹੱਕਾਂ ਲਈ ਜੂਝਦਿਆਂ ਲਈ ਭਾਵੇਂ ਸਾਹਮਣੇ ਸਲੀਬਾਂ ਹੀ ਕਿਉਂ ਨਾ ਦਿਖਾਈ ਦਿੰਦੀਆਂ ਹੋਣ, ਉਹ ਬੇਖ਼ੌਫ਼ ਹੋ ਲੋਕਾਂ ਦੁਆਰਾ ਪਾਈ ਬਾਤ ਦਾ ਹੁੰਗਾਰਾ ਦੇਣਾ ਅਪਣਾ ਫ਼ਰਜ਼ ਸਮਝਦਾ ਹੈ। ਅਜੈ ਤਨਵੀਰ ਉਹਨਾਂ ਵਿੱਚੋਂ ਇੱਕ ਹੈ, ਜਿਹੜੇ ਹੱਕ-ਸੱਚ ਤੇ ਇਨਸਾਫ਼ ਲਈ ਧੌਣ ਤਾਂ ਕਟਾ ਸਕਦੇ ਹਨ, ਪਰ ਹਾਕਮ ਦੁਆਰਾ ਗ਼ੁਲਾਮੀ ਕਬੂਲਣ ਤੇ ਚੁੱਪ ਰਹਿਣ ਲਈ ਭੇਟ ਕੀਤੀਆਂ ਸੋਨੇ ਦੀਆਂ ਪਰਾਤਾਂ ਵੀ ਪ੍ਰਵਾਨ ਨਹੀਂ ਕਰਦੇ।

ਅਜਿਹਾ ਜਿੰਦਾ ਦਿਲ ਸ਼ਾਇਰ ਕਿ ਜਿਹੜਾ ਨ੍ਹੇਰ ਉੱਤੇ ਡਾਹਢਾ ਮਾਣ ਕਰਦੀ ਮੱਸਿਆ ਨੂੰ ਵੀ ਜੁਗਨੂੰਆਂ ਕੋਲੋਂ ਤਾਰੇ ਦਿਖਾ ਕੇ ਉਸ ਦਾ ਮੂੰਹ ਚਿੜਾਉਂਦਾ ਹੈ ਤੇ ਬਸਤੀਆਂ ਵਿੱਚ ਰੌਸ਼ਨੀ ਦੀ ਗੱਲ ਪੂਰੀ ਸ਼ਿੱਦਤ ਨਾਲ਼ ਤੋਰਦਾ ਹੈ।

ਅਜੈ ਤਨਵੀਰ ਸਾਡੇ ਸਮਿਆਂ ਦਾ ਅਜਿਹਾ ਸਾਹਿਤਕਾਰ ਹੈ, ਜਿਹੜਾ ਇੱਕੋ ਸਮੇਂ ਗੀਤ ਲਿਖਦਾ ਹੈ, ਬੜੀ ਪਾਏਦਾਰ ਗ਼ਜ਼ਲ ਕਹਿੰਦਾ ਹੈ, ਦਿਲ ਨੂੰ ਛੋਹ ਜਾਣ ਵਾਲ਼ੀ ਵਾਰਤਕ ਲਿਖਦਾ ਹੈ ਤੇ ਲੋਕ ਮਸਲਿਆਂ ਤੇ ਲਿਖੀਆਂ ਕਵਿਤਾਵਾਂ ਨਾਲ਼ ਹਰ ਸੰਜੀਦਾ ਪਾਠਕ ਤੇ ਆਲੋਚਕ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ।

ਉਸ ਦੀ ਗ਼ਜ਼ਲ ਦਾ ਪਾਠ ਕਰਦਿਆਂ ਸਹਿਜੇ ਹੀ ਅੰਦਾਜ਼ਾ ਹੋ ਜਾਂਦਾ ਹੈ ਕਿ ਉਸ ਦੇ ਅੰਦਰ ਬੜਾ ਗਹਿਰ ਗੰਭੀਰ ਮਨੁੱਖ ਬੈਠਾ ਹੈ, ਜਿਹੜਾ ਹਰ ਸਮਾਜਕ ਯਥਾਰਥ ਨੂੰ ਹੂਬਹੂ ਰੂਪਮਾਨ ਕਰਨ ਦੀ ਮੰਗ ਕਰਦਾ ਹੈ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਸੱਚ ਹਮੇਸ਼ਾ ਕੌੜਾ ਹੁੰਦਾ ਹੈ, ਪਰ ਸੱਚ ਕੌੜੀ ਦਵਾਈ ਵਰਗਾ ਹੁੰਦਾ ਹੈ, ਜਿਸ ਦਾ ਅਸਰ ਭਾਵੇਂ ਦੇਰ ਬਾਅਦ ਹੀ ਹੋਵੇ, ਪਰ ਬਿਮਾਰੀ ਦੀ ਜੜ੍ਹ ਤੱਕ ਹੁੰਦਾ ਹੈ। ਸਦੀਆਂ ਤੋਂ ਹੀ ਸੱਚ ਬੋਲਣਾ ਤੇ ਸੱਚ ਸੁਣਨਾ ਜ਼ਾਲਮ ਤੇ ਹਾਕਮ ਨੂੰ ਗਵਾਰਾ ਨਹੀਂ ਹੋਇਆ। ਸੱਚ ਬੋਲਣ ਵਾਲ਼ੇ ਤੇ ਹੱਕਾਂ ਦੀ ਗੱਲ ਕਰਨ ਵਾਲ਼ੇ ਹਰ ਯੁੱਗ ਵਿੱਚ ਸੂਲ਼ੀ 'ਤੇ ਚੜ੍ਹਾਏ ਜਾਂਦੇ ਰਹੇ ਨੇ, ਜੇਲ੍ਹਾਂ ਵਿੱਚ ਤਾੜੇ ਜਾਂਦੇ ਰਹੇ ਨੇ ਪਰ ਸੱਚ ਬੋਲਣ ਵਾਲ਼ੇ ਸਜ਼ਾਵਾਂ ਦੀ ਕਦ ਪ੍ਰਵਾਹ ਕਰਿਆ ਕਰਦੇ ਨੇ, ਸਗੋਂ ਸੱਚ ਦੇ ਪ੍ਰਵਾਨੇ ਤਾਂ ਲੋਕਾਂ ਦੇ ਮਸਲਿਆਂ ਦੀ ਗੱਲ ਬੇਖ਼ੌਫ਼ ਕਰਦੇ ਰਹੇ ਨੇ। ਅਜੈ ਤਨਵੀਰ ਸੱਚ ਬੋਲਣ ਦੇ ਵਰਤਾਰੇ ਬਾਰੇ ਕਿਆ ਖ਼ੂਬ ਕਹਿੰਦਾ ਹੈ :

ਥਾਂ ਮਿਲ਼ੀ ਮਕਤਲ 'ਚ ਜੋ, ਇਹ ਮਾਣ ਹੈ ਨਾ ਕਿ ਸਜ਼ਾ,
ਝੂਠ ਦੇ ਇਸ ਦੌਰ ਵਿੱਚ ਮੈਂ ਸੱਚ ਆਇਆਂ ਬੋਲ ਕੇ।

ਅਜੈ ਤਨਵੀਰ ਦੀ ਗ਼ਜ਼ਲਕਾਰੀ ਬਾਰੇ ਗੱਲ ਕਰੀਏ ਤਾਂ ਜਿੱਥੇ ਉਸ ਨੂੰ ਗ਼ਜ਼ਲ ਦੀਆਂ ਬਾਰੀਕੀਆਂ, ਬੰਦਸ਼ਾਂ, ਜ਼ਰੂਰਤਾਂ ਦਾ ਪੂਰੀ ਤਰ੍ਹਾਂ ਇਲਮ ਹੈ, ਓਥੇ ਹੀ ਉਸ ਕੋਲ਼ ਸ਼ਬਦਾਂ ਦਾ ਖ਼ਜ਼ਾਨਾ ਵੀ ਹੈ ਤੇ ਗੱਲ ਕਹਿਣ ਦਾ ਹੁਨਰ ਵੀ। ਆਪਣੀ ਗ਼ਜ਼ਲਕਾਰੀ ਰਾਹੀਂ ਉਹ ਥੁੜ੍ਹਾਂ ਮਾਰੀ ਲੋਕਾਈ ਦੇ ਨਿੱਤ ਦੇ ਵਰਤਾਰਿਆਂ, ਮਸਲਿਆਂ ਨੂੰ ਆਪਣੀ ਗ਼ਜ਼ਲਕਾਰੀ ਦਾ ਕੇਂਦਰ ਬਿੰਦੂ ਬਣਾਉਂਦਾ ਹੈ। ਧਰਮ ਦੇ ਨਾਂਅ 'ਤੇ ਕੀਤਾ ਜਾਂਦਾ ਭੇਦ-ਭਾਵ ਉਸ ਨੂੰ ਰਤਾ ਨਹੀਂ ਭਾਉਂਦਾ, ਸਗੋਂ ਉਹ ਮਨੁੱਖ ਨੂੰ ਉੱਚਾ ਜਾਂ ਛੋਟਾ ਸਮਝਣ ਵਾਲਿਆਂ ਦੀ ਸੋਚ 'ਤੇ ਆਖਦਾ ਹੈ ਕਿ ਸਮਾਂ ਅਜਿਹੇ ਲੋਕਾਂ ਨੂੰ ਸੁਮੱਤ ਬਖ਼ਸ਼ੇ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਲੱਖਾਂ ਲੋਕ ਬੇਘਰ ਹਨ ਤੇ ਨਿੱਤ ਦੀਆਂ ਜ਼ਰੂਰੀ ਵਸਤਾਂ ਦੀ ਪ੍ਰਾਪਤੀ ਲਈ ਵੀ ਦਿਨ-ਰਾਤ ਇੱਕ ਕਰਨ ਦੇ ਬਾਵਜੂਦ ਮਾੜੇ ਪ੍ਰਬੰਧਾਂ ਦਾ ਸ਼ਿਕਾਰ ਹੋਣ ਲਈ ਮਜਬੂਰ ਹੋ ਰਹੇ ਹਨ, ਜਦਕਿ ਕੁਝ ਇਕ ਲੋਕ ਹੀ ਦੇਸ਼ ਦੇ ਕੁਦਰਤੀ ਸੋਮਿਆਂ 'ਤੇ ਕਾਬਜ਼ ਹੋ ਕੇ ਦੇਸ਼ ਦਾ ਸਰਮਾਇਆ ਲੁੱਟ ਰਹੇ ਹਨ ਤੇ ਉਹਨਾਂ ਦੇ ਪਾਲਤੂ ਕੁੱਤੇ ਵੀ ਬਹੁਤੇ ਭਾਰਤੀਆਂ ਨਾਲੋਂ ਚੰਗਾ ਖਾਣਾ ਖਾਂਦੇ ਹਨ। ਅਜਿਹੀ ਕਾਣੀ-ਵੰਡ ਦਾ ਉਹ ਕੱਟੜ ਵਿਰੋਧ ਕਰਦਾ ਹੈ ਤੇ ਦੇਸ਼ ਦੇ ਕਰੋੜਾਂ ਕਿਸਾਨਾਂ, ਮਜ਼ਦੂਰਾਂ, ਕਾਰੀਗਰਾਂ, ਦਿਹਾੜੀਦਾਰਾਂ ਦੇ ਮਸਲੇ ਆਪਣੀ ਗ਼ਜ਼ਲਕਾਰੀ ਰਾਹੀਂ ਉਜਾਗਰ ਕਰਦਾ ਹੈ ਅਤੇ ਮਜਬੂਰ ਬੇਵੱਸ ਤੇ ਹਰ ਤਰ੍ਹਾਂ ਨਾਲ਼ ਲਾਚਾਰ ਹੋ ਚੁੱਕੇ ਲੋਕਾਂ ਨੂੰ ਲਾਮਬੰਧ ਕਰਨ ਦੀ ਗੱਲ ਕਰਦਾ ਹੈ :

ਇੱਕ ਦਿਨ ਸੁੱਤੇ ਲੋਕਾਂ ਨੇ ਉੱਠ ਖੜਨਾ ਹੈ,
'ਕੱਠੇ ਹੋ ਕੇ ਹੱਕਾਂ ਖ਼ਾਤਰ ਲੜਨਾ ਹੈ।

ਇਤਿਹਾਸਕਾਰਾਂ ਨੇ ਵਾਪਰੀਆਂ ਘਟਨਾਵਾਂ ਨੂੰ ਜ਼ਿਆਦਾਤਰ ਭਗਤੀ ਭਾਵ ਹੇਠ ਹੀ ਲਿਖਿਆ ਹੈ, ਇਸ ਲਈ ਅਸਲ ਸੱਚ ਇਤਿਹਾਸ ਦੇ ਪੰਨਿਆਂ ਵਿੱਚ ਕਿਤੇ ਦੱਬਿਆ ਹੀ ਰਹਿ ਗਿਆ, ਪਰ ਅਜੈ ਤਨਵੀਰ ਵਰਗੇ ਸਿਰੜੀ ਸੁਭਾਅ ਵਾਲ਼ੇ ਸੱਚ ਨੂੰ ਸੱਚ ਤੇ ਝੂਠ ਨੂੰ ਝੂਠ ਆਖਣ ਵਾਲ਼ੇ ਕਲਮਕਾਰ ਅਸਲ ਸੱਚ ਸਾਮ੍ਹਣੇ ਲਿਆਉਣਾ ਜ਼ਰੂਰੀ ਸਮਝਦੇ ਹਨ।

ਮੌਜੂਦਾ ਸਮਿਆਂ ਵਿੱਚ ਸਾਡੇ ਆਲ਼ੇ-ਦੁਆਲ਼ੇ ਵਿਸ਼ਵ ਪੱਧਰ 'ਤੇ ਵੱਡੇ ਯੁੱਧ ਚੱਲ ਰਹੇ ਹਨ।ਮਨੁੱਖ ਮੁੱਢ ਤੋਂ ਹੀ ਆਪਣਾ ਪ੍ਰਭਾਵ ਸਿਰਜਣ ਲਈ ਹੋਰਾਂ ਦੇ ਹੱਕਾਂ ਤੇ ਡਾਕਾ ਮਾਰਨ ਲਈ ਯਤਨਸ਼ੀਲ ਰਿਹਾ ਹੈ। ਦੂਜਿਆਂ ਦੇ ਹੱਕ ਹੜੱਪਣ ਲਈ ਤੇ ਦੂਜੇ ਨਾਲੋਂ ਖ਼ੁਦ ਨੂੰ ਤਾਕਤਵਰ ਤੇ ਸ੍ਰੇਸ਼ਠ ਸਿੱਧ ਕਰਨ ਲਈ ਸਦੀਆਂ ਤੋਂ ਮਨੁੱਖ ਯੁੱਧ ਲੜਦਾ ਆਇਆ ਹੈ। ਦੇਖਿਆ ਜਾਂਦਾ ਹੈ ਕਿ ਯੁੱਧਾਂ ਵਿੱਚ ਆਮ ਲੋਕ ਮਾਰੇ ਜਾਂਦੇ ਹਨ, ਜਦਕਿ ਰਾਜੇ ਯੁੱਧ ਲੜਨ ਤੋਂ ਬਾਅਦ ਆਮ ਤੌਰ 'ਤੇ ਹੀ ਸੰਧੀਆਂ/ ਸਮਝੌਤੇ ਕਰਦੇ ਆਏ ਹਨ। ਹੁਣ ਰਾਜੇ ਨਹੀਂ ਰਹੇ, ਪਰ ਦੇਸ਼ਾਂ ਵਿਚਕਾਰ ਆਪਣੀ ਚੌਧਰ ਕਾਇਮ ਕਰਨ ਲਈ ਤੇ ਦੂਜਿਆਂ ਦੇ ਕੁਦਰਤੀ ਸੋਮਿਆਂ 'ਤੇ ਕਬਜ਼ਾ ਕਰਨ ਲਈ ਯੁੱਧ ਹੁੰਦੇ ਹਨ।ਅੱਜ ਵੀ ਯੁੱਧਾਂ ਵਿਚ ਆਮ ਲੋਕ ਹੀ ਮਾਰੇ ਜਾਂਦੇ ਹਨ। ਅਸਲ ਵਿੱਚ ਯੁੱਧ ਇਕ ਅਜਿਹੀ ਖੇਡ ਹੈ, ਜਿਸ ਵਿੱਚ ਕੋਈ ਵੀ ਜਿੱਤਦਾ ਨਹੀਂ, ਹਰ ਕੋਈ ਹਾਰਦਾ ਹੀ ਹਾਰਦਾ ਹੈ। ਯੁੱਧਾਂ ਬਾਰੇ ਹਰ ਸੰਵੇਦਨਸ਼ੀਲ ਵਿਅਕਤੀ ਫ਼ਿਕਰਮੰਦ ਰਹਿੰਦਾ ਹੈ।ਅਜੈ ਤਨਵੀਰ ਲਿਖਦਾ ਹੈ :

ਜਿਨ੍ਹਾਂ ਦੇ ਪੁੱਤ ਆਏ ਜਿੱਤ ਕੇ ਪਰ ਬਕਸਿਆਂ ਅੰਦਰ,
ਉਨ੍ਹਾਂ ਨੂੰ ਪੁੱਛ ਕੇ ਵੇਖੀਂ ਨਤੀਜੇ ਕੀ ਨੇ ਜੰਗਾਂ ਦੇ।

ਅਜੈ ਤਨਵੀਰ ਆਪਣੀ ਸ਼ਾਇਰੀ ਰਾਹੀਂ ਇਹ ਸਪੱਸ਼ਟ ਕਰਦਾ ਹੈ ਕਿ ਉਹ ਲੋਟੂ ਜਮਾਤ ਦਾ ਵਿਰੋਧੀ ਹੈ ਤੇ ਸਦੀਆਂ ਤੋਂ ਲਿਤਾੜੀ ਜਾ ਰਹੀ ਹੱਕ ਵਿਹੂਣੀ ਧਿਰ ਨਾਲ਼ ਖੜਨਾ ਉਹ ਆਪਣਾ ਕਾਵਿਕ ਤੇ ਮਨੁੱਖੀ ਧਰਮ ਸਮਝਦਾ ਹੈ। ਉਸ ਦਾ ਕਾਵਿਕ ਚਿੰਤਨ ਜੀਵਨ ਦੇ ਬੇਹੱਦ ਸੂਖਮ ਅਤੇ ਅਹਿਮ ਵਰਤਾਰਿਆਂ ਬਾਰੇ ਗੱਲ ਅੱਗੇ ਤੋਰਦਾ ਹੈ। ਜੀਵਨ ਦੇ ਉਹਨਾਂ ਪਹਿਲੂਆਂ ਦੀ ਨਿਸ਼ਾਨਦੇਹੀ ਕਰਦਾ ਹੈ, ਜਿਸ ਤੋਂ ਜੀਵਨ ਨੂੰ ਗੰਭੀਰ ਚੁਣੌਤੀਆਂ ਮਿਲ਼ ਰਹੀਆਂ ਹੋਣ ਤੇ ਫਿਰ ਇਹਨਾਂ ਚੁਣੌਤੀਆਂ ਨਾਲ਼ ਦੋ-ਚਾਰ ਹੁੰਦਿਆਂ ਜੀਵਨ ਸੰਵਾਰਨ ਦੀ ਜੁਗਤ ਵੀ ਸੁਝਾਉਂਦਾ ਹੈ। ਅਜੈ ਤਨਵੀਰ ਨੇ ਮਨ ਵਿੱਚ ਧਾਰ ਲਿਆ ਜਾਪਦਾ ਹੈ ਕਿ ਉਸ ਦਾ ਇੱਕ-ਇੱਕ ਸਾਹ ਦਰਦਮੰਦ ਲੋਕਾਂ ਦੀ ਪੀੜਾ ਨੂੰ ਉਜਾਗਰ ਕਰਕੇ ਹਾਕਮ ਜਮਾਤ ਨੂੰ ਉਹਨਾਂ ਦੇ ਦੁੱਖਾਂ-ਤਕਲੀਫ਼ਾਂ ਤੋਂ ਜਾਣੂੰ ਕਰਵਾ ਕੇ ਉਹਨਾਂ ਦੇ ਬਣਦੇ ਅਧਿਕਾਰ ਦੇਣ ਲਈ ਮਜਬੂਰ ਕਰਨਾ ਹੈ। ਵੈਸੇ ਵੀ ਮਨ ਵਿੱਚ ਕੋਈ ਟੀਚਾ ਹੋਵੇ ਤਾਂ ਫਿਰ ਹਵਾਵਾਂ ਦੇ ਖ਼ਿਲਾਫ਼ ਚੱਲਣ ਦਾ ਵੀ ਅਲੱਗ ਹੀ ਆਨੰਦ ਹੁੰਦਾ ਹੈ।

ਕਿਹਾ ਜਾਂਦਾ ਹੈ ਕਿ ਸੰਭਵ ਦੀ ਸੀਮਾ ਕੀ ਹੈ, ਜੇਕਰ ਇਹ ਜਾਣਨਾ ਹੋਵੇ ਤਾਂ ਇਸ ਦਾ ਇੱਕੋ ਤਰੀਕਾ ਹੁੰਦਾ ਹੈ ਕਿ ਅਸੰਭਵ ਤੋਂ ਵੀ ਅੱਗੇ ਨਿਕਲ ਜਾਣਾ। ਅਸਲ ਵਿੱਚ ਇਹ ਕਠਿਨਾਈਆਂ, ਮੁਸੀਬਤਾਂ ਹੀ ਹੁੰਦੀਆਂ ਹਨ, ਜੋ ਮਨੁੱਖ ਨੂੰ ਉਸ ਦੀ ਵਾਸਤਵਿਕ ਸ਼ਕਤੀ ਤੋਂ ਜਾਣੂੰ ਕਰਵਾਉਂਦੀਆਂ ਹਨ। ਰਾਬਰਟ ਗਰੀਨ ਨੇ ਕਿਹਾ ਹੈ ਕਿ ਇਸ ਧਰਤੀ 'ਤੇ ਜਿਗਰੇ ਦੀ ਸਭ ਤੋਂ ਵੱਡੀ ਪ੍ਰੀਖਿਆ ਬਿਨਾਂ ਮਨੋਬਲ ਗੁਆਏ ਹਾਰ ਨੂੰ ਸਹਿਣਾ ਹੁੰਦਾ ਹੈ। ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਤੇ ਸੱਭਿਆਚਾਰਕ ਤੌਰ 'ਤੇ ਹਾਸ਼ੀਏ 'ਤੇ ਧੱਕੇ ਨਿਮਾਣੇ ਲੋਕਾਂ ਦੀ ਗੱਲ ਚੁੱਕਣ ਵਾਲਿਆਂ ਨੂੰ ਵੀ ਪਤਾ ਨਹੀਂ ਕਿੰਨੀ ਵਾਰੀ ਨਮੋਸ਼ੀ ਝੱਲਣੀ ਪੈਂਦੀ ਹੋਵੇਗੀ, ਪਰ ਅਗਰ ਕੋਈ ਨਿਰੰਤਰ ਆਪਣੀ ਸ਼ਾਇਰੀ ਰਾਹੀਂ ਹੱਕ ਹੀਣੇ ਲੋਕਾਂ ਦੀ ਬਾਤ ਪਾਉਂਦਾ ਹੈ ਤਾਂ ਉਸ ਦੀ ਗੱਲ ਹਵਾਵਾਂ ਵਿੱਚ ਰਚਮਿਚ ਕੇ ਹਰ ਇਕ ਦੇ ਬੁੱਲ੍ਹਾਂ 'ਤੇ ਆ ਹੀ ਜਾਂਦੀ ਹੈ।

ਅਜੈ ਤਨਵੀਰ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਉਸ ਦੇ ਨਾਨਕਾ ਪਿੰਡ ਬਡੇਸਰੋਂ ਵਿਖੇ 1 ਫਰਵਰੀ 1972 ਨੂੰ ਹੋਇਆ। ਉਸ ਦੇ ਮਾਤਾ ਅਜੀਤ ਕੌਰ ਅਤੇ ਪਿਤਾ ਮਾਸਟਰ ਕਾਮਰੇਡ ਬਿਹਾਰੀ ਲਾਲ ਕਿਰਤੀ ਵਰਗ 'ਚੋਂ ਆਉਂਦੇ ਸਨ ਤੇ ਆਪਣੇ ਨਜ਼ਦੀਕੀ ਲੋਕਾਂ ਦੇ ਦੁੱਖ-ਸੁੱਖ ਵਿੱਚ ਖੜਨ ਵਾਲ਼ੇ ਸਨ।



ਸੁਰਜੀਤ ਪਾਤਰ ਅਤੇ ਡਾ. ਜਗਤਾਰ ਨਾਲ ਅਜੈ ਤਨਵੀਰ

ਇਹਨਾ ਦਾ ਜੱਦੀ ਪਿੰਡ ਚੰਦੇਲੀ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਵਿੱਚ ਮਾਹਿਲਪੁਰ ਤੋਂ ਜੇਜੋਂ ਰੋਡ 'ਤੇ ਪੈਂਦਾ ਹੈ।ਮਾਪਿਆਂ ਨੇ ਅਜੈ ਤਨਵੀਰ ਦਾ ਨਾਂਅ ਅਜੇ ਕੁਮਾਰ ਰੱਖਿਆ, ਪਰ ਘਰ ਵਿੱਚ ਉਸ ਪਿਆਰ ਨਾਲ਼ ਉਸ ਨੂੰ 'ਪੀਟਾ' ਕਹਿ ਕੇ ਬੁਲਾਇਆ ਜਾਂਦਾ ਸੀ। ਇਕ ਗੱਲ ਦਾ ਹੋਰ ਏਥੇ ਜ਼ਿਕਰ ਕਰਨਾ ਬਣਦਾ ਹੈ ਕਿ ਇਸ ਦੇ ਪਿਤਾ ਕਾਮਰੇਡ ਬਿਹਾਰੀ ਲਾਲ ਦਰਸ਼ਨ ਸਿੰਘ ਕੈਨੇਡੀਅਨ ਦੇ ਬੇਹੱਦ ਕਰੀਬੀ ਸਨ। ਇਹਨਾ ਦੇ ਪਰਵਾਰ ਦਾ ਜੱਦੀ-ਪੁਸ਼ਤੀ ਕਿੱਤਾ ਖੇਤੀਬਾੜੀ ਹੀ ਸੀ ਤੇ ਅੱਜ ਵੀ ਖੇਤੀਬਾੜੀ ਹੀ ਕਰਦੇ ਹਨ।

ਅਜੈ ਤਨਵੀਰ ਦੀ ਮੁੱਢਲੀ ਸਿੱਖਿਆ ਲਈ ਦੇਹਰਾਦੂਨ ਦੇ ਪ੍ਰਸਿੱਧ ਸਕੂਲ ਵਿਖੇ ਅਡਮਿਸ਼ਨ ਦੀ ਗੱਲਬਾਤ ਅਜੇ ਚੱਲ ਹੀ ਰਹੀ ਸੀ ਕਿ ਤਿੰਨ ਮਹੀਨੇ ਬਾਅਦ ਇਸ ਦੇ ਪਿਤਾ ਜੀ ਪ੍ਰਲੋਕ ਸਿਧਾਰ ਗਏ ਤਾਂ ਦੇਹਰਾਦੂਨ ਪੜ੍ਹਨ ਲਈ ਉਤਸੁਕ ਬੱਚਾ ਮੁੜ ਆਪਣੇ ਪਿੰਡ ਦੇ ਸਰਕਾਰੀ ਸਕੂਲ ਵਿੱਚ ਆ ਬੈਠਾ। ਫਿਰ ਸਮਾਂ ਪਾ ਕੇ ਦਸਵੀਂ ਤੇ ਬਾਰ੍ਹਵੀਂ ਜਮਾਤ ਹਾਇਰ ਸੈਕੰਡਰੀ ਸਕੂਲ ਮਾਹਿਲਪੁਰ ਤੋਂ ਕੀਤੀ।ਤਿੰਨ ਵਰ੍ਹੇ ਡੀ ਏ ਵੀ ਕਾਲਜ ਹੁਸ਼ਿਆਰਪੁਰ ਵੱਲੋਂ ਫੁੱਟਬਾਲ ਖੇਡਿਆ। ਖਾਲਸਾ ਕਾਲਜ ਮਾਹਿਲਪੁਰ ਤੋਂ ਹੀ ਬੀ ਏ ਅਤੇ ਐੱਮ ਏ ਦੀ ਪੜ੍ਹਾਈ ਪੂਰੀ ਕਰਨ ਉਪਰੰਤ ਲੰਮਾ ਸਮਾਂ ਬੇਰੁਜ਼ਗਾਰ ਰਿਹਾ ਤਾਂ ਕਾਮਰੇਡ ਦਰਸ਼ਨ ਸਿੰਘ ਮੱਟੂ ਦੇ ਸੰਪਰਕ ਵਿਚ ਆਉਣ ਕਰਕੇ ਕਾਮਰੇਡਾਂ ਦੀਆਂ ਰੈਲੀਆਂ ਵਿੱਚ ਜਾਣ ਆਉਣ ਲੱਗਾ। ਘਰ ਦੇ ਬਨੇਰੇ 'ਤੇ ਦਾਤੀ ਹਥੌੜੇ ਵਾਲ਼ਾ ਝੰਡਾ ਵੀ ਲਹਿਰਾ ਦਿੱਤਾ।

ਉਸ ਦੇ ਵੱਡੇ-ਵਡੇਰੇ ਵੀ ਆਮ ਤੇ ਜ਼ਰੂਰਤਮੰਦ, ਦੁਖੀ ਲੋਕਾਂ ਦੀ ਮਦਦ ਕਰਨ ਵਾਲਿਆਂ ਵਜੋਂ ਜਾਣੇ ਜਾਂਦੇ ਸਨ।ਇਸ ਲਈ ਅਜੈ ਤਨਵੀਰ ਦੀਆਂ ਰਗਾਂ ਵਿੱਚ ਉਸ ਦੇ ਪੁਰਖਿਆਂ ਦੀ ਸੋਚ ਲਹੂ ਬਣ ਕੇ ਵਹਿੰਦੀ ਹੈ। ਉਸ ਦਾ ਸੁਭਾਅ ਹੀ ਹੈ ਕਿ ਉਹ ਆਪਣੇ ਦੋਸਤਾਂ ਜਾਂ ਨਜ਼ਦੀਕੀਆਂ ਦੀ ਮਦਦ ਕਰਦੇ ਵੇਲ਼ੇ ਕਦੀ ਆਪਣੀ ਜੇਬ ਵੱਲ ਨਹੀਂ ਵੇਖਦਾ।

ਜਦ ਆਦਿ ਧਰਮ ਦੀ ਲਹਿਰ ਪੂਰੇ ਜੋਬਨ 'ਤੇ ਸੀ, ਉਹਨਾਂ ਸਮਿਆਂ ਵਿੱਚ ਕਾਲੇਵਾਲ ਭਗਤਾਂ ਦੇ ਸੰਤਾਂ ਦੁਆਰਾ ਹੋ ਰਹੀ ਰੈਲੀ ਵਿੱਚ ਆਦਿ ਧਰਮ ਦੇ ਬਾਨੀ ਮੰਗੂ ਰਾਮ ਮੁੱਗੋਵਾਲੀਆ ਲਈ ਉਸ ਦੇ ਬਾਬਾ ਪੰਨੂ ਰਾਮ, ਬਾਬੇ ਦਾ ਭਰਾ ਇੰਦਰ ਰਾਮ ਅਤੇ ਬਾਬੇ ਦੇ ਚਾਚੇ ਲੈਚੀ ਰਾਮ ਨੇ 500 ਚਾਂਦੀ ਦੇ ਸਿੱਕਿਆਂ ਦੀ ਥੈਲੀ ਭੇਟ ਕੀਤੀ ਸੀ। ਆਪਣੇ ਬਜ਼ੁਰਗਾਂ ਦੀ ਸੋਚ ਨੂੰ ਅਜੈ ਤਨਵੀਰ ਵੀ ਅੱਗੇ ਲੈ ਕੇ ਜਾਣ ਵਿੱਚ ਫ਼ਖ਼ਰ ਮਹਿਸੂਸ ਕਰਦਾ ਹੈ।

ਉਸ ਦੇ ਲਿਖਣ ਵਾਲ਼ੇ ਪਾਸੇ ਆਉਣ ਦੀ ਗੱਲ ਕਰੀਏ ਤਾਂ 1978-79 ਵਿੱਚ ਉਹਨਾ ਦੇ ਘਰ ਅਜੀਤ ਅਖ਼ਬਾਰ ਆਉਂਦੀ ਸੀ।ਉਸ ਨੇ ਬੜੀ ਨੀਝ ਨਾਲ਼ ਅਖ਼ਬਾਰ ਪੜ੍ਹਨੀ। ਫੇਰ ਜਸਵੰਤ ਸਿੰਘ ਕੰਵਲ ਦੇ ਨਾਵਲ ਪੜ੍ਹਨ ਲੱਗਾ।ਬਚਪਨ ਵਿੱਚ ਪਈ ਪੜ੍ਹਨ ਦੀ ਆਦਤ ਬਾਅਦ ਵਿੱਚ ਅੱਗੇ ਚੱਲ ਕੇ ਜੀਵਣ ਦੀ ਪੂੰਜੀ ਬਣ ਜਾਂਦੀ ਹੈ। ਪੜ੍ਹਨ ਦੀ ਆਦਤ ਹੀ ਅੱਗੇ ਚੱਲ ਕੇ ਜਿੱਥੇ ਮਨੁੱਖ ਦੀ ਪੜ੍ਹਨ ਦੀ ਆਦਤ ਨੂੰ ਹੋਰ ਵਧਾਉਂਦੀ ਹੈ, ਓਥੇ ਉਸ ਦੀ ਸੋਚਣ ਸ਼ਕਤੀ ਅਤੇ ਯਾਦ ਸ਼ਕਤੀ ਵਿੱਚ ਵੀ ਵਾਧਾ ਕਰਦੀ ਹੈ।ਪੜ੍ਹਨ ਦੀ ਆਦਤ ਕੇਵਲ ਭਾਸ਼ਾ ਹੀ ਨਹੀਂ ਸੁਧਾਰਦੀ, ਸਗੋਂ ਸਿੱਖਣ ਦੀ ਇੱਛਾ ਨੂੰ ਵੀ ਤੇਜ਼ ਕਰਦੀ ਹੈ। ਇਸ ਤੋਂ ਬਾਅਦ ਉਹਨਾਂ ਦਿਨਾਂ ਵਿੱਚ ਆਈ ਗਾਇਕ ਸੁਰਿੰਦਰ ਸ਼ਿੰਦਾ ਦੀ ਕੈਸੇਟ 'ਜਿਊਣਾ ਮੌੜ' ਤਾਂ ਉਸ ਨੂੰ ਜ਼ੁਬਾਨੀ ਯਾਦ ਹੋ ਗਈ। ਹੌਲ਼ੀ-ਹੌਲ਼ੀ ਉਹ ਸਾਹਿਤ ਨਾਲ਼ ਜੁੜਦਾ ਗਿਆ।ਪਹਿਲਾਂ ਪਹਿਲ ਗੀਤ ਹੀ ਲਿਖੇ ਤੇ ਕਾਲਜ ਪੜ੍ਹਦੇ ਸਮੇਂ ਹੀ ਉਸ ਦੇ ਗੀਤ ਰਿਕਾਰਡ ਵੀ ਹੋਣ ਲੱਗੇ। ਗੀਤਾਂ ਵਿੱਚ ਉਸ ਨੇ ਆਪਣਾ ਘਰੇਲੂ ਨਾਂਅ ਪੀਟਾ ਚੰਦੇਲੀ ਵਾਲ਼ਾ ਹੀ ਵਰਤਿਆ। ਮਨਮੋਹਨ ਵਾਰਿਸ ਦੀ ਆਵਾਜ਼ ਵਿੱਚ ਉਸ ਦਾ ਗੀਤ 'ਕੁਝ ਸਾਨੂੰ ਵੀ ਸਮਝਾਜਾ ਨੀ ਕਿੱਦਾਂ ਦੇ ਸੱਜਣ ਟੋਲਦੀ ਏਂ' ਬੜਾ ਪ੍ਰਸਿੱਧ ਹੋਇਆ।ਗਾਇਕ ਅੰਗਰੇਜ਼ ਅਲੀ ਨੇ ਉਸ ਦੀ ਮੁਲਾਕਾਤ ਵੇਲ਼ੇ ਦੀ ਪ੍ਰਸਿੱਧ ਕੈਸੇਟ ਕੰਪਨੀ ਫਾਈਨਟੋਨ ਵਾਲੇ ਰਾਜਿੰਦਰ ਸਿੰਘ ਨਾਲ਼ ਕਰਵਾਈ ਤਾਂ ਹੋਰ ਗਾਇਕਾਂ ਨਾਲ਼ ਵੀ ਮੇਲ਼-ਮਿਲਾਪ ਵਧਦਾ ਗਿਆ।ਇਸ ਤਰ੍ਹਾਂ ਇੰਦਰਜੀਤ ਨਿੱਕੂ, ਰਵਿੰਦਰ ਗਰੇਵਾਲ, ਨਛੱਤਰ ਗਿੱਲ, ਮੇਜਰ ਰਾਜਸਥਾਨੀ, ਅੰਗਰੇਜ਼ ਅਲੀ ਤੇ ਹੋਰ ਕਈ ਗਾਇਕਾਂ ਨੇ ਉਸ ਦੇ ਲਿਖੇ ਗੀਤ ਰਿਕਾਰਡ ਕਰਵਾਏ। ਇੰਦਰਜੀਤ ਨਿੱਕੂ ਦੀ ਆਵਾਜ਼ ਵਿੱਚ 'ਮੁੰਡੇ ਚੁੰਮ-ਚੁੰਮ ਸੁੱਟਦੇ ਰੁਮਾਲ ਦੇਖੋ ਕੀਹਦੀ ਗੱਲ ਬਣਦੀ' ਅਤੇ 'ਹੁਣ ਤੈਨੂੰ ਪਰ ਲੱਗ ਗਏ ਉਤਲੀ ਹਵਾ ਵਿੱਚ ਰਹਿੰਦੀ' ਅਤੇ ਨਛੱਤਰ ਗਿੱਲ ਦੀ ਆਵਾਜ਼ ਵਿੱਚ 'ਡਰਾਈਵਰਾਂ ਦਾ ਦਿਨ ਰਾਤ ਜੀ ਟੀ ਰੋਡ ਉੱਤੇ ਲੰਘਦਾ' ਕਾਫ਼ੀ ਚਰਚਿਤ ਰਹੇ।ਰਵਿੰਦਰ ਗਰੇਵਾਲ ਦੀ ਕੈਸਿਟ 'ਪ੍ਰਨਾਮ ਸ਼ਹੀਦਾਂ ਨੂੰ' ਅਤੇ 'ਇਹ ਹੈ ਖਾਲਸਾ' ਦੇ ਸਾਰੇ ਗੀਤ ਉਸ ਦੇ ਹੀ ਲਿਖੇ ਸਨ।ਗੀਤਕਾਰੀ ਵਿੱਚ ਅੱਗੇ ਵਧਣ ਦਾ ਕਾਰਨ ਉਹ ਫਾਈਨਟੋਨ ਵਾਲ਼ੇ ਰਾਜਿੰਦਰ ਸਿੰਘ ਦੀ ਮਿੱਤਰਤਾ ਦਾ ਵੱਡਾ ਰੋਲ ਸਮਝਦਾ ਹੈ। ਕਾਲਜ ਪੜ੍ਹਦਿਆਂ ਹੀ ਕਾਲਜ ਦੇ ਪ੍ਰੋਫ਼ੈਸਰ ਤੇ ਉੱਘੇ ਗ਼ਜ਼ਲਕਾਰ ਡਾ. ਜਗਤਾਰ ਨਾਲ਼ ਉਸ ਦੀ ਬੜੀ ਸਾਂਝ ਰਹੀ। ਡਾ. ਜਗਤਾਰ ਦੀ ਨਜ਼ਦੀਕੀ ਦਾ ਅਸਰ/ ਪ੍ਰਭਾਵ ਉਸ ਦੀ ਸਮੁੱਚੀ ਸ਼ਿਅਰਕਾਰੀ ਵਿੱਚ ਵੀ ਨਜ਼ਰ ਆਉਂਦਾ ਹੈ। ਡਾ. ਜਗਤਾਰ ਨੇ ਉਸ ਨੂੰ ਅਕਸਰ ਕਹਿਣਾ ਕਿ ਤੇਰਾ ਨਾਂਅ ਪੀਟਾ ਚੰਦੇਲੀ ਵਾਲ਼ਾ ਸਾਹਿਤਕਾਰ ਵਜੋਂ ਸਹੀ ਨਹੀਂ। ਉਹਨਾ ਤਾਂ ਇਹ ਵੀ ਕਹਿ ਦੇਣਾ ਕਿ ਜਦ ਤੂੰ ਬੁੱਢਾ ਹੋ ਜਾਵੇਂਗਾ ਤਦ ਤੈਨੂੰ ਕੋਈ ਪੀਟਾ-ਪੀਟਾ ਕਹੇਗਾ ਤਾਂ ਕਿੱਦਾਂ ਲੱਗੇਗਾ ? ਕਾਲਜ ਤੋਂ ਚਾਰ ਸਾਲ ਬਾਅਦ ਡਾ. ਜਗਤਾਰ ਨੇ ਉਸ ਨੂੰ ਚਿੱਠੀ ਲਿਖੀ ਤੇ ਕਿਹਾ—ਅੱਜ ਤੋਂ ਮੈਂ ਤੇਰਾ ਨਾਂਅ ਪੀਟਾ ਚੰਦੇਲੀ ਵਾਲ਼ਾ ਤੋਂ ਬਦਲ ਕੇ ਅਜੈ ਤਨਵੀਰ ਕਰ ਰਿਹਾ ਹਾਂ ਤੇ ਨਾਲ਼ ਹੀ ਇਹ ਵੀ ਕਿਹਾ ਕਿ ਮੈਂ ਇਸ ਤੋਂ ਪਹਿਲਾਂ ਡਾ. ਆਤਮ ਹਮਰਾਹੀ ਦਾ ਤਖੱਲਸ ਹੀ ਰੱਖਿਆ ਹੈ, ਹੁਣ ਤੇਰਾ ਤਖੱਲਸ 'ਤਨਵੀਰ' ਰੱਖ ਰਿਹਾ ਹਾਂ।ਇਹ ਵੀ ਤਾਗੀਦ ਕੀਤੀ ਕਿ ਹੁਣ ਤੂੰ ਅਜੇ ਨਹੀਂ, ਅਜੈ ਤਨਵੀਰ ਲਿਖਣਾ ਹੈ।ਇਸ ਤਰ੍ਹਾਂ ਡਾ. ਜਗਤਾਰ ਨੇ ਅਜੇ ਨੂੰ ਅਜੈ ਨਾਂਅ ਦੇ ਕੇ ਅਜੇਤੂ ਬਣਾ ਦਿੱਤਾ ਤੇ ਉਹ ਪੀਟਾ ਚੰਦੇਲੀ ਵਾਲ਼ਾ ਤੋਂ ਅਜੈ ਤਨਵੀਰ ਹੋ ਗਿਆ।

ਡਾ. ਜਗਤਾਰ ਨੇ ਉਸ ਨੂੰ ਇਹ ਵੀ ਕਿਹਾ ਕਿ ਪਾਕਿਸਤਾਨ ਦੇ ਪ੍ਰਸਿੱਧ ਸ਼ਾਇਰ ਤਨਵੀਰ ਬੁਖ਼ਾਰੀ ਦੇ ਨਾਂਅ ਤੋਂ ਤਨਵੀਰ ਤਖੱਲਸ ਉਹ ਉਸ ਨੂੰ ਦੇ ਰਿਹਾ ਹੈ। ਵੈਸੇ ਡਾ. ਜਗਤਾਰ ਨੇ ਉਸ ਨੂੰ ਤਨਵੀਰ ਤਖੱਲਸ ਨਾਲ਼ ਸਹੀ ਹੀ ਨਿਵਾਜਿਆ ਹੈ, ਕਿਉਂਕਿ ਤਨਵੀਰ ਦਾ ਅਰਥ ਹੁੰਦਾ ਹੈ ਰੌਸ਼ਨੀ, ਪ੍ਰਕਾਸ਼ ਜਾਂ ਗਿਆਨ ਦਾ ਪ੍ਰਤੀਕ।ਅੱਜ ਅਜੈ ਤਨਵੀਰ ਆਪਣੀ ਗ਼ਜ਼ਲਕਾਰੀ ਰਾਹੀਂ ਸਮਾਜ ਵਿੱਚ ਫ਼ੈਲੇ ਕੂੜ, ਗ਼ਰੀਬੀ, ਬੇਰੁਜ਼ਗਾਰੀ, ਜਾਤ-ਪਾਤ, ਮਹਿੰਗਾਈ ਤੇ ਭ੍ਰਿਸ਼ਟਾਚਾਰ ਦੇ ਹਨੇਰਿਆਂ ਵਿਰੁੱਧ ਪ੍ਰਕਾਸ਼ ਕਰ ਰਿਹਾ ਹੈ, ਓਥੇ ਹੀ ਸਮਾਜ ਵਿਚ ਗਿਆਨ ਵੀ ਵੰਡ ਰਿਹਾ ਹੈ।

ਕਾਲਜ ਪੜ੍ਹਦਿਆਂ ਹੀ ਅਜੈ ਤਨਵੀਰ ਗ਼ਜ਼ਲ ਲਿਖਣ ਲੱਗਾ ਸੀ, ਪਰ ਉਸ ਨੇ ਗ਼ਜ਼ਲਕਾਰੀ ਉਚੇਚੇ ਤੌਰ 'ਤੇ ਕਿਸੇ ਕੋਲੋਂ ਸਿੱਖੀ ਨਹੀਂ। ਡਾ. ਜਗਤਾਰ ਦੀ ਸ਼ਾਇਰੀ ਦਾ ਪ੍ਰਭਾਵ ਅਜੈ ਦੀ ਸ਼ਾਇਰੀ 'ਤੇ ਹੈ, ਪਰ ਉਸ ਨੇ ਗ਼ਜ਼ਲ ਦੀ ਤਕਨੀਕ ਜਾਣਕਾਰੀ ਡਾ. ਜਗਤਾਰ ਕੋਲੋਂ ਨਹੀਂ ਲਈ, ਸਗੋਂ ਉਸ ਨੇ ਹਾਲਤਾਂ ਨੂੰ ਆਪਣੀ ਕਾਵਿਕ ਸੋਚ ਰਾਹੀਂ ਵੇਂਹਦਿਆਂ ਹੀ ਗ਼ਜ਼ਲ ਦੀ ਅਰੂਜ਼ੀ ਨਿਯਮਾਂਵਲੀ ਗ੍ਰਹਿਣ ਕੀਤੀ ਹੈ। ਉਸ ਅਨੁਸਾਰ ਗ਼ਜ਼ਲ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਦੀਪਕ ਜੈਤੋਈ ਦੀ ਪੁਸਤਕ 'ਗ਼ਜ਼ਲ ਕੀ ਹੈ' ਗ਼ਜ਼ਲ ਦੀ ਤਕਨੀਕੀ ਜਾਣਕਾਰੀ ਲਈ ਉਸ ਦਾ ਰਾਹ-ਦਸੇਰਾ ਬਣੀ।



ਡਾ. ਜਗਤਾਰ ਨਾਲ ਅਜੈ ਤਨਵੀਰ ਦੀ ਜੀਵਨ ਸਾਥਣ ਰਾਣੋ, ਬੇਟਾ ਅਰਸ਼ ਅਤੇ ਬੇਟੀ ਸੁੰਦਰੀ

ਜਨਵਰੀ 1999 ਵਿੱਚ ਬਲਜਿੰਦਰ ਕੌਰ ਨਾਲ਼ ਉਸ ਦਾ ਵਿਆਹ ਹੋ ਜਾਂਦਾ ਹੈ. ਦੋ ਬੱਚੇ ਬੇਟਾ ਅਰਸ਼ ਅਤੇ ਬੇਟੀ ਸੁਖਮਨੀ ਹਨ।ਬੇਟਾ ਕਾਲਜ ਦੀ ਪੜ੍ਹਾਈ ਕਰ ਚੁੱਕਾ ਹੈ, ਬੇਟੀ ਹਜੇ ਪੜ੍ਹ ਰਹੀ ਹੈ।ਅਜੈ ਤਨਵੀਰ ਬੜੇ ਮਾਣ ਨਾਲ਼ ਦੱਸਦਾ ਹੈ ਕਿ ਮੇਰੇ ਯਾਰਾਂ-ਦੋਸਤਾਂ ਦੀ ਚੋਖੀ ਗਿਣਤੀ ਹੈ ਤੇ ਜ਼ਿੰਦਗੀ ਦੇ ਝਮੇਲੇ ਅਗਰ ਮੈਂ ਸਮੇਟ ਲੈਂਦਾ ਹਾਂ ਤਾਂ ਇਸ ਦੇ ਪਿੱਛੇ ਮੇਰੀ ਜੀਵਨ ਸਾਥਣ ਬਲਜਿੰਦਰ ਕੌਰ ਦਾ ਵੱਡਾ ਹੱਥ ਹੈ। ਮੈਂ ਕਈ ਵਾਰ ਸੋਚਦਾ ਹਾਂ ਕਿ ਅਗਰ ਬਲਜਿੰਦਰ ਨਾ ਹੁੰਦੀ ਤਾਂ ਮੇਰੀ ਜ਼ਿੰਦਗੀ ਬੜੀ ਨੀਰਸ ਹੁੰਦੀ।

2003 ਵਿੱਚ ਉਹ ਵਿਕਸਤ ਮੁਲਕ ਅਮਰੀਕਾ ਚਲੇ ਗਿਆ।ਜ਼ਿੰਦਗੀ ਸੌਖਾਲੀ ਬਣਾਉਣ ਲਈ ਓਥੇ ਹੱਡ-ਭੰਨਵੀਂ ਮਿਹਨਤ ਕੀਤੀ, ਨਤੀਜਨ ਅੱਜ ਉਸ ਦਾ ਆਪਣਾ ਸਟੋਰ ਹੈ।ਭਾਵੇਂ ਉਹ ਵਿਕਸਤ ਮੁਲਕ ਸਮਝੇ ਜਾਂਦੇ ਅਮਰੀਕਾ ਦਾ ਵਾਸੀ ਹੋ ਗਿਆ ਹੈ, ਪਰ ਅੱਜ ਵੀ ਯਾਰੀ ਦੀ ਮਿਸਾਲ ਦੇਵੇ ਤਾਂ ਤੂਤ ਦੇ ਮੋਛੇ ਦੀ ਗੱਲ ਨਹੀਂ ਕਰਦਾ, ਸਗੋਂ ਕਿੱਕਰ ਦੇ ਸੱਕ ਦੀ ਉਦਾਹਰਣ ਦਿੰਦਾ ਹੈ, ਕਿਉਂਕਿ ਉਸ ਨੂੰ ਪਤਾ ਹੈ ਕਿ ਮਿਹਨਤ ਦਾ ਰੰਗ ਕਿੱਕਰ ਦੇ ਸੱਕ ਵਰਗਾ ਹੁੰਦਾ ਹੈ, ਜੀਹਦੇ ਨਾਲ਼ ਚਮੜਾ ਰੰਗਿਆ ਜਾਂਦਾ ਹੈ। ਉਹ ਸੁਰਖੀਆਂ ਦੀ ਗੱਲ ਨਹੀਂ ਕਰੇਗਾ, ਸਗੋਂ ਦੰਦਾਸਿਆਂ ਦੀ ਗੱਲ ਕਰੇਗਾ।

ਉਹ ਅਜਿਹੀ ਵਿਵਸਥਾ ਦੇ ਵਿਰੋਧੀ ਵਜੋਂ ਸਾਹਮਣੇ ਆਉਂਦਾ ਹੈ, ਜਿਸ ਵਿੱਚ ਕਿਸੇ ਨੂੰ ਹਨੇਰ ਤੇ ਕਿਸੇ ਨੂੰ ਜਗਮਗਾਉਂਦਾ ਚਾਨਣ ਮਿਲ਼ੇ। ਕਿਸੇ ਦੇ ਹਿੱਸੇ ਜੰਗਲ, ਜ਼ਮੀਨ ਤੇ ਪਾਣੀ ਹੋਵੇ ਤੇ ਕਿਸੇ ਕੋਲ਼ ਰਹਿਣ ਲਈ ਘਰ ਜੋਗੀ ਜ਼ਮੀਨ ਤੇ ਪੀਣ ਲਈ ਪਾਣੀ ਵੀ ਮੁਯੱਸਰ ਨਾ ਹੋਵੇ।

ਕਾਲ਼ੀਆਂ ਰਾਤਾਂ ਵਿੱਚ ਉਹ ਆਪਣੇ ਹਿੱਸੇ ਦਾ ਚਾਨਣ ਲੋਚਦਾ ਹੈ। ਉਸ ਨੂੰ ਇਹ ਮਨਜ਼ੂਰ ਨਹੀਂ ਕਿ ਉਸ ਦੇ ਹਿੱਸੇ ਦੇ ਗੁਲਾਬਾਂ ਦੀ ਮਹਿਕ ਕੋਈ ਹੋਰ ਮਾਣੇ। ਉਸ ਦੀ ਸ਼ਾਇਰੀ ਮਹਿਲਾਂ ਵਿਰੁੱਧ ਕੁੱਲੀਆਂ ਦੇ ਸੰਗਰਾਮ ਦਾ ਪ੍ਰਤੀਕ ਹੈ।

ਇਸੇ ਕਰਕੇ ਹੀ ਸ਼ਾਇਦ ਪ੍ਰਸਿੱਧ ਸਾਹਿਤਕਾਰ ਲੋਕ ਰਾਜ ਨੇ ਕਦੇ ਉਸ ਨੂੰ ਕਿਹਾ ਹੋਵੇਗਾ ਕਿ ਤਨਵੀਰ ਤੂੰ ਜਦੋਂ ਮਰ ਗਿਆ ਤਾਂ ਲੋਕ ਤੈਨੂੰ ਰਿਸ਼ੀ ਸੰਭੂਕ ਵਾਂਗੂੰ ਹੀ ਯਾਦ ਕਰਿਆ ਕਰਨਗੇ।

ਕ੍ਰਾਂਤੀਕਾਰੀ ਵਿਚਾਰਧਾਰਾ ਦਾ ਹੋਣ ਕਰਕੇ ਹੀ ਉਹ 2024 ਵਿੱਚ ਆਈ ਆਪਣੀ ਪਲੇਠੇ ਗ਼ਜ਼ਲ ਸੰਗ੍ਰਹਿ ਦਾ ਨਾਂਅ ਰੱਖਦਾ ਹੈ 'ਫ਼ਤਵਿਆਂ ਦੇ ਦੌਰ ਵਿੱਚ। ' ਉਸ ਦੀ ਸ਼ਾਇਰੀ ਦਾ ਅਧਿਐਨ ਕਰਦਿਆਂ ਇਹ ਅਨੁਭਵ ਹੁੰਦਾ ਹੈ ਕਿ ਉਸ ਦੀ ਸ਼ਾਇਰੀ ਵਿੱਚ ਤਖ਼ੱਈਉਲ ਅਤੇ ਤਸੱਵੁਰ ਦੋਵੇਂ ਹਨ ਤੇ ਸ਼ਿਅਰ ਕਹਿਣ ਦਾ ਉਸ ਦਾ ਆਪਣਾ ਅੰਦਾਜ਼ ਵੀ ਹੈ।ਉਸ ਦੇ ਆਪਣੇ ਸ਼ਬਦਾਂ ਅਨੁਸਾਰ, 'ਮੈਨੂੰ ਖ਼ੁਦ ਨੂੰ ਕਸ਼ੀਦਣਾ ਚੰਗਾ ਲੱਗਦਾ ਹੈ।ਅਰਕ 'ਚੋਂ ਅਰਕ ਕੱਢਣਾ ਮੇਰੇ ਸੁਭਾਅ ਵਿੱਚ ਸ਼ਾਮਲ ਹੈ। ਗੀਤ ਲਿਖਦਾ-ਲਿਖਦਾ ਕਵਿਤਾ ਗ਼ਜ਼ਲ ਵੱਲ ਤੁਰ ਪਿਆ।ਅੱਜ ਵੀ ਤੁਰਿਆ ਜਾ ਰਿਹਾ ਹਾਂ।ਕਿਸੇ ਨੇ ਸੱਚ ਹੀ ਕਿਹਾ ਹੈ ਕਿ ਰਸਤਿਆਂ ਦੀ ਮੰਜ਼ਲ ਨਹੀਂ ਹੁੰਦੀ।ਲਿਖਣ ਦਾ ਕਾਰਜ ਮਿੱਥ ਕੇ ਨਹੀਂ ਕੀਤਾ ਜਾ ਸਕਦਾ। ਸ਼ਬਦਾਂ ਪ੍ਰਤੀ ਮੇਰੀ ਸੋਚ ਬ੍ਰੈਕਟਾਂ ਵਿੱਚ ਨਹੀਂ ਹੈ, ਸਾਗਰ ਵਾਂਗ ਵਿਸ਼ਾਲ ਹੈ।ਕਿਰਤੀ ਦੇ ਮੁੜ੍ਹਕੇ 'ਚੋਂ ਮੈਨੂੰ ਮਹਿਕ ਆਉਂਦੀ ਹੈ।ਮੁੜ੍ਹਕੇ ਦੀ ਮਹਿਕ ਹੀ ਮੇਰੇ ਸ਼ਬਦਾਂ 'ਚ ਢਲ਼ ਕੇ ਸ਼ਿਅਰਾਂ ਵਿੱਚ ਫ਼ੈਲਦੀ ਹੈ।ਕਿਸੇ ਦੀ ਪਸੰਦ ਬਣਦੀ ਹੈ, ਕਿਸੇ ਦੀ ਨਾਪਸੰਦ ਬਣਦੀ ਹੈ।'

ਰੋਜ਼ੀ-ਰੋਟੀ ਕਮਾਉਣ ਪ੍ਰਦੇਸ ਗਏ ਬਹੁਤੇ ਲੋਕ ਓਥੇ ਦੇ ਹੋ ਕੇ ਹੀ ਰਹਿ ਗਏ ਤੇ ਮੁੜ ਆਪਣੇ ਵਤਨੀਂ ਪਰਤ ਹੀ ਨਾ ਸਕੇ। ਅਜਿਹਾ ਤੌਖਲਾ ਅਜੈ ਤਨਵੀਰ ਨੂੰ ਵੀ ਹੈ ਤੇ ਉਹ ਲਿਖਦਾ ਹੈ :

ਮੇਰਾ ਆਪਣਾ ਘਰ ਹੀ ਸ਼ਾਇਦ ਮੈਨੂੰ ਨਾ ਪਹਿਚਾਣ ਸਕੇ,
ਏਨੇ ਸਾਲਾਂ ਮਗਰੋਂ ਜਦ ਮੈਂ ਵਤਨੀਂ ਫੇਰੀ ਪਾਵਾਂਗਾ।

ਡਾ. ਜਗਤਾਰ ਨੇ ਇਕ ਵਾਰ ਉਸ ਨੂੰ ਕਿਹਾ ਸੀ ਕਿ ਸ਼ਾਇਰੀ ਜ਼ਿਕਰ ਦੀ ਨਹੀਂ, ਫ਼ਿਕਰ ਦੀ ਹੋਣੀ ਚਾਹੀਦੀ ਹੈ।ਇਸੇ ਗੱਲ ਨੂੰ ਉਸ ਨੇ ਆਪਣੀ ਸ਼ਾਇਰੀ ਦਾ ਧੁਰਾ ਬਣਾ ਲਿਆ ਤੇ ਲੋਕਾਂ ਦੇ ਫ਼ਿਕਰਮੰਦ ਸ਼ਾਇਰ ਵਜੋਂ ਉਹ ਸਾਹਿਤਕ ਹਲਕਿਆਂ ਅੰਦਰ ਪਛਾਣ ਬਣਾਉਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋ ਨਿੱਬੜਿਆ ਹੈ।

2025 ਵਿੱਚ ਉਹ ਆਪਣੀ ਵਾਰਤਕ ਪੁਸਤਕ 'ਜਾਦੂਨਗਰੀ ਦੇ ਜਾਦੂਗਰ' ਨਾਲ਼ ਹਾਜ਼ਰ ਹੁੰਦਾ ਹੈ, ਜਿਸ ਵਿੱਚ ਉਹ ਫ਼ਿਲਮ ਜਗਤ ਦੇ ਵੱਡੇ ਸਾਹਿਤਕਾਰ ਗੁਲਜ਼ਾਰ, ਜਾਵੇਦ ਅਖ਼ਤਰ ਅਤੇ ਸਾਗਰ ਸਰਹੱਦੀ ਬਾਰੇ ਪੂਰੀ ਨਿਹਚਾ ਨਾਲ਼ ਗੱਲ ਕਰਦਾ ਹੈ।

ਕਿਸੇ ਗੱਲ ਦੀ ਘਾਟ ਨਹੀਂ, ਪਰ ਉਸ ਨੂੰ ਕਿਤਾਬਾਂ ਛਪਵਾਉਣ ਦੀ ਕੋਈ ਕਾਹਲ ਨਹੀ।ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਜੀਵਨ ਬਦਲਣ ਦੀ ਸ਼ਕਤੀ ਤੁਹਾਡੇ ਕੋਲ਼ ਹੈ। ਸ਼ੁਰੂਆਤ ਵਿਚਾਰ ਬਦਲਣ ਤੋਂ ਕੀਤੀ ਜਾ ਸਕਦੀ ਹੈ। ਮਨੁੱਖ ਨੂੰ ਅੰਧਕਾਰ ਵਿੱਚ ਪ੍ਰਕਾਸ਼ ਬਣਨਾ ਤੇ ਤੂਫ਼ਾਨ ਵਿੱਚ ਸ਼ਾਂਤੀ ਬਣਨਾ ਚਾਹੀਦਾ ਹੈ ਤੇ ਯੁੱਧ ਵੇਲ਼ੇ ਸ਼ਾਂਤ ਰਹਿਣਾ ਚਾਹੀਦਾ ਹੈ।ਪ੍ਰਸਿੱਧ ਦਾਰਸ਼ਨਿਕ ਤੇ ਬੋਧ ਗੁਰੂ ਦਲਾਈਲਾਮਾ ਦਾ ਵੀ ਕਹਿਣਾ ਹੈ ਕਿ ਸਵੇਰ ਦਾ ਇੱਕ ਛੋਟਾ ਜਿਹਾ ਸਕਾਰਾਤਮਕ ਵਿਚਾਰ ਸਾਰੇ ਦਿਨ ਨੂੰ ਬਦਲ ਸਕਦਾ ਹੈ। ਅਜੈ ਤਨਵੀਰ ਨੂੰ ਚੰਗੀਆਂ ਕਿਤਾਬਾਂ ਪੜ੍ਹਨ ਦਾ ਸ਼ੌਂਕ ਹੈ।ਹਰ ਸਾਹਿਤਕਾਰ ਨੂੰ ਕਿਤਾਬਾਂ ਪੜ੍ਹਨ ਦਾ ਝੱਸ ਹੋਣਾ ਵੀ ਚਾਹੀਦਾ ਹੈ, ਕਿਉਂਕਿ ਸਿਰਫ਼ 6 ਮਿੰਟ ਤੱਕ ਕਿਤਾਬ ਪੜ੍ਹਨਾ ਹੀ ਮਨੁੱਖ ਨੂੰ 60 ਫੀਸਦੀ ਤੱਕ ਤਨਾਓ ਮੁਕਤ ਕਰਦਾ ਹੈ ਤੇ ਕਿਤਾਬ ਪੜ੍ਹਨਾ ਸੰਗੀਤ ਸੁਣਨ ਜਾਂ ਟਹਿਲਣ ਨਾਲੋਂ ਵੀ ਜ਼ਿਆਦਾ ਪ੍ਰਭਾਵੀ ਹੁੰਦਾ ਹੈ।

ਇਕ ਸ਼ਾਇਰ ਤੇ ਇੱਕ ਵਿਅਕਤੀ ਵਜੋਂ ਅਜੈ ਤਨਵੀਰ ਦੇ ਮਾਨਵਤਾਵਾਦੀ ਜਜ਼ਬੇ, ਸੰਕਲਪ ਸਿਧਾਂਤ ਦੇ ਬੂਟੇ ਦਾ ਆਉਣ ਵਾਲ਼ੇ ਸਮਿਆਂ ਵਿੱਚ ਬੋਹੜ ਦੇ ਦਰੱਖਤ ਵਰਗਾ ਹੋਣ ਦੀ ਪੂਰੀ ਸੰਭਾਵਨਾ ਹੈ। ਸੰਕਪਲ ਉਹ ਦੀਵਾ ਹੈ, ਜੋ ਟੀਚੇ ਨੂੰ ਰੌਸ਼ਨ ਕਰਦਾ ਹੈ।ਹਰ ਕੋਸ਼ਿਸ਼ ਕਾਮਯਾਬ ਨਹੀਂ ਹੁੰਦੀ, ਪਰ ਹਰ ਕੋਸ਼ਿਸ਼ ਕਰਨੀ ਬੇਹੱਦ ਜ਼ਰੂਰੀ ਹੁੰਦੀ ਹੈ।ਨਦੀ ਪਿੱਛੇ ਮੁੜ ਕੇ ਨਹੀਂ ਵੇਖਦੀ, ਪਰ ਹਰ ਬੂੰਦ ਯਾਦ ਰੱਖਦੀ ਹੈ ਕਿ ਠੋਕਰ ਕਿੱਥੋਂ ਖਾਧੀ ਹੈ।ਪ੍ਰਕਿਰਤੀ ਦਾ ਇਹੀ ਮੰਤਰ ਹੈ।ਅਜੈ ਤਨਵੀਰ ਦੀ ਸੋਚ, ਸ਼ਾਇਰੀ ਨੂੰ ਇਕ ਨਾ ਇਕ ਦਿਨ ਉਸ ਦੇ ਸੁਪਨਿਆਂ ਦੀ ਮੰਜ਼ਲ ਜ਼ਰੂਰ ਮਿਲ਼ੇਗੀ।

ਸੰਪਰਕ 79862-07849

# ਜੰਮੂ-ਸ੍ਰੀਨਗਰ ਰੇਲ, ਇਤਿਹਾਸਕ ਮੀਲ ਪੱਥਰ

ਅਭੈ ਸਿੰਘ

ਆਖਰ ਜੰਮੂ ਤੋਂ ਸ੍ਰੀਨਗਰ ਸਿੱਧੀ ਰੇਲ ਸ਼ੁਰੂ ਹੋਈ ਹੈ। ਪਤਾ ਨਹੀਂ ਕਿਉਂ ਪਹਿਲ 'ਵੰਦੇ ਭਾਰਤ' ਤੋਂ ਕੀਤੀ ਹੈ, ਪਰ ਉਮੀਦ ਕਰਦੇ ਹਾਂ ਕਿ ਜਲਦੀ ਹੀ ਸਧਾਰਨ ਸਵਾਰੀ ਗੱਡੀਆਂ ਵੀ ਚੱਲਣਗੀਆ। ਇਹ ਸਾਰੇ ਮੁਲਕ ਵਾਸਤੇ ਅਹਿਮ ਖ਼ਬਰ ਹੈ। ਇਹ ਰੇਲ ਮਾਰਗ ਕਈ ਪੱਖਾਂ ਤੋਂ ਇਤਿਹਾਸਕ ਰੁਤਬਾ ਰੱਖਦਾ ਹੈ। ਇਹ ਪਹਾੜੀ ਇਲਾਕਾ ਹੈ, ਪਰ ਇਥੇ ਸ਼ਿਮਲਾ ਵਰਗੀ ਛੋਟੀ ਰੇਲ ਪਟੜੀ ਨਹੀਂ ਵਿਛਾਈ ਗਈ, ਇਹ ਬਰਾਡ ਗੇਜ ਦੀ ਪਟੜੀ ਹੈ, ਜਿਸ ਉਪਰ ਭਾਰੀ ਰੇਲ ਗੱਡੀਆਂ ਚੱਲ ਸਕਣਗੀਆ। ਸਿਰਫ਼ ਗੇਜ ਦਾ ਹੀ ਸਵਾਲ ਨਹੀਂ, ਵਿਦੇਸ਼ਾਂ ਦੀ ਨਵੀਂ ਤਕਨੀਕ ਵਾਲੀ ਪਟੜੀ ਹੈ, ਜਿਸ ਉਪਰ ਹਾਈ ਸਪੀਡ ਗੱਡੀਆਂ ਵੀ ਚੱਲ ਸਕਣਗੀਆਂ, ਜਦੋਂ ਕਿ ਸਾਡੀਆਂ ਬਹੁਤ ਸਾਰੀਆਂ ਪੁਰਾਣੀਆਂ ਪਟੜੀਆਂ ਦੀ ਇਹ ਸਮਰੱਥਾ ਨਹੀ। ਇਸ ਵਿਚ ਪਟੜੀਆਂ ਦਾ ਮਟੀਰੀਅਲ ਵੀ ਖਾਸ ਹੈ, ਸਲੀਪਰ ਵੀ ਤੇ ਹੇਠਲੀਆਂ ਨੀਹਾਂ ਵੀ ਆਧੁਨਿਕ ਬਣਾਈਆਂ ਗਈਆਂ ਹਨ। ਪਹਾੜੀ ਇਲਾਕਿਆਂ ਦੀ ਤਰ੍ਹਾਂ ਇਥੇ ਰੇਲ ਗੱਡੀ ਵੱਲ ਖਾਂਦੀ, ਵਾਰ-ਵਾਰ ਮੋੜ ਕੱਟਦੀ ਨਹੀਂ ਜਾਵੇਗੀ, ਬਲਕਿ ਮੈਦਾਨੀ ਇਲਾਕਿਆਂ ਦੀ ਤਰ੍ਹਾਂ ਹੀ ਕਾਫ਼ੀ ਵੱਡੀ ਹੱਦ ਤੱਕ ਸਿੱਧੀ ਜਾਵੇਗੀ। ਇਸ ਵਾਸਤੇ ਜ਼ਿਆਦਾ ਸੁਰੰਗਾਂ ਤੇ ਪੁਲਾਂ ਦੀ ਲੋੜ ਪਈ ਹੈ, ਖ਼ਾਸ ਕਰਕੇ ਜੰਮੂ ਦੇ ਖੇਤਰ ਵਿਚ।

ਇਹ ਕਰੀਬ ਕਰੀਬ 40 ਸਾਲ ਲੰਮਾ ਪ੍ਰਾਜੈਕਟ ਰਿਹਾ ਹੈ ਤੇ ਕਈ ਕਿਸ਼ਤਾਂ ਵਿਚ ਪੂਰਾ ਹੋਇਆ ਹੈ। ਜਦੋਂ ਨਰਸਿਮ੍ਹਾ ਰਾਓ ਦੇਸ਼ ਦੇ ਪ੍ਰਧਾਨ ਮੰਤਰੀ ਸਨ ਤੇ ਡਾਕਟਰ ਮਨਮੋਹਨ ਸਿੰਘ ਖ਼ਜ਼ਾਨਾ ਮੰਤਰੀ ਸਨ, ਓਦੋਂ ਇਹ ਸਕੀਮ ਸ਼ੁਰੂ ਕੀਤੀ ਗਈ ਸੀ। ਓਦੋਂ ਹੀ ਦੇਸ਼ ਵਿਚ ਵਿਦੇਸ਼ਾਂ ਤੋਂ ਪੂੰਜੀ ਨਿਵੇਸ਼ ਕਰਵਾਉਣ ਦੇ ਉਪਰਾਲੇ ਸ਼ੁਰੂ ਹੋਏ ਸਨ, ਜੋ ਕਿ ਵਿਵਾਦਗ੍ਰਸਤ ਵੀ ਸਨ। ਖੈਰ, ਇਸ ਪ੍ਰਾਜੈਕਟ ਵਾਸਤੇ ਬਜਟ ਰੱਖ ਲਿਆ ਗਿਆ। ਬਾਅਦ ਵਿਚ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਇਸ ਨੂੰ ਕੌਮੀ ਪ੍ਰਾਜੈਕਟ ਦਾ ਦਰਜਾ ਦਿੱਤਾ ਤੇ ਤੇਜ਼ ਕੰਮ ਕਰਨ ਦਾ ਵਿਚਾਰ ਬਣਿਆ।

ਕਿਸ਼ਤਾਂ ਵਿਚ ਪੂਰਾ ਹੋਣ ਦਾ ਮਤਲਬ ਇਹ ਹੈ ਕਿ ਸਭ ਤੋਂ ਪਹਿਲਾਂ ਏਧਰੋਂ ਜੰਮੂ ਤੋਂ ਊਧਮਪੁਰ ਤੱਕ ਦੀ ਪਟੜੀ ਬਣੀ ਤੇ ਅੰਬਾਲਾ ਜਾਂ ਦਿੱਲੀ ਤੋਂ ਜੋ ਗੱਡੀਆਂ ਜੰਮੂ ਤੱਕ ਹੁੰਦੀਆਂ ਸਨ, ਕਰੀਬ-ਕਰੀਬ ਸਭ ਊਧਮਪੁਰ ਤੱਕ ਕਰ ਦਿੱਤੀਆਂ ਗਈਆਂ। ਇਸ ਰੇਲ ਮਾਰਗ ਦੀ ਬਹੁਤ ਚਰਚਾ ਹੋਈ ਤੇ ਲੋਕ ਮਾਰਗ ਦੇਖਣ ਹੀ ਊਧਮਪੁਰ ਜਾਣ ਲੱਗ ਪਏ ਸਨ। ਇਸ ਤੋਂ ਅੱਗੇ ਕਟੜਾ ਤੱਕ ਦਾ ਰਸਤਾ ਹੋਰ ਕਠਿਨ ਸੀ, ਉਸ 'ਤੇ ਜ਼ਿਆਦਾ ਵਕਤ ਲੱਗਾ ਤੇ ਹੁਣ ਜੰਮੂ ਵਾਲੀਆਂ ਸਭ ਗੱਡੀਆਂ ਕਟੜਾ ਤੱਕ ਜਾਂਦੀਆਂ ਹਨ। ਸਟੇਸ਼ਨ ਦਾ ਨਾਂਅ 'ਸ਼ੀ ਮਾਂ ਵੈਸ਼ਨੂੰ ਦੇਵੀ ਕਟੜਾ' ਰੱਖ ਦਿੱਤਾ ਗਿਆ ਹੈ। ਇਸ ਗੱਡੀ ਵਿਚ ਵੈਸ਼ਨੂੰ ਦੇਵੀ ਦੇ ਯਾਤਰੂਆਂ ਦੀ ਬਹੁਤ ਭੀੜ ਹੁੰਦੀ ਹੈ।

ਇਸ ਦੇ ਨਾਲ ਹੀ ਉਪਰਲੇ ਪਾਸਿਓਂ ਵੀ ਰੇਲ ਦੀ ਪਟੜੀ ਦਾ ਕੰਮ ਸ਼ੁਰੂ ਕੀਤਾ ਤੇ ਸਭ ਤੋਂ ਪਹਿਲਾਂ ਸ੍ਰੀਨਗਰ ਤੋਂ ਬਾਰਾਮੂਲਾ ਤੱਕ ਦੀ ਪਟੜੀ ਚਾਲੂ ਕੀਤੀ। ਇਹ ਕਮਾਲ ਦਾ ਪ੍ਰਾਜੈਕਟ ਸੀ। ਅਜਿਹੀ ਜਗ੍ਹਾ ਰੇਲ ਦੀ ਪਟੜੀ ਵਿਛਾਉਣੀ, ਜਿਸ ਦਾ ਪਿੱਛੇ ਕਿਸੇ ਹੋਰ ਪਟੜੀ ਨਾਲ ਸੰਬੰਧ ਨਾ ਜੁੜਦਾ ਹੋਵੇ, ਬਹੁਤ ਘੱਟ ਮਿਸਾਲਾਂ ਹਨ। ਰੇਲ ਦੀਆਂ ਪਟੜੀਆਂ, ਸਲੀਪਰ, ਸਟੇਸ਼ਨਾਂ ਦੇ ਪੁਲਾਂ ਦਾ ਸਮਾਨ, ਰੇਲ ਦੇ ਡੱਬੇ ਤੇ ਇੰਜਣ ਵੀ ਸੜਕ ਰਾਹੀਂ ਹੀ ਟਰੱਕਾਂ 'ਤੇ ਲੱਦ ਕੇ ਪਹੁੰਚਾਏ ਗਏ। ਸ੍ਰੀਨਗਰ ਤੋਂ ਬਾਰਾਮੂਲਾ ਤੱਕ ਦੀ ਰੇਲ ਗੱਡੀ ਨੂੰ ਹਰੀ ਝੰਡੀ ਵਿਖਾਉਣ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਗਏ ਸਨ।

ਇਸ ਤਰ੍ਹਾਂ ਦੋ ਪਾਸਿਆਂ ਤੋਂ ਸ਼ੁਰੂ ਹੋਈ ਰੇਲਵੇ ਲਾਈਨ ਦੀ ਉਸਾਰੀ 2010 ਤੱਕ ਕਸ਼ਮੀਰ ਵਾਦੀ ਵਿਚਲਾ ਪੂਰਾ ਹਿੱਸਾ ਤੈਅ ਕਰ ਚੁੱਕੀ ਸੀ। ਜੰਮੂ ਖੇਤਰ ਦਾ ਆਖਰੀ ਸਟੇਸ਼ਨ ਬਾਨਿਹਾਲ ਹੈ, ਇਸ ਤੋਂ ਅੱਗੇ ਕਸ਼ਮੀਰ ਵਾਦੀ ਸ਼ੁਰੂ ਹੋ ਜਾਂਦੀ ਹੈ। ਬਾਨਿਹਾਲ ਤੋਂ ਸ੍ਰੀਨਗਰ ਤੇ ਬਾਰਾਮੂਲਾ ਤੱਕ ਗੱਡੀ ਚੱਲਣੀ ਸ਼ੁਰੂ ਹੋ ਗਈ ਸੀ। ਬਹੁਤ ਲੋਗ ਇਸ ਤਰ੍ਹਾਂ ਕਰਦੇ ਰਹੇ ਕਿ ਇਧਰੋਂ ਊਧਮਪੁਰ ਤੱਕ ਰੇਲ 'ਤੇ ਜਾ ਕੇ ਉਥੋਂ ਬੱਸ ਜਾਂ ਟੈਕਸੀਆਂ ਰਾਹੀਂ ਬਾਨਿਹਾਲ ਜਾਂਦੇ ਤੇ ਉਥੋਂ ਫਿਰ ਰੇਲ ਰਾਹੀਂ ਸ੍ਰੀਨਗਰ ਪਹੁੰਚ ਜਾਂਦੇ। ਰੇਲ ਦਾ ਸਫ਼ਰ ਆਰਾਮਦਾਇਕ ਵੀ ਹੁੰਦਾ ਹੈ, ਸਸਤਾ ਵੀ ਤੇ ਬਹੁਤ ਘੱਟ ਟਾਈਮ ਲੱਗਦਾ ਹੈ। ਇਧਰ ਊਧਮਪੁਰ ਤੋਂ ਕਟੜਾ ਤੱਕ ਦੀ ਰੇਲਵੇ ਲਾਈਨ 2012 ਵਿਚ ਪੂਰੀ ਹੋ ਗਈ, ਪਰ ਲੰਮੀ ਦੇਰ ਸਿਰਫ਼ ਟਰਾਇਲ ਹੀ ਚਲਦਾ ਰਿਹਾ। ਇਸ ਰੂਟ ਉਪਰ ਰੇਲ ਸੇਵਾ 2014 ਵਿਚ ਸ਼ੁਰੂ ਹੋਈ, ਜਿਸ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ।

ਜੰਮੂ ਤੇ ਕਸ਼ਮੀਰ ਦੀ ਸਟੇਟ ਜਿਵੇਂ ਕਿ ਇਸ ਦਾ ਨਾਂਅ ਹੀ ਦਰਸਾਉਂਦਾ ਹੈ ਦੋ ਵੱਡੇ ਖਿੱਤਿਆਂ ਵਿਚ ਵੰਡੀ ਹੋਈ ਹੈ, ਇਕ ਦਾ ਨਾਂਅ ਜੰਮੂ ਖੇਤਰ ਹੈ ਤੇ ਦੂਸਰਾ ਕਸ਼ਮੀਰ ਦੀ ਵਾਦੀ। ਜੰਮੂ ਵੱਡੇ ਪਹਾੜਾਂ ਵਾਲਾ ਖਿੱਤਾ ਹੈ ਤੇ ਕਸ਼ਮੀਰ ਮੁਕਾਬਲਤਨ ਪੱਧਰਾ ਇਲਾਕਾ ਹੈ ਤੇ ਇਸੇ ਕਰਕੇ ਇਸ ਨੂੰ ਵਾਦੀ ਆਖਿਆ ਜਾਂਦਾ ਹੈ। ਇਹਨਾਂ ਦੋ ਖਿੱਤਿਆਂ ਨੂੰ ਉਚੇ ਪਹਾੜਾਂ ਦੀ 'ਪੀਰ ਪੰਚਾਲ' ਨਾਂਅ ਦੀ ਲੜੀ ਅੱਡ ਕਰਦੀ ਹੈ, ਜਿਸ ਨੇ ਸਦੀਆਂ ਤੱਕ ਦੋਵਾਂ ਖਿੱਤਿਆਂ ਦਾ ਸਿੱਧਾ ਆਪਸੀ ਰਾਬਤਾ ਲੱਗਭੱਗ ਰੋਕ ਹੀ ਰੱਖਿਆ ਸੀ। ਪਹਾੜਾਂ ਦੀ ਇਸ ਲੜੀ ਵਿਚ ਦੋ ਦੱਰੇ ਮੰਨੇ ਜਾਂਦੇ ਹਨ, ਇਕ ਬਾਨਿਹਾਲ ਦਾ ਦੱਰਾ ਤੇ ਦੂਜਾ 'ਪੀਰ ਕੀ ਗਲੀ'। ਦੱਰੇ ਤੋਂ ਅਸਲ ਮਤਲਬ ਪਹਾੜਾਂ ਦੇ ਬਿਲਕੁਲ ਪੈਰਾਂ ਵਿਚਲਾ ਰਸਤਾ ਨਹੀਂ ਹੁੰਦਾ, ਬਲਕਿ ਉਚੇ ਪਹਾੜਾਂ ਵਿਚ ਇਕ ਘੱਟ ਉਚਾ ਪਹਾੜ ਹੁੰਦਾ ਹੈ। ਬਾਨਿਹਾਲ ਦੇ ਦੱਰੇ ਤੇ ਪੀਰ ਕੀ ਗਲੀ ਵੱਲੋਂ ਸਿਰਫ਼ ਗਰਮੀਆਂ ਵਿਚ ਹੀ ਕਠਿਨ ਜਿਹਾ ਰਸਤਾ ਬਣ ਸਕਦਾ ਹੁੰਦਾ ਸੀ, ਸਰਦੀਆਂ ਵਿਚ ਇਹ ਵੀ ਮੁਕੰਮਲ ਬੰਦ ਹੋ ਜਾਂਦੇ ਸਨ।

ਮੁਗਲਾਂ ਨੇ ਕਸ਼ਮੀਰ ਆਉਣ-ਜਾਣ ਦਾ ਰਸਤਾ ਪੀਰ ਕੀ ਗਲੀ ਵਾਲਾ ਚੁਣਿਆ ਸੀ। ਇਹ ਸਿੱਧਾ ਲਾਹੌਰ ਤੋਂ ਵਾਇਆ ਰਾਜੌਰੀ ਜਾਂਦਾ ਸੀ। ਜਹਾਂਗੀਰ ਇਸ ਰਸਤੇ ਬਹੁਤ ਵਾਰ ਗਿਆ ਤੇ ਇਸੇ ਰਸਤੇ ਵਿਚ ਸ਼ਰਾਬ ਪੀ ਕੇ ਦਮ ਤੋੜ ਗਿਆ ਸੀ। ਇਸ ਰਸਤੇ ਨੂੰ ਅੱਜ ਮੁਗਲ ਰੋਡ ਕਿਹਾ ਜਾਂਦਾ ਹੈ ਤੇ ਰਾਜੌਰੀ ਦੇ ਇਲਾਕੇ ਦੇ ਲੋਕਾਂ ਦੀ ਮੰਗ ਰਹਿੰਦੀ ਹੈ ਕਿ ਇਸ ਰਸਤੇ ਨੂੰ ਵੀ ਹਰ ਮੌਸਮ ਦਾ ਰਸਤਾ ਬਣਾਇਆ ਜਾਵੇ। ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਵੀ ਇਸੇ ਰਸਤੇ ਸ੍ਰੀਨਗਰ ਤੇ ਬਾਰਾਮੂਲਾ ਗਏ ਸਨ।

ਅੰਗਰੇਜ਼ਾਂ ਵੇਲੇ ਭਾਰਤ ਵਾਲੇ ਪਾਸਿਓਂ ਜੰਮੂ ਜਾਣ ਦਾ ਰਸਤਾ ਹੋਰ ਸੀ ਤੇ ਸ੍ਰੀਨਗਰ ਜਾਣ ਦਾ ਰਸਤਾ ਹੋਰ ਸੀ। ਜੰਮੂ ਜਾਣ ਵਾਸਤੇ ਲਾਹੌਰ ਤੋਂ ਸਿਆਲਕੋਟ ਤੇ ਅਖਨੂਰ ਹੋ ਕੇ ਜਾਇਆ ਜਾਂਦਾ ਸੀ। ਬਾਅਦ ਵਿਚ ਸਿਆਲਕੋਟ ਤੋਂ ਜੰਮੂ ਤੱਕ ਰੇਲ ਲਾਈਨ ਵੀ ਬਣ ਗਈ। ਸ੍ਰੀਨਗਰ ਜਾਣ ਵਾਸਤੇ ਰਾਵਲਪਿੰਡੀ-ਸ੍ਰੀਨਗਰ ਸ਼ਾਹਰਾਹ ਮਸ਼ਹੂਰ ਸੀ। ਪਹਿਲਾਂ ਇਹ ਗੱਡਿਆਂ ਦੀ ਸੜਕ ਸੀ ਤੇ ਬਾਅਦ ਵਿਚ ਪੱਕੀ ਸੜਕ ਵੀ ਏਧਰੋਂ ਹੀ ਬਣੀ ਸੀ। ਇਹ ਰਾਵਲਪਿੰਡੀ ਤੋਂ ਚੱਲ ਕੇ ਪਹਿਲਾਂ ਪੰਜਾਬ ਦੇ ਹੀ 'ਮਰੀ' ਨਾਂਅ ਦੇ ਪਹਾੜੀ ਖੇਤਰ ਤੋਂ ਲੰਘਦੀ ਸੀ ਤੇ ਫਿਰ ਮੁਜ਼ੱਫਰਾਬਾਦ, ਉੜੀ ਤੇ ਕੁਪਵਾੜਾ ਹੋ ਕੇ ਸ੍ਰੀਨਗਰ ਪਹੁੰਚਦੀ ਸੀ। ਭਾਰਤ ਤੋਂ ਕਸ਼ਮੀਰ ਵਾਦੀ ਵਾਸਤੇ ਢੋਆ-ਢੁਆਈ ਤੇ ਆਵਾਜਾਈ ਦਾ ਮੁੱਖ ਰਸਤਾ ਇਹੋ ਹੀ ਸੀ। ਇਹ ਸੜਕ ਸਿਆਲ ਵਿਚ ਵੀ ਚਲਦੀ ਰਹਿੰਦੀ ਸੀ, ਭਾਵੇਂ ਕੁਝ ਕਠਿਨਾਈਆਂ ਨਾਲ।

ਡੋਗਰਾ ਹਾਕਮ ਤਾਂ ਜੰਮੂ ਤੋਂ ਸ੍ਰੀਨਗਰ ਦਾ ਸਿੱਧਾ ਰਸਤਾ ਚਾਹੁੰਦੇ ਸਨ। ਉਹਨਾਂ ਬਾਨਿਹਾਲ ਦੱਰੇ ਉਪਰੋਂ ਹੀ ਕਾਰਟ ਰੋਡ ਬਣਵਾਈ, ਜਿਸ ਨੂੰ ਪਹਿਲਾਂ ਪ੍ਰਾਈਵੇਟ ਰੋਡ ਕਿਹਾ ਜਾਂਦਾ ਸੀ। ਇਸ ਉਪਰ ਸਿਰਫ਼ ਮਹਾਰਾਜਾ ਖਾਨਦਾਨ, ਡੋਗਰਾ ਅਹਿਲਕਾਰ ਤੇ ਅੰਗਰੇਜ਼ ਹੀ ਜਾ ਸਕਦੇ ਸਨ। ਫਿਰ ਆਮ ਲੋਕਾਂ ਵਾਸਤੇ ਟੈਕਸ ਲਗਾ ਕੇ ਖੋਲ੍ਹ ਦਿੱਤੀ। ਬਾਅਦ ਵਿਚ ਪੱਕੀਆਂ ਸੜਕਾਂ ਤੇ ਮੋਟਰਾਂ ਦੀ ਆਵਾਜਾਈ ਵੀ ਹੋਈ, ਪਰ ਸਿਆਲਾਂ ਵਾਸਤੇ ਇਹ ਸੜਕ ਕਾਰਾਗਰ ਨਹੀਂ ਹੋ ਸਕੀ। ਮਹਾਰਾਜਾ ਪ੍ਰਤਾਪ ਸਿੰਘ ਨੇ ਕੁਝ ਅੰਗਰੇਜ਼ ਕੰਪਨੀਆਂ ਨਾਲ ਰੇਲਵੇ ਲਾਈਨ ਦੀ ਵੀ ਗੱਲ ਕੀਤੀ, ਪਰ ਉਹ ਅੰਗਰੇਜ਼ਾਂ ਨੂੰ ਮਨਜ਼ੂਰ ਨਹੀਂ ਸੀ।

1947 ਤੋਂ ਬਾਅਦ ਜੰਮੂ-ਸ੍ਰੀਨਗਰ ਹਾਈਵੇ ਦੀ ਜ਼ਰੂਰਤ ਪਈ, ਕਿਉਂਕਿ ਹੁਣ ਰਾਵਲਪਿੰਡੀ ਵਾਲੀ ਸੜਕ ਉਪਲੱਬਧ ਨਹੀਂ ਸੀ। ਸਿਆਲਕੋਟ ਵਾਲਾ ਰੇਲਵੇ ਲਿੰਕ ਵੀ ਟੁੱਟ ਚੁੱਕਾ ਸੀ। ਇਸ ਕਰਕੇ ਪਹਿਲਾਂ ਪਠਾਨਕੋਟ ਤੋਂ ਜੰਮੂ ਦੀ ਰੇਲ ਦੀ ਪਟੜੀ ਵਿਛਾਈ, ਸੜਕ ਵੀ ਬਣਾਈ ਤੇ ਜੰਮੂ-ਸ੍ਰੀਨਗਰ ਸੜਕ ਨੂੰ ਵਧੀਆ ਬਣਾਉਣ ਦਾ ਕੰਮ ਸ਼ੁਰੂ ਕੀਤਾ। ਬਾਨਿਹਾਲ ਦੱਰੇ ਤੋਂ ਕੁਝ ਹੇਠਾਂ ਆ ਕੇ ਦੋ ਸੁਰੰਗਾਂ ਬਣਾਈਆਂ, ਜੋ 1957 ਵਿਚ ਮੁਕੰਮਲ ਹੋਈਆਂ। ਇਹਨਾਂ ਨੂੰ 'ਜਵਾਹਰ ਟਨਲਜ਼' ਬੋਲਿਆ ਜਾਂਦਾ ਹੈ। ਇਹ ਕਸ਼ਮੀਰ ਵਾਦੀ ਦਾ ਦਰਵਾਜ਼ਾ ਬਣੀਆਂ। ਅੱਜ ਜੰਮੂ-ਸ੍ਰੀਨਗਰ ਹਾਈਵੇ ਬਹੁਤ ਜਗ੍ਹਾ ਛੇ ਲੇਨਾਂ ਦਾ ਬਣ ਗਿਆ ਹੈ, ਪਰ ਅਜੇ ਤੱਕ ਵੀ ਇਹ ਸੜਕ ਬਰਸਾਤਾਂ ਤੇ ਸਿਆਲਾਂ ਵਾਸਤੇ ਨਿਸ਼ਚਿਤ ਨਹੀਂ ਹੋ ਸਕੀਆਂ।



ਸਦੀਆਂ ਤੱਕ ਕਸ਼ਮੀਰ ਦੀ ਵਾਦੀ ਤੇ ਜੰਮੂ ਦੇ ਇਲਾਕੇ ਪੀਰ ਪੰਚਾਲ ਦੇ ਪਹਾੜਾਂ ਦੀ ਦੀਵਾਰ ਦੇ ਆਰ-ਪਾਰ ਇਕ-ਦੂਜੇ ਤੋਂ ਅਛੂਤੇ ਰਹੇ। ਇਹਨਾਂ ਦਾ ਕਦੇ ਸਾਂਝਾ ਹਾਕਮ ਨਹੀਂ ਬਣ ਸਕਿਆ। ਦੋ ਵਾਰ ਜੰਮੂ ਦੇ ਰਾਜਿਆਂ ਨੇ ਮਿਲ ਕੇ ਕਸ਼ਮੀਰ ਵਾਦੀ ਉਪਰ ਕਬਜ਼ਾ ਕਰਨ ਵਾਸਤੇ ਹਮਲੇ ਕੀਤੇ, ਪਰ ਪੀਰ ਪੰਚਾਲ ਦੀਆਂ ਚੋਟੀਆਂ ਉਪਰ ਮਾਰ ਖਾ ਕੇ ਵਾਪਸ ਆਏ। ਪਹਿਲਾਂ ਮੁਗਲਾਂ ਨੇ ਫਿਰ ਅਫ਼ਗਾਨਾਂ ਤੇ ਫਿਰ ਮਹਾਰਾਜਾ ਰਣਜੀਤ ਸਿੰਘ ਨੇ ਵੀ ਕਸ਼ਮੀਰ ਉਪਰ ਕਬਜ਼ਾ ਵਾਇਆ ਪਖਤੂਨ ਇਲਾਕਾ ਤੇ ਮੁਜ਼ੱਫਰਾਬਾਦ ਕੀਤਾ। ਮਾਰਚ 1846 ਨੂੰ ਅੰਮ੍ਰਿਤਸਰ ਬੈਅਨਾਮਾ ਤਹਿਤ ਈਸਟ ਇੰਡਿਆ ਕੰਪਨੀ ਨੇ ਜੰਮੂ, ਕਸ਼ਮੀਰ ਤੇ ਲੱਦਾਖ ਦਾ ਇਲਾਕਾ ਗੁਲਾਬ ਸਿੰਘ ਡੋਗਰਾ ਨੂੰ ਸੌਂਪਿਆ ਤਾਂ ਜੰਮੂ ਤੇ ਕਸ਼ਮੀਰ ਨਾਂਅ ਦੀ ਰਿਆਸਤ ਹੋਂਦ ਵਿਚ ਆਈ ਤੇ ਇਹਨਾਂ ਦੋਹਾਂ ਖਿੱਤਿਆ ਦੇ ਹਾਕਮ ਡੋਗਰਾ ਮਹਾਰਾਜੇ ਬਣ ਗਏ।

ਹੁਣ ਜਦੋਂ ਰੇਲਵੇ ਲਾਈਨ ਨੂੰ ਸਾਰੀ ਕਸ਼ਮੀਰ ਵਾਦੀ ਵਿਚ ਪੂਰਾ ਕਰ ਲਿਆ ਗਿਆ ਤਾਂ ਇਸ ਨੂੰ ਜੰਮੂ ਖੇਤਰ ਨਾਲ ਜੋੜਨ ਦਾ ਕੰਮ ਵੀ ਕੀਤਾ। ਪੀਰ ਪੰਚਾਲ ਦੇ ਪਹਾੜਾਂ ਦੀ ਲੜੀ ਦੇ ਪੈਰਾਂ ਵਿਚ ਵਸਿਆ ਬਾਨਿਹਾਲ ਨਾਂਅ ਦਾ ਸ਼ਹਿਰ ਹੈ। ਇਸੇ ਸ਼ਹਿਰ ਦੇ ਨਜ਼ਦੀਕ, ਸ਼ਹਿਰ ਦੀ ਸਤਹਿ ਦੇ ਬਰਾਬਰ ਹੀ ਪੀਰ ਪੰਚਾਲ ਦੇ ਪੈਰਾਂ ਵਿਚੋਂ ਸੁਰੰਗ ਬਣ ਗਈ ਹੈ। ਬਾਰਾਂ ਕਿਲੋਮੀਟਰ ਲੰਮੀ ਇਹ ਸੁਰੰਗ ਭਾਰਤ ਵਿਚ ਸਭ ਤੋਂ ਲੰਮੀ ਰੇਲਵੇ ਸੁਰੰਗ ਹੈ। ਇਸ ਦਾ ਉਦਘਾਟਨ ਡਾਕਟਰ ਮਨਮੋਹਨ ਸਿੰਘ ਨੇ ਕੀਤਾ ਸੀ। ਅੱਜ ਜਦੋਂ ਜੰਮੂ ਖੇਤਰ ਦੇ ਰੇਲਵੇ ਸਟੇਸ਼ਨ ਬਾਨਿਹਾਲ ਤੋਂ ਚੱਲੀ ਇਹ ਰੇਲ ਗੱਡੀ ਦਸ ਮਿੰਟਾਂ ਵਿਚ ਇਹ ਸੁਰੰਗ ਯਾਨੀ ਕਿ ਪੀਰ ਪੰਚਾਲ ਦੇ ਪਹਾੜ ਪਾਰ ਕਰ ਜਾਂਦੀ ਹੈ ਤਾਂ ਗੱਡੀ ਦੀਆਂ ਸਵਾਰੀਆਂ ਨੂੰ ਸ਼ਾਇਦ ਹੀ ਖਿਆਲ ਆਉਂਦਾ ਹੋਵੇ ਕਿ ਸਦੀਆਂ ਤੱਕ ਇਹ ਰਸਤਾ ਪਾਰ ਕਰਨਾ ਕਰੀਬ-ਕਰੀਬ ਅਸੰਭਵ ਹੀ ਰਿਹਾ ਸੀ।

ਹੁਣ ਜਦੋਂ ਕਸ਼ਮੀਰ ਵਾਦੀ ਵਿਚ ਰੇਲਵੇ ਟਰੈਕ ਮੁਕੰਮਲ ਹੋ ਕੇ, ਪੀਰ ਪੰਚਾਲ ਪਾਰ ਕਰ ਕੇ, ਜੰਮੂ ਖੇਤਰ ਦੇ ਸ਼ਹਿਰ ਬਾਨਿਹਾਲ ਤੱਕ ਪਹੁੰਚ ਗਿਆ ਤੇ ਏਧਰੋਂ ਕਟੜਾ ਤੱਕ ਰੇਲ ਲਾਈਨ ਵਿਛ ਗਈ ਤਾਂ ਵੱਡਾ ਮਸਲਾ ਕਟੜਾ ਤੋਂ ਬਾਨਿਹਾਲ ਤੱਕ ਦੇ ਰਸਤੇ ਨੂੰ ਜੋੜਨਾ ਸੀ। ਇਹ ਰਸਤਾ ਬਹੁਤ ਔਖਾ ਸੀ ਤੇ ਇਸੇ ਰਸਤੇ ਉਪਰ ਪੈਂਦੇ ਚਨਾਬ ਦਰਿਆ ਉਪਰ ਦੁਨੀਆ ਦਾ ਸਭ ਤੋਂ ਉਚਾ ਰੇਲਵੇ ਪੁਲ ਬਣਾਇਆ ਜਾਣਾ ਸੀ। ਬਹੁਤ ਕਮਾਲ ਦਾ ਪ੍ਰਾਜੈਕਟ ਸੀ, ਲੋਕ ਇਸ ਬਣਦੇ ਹੋਏ ਪੁਲ ਨੂੰ ਵੇਖਣ ਜਾਂਦੇ ਸਨ। ਲੇਖਕ ਵੀ 2012 ਵਿਚ ਉਥੇ ਗਿਆ ਸੀ। ਦੱਖਣੀ ਕੋਰੀਆ ਦੀ ਇਕ ਕੰਪਨੀ ਦੀ ਮਦਦ ਨਾਲ ਇਹ ਪੁਲ ਹੁਣ ਮੁਕੰਮਲ ਹੋਇਆ ਹੈ ਤੇ ਜੰਮੂ ਤੋ ਸਿੱਧੀ ਸ੍ਰੀਨਗਰ ਤੱਕ ਰੇਲ ਚਲਣੀ ਸੰਭਵ ਹੋ ਗਈ ਹੈ।

ਅੱਜ ਰੇਲਾਂ ਵੱਡੇ ਪਹਾੜਾਂ ਦੀਆਂ ਲੜੀਆਂ ਪਾਰ ਕਰ ਰਹੀਆਂ ਹਨ, ਸਮੁੰਦਰਾਂ ਨੂੰ ਪਾਰ ਕਰ ਰਹੀਆਂ ਹਨ, ਚੰਗਾ ਹੋਵੇ ਇਹ ਸਰਹੱਦਾਂ ਤੇ ਕੰਡਿਆਲੀਆਂ ਤਾਰਾਂ ਦੇ ਵੀ ਆਰ-ਪਾਰ ਜਾਣ। ਜੰਮੂ ਤੋਂ ਸ੍ਰੀਨਗਰ ਵੰਦੇ ਭਾਰਤ ਰੇਲ ਦਾ ਉਦਘਾਟਨ ਕਰਨ ਵੇਲੇ ਸਾਡੇ ਰੇਲ ਮੰਤਰੀ ਨੇ ਕਿਹਾ ਕਿ ਇਹ ਰੇਲ ਪਟੜੀ ਉੜੀ ਤੱਕ ਬਣਾਈ ਜਾਵੇਗੀ। ਬਹੁਤ ਖ਼ੁਸ਼ੀ ਦੀ ਗੱਲ ਹੈ। ਉੜੀ ਕਸ਼ਮੀਰ ਦੀ ਹੱਦ ਉਪਰ ਪੈਂਦਾ ਹੈ, ਉਸ ਤੋਂ ਥੋੜ੍ਹੀ ਹੀ ਦੂਰ ਪਾਕਿਸਤਾਨ ਵਿਚਲੇ ਕਸ਼ਮੀਰ ਦੀ ਰਾਜਧਾਨੀ ਮੁਜ਼ੱਫ਼ਰਾਬਾਦ ਹੈ। ਸਾਨੂੰ ਉਮੀਦ ਕਰਨੀ ਚਾਹੀਦੀ ਹੈ ਕਿ ਕਦੇ ਇਹ ਰੇਲ ਮੁਜ਼ੱਫਰਾਬਾਦ ਤੱਕ ਵੀ ਚਲੇਗੀ ਤੇ ਕਦੇ ਉਸ ਤੋਂ ਅੱਗੇ ਰਾਵਲਪਿੰਡੀ ਤੱਕ ਵੀ। ਸਾਡਾ ਸੁਫਨਾ ਰਹੇਗਾ ਕਿ ਜਿਵੇਂ ਯੂਰਪ ਵਿਚ ਰੇਲ ਗੱਡੀਆਂ ਇਕ ਮੁਲਕ ਤੋਂ ਦੂਜੇ ਮੁਲਕ ਬੇਰੋਕ-ਟੋਕ ਚੱਲਦੀਆਂ ਹਨ, ਦੱਖਣੀ ਏਸ਼ੀਆ ਦੇ ਦੇਸ਼ਾਂ ਵਿਚਕਾਰ ਵੀ ਚੱਲਣਗੀਆਂ।

ਸੰਪਰਕ 98783-75903